Reo-Bankowned Properties
From San Jose to Sacramento
JASSI GILL Broker/Owner
Ph:510-304-9292
Refinance Now
@ZERO COST
Call Sukhi Gill:510-207-9067
CA DRE Lic.#01180969

Jassi Gill
CA DRE# 00966763

REAL ESTATE & LOANS
REFINANCE NOW
@ZERO COST!

LOAN PRE-APPROVALS
CALL NOW!!!
PH: 510-888-1180 OR 209-524-4008
MANJIT GILL - REALTOR/LOAN OFFICER

COVERED CALIFORNIA
ਓਬਾਮਾ ਕੇਅਰ
ਦੀ ਐਪਲੀਕੇਸ਼ਨ ਖੁਲ੍ਹ ਗਈ ਹੈ
ਐਪਲੀਕੇਸ਼ਨ ਦੀ ਕੋਈ ਫੀਸ ਨਹੀਂ
November 1 to January 31
ਐਪਲੀਕੇਸ਼ਨ ਭਰਨ ਲਈ ਮਿਲੋ
ਗੁਰਚਰਨ ਸਿੰਘ ਮਾਨ
ਫੋਨ: 510-797-7989
Email: duabbal@gmail.com

License# OC70672
Certified Agent



Sixteenth Year of Publication
ਕੈਲੀਫੋਰਨੀਆ ਐਡੀਸ਼ਨ Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 16, Issue 52, December 26, 2015 | 20451 N Plum Grove Rd., Palatine, IL 60074 | Ph:847-359-0746, Fax:847-705-9388


# ਜੇਤਲੀ ਕਾਰਨ ਭਾਜਪਾ ਨੂੰ ਪਏ ਲੈਣੇ ਦੇ ਦੇਣੇ

## ਪਾਕ-ਸਾਫ ਅਕਸ ਮੁੜ ਕਟਹਿਰੇ ਵਿਚ

**ਨਵੀਂ ਦਿੱਲੀ:** ਤਕਰੀਬਨ ਪੌਣੇ ਦੋ ਸਾਲ ਪਹਿਲਾਂ ਪਾਕ-ਸਾਫ ਅਕਸ ਦੇ ਦਾਅਵੇ ਨਾਲ ਭਾਰਤ ਦੀ ਕੇਂਦਰੀ ਸੱਤਾ ਵਿਚ ਆਈ ਭਾਜਪਾ ਦੀ ਅਗਵਾਈ ਵਾਲੀ ਐਨ.ਡੀ.ਏ. ਸਰਕਾਰ ਭ੍ਰਿਸ਼ਟਾਚਾਰ ਦੇ ਮੁੱਦੇ ਉਤੇ ਮੁੜ ਕਟਹਿਰੇ ਵਿਚ ਹੈ। ਇਸ ਵਾਰ ਭਾਜਪਾ ਦੇ ਆਪਣੇ ਹੀ ਸੰਸਦ ਮੈਂਬਰ ਅਤੇ ਸਾਬਕਾ ਕ੍ਰਿਕਟ ਖਿਡਾਰੀ ਕੀਰਤੀ ਆਜ਼ਾਦ ਨੇ ਵਿੱਤ ਮੰਤਰੀ ਅਰੁਣ ਜੇਤਲੀ ਨੂੰ ਦਿੱਲੀ ਜ਼ਿਲ੍ਹਾ ਕ੍ਰਿਕਟ ਐਸੋਸੀਏਸ਼ਨ (ਡੀ.ਡੀ.ਸੀ.ਏ.) ਵਿਚ ਕਰੋੜਾਂ ਰੁਪਏ ਦੀ ਹੇਰਾ-ਫੇਰੀ ਦੇ ਮਾਮਲੇ 'ਤੇ ਘੇਰਿਆ ਹੋਇਆ ਹੈ।

ਕੀਰਤੀ ਆਜ਼ਾਦ ਨੇ ਘਪਲਿਆਂ ਦੇ ਪੁਖਤਾ ਸਬੂਤ ਵੀ ਪੇਸ਼ ਕੀਤੇ ਹਨ, ਪਰ ਭਾਜਪਾ ਅਰੁਣ ਜੇਤਲੀ ਦੇ ਹੱਕ ਵਿਚ ਡਟ ਗਈ ਹੈ ਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਵੀ ਸ੍ਰੀ ਜੇਤਲੀ ਨੂੰ ਬੇਦਾਗ ਸ਼ਖ਼ਸੀਅਤ ਦੱਸ ਰਹੇ ਹਨ। ਡੀ.ਡੀ.ਸੀ.ਏ. ਵਿਚ ਘਪਲੇ ਦਾ ਮੁੱਦਾ ਕੀਰਤੀ ਪਿਛਲੇ ਕਾਫੀ ਸਮੇਂ ਤੋਂ ਉਠਾ ਰਹੇ ਹਨ, ਪਰ ਸਰਕਾਰ ਇਸ ਮੁੱਦੇ ਨੂੰ ਠੰਢਾ ਕਰਨ ਵਿਚ ਜੁਟੀ ਰਹੀ ਹੈ। ਹੁਣ ਜਦੋਂ ਸੀ.ਬੀ.ਆਈ. ਨੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੇ ਦਫਤਰ ਵਿਚ ਛਾਪਾ ਮਾਰਿਆ ਤਾਂ ਦੋਸ਼ ਲੱਗੇ ਕਿ ਇਹ ਕਾਰਵਾਈ ਡੀ.ਡੀ.ਸੀ.ਏ. ਨਾਲ ਸਬੰਧਤ ਫਾਈਲ ਹਾਸਲ ਕਰ ਲਈ ਕੀਤੀ ਗਈ। ਆਮ ਆਦਮੀ ਪਾਰਟੀ ਵੱਲੋਂ ਵੀ ਅਰੁਣ ਜੇਤਲੀ ਖਿਲਾਫ ਮੋਰਚਾ ਖੋਲ੍ਹਣ ਪਿਛੋਂ ਇਹ ਮਾਮਲਾ ਭਖ ਗਿਆ। ਦੂਜੇ ਪਾਸੇ, ਜੇਤਲੀ ਵੱਲੋਂ ਸ੍ਰੀ ਕੇਜਰੀਵਾਲ ਸਮੇਤ 'ਆਪ' ਦੇ ਪੰਜ ਹੋਰ ਆਗੂਆਂ ਖਿਲਾਫ ਮਾਣਹਾਨੀ ਦਾ ਕੇਸ ਕਰ ਦਿੱਤਾ ਤੇ ਹਰਜਾਨੇ ਵਜੋਂ ਦਸ ਕਰੋੜ ਰੁਪਏ ਮੰਗ ਲਏ।



### ਮਨਮੋਹਨ ਬਨਾਮ ਜੇਤਲੀ

**ਨਵੀਂ ਦਿੱਲੀ:** ਜਦੋਂ ਯੂ.ਪੀ.ਏ. ਉਤੇ ਭ੍ਰਿਸ਼ਟਾਚਾਰ ਦੇ ਦੋਸ਼ ਲੱਗੇ ਸਨ ਤਾਂ ਸ੍ਰੀ ਅਰੁਣ ਜੇਤਲੀ ਜੋ ਉਸ ਵਕਤ ਰਾਜ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਸਨ, ਨੇ ਕਿਹਾ ਸੀ ਕਿ ਇਹ ਭ੍ਰਿਸ਼ਟਾਚਾਰ ਕਿਉਂਕਿ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੀ ਅਗਵਾਈ ਵਿਚ ਚੱਲ ਰਹੀ ਸਰਕਾਰ ਦੌਰਾਨ ਹੋਇਆ ਹੈ, ਇਸ ਲਈ ਸਾਰੀ ਜ਼ਿੰਮੇਵਾਰੀ ਪ੍ਰਧਾਨ ਮੰਤਰੀ ਦੀ ਹੈ। ਹੁਣ ਇਹੀ ਸਵਾਲ 'ਆਪ' ਆਗੂਆਂ ਨੇ ਸ੍ਰੀ ਜੇਤਲੀ ਉਤੇ ਕੀਤਾ ਜੋ ਉਸ ਸਮੇਂ ਦੌਰਾਨ ਡੀ.ਡੀ.ਸੀ.ਏ. ਦੇ ਮੁਖੀ ਸਨ ਜਦੋਂ ਘਪਲੇ ਅਤੇ ਬੇਨਿਯਮੀਆਂ ਹੋਈਆਂ।

ਯਾਦ ਰਹੇ ਕਿ ਦਰਭੰਗਾ ਲੋਕ ਸਭਾ ਹਲਕੇ ਤੋਂ ਤੀਜੀ ਵਾਰ ਚੁਣੇ ਗਏ ਭਾਜਪਾ ਦੇ ਕੀਰਤੀ ਆਜ਼ਾਦ ਨੇ ਸਾਬਕਾ ਕ੍ਰਿਕਟਰਾਂ ਗੇਂਦਬਾਜ਼ ਬਿਸ਼ਨ ਸਿੰਘ ਬੇਦੀ ਤੇ ਸੁਰਿੰਦਰ ਖੰਨਾ ਨਾਲ ਡੀ.ਡੀ.ਸੀ.ਏ. ਵਿਚ ਹੋਈ ਗੜਬੜੀ ਦੇ ਵੇਰਵੇ ਦਿੱਤੇ ਹਨ। ਉਨ੍ਹਾਂ ਵਿਕੀਲੀਕਸ ਫਾਰ ਇੰਡੀਆ ਤੇ ਇਕ ਪ੍ਰਾਈਵੇਟ ਕੰਪਨੀ ਵੱਲੋਂ ਤਿਆਰ ਕੀਤੇ ਵੀਡੀਓ ਰਾਹੀਂ ਡੀ.ਡੀ.ਸੀ.ਏ. ਵਿਚ ਮਹਿੰਗੇ ਭਾਅ ਉਤੇ ਕੰਪਿਊਟਰ ਤੇ ਪ੍ਰਿੰਟਰ ਕਿਰਾਏ ਉਪਰ ਲੈਣ,

(ਬਾਕੀ ਸਫਾ 6 'ਤੇ)

# ਕੈਪਟਨ ਨੇ ਅਕਾਲੀਆਂ ਤੋਂ ਮੁੱਦੇ ਖੋਹੇ

## ਅਕਾਲੀਆਂ ਨੂੰ ਪਈਆਂ ਵੱਡੀਆਂ ਵੰਗਾਰਾਂ

**ਚੰਡੀਗੜ੍ਹ:** ਪੰਜਾਬ ਕਾਂਗਰਸ ਦੀ ਕਮਾਨ ਮਿਲਣ ਪਿਛੋਂ ਕੈਪਟਨ ਅਮਰਿੰਦਰ ਸਿੰਘ ਦੀਆਂ ਸਰਗਰਮੀਆਂ ਅਤੇ ਰਣਨੀਤੀਆਂ ਨੇ ਹਾਕਮ ਧਿਰ ਸ਼੍ਰੋਮਣੀ ਅਕਾਲੀ ਦਲ ਨੂੰ ਫਿਕਰਾਂ ਵਿਚ ਪਾ ਦਿੱਤਾ ਹੈ। ਕੈਪਟਨ ਜਿਥੇ ਪੰਥਕ ਮਸਲਿਆਂ ਨੂੰ ਉਭਾਰ ਕੇ ਅਕਾਲੀ ਦਲ ਨੂੰ ਵੰਗਾਰ ਰਹੇ ਹਨ, ਉਥੇ ਹਮਖ਼ਿਆਲ ਪਾਰਟੀਆਂ ਨੂੰ ਬਿਹਾਰ ਵਾਂਗ ਮਹਾਂਗੱਠਜੋੜ ਲਈ ਦਿੱਤਾ ਸੱਦਾ ਵੀ ਅਕਾਲੀ ਦਲ ਲਈ ਚੁਣੌਤੀ ਬਣ ਗਿਆ ਹੈ। ਕੈਪਟਨ ਪੰਜਾਬੀਆਂ, ਖਾਸ ਕਰ ਕੇ ਸਿੱਖ ਵੋਟਰਾਂ ਦੀ ਮਾਨਸਿਕਤਾ ਤੋਂ ਚੰਗੀ ਤਰ੍ਹਾਂ ਵਾਕਫ ਹਨ। ਇਸ ਲਈ ਉਹ ਉਹੀ ਮੁੱਦੇ ਉਭਾਰ ਰਹੇ ਹਨ ਜਿਨ੍ਹਾਂ 'ਤੇ ਅਕਾਲੀ ਦਲ ਨੇ ਸਿਆਸਤ ਤਾਂ ਕੀਤੀ, ਪਰ ਕਦੇ ਵੀ ਖੜ੍ਹ ਕੇ ਪਹਿਰਾ ਨਹੀਂ ਦਿੱਤਾ।



ਕੈਪਟਨ ਨੇ ਪੰਜਾਬ ਦੇ ਕਾਲੇ ਦੌਰ ਦੌਰਾਨ ਹੋਏ ਫਰਜ਼ੀ ਮੁਕਾਬਲਿਆਂ ਦੀ ਜਾਂਚ ਕਰਵਾਉਣ ਦੀ ਮੰਗ ਉਠਾ ਕੇ ਅਕਾਲੀ ਦਲ ਨੂੰ ਵੱਡੀ ਚੁਣੌਤੀ ਦਿੱਤੀ ਹੈ। ਇਸ ਤੋਂ ਇਲਾਵਾ 15 ਦਸੰਬਰ ਦੇ ਸ਼ਕਤੀ ਪ੍ਰਦਰਸ਼ਨਾਂ ਨੇ ਬਹੁਤ ਕੁਝ ਸਪਸ਼ਟ ਕਰ ਦਿੱਤਾ ਹੈ। ਇਕ-ਦੂਜੇ ਨੂੰ ਵੰਗਾਰਨ ਲਈ ਪਟਿਆਲਾ ਅਤੇ ਬਠਿੰਡਾ ਵਿਚ ਕੀਤੀਆਂ ਗਈਆਂ ਇਨ੍ਹਾਂ ਰੈਲੀਆਂ ਵਿਚ ਇਕੱਠ ਪੱਖੋਂ ਕੈਪਟਨ ਅਮਰਿੰਦਰ ਸਿੰਘ ਨੇ ਸੁਖਬੀਰ ਸਿੰਘ ਬਾਦਲ ਨੂੰ ਪਛਾੜ ਦਿੱਤਾ।

ਦਿਲਚਸਪ ਗੱਲ ਹੈ ਕਿ ਅਕਾਲੀ ਦਲ ਨੇ ਰੈਲੀ ਵਿਚ ਇਕੱਠ ਲਈ ਪੂਰੀ ਸਰਕਾਰੀ ਮਸ਼ੀਨਰੀ ਝੋਕ ਦਿੱਤੀ ਸੀ ਤੇ ਕੈਪਟਨ ਦੀ ਰੈਲੀ ਵਿਚ ਅੜਿਕੇ ਵੀ ਪਾਏ। ਇਸ ਦੇ ਬਾਵਜੂਦ ਕੈਪਟਨ ਦਾ ਹੱਥ ਉਪਰ ਰਿਹਾ। ਉਂਝ, ਰੈਲੀ ਵਿਚ ਇਕੱਠ ਦੀ ਗੱਲ ਨੂੰ ਪਾਸੇ ਰੱਖ ਦਈਏ ਤਾਂ ਵੀ ਕਈ ਪੱਖ ਹਨ ਜੋ ਭਵਿੱਖ ਦੀ ਸਿਆਸਤ ਬਾਰੇ ਕਈ ਸੰਕੇਤ ਦੇ ਗਏ ਹਨ। ਕੈਪਟਨ ਦੀ ਰੈਲੀ ਵਿਚ ਪਿੰਡਾਂ ਦੇ ਲੋਕ ਹੁੰਮਹੁਮਾ ਕੇ ਪਹੁੰਚੇ। ਇਨ੍ਹਾਂ ਵਿਚ ਜ਼ਿਆਦਾਤਰ ਕਿਸਾਨ ਸਨ। ਸਿਆਸਤ ਵਿਚ ਆਮ ਧਾਰਨਾ ਹੈ ਕਿ ਪੇਂਡੂ ਕਿਸਾਨਾਂ ਵਿਚ ਅਕਾਲੀ ਦਲ ਦੀ ਚੰਗੀ ਪੈਂਠ ਹੈ ਪਰ ਕਿਸਾਨ ਵੋਟਰਾਂ ਦਾ ਕਾਂਗਰਸ ਵੱਲ ਝੁਕਾਅ ਅਕਾਲੀ ਦਲ ਲਈ ਫਿਕਰ ਦੀ ਗੱਲ ਹੈ। ਮੰਨਿਆ ਜਾ ਰਿਹਾ ਹੈ ਕਿ ਜਿਣਸਾਂ ਵੇਚਣ ਲਈ ਮੰਡੀਆਂ ਵਿਚ ਰੁਲਣ ਕਰ ਕੇ ਪੰਜਾਬ ਦਾ ਕਿਸਾਨ ਅਕਾਲੀ ਦਲ ਤੋਂ ਖਫ਼ਾ ਹੈ। ਕੈਪਟਨ ਦੀ ਰੈਲੀ ਵਿਚ ਸਿੱਖ ਜ਼ਿਆਦਾ ਗਿਣਤੀ ਵਿਚ ਪਹੁੰਚੇ। ਹੁਣ ਤੱਕ ਇਹ ਧਾਰਨਾ ਰਹੀ ਹੈ ਕਿ

(ਬਾਕੀ ਸਫਾ 6 'ਤੇ)


We Do Real Estate in Bay Area & Central Valley
We do loans anywhere in California

Cell: 408-816-0408
Tel: 209-918-6464
Fax: 866-594-4680
email:
realtoramanhundal@gmail.com
AMAN S. HUNDAL
Broker/Realtor/MBA
BRE# 01839828
NMLS# 162808
Alltime REALTY & MORTGAGE
16 Corning Ave, Ste. 230, Milpitas, CA 92035
3819 Northern Oak Dr., Ceres, CA 95307
CDPE, SFR *LAR 2010, 2011, 2012 Masters Club
Masters Emerald Award 2010, 2011


Raja SWEETS & CATERING
AUTHORIZED CATERER FOR MAJOR 5-STAR HOTELS
Follow us on:
Toll Free 1-866-FOR-RAJA
www.rajasweets.com
msbains@rajasweets.com
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Fresh Sweets, Snacks & Food
Catering with Portable Tandoor
for up to 10000 guests
Lunch - Dinner - Take Out - Banquets
Items Serving: All kinds of Sweets; Snacks & Food; Chaat & Tikki Stall; Pani Poori Stall; Bhel Poori / Pav Bhaji; Falooda Kulfi
Catering Services: Wedding Ceremonies; Receptions; Birthday Parties; Religious Gatherings; Corporate Events; Picnics / Bar-b-que
Additional Services: Warmers; Chaffing Dishes; China & Silverware; Linen Rental; Waiters & Bartenders
Raja Sweets & Indian Cuisine
Raja Indian Cuisine & Bar
Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com

Law Office of
Manpreet S. Gahra
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ

Manpreet S. Gahra
Attorny At Law
Criminal Defense (DUI, simple battery, domestic violence, immigration post-conviction relief)
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-924-1617
Email: manpreet@gahralaw.com

# Anu Attorney
# Professional Law Group, PLLC.

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



*Anu Peshawaria*
*Attorney at Law*
*Licensed to practice Immigration in all 50 states.*
More than 20 year experience in US immigration & Indian law

## US IMMIGRATION

*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

## FAMILY LAW *(Only In WA)*

*Divorce *Annulment
*International Custody

## INCORPORATIONS *(Only In WA)*

*International Contracts, Mergers
*Attorney Supreme Court of India

Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801 Pine Street, Suite 7H, Seattle, WA 98101
Offices: Seattle, WA *Fremont, CA *UK *Canada *India

Evening Appointments Available

---

ONE | REALTYONEGROUP AMERICAN

## ਕਿਰਾਏ ਵਿਚ ਅਜਾਈਂ ਜਾ ਰਹੇ ਹਜ਼ਾਰਾਂ ਡਾਲਰਾਂ ਨੂੰ ਆਪਣੇ ਘਰ ਦੀ ਕਿਸ਼ਤ ਵਿਚ ਲਾਉ

## ਵਿਆਜ ਦੀਆਂ ਦਰਾਂ ਸਸਤੀਆਂ ਹੋਣ ਕਾਰਨ ਆਪਣਾ ਘਰ ਲੈਣ ਲਈ ਢੁਕਵਾਂ ਸਮਾਂ

ਆਪਣਾ ਘਰ ਖਰੀਦਣ ਜਾਂ ਵੇਚਣ ਵਾਸਤੇ ਸਲਾਹ ਲਈ ਇੱਕ ਵਾਰ ਸੰਪਰਕ ਕਰੋ

ਪਹਿਲਾਂ ਘਰ ਲੀਜ਼ 'ਤੇ ਲਓ ਤੇ ਫਿਰ ਖਰੀਦੋ

Duplex, Four Plax ਅਤੇ Apartment Building ਵਿਚ Investment ਲਈ ਕਾਲ ਕਰੋ ਜੀ



ਜਗਦੇਵ ਸਿੰਘ
ਫੋਨ: 510-689-4625

JAGDEV SINGH
*Realtor*
CalBre #01423409
42820 Albrae, St.,
Fremont, CA 94538

REALTOR EQUAL HOUSING OPPORTUNITY

---

# STATEN SOLAR
AFFORDABLE ENERGY FOR EVERYONE

# Save with Solar

## Commercial, Agricultural and Residential



For South California



Simran Deol
*Solar Engineer*
661-412-4728
661-427-0843 (fax)

# BYE BILL

## No One Can Beat Our Price Guaranteed!

Top Quality Product *20 Years Performance Guarantee *25 Years Guarantee for Panels *Free Maintenance for 20 Years *No Need to worry about increasing utility *Professional Installation *24/7 Monitoring

For North California



Balwinder Garcha
*Sales Rep Bay Area by North California*
510-468-9525

ੴ ਸਤਿਗੁਰ ਪ੍ਰਸਾਦਿ॥
ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਿਹ॥

# ਗੁਰਦੁਆਰਾ ਸਾਹਿਬ ਸੈਨ ਹੋਜ਼ੇ, ਕੈਲੀਫੋਰਨੀਆ

**ਬਾਬਾ ਜ਼ੋਰਾਵਰ ਸਿੰਘ ਜੀ, ਬਾਬਾ ਫਤਿਹ ਸਿੰਘ ਸੇਵਾ ਸੁਸਾਇਟੀ, ਕੈਲੀਫੋਰਨੀਆ ਅਤੇ ਸ੍ਰੀ ਫਤਿਹਗੜ੍ਹ ਸਾਹਿਬ ਇਲਾਕੇ ਦੀਆਂ ਸਮੂਹ ਸੰਗਤਾਂ ਵਲੋਂ ਦਸ਼ਮੇਸ਼ ਪਿਤਾ ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ ਜੀ, ਬਾਬਾ ਫਤਿਹ ਸਿੰਘ ਜੀ ਅਤੇ ਮਾਤਾ ਗੁਜਰ ਕੌਰ ਜੀ ਦੀ ਲਾਸਾਨੀ ਕੁਰਬਾਨੀ ਦੀ ਯਾਦ ਵਿਚ**

# ਸ਼ਹੀਦੀ ਜੋੜ ਮੇਲਾ

## ਪ੍ਰੋਗਰਾਮ ਦਾ ਵੇਰਵਾ

**25 ਦਸੰਬਰ 2015, ਸ਼ੁੱਕਰਵਾਰ**
ਅਰੰਭ ਸ੍ਰੀ ਅਖੰਡ ਪਾਠ (ਸਵੇਰੇ 11:00 ਵਜੇ)
ਸ਼ਾਮ 8 ਵਜੇ ਫਿਲਮ 'ਚਾਰ ਸਾਹਿਬਜਾਦੇ' ਦਿਖਾਈ ਜਾਵੇਗੀ

**26 ਦਸੰਬਰ, 2015, ਸਨਿਚਰਵਾਰ**
ਸ਼ਾਮ 7 ਵਜੇ ਤੋਂ 11 ਵਜੇ ਤੱਕ ਬੱਚਿਆਂ ਵਲੋਂ ਵਿਸ਼ੇਸ਼ ਕੀਰਤਨ

**27 ਦਸੰਬਰ 2015, ਐਤਵਾਰ**
ਭੋਗ ਸ੍ਰੀ ਅਖੰਡ ਪਾਠ (ਸਵੇਰੇ 10 ਵਜੇ)

**ਕੀਰਤਨ ਦਰਬਾਰ:** ਸਵੇਰੇ 10:00 ਵਜੇ ਤੋਂ ਬਾਅਦ ਦੁਪਹਿਰ 1:30 ਵਜੇ ਤੱਕ ਵਿਸ਼ੇਸ਼ ਕੀਰਤਨ ਦੀਵਾਨ ਸਜੇਗਾ ਜਿਸ ਵਿਚ ਪੰਥ ਦੇ ਮਹਾਨ ਕੀਰਤਨੀ ਜਥੇ, ਕਥਾਵਾਚਕ ਅਤੇ ਢਾਡੀ ਜਥੇ ਸ਼ਬਦ ਕੀਰਤਨ, ਕਥਾ ਵਿਆਖਿਆ ਅਤੇ ਢਾਡੀ ਵਾਰਾਂ ਰਾਹੀਂ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਨਗੇ ਅਤੇ ਇਤਿਹਾਸ ਸਰਵਣ ਕਰਵਾਉਣਗੇ।

**ਨਗਰ ਕੀਰਤਨ:** ਬਾਅਦ ਦੁਪਹਿਰ 2 ਵਜੇ ਗੁਰਦੁਆਰਾ ਸਾਹਿਬ ਅੰਦਰ ਵਿਸ਼ੇਸ਼ ਨਗਰ ਕੀਰਤਨ ਕੀਤਾ ਜਾਵੇਗਾ



*ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਵਧ ਤੋਂ ਵਧ ਗਿਣਤੀ ਵਿਚ ਹਾਜ਼ਰੀਆਂ ਭਰ ਕੇ ਗੁਰੂ ਕੀਆਂ ਅਸੀਸਾਂ ਪ੍ਰਾਪਤ ਕਰੋ ਜੀ*

## ਗੁਰੂ ਪੰਥ ਦੇ ਦਾਸ

ਬਲਵਿੰਦਰ ਸਿੰਘ, ਸੁਖਵਿੰਦਰ ਸਿੰਘ ਗੋਗੀ, ਜਸਪਾਲ ਸਿੰਘ, ਇੰਦਰਜੀਤ ਸਿੰਘ, ਰਾਜਿੰਦਰ ਸਿੰਘ ਸੇਖੋਂ, ਹਰਜੀਤ ਸਿੰਘ, ਰਘਵੀਰ ਸਿੰਘ, ਸੁਰਜੀਤ ਸਿੰਘ, ਸਰਬਜੀਤ ਸਿੰਘ, ਹਰਵਿੰਦਰ ਸਿੰਘ, ਗੁਰਬੀਰ ਸਿੰਘ, ਦਲਜੀਤ ਸਿੰਘ ਮਾਵੀ, ਮਨੀ ਜੈਲਦਾਰ, ਸਤਵਿੰਦਰ ਸਿੰਘ, ਨਿਰਭੈਅ ਸਿੰਘ, ਇੰਦਰ ਸਿੰਘ, ਬਲਿਹਾਰ ਸਿੰਘ, ਬਾਲੂ ਪ੍ਰਧਾਨ, ਪ੍ਰਤਾਪ ਸਿੰਘ ਮਿੱਠੂ, ਸੁਰਿੰਦਰ ਸਿੰਘ ਨੰਬਰਦਾਰ, ਲਖਵਿੰਦਰ ਸਿੰਘ ਪੂਨੀਆ, ਸੁਖਵਿੰਦਰ ਸਿੰਘ ਸੱਦੋ ਮਾਜਰਾ, ਗੁਰਤੇਜ ਸਿੰਘ ਤੇਜੀ, ਜੋਗਾ ਸਿੰਘ, ਦੀਪਇੰਦਰ ਸਿੰਘ, ਹਰਚੰਦ ਸਿੰਘ, ਗੁਰਜੀਤ ਸਿੰਘ ਝਾਮਪੁਰ, ਜਸਵਿੰਦਰ ਸਿੰਘ, ਅੰਮ੍ਰਿਤਪਾਲ ਸਿੰਘ, ਰਣਜੀਤ ਸਿੰਘ, ਦੀਦਾਰ ਸਿੰਘ, ਕੁਲਦੀਪ ਸਿੰਘ ਮਨਹੇੜਾ, ਰਣਧੀਰ ਸਿੰਘ, ਬਲਵਿੰਦਰ ਸਿੰਘ ਰਾਜੂ, ਹਰਜੋਤ ਸਿੰਘ, ਹਰਦੇਵ ਸਿੰਘ, ਮਨਮੋਹਨ ਸਿੰਘ, ਰਘਵੀਰ ਸਿੰਘ ਮੁੰਡੀ, ਅਰਜਨ ਸਿੰਘ, ਬਲਦੇਵ ਸਿੰਘ, ਮਨਜੀਤ ਸਿੰਘ, ਕੁਲਵੰਤ ਸਿੰਘ, ਜਸਵੀਰ ਸਿੰਘ, ਸੰਦੀਪ ਸਿੰਘ, ਪਵਨਦੀਪ ਸਿੰਘ, ਜਸਜੀਤ ਸਿੰਘ, ਗੁਰਿੰਦਰ ਸਿੰਘ, ਪ੍ਰਭਪ੍ਰੀਤ ਸਿੰਘ, ਗੁਰਵਿੰਦਰ ਸਿੰਘ, ਮੋਹਣ ਸਿੰਘ, ਰਾਜਵਿੰਦਰ ਸਿੰਘ ਟਿਵਾਣਾ, ਭੁਪਿੰਦਰ ਸਿੰਘ, ਤੇਜਵੀਰ ਸਿੰਘ, ਹਰਦੀਪ ਸਿੰਘ, ਪਰਮਜੀਤ ਸਿੰਘ, ਹਰਬੰਸ ਸਿੰਘ, ਗੁਰਦਿਆਲ ਸਿੰਘ, ਗੁਰਪ੍ਰੀਤ ਸਿੰਘ ਮਾਵੀ, ਮਲਕੀਤ ਸਿੰਘ, ਰਾਜਿੰਦਰ ਸਿੰਘ, ਮਹਿੰਦਰ ਸਿੰਘ ਮਾਵੀ, ਹਰਨੇਕ ਸਿੰਘ, ਨਰਿੰਦਰ ਸਿੰਘ, ਸਤਿੰਦਰ ਸਿੰਘ, ਜਸਪ੍ਰੀਤ ਬੋਲਾ, ਗੁਰਪ੍ਰੀਤ ਸਿੰਘ, ਹਰਮਿੰਦਰਪਾਲ ਸਿੰਘ, ਪਰਵੀਰ ਸਿੰਘ, ਅਜੈਪਾਲ ਸਿੰਘ, ਸੁਖਜਿੰਦਰ ਸਿੰਘ, ਮੇਹਰ ਸਿੰਘ, ਹਰਕੀਰਤ ਸਿੰਘ, ਪਰਮਜੀਤ ਸਿੰਘ, ਜਸਲੀਤ ਸਿੰਘ, ਦਵਿੰਦਰ ਸਿੰਘ ਮੁੰਡੀ, ਸਰਵਣ ਸਿੰਘ, ਜਗਦੀਸ਼ ਸਿੰਘ, ਨਿਰਮਲ ਸਿੰਘ, ਦਿਨੇਸ਼ ਸੋਲੰਕੀ, ਦਿਲਰਾਜ ਸਿੰਘ ਬਲ, ਹਰਮਿੰਦਰ ਸਿੰਘ, ਸੁੱਖਾ ਸਿੰਘ।

**ਬੇਨਤੀਕਰਤਾ: ਸਮੂਹ ਸਾਧ ਸੰਗਤ, ਇਲਾਕਾ ਸ੍ਰੀ ਫਤਿਹਗੜ੍ਹ ਸਾਹਿਬ।**

**ਸੰਪਰਕ ਫੋਨ: 408-648-6774, 408-628-9001, 209-456-0387
408-509-8052, 408-891-3515**

# ਰਾਜੋਆਣਾ ਨਾਲ ਮੁਲਾਕਾਤ ਕਰਨ ਗਏ ਪੱਤਰਕਾਰ ਕੰਵਰ ਸੰਧੂ ਨਾਲ ਧੱਕਾ-ਮੁੱਕੀ

**ਪਟਿਆਲਾ:** ਸੀਨੀਅਰ ਪੱਤਰਕਾਰ ਕੰਵਰ ਸੰਧੂ ਅਤੇ ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਕੇਸ ਵਿਚ ਪਟਿਆਲਾ ਜੇਲ੍ਹ ਵਿਚ ਬੰਦ ਬਲਵੰਤ ਸਿੰਘ ਰਾਜੋਆਣਾ ਦਰਮਿਆਨ ਧੱਕਾ-ਮੁੱਕੀ ਹੋਣ ਦੀਆਂ ਖਬਰਾਂ ਹਨ। ਉਹ ਇੰਟਰਵਿਊ ਲਈ ਰਾਜੋਆਣਾ ਨੂੰ ਜੇਲ੍ਹ ਵਿਚ ਮਿਲਣ ਗਏ ਸਨ। ਕਿਹਾ ਜਾ ਰਿਹਾ ਹੈ ਕਿ ਇੰਟਰਵਿਊ ਵੇਲੇ ਸਾਬਕਾ ਪੁਲਿਸ ਮੁਲਾਜ਼ਮ ਗੁਰਮੀਤ ਸਿੰਘ ਪਿੰਕੀ ਵੀ ਜੇਲ੍ਹ ਵਿਚ ਸੀ। ਇਸ ਮਾਮਲੇ ਨੂੰ ਲੈ ਕੇ ਜੇਲ੍ਹ ਪ੍ਰਸ਼ਾਸਨ ਵੱਲੋਂ ਪਟਿਆਲਾ ਜੇਲ੍ਹ ਦੇ ਸਹਾਇਕ ਸੁਪਰਡੈਂਟ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ।

ਯਾਦ ਰਹੇ ਕਿ ਕੰਵਰ ਸੰਧੂ ਵੱਲੋਂ ਪਿੰਕੀ ਨਾਲ ਕੀਤੀ ਇੰਟਰਵਿਊ ਵਿਚ ਪਿੰਕੀ ਨੇ ਦਾਅਵਾ ਕੀਤਾ ਸੀ ਕਿ ਉਸ ਨੇ ਰਾਜੋਆਣਾ ਦੀ ਮਦਦ ਨਾਲ ਜਗਤਾਰ ਸਿੰਘ ਹਵਾਰਾ ਅਤੇ ਸਾਥੀਆਂ ਵੱਲੋਂ ਜੇਲ੍ਹ ਵਿਚ ਸੁਰੰਗ ਪੁੱਟਣ ਦਾ ਪਤਾ ਲਾਇਆ ਸੀ। ਕੰਵਰ ਸੰਧੂ ਮੁਤਾਬਕ ਇਹ ਵੀਡੀਓ ਨਸ਼ਰ ਹੋਣ ਤੋਂ ਬਾਅਦ ਰਾਜੋਆਣਾ ਦੀ ਭੈਣ ਕਮਲਦੀਪ ਕੌਰ ਨੇ ਇਤਰਾਜ਼ ਜ਼ਾਹਿਰ ਕੀਤਾ ਸੀ ਕਿ ਇਸ ਬਾਰੇ ਰਾਜੋਆਣਾ ਦਾ ਪੱਖ ਨਹੀਂ ਲਿਆ ਗਿਆ। ਇਸ 'ਤੇ ਤੈਅ ਹੋਇਆ ਕਿ ਉਹ, ਰਾਜੋਆਣਾ ਦਾ ਪੱਖ ਜਾਣਨ ਲਈ ਜੇਲ੍ਹ ਵਿਚ ਰਾਜੋਆਣਾ ਨੂੰ ਮਿਲਣਗੇ।



ਇਸ ਮੌਕੇ ਕਮਲਦੀਪ ਕੌਰ ਨੇ ਉਨ੍ਹਾਂ ਨੂੰ ਇਹ ਵੀ ਕਿਹਾ ਕਿ ਉਹ ਆਪਣੇ ਨਾਲ ਗੁਰਮੀਤ ਸਿੰਘ ਪਿੰਕੀ ਨੂੰ ਵੀ ਨਾਲ ਲੈ ਕੇ ਆਉਣ ਤਾਂਕਿ ਆਹਮੋ-ਸਾਹਮਣੇ ਗੱਲ ਹੋ ਸਕੇ। ਸ੍ਰੀ ਕੰਵਰ ਸੰਧੂ ਨੇ ਦੱਸਿਆ ਕਿ ਉਨ੍ਹਾਂ ਕਮਲਦੀਪ ਕੌਰ ਦੇ ਕਹਿਣ 'ਤੇ ਇਹ ਸੁਨੇਹਾ ਪਿੰਕੀ ਤੱਕ ਅਪੜਾ ਦਿੱਤਾ ਸੀ। ਉਨ੍ਹਾਂ ਦੱਸਿਆ ਕਿ ਰਾਜੋਆਣਾ ਨਾਲ ਗੱਲਬਾਤ ਨੂੰ ਅਜੇ 15 ਕੁ ਸੈਕਿੰਡ ਹੀ ਹੋਏ ਸਨ ਕਿ ਕਮਲਦੀਪ ਕੌਰ ਦੇ ਪਤੀ ਬਲਜੀਤ ਸਿੰਘ ਅਤੇ ਜੇਲ੍ਹ ਦੇ ਕਿਸੇ ਮੁਲਾਜ਼ਮ ਵਿਚਕਾਰ ਮੁਲਾਕਾਤ ਬਾਰੇ ਤਕਰਾਰ ਹੋਣ ਲੱਗ ਪਈ। ਇਸ ਤੋਂ ਬਾਅਦ ਘਟਨਾਵਾਂ ਤੇਜ਼ੀ ਨਾਲ ਵਾਪਰੀਆਂ। ਉਨ੍ਹਾਂ ਨੂੰ ਲੱਗਿਆ ਕਿ ਰਾਜੋਆਣਾ ਹਮਲਾਵਰ ਰੁਖ ਅਪਣਾ ਰਿਹਾ ਹੈ। ਛੇਤੀ ਹੀ ਉਹ ਬਾਹਰ ਆ ਗਏ।

ਇਸੇ ਦੌਰਾਨ ਰਾਜੋਆਣਾ ਦਾ ਲਿਖਿਆ ਪੱਤਰ ਕਮਲਦੀਪ ਕੌਰ ਨੇ ਆਪਣੇ ਫੇਸਬੁੱਕ ਅਕਾਊਂਟ ਉਤੇ ਪਾ ਦਿੱਤਾ। ਪੱਤਰ ਵਿਚ ਰਾਜੋਆਣਾ ਨੇ ਕਿਹਾ ਕਿ ਬੁੜੈਲ ਜੇਲ੍ਹ ਵਿਚ ਉਹ ਕਦੇ ਵੀ ਪਿੰਕੀ ਉਸ ਨੂੰ ਨਹੀਂ ਮਿਲਿਆ, ਪਿੰਕੀ ਉਸ ਨਾਲ ਮੁਲਾਕਾਤ ਹੋਣ ਬਾਰੇ ਸਬੂਤ ਪੇਸ਼ ਕਰੇ। ਪਿੰਕੀ ਨੂੰ ਉਸ ਨੇ ਪਹਿਲੀ ਵਾਰ 2010 ਵਿਚ ਉਦੋਂ ਵੇਖਿਆ ਜਦੋਂ ਉਹ ਇਕ ਕੇਸ ਵਿਚ ਪਟਿਆਲਾ ਜੇਲ੍ਹ ਆਇਆ।

ਇਸੇ ਦੌਰਾਨ ਪੀ.ਟੀ.ਸੀ. ਚੈਨਲ ਉਤੇ ਇਹ ਖਬਰ ਜਿਸ ਢੰਗ ਨਾਲ ਪੇਸ਼ ਕੀਤੀ ਗਈ, ਉਸ ਬਾਰੇ ਪੱਤਰਕਾਰੀ ਦੇ ਹਲਕਿਆਂ ਵਿਚ ਖੂਬ ਚਰਚਾ ਹੈ। ਯਾਦ ਰਹੇ ਕਿ ਕੰਵਰ ਸੰਧੂ, ਕੇਬਲ ਅਤੇ ਪੰਜਾਬੀ ਚੈਨਲਾਂ ਦੇ ਮਾਮਲੇ 'ਤੇ ਬਾਦਲਾਂ ਨਾਲ ਸਿੱਧੇ ਟਕਰਾਅ ਗਏ ਸਨ ਅਤੇ ਇਕ ਟੀ.ਵੀ. ਚੈਨਲ ਦੀ ਅਗਵਾਈ ਕਰਦਿਆਂ ਉਨ੍ਹਾਂ ਬਾਦਲਾਂ ਦੀ ਈਨ ਮੰਨਣ ਤੋਂ ਨਾਂਹ ਕਰ ਦਿੱਤੀ ਸੀ। ਪੀ.ਟੀ.ਸੀ. ਚੈਨਲ ਨੇ ਸਾਰਾ ਦਿਨ ਇਹੀ ਖਬਰ ਚਲਾਈ ਕਿ ਪੱਤਰਕਾਰ ਕੰਵਰ ਸੰਧੂ ਦਾ ਜੇਲ੍ਹ ਅੰਦਰ ਕੁਟਾਪਾ ਕੀਤਾ ਗਿਆ।

### ਬਾਦਲ ਵੱਲੋਂ ਜਾਂਚ ਦੇ ਹੁਕਮ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਪਟਿਆਲਾ ਕੇਂਦਰੀ ਜੇਲ੍ਹ ਵਿਚ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਕਤਲ ਦੇ ਦੋਸ਼ੀ ਬਲਵੰਤ ਸਿੰਘ ਰਾਜੋਆਣਾ ਵੱਲੋਂ ਕੰਵਰ ਸੰਧੂ ਉਤੇ ਹਮਲਾ ਕਰਨ ਦੇ ਮਾਮਲੇ ਦੀ ਜਾਂਚ ਦੇ ਹੁਕਮ ਦਿੱਤੇ ਹਨ। ਸਰਕਾਰੀ ਬਿਆਨ ਮੁਤਾਬਕ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਵਧੀਕ ਗ੍ਰਹਿ ਸਕੱਤਰ ਨੂੰ ਮਾਮਲੇ ਦੀ ਜਾਂਚ ਕਰਨ ਲਈ ਕਿਹਾ ਹੈ। ਮੁੱਖ ਮੰਤਰੀ ਨੇ ਮਾਮਲੇ ਦੀ ਹਰ ਪਹਿਲੂ ਦੀ ਜਾਂਚ ਤੋਂ ਬਾਅਦ ਛੇਤੀ ਤੋਂ ਛੇਤੀ ਰਿਪੋਰਟ ਪੇਸ਼ ਕਰਨ ਲਈ ਕਿਹਾ ਹੈ।

### ਕਰਜ਼ੇ ਨੇ ਦੋ ਕਿਸਾਨਾਂ ਦੀ ਲਈ ਜਾਨ

**ਮਾਨਸਾ:** ਬਲਾਕ ਸੰਗਤ ਦੇ ਪਿੰਡ ਚੱਕ ਅਤਰ ਸਿੰਘ ਵਾਲਾ ਦੇ ਕਿਸਾਨ ਰਜਿੰਦਰ ਸਿੰਘ ਪੁੱਤਰ ਜਗੀਰ ਸਿੰਘ ਨੇ ਕਰਜ਼ੇ ਤੋਂ ਤੰਗ ਆ ਕੇ ਖ਼ੁਦਕੁਸ਼ੀ ਕਰ ਲਈ ਹੈ। ਰਜਿੰਦਰ ਸਿੰਘ ਕੋਲ ਡੇਢ ਏਕੜ ਜ਼ਮੀਨ ਸੀ। ਇਸ ਵਾਰ ਚਿੱਟੇ ਮੱਛਰ ਕਾਰਨ ਨਰਮੇ ਦੀ ਫਸਲ ਮਾਰੇ ਜਾਣ ਕਾਰਨ ਉਸ ਲਈ ਕਬੀਲਦਾਰੀ ਚਲਾਉਣੀ ਔਖੀ ਹੋ ਗਈ ਸੀ। ਇਸੇ ਤਰ੍ਹਾਂ ਪਿੰਡ ਚੱਕ ਬਖਤੂ ਦੇ ਕਿਸਾਨ ਗੁਰਵਿੰਦਰ ਸਿੰਘ (32) ਪੁੱਤਰ ਭਜਨ ਸਿੰਘ ਨੇ ਸਲਫਾਸ ਨਿਗਲ ਕੇ ਖ਼ੁਦਕੁਸ਼ੀ ਕਰ ਲਈ।


# ਕੇਂਦਰ ਵੱਲੋਂ ਪੰਜਾਬ ਨੂੰ ਝਟਕਾ

**ਚੰਡੀਗੜ੍ਹ:** ਕੇਂਦਰ ਸਰਕਾਰ ਵੱਲੋਂ ਕੌਮੀ ਸਿਹਤ ਮਿਸ਼ਨ ਦੀ ਗ੍ਰਾਂਟ ਘੱਟ ਕੀਤੇ ਜਾਣ ਨਾਲ ਪੰਜਾਬ ਨੂੰ ਸਵਾ ਦੋ ਕਰੋੜ ਰੁਪਏ ਦਾ ਵਿੱਤੀ ਝਟਕਾ ਲੱਗਿਆ ਹੈ। ਕੇਂਦਰ ਵੱਲੋਂ ਦੋ ਪੜਾਵਾਂ ਵਿਚ 25 ਪ੍ਰਤੀਸ਼ਤ ਗ੍ਰਾਂਟ ਘਟਾ ਦਿੱਤੀ ਗਈ ਹੈ। ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਪੱਤਰ ਭੇਜ ਕੇ ਵਿੱਤੀ ਗ੍ਰਾਂਟ ਵਿਚ ਮੁੜ ਤੋਂ ਵਾਧਾ ਕੀਤੇ ਜਾਣ ਦੀ ਮੰਗ ਕੀਤੀ ਹੈ।

ਸਿਹਤ ਵਿਭਾਗ ਦੇ ਸੂਤਰਾਂ ਦਾ ਦੱਸਣਾ ਹੈ ਕਿ ਕੇਂਦਰ ਨੇ ਮੁੱਖ ਮੰਤਰੀ ਦੇ ਪੱਤਰ ਨੂੰ ਅਣਗੌਲਿਆ ਕਰ ਦਿੱਤਾ ਹੈ। ਕੇਂਦਰ ਵੱਲੋਂ ਕੌਮੀ ਸਿਹਤ ਮਿਸ਼ਨ ਤਹਿਤ ਪੰਜਾਬ ਨੂੰ ਸਾਲਾਨਾ 576 ਕਰੋੜ ਰੁਪਏ ਦੀ ਗ੍ਰਾਂਟ ਦਿੱਤੀ ਜਾ ਰਹੀ ਸੀ। ਇਸ ਵਿਚ 15 ਪ੍ਰਤੀਸ਼ਤ ਹਿੱਸਾ ਪੰਜਾਬ ਸਰਕਾਰ ਨੂੰ ਆਪਣੇ ਪੱਲਿਓਂ ਪਾਉਣ ਦੀਆਂ ਹਦਾਇਤਾਂ ਸਨ। ਇਸ ਮੁਤਾਬਕ ਕੇਂਦਰ ਤੇ ਰਾਜ ਸਰਕਾਰ ਵਿਚ ਮੈਚਿੰਗ ਗ੍ਰਾਂਟ ਦਾ ਅਨੁਪਾਤ 85:15 ਦਾ ਰੱਖਿਆ ਗਿਆ ਸੀ। ਕੇਂਦਰ ਸਰਕਾਰ ਨੇ ਪਹਿਲੇ ਪੜਾਅ ਵਿਚ ਗ੍ਰਾਂਟ ਉਤੇ ਦੋ ਫੀਸਦੀ ਦਾ ਕੱਟ ਲਾ ਦਿੱਤਾ ਸੀ ਤੇ ਇਹ ਅਨੁਪਾਤ 75:25 ਰਹਿ ਗਿਆ ਸੀ। ਉਸ ਤੋਂ ਬਾਅਦ ਦੁਬਾਰਾ 15 ਫੀਸਦੀ ਦਾ ਹੋਰ ਕੱਟ ਲਾ ਦਿੱਤਾ ਗਿਆ ਹੈ, ਜਿਸ ਨਾਲ ਗ੍ਰਾਂਟ ਸਿਰਫ 60 ਪ੍ਰਤੀਸ਼ਤ ਰਹਿ ਗਈ ਹੈ। ਨਵੇਂ ਫੈਸਲੇ ਮੁਤਾਬਕ ਕੇਂਦਰ ਵੱਲੋਂ 60 ਫੀਸਦੀ ਗ੍ਰਾਂਟ ਰਿਲੀਜ਼ ਕੀਤੀ ਜਾਣ ਲੱਗੀ ਹੈ ਤੇ ਪੰਜਾਬ ਆਪਣੇ ਪੱਲਿਓਂ 40 ਪ੍ਰਤੀਸ਼ਤ ਪਾਉਣ ਲਈ ਮਜਬੂਰ ਹੋ ਗਿਆ ਹੈ। ਸਰਕਾਰੀ ਅੰਕੜਿਆਂ ਮੁਤਾਬਕ ਕੁੱਲ 575 ਕਰੋੜ ਦੀ ਗ੍ਰਾਂਟ ਵਿਚੋਂ ਸਵਾ ਦੋ ਸੌ ਦੇ ਕਰੀਬ ਦਾ ਕੱਟ ਲੱਗ ਗਿਆ ਹੈ। ਕੌਮੀ ਸਿਹਤ ਮਿਸ਼ਨ ਤਹਿਤ ਮਿਲਣ ਵਾਲੀ ਗ੍ਰਾਂਟ ਰਾਹੀਂ ਜੱਚਾ ਤੇ ਬੱਚਾ ਸਿਹਤ ਸੰਭਾਲ, ਐਂਬੂਲੈਂਸ 108 ਤੇ ਬੱਚਿਆ ਦਾ ਟੀਕਾਕਰਨ ਸਮੇਤ ਹੋਰ ਕਈ ਪ੍ਰੋਗਰਾਮ ਉਤੇ ਪੈਸਾ ਖਰਚਿਆ ਜਾ ਰਿਹਾ ਹੈ।

## ਸਾਬਕਾ ਮੁੱਖ ਮੰਤਰੀ ਹੁੱਡਾ ਵਿਰੁਧ ਵਿਜੀਲੈਂਸ ਜਾਂਚ ਸ਼ੁਰੂ

**ਚੰਡੀਗੜ੍ਹ:** ਹਰਿਆਣਾ ਵਿਜੀਲੈਂਸ ਬਿਊਰੋ ਨੇ ਸੂਬੇ ਦੇ ਸਾਬਕਾ ਮੁੱਖ ਮੰਤਰੀ ਤੇ ਸੀਨੀਅਰ ਕਾਂਗਰਸ ਆਗੂ ਭੁਪਿੰਦਰ ਸਿੰਘ ਹੁੱਡਾ ਉਤੇ ਚਹੇਤਿਆਂ ਨੂੰ ਸਨਅਤੀ ਪਲਾਟ ਅਲਾਟ ਕਰਨ ਦੇ ਦੋਸ਼ਾਂ ਤਹਿਤ ਕੇਸ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਮੁੱਖ ਮੰਤਰੀ ਤੋਂ ਇਲਾਵਾ



ਆਈ.ਏ.ਐਸ. ਅਧਿਕਾਰੀ ਤੇ ਹੁੱਡਾ ਦੇ ਤਤਕਾਲੀ ਮੁੱਖ ਪ੍ਰਸ਼ਾਸਕ ਡੀ.ਪੀ.ਐਸ. ਨਾਗਲ, ਤਤਕਾਲੀ ਮੁੱਖ ਵਿੱਤ ਅਧਿਕਾਰੀ ਐਸ.ਸੀ. ਕਾਂਸਲ ਸਮੇਤ 14 ਅਲਾਟੀਆਂ ਵਿਰੁੱਧ ਵੀ ਕੇਸ ਦਰਜ ਕੀਤਾ ਗਿਆ ਹੈ। ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਵਿਜੀਲੈਂਸ ਬਿਊਰੋ ਦੀ ਜਾਂਚ ਤੋਂ ਬਾਅਦ ਤੇ ਐਡਵੋਕੇਟ ਜਨਰਲ ਦੀ ਸਲਾਹ ਉੱਤੇ ਕਾਰਵਾਈ ਕੀਤੀ ਹੈ। ਵਰਨਣਯੋਗ ਹੈ ਕਿ ਹਰਿਆਣਾ ਵਿਧਾਨ ਸਭਾ ਦੇ ਪਿਛਲੇ ਤੋਂ ਪਿੱਛੇ ਸੈਸ਼ਨ ਵਿਚ ਇਕ ਸੁਆਲ ਦੇ ਜੁਆਬ ਵਿਚ ਵਿੱਤ ਮੰਤਰੀ ਕੈਪਟਨ ਅਭਿਮੰਨਿਊ ਨੇ ਕਿਹਾ ਸੀ ਕਿ ਪਿਛਲੀ ਕਾਂਗਰਸ ਸਰਕਾਰ ਨੇ ਪੰਚਕੂਲਾ ਦੇ ਸਨਅਤੀ ਪਲਾਂਟਾਂ ਦੀ ਅਲਾਟਮੈਂਟ ਵਿਚ ਵੱਡੇ ਪੱਧਰ ਉਤੇ ਕੀਤੀਆਂ ਗਈਆਂ ਬੇਨਿਯਮੀਆਂ ਦੀ ਜਾਂਚ ਕਰਵਾਏਗੀ ਤੇ ਉਸ ਤੋਂ ਬਾਅਦ ਛੇ ਮਈ ਨੂੰ ਇਸ ਦੀ ਜਾਂਚ ਵਿਜੀਲੈਂਸ ਨੂੰ ਸੌਂਪ ਦਿੱਤੀ ਗਈ ਸੀ।

# ਸਵਰਾਜ ਅਭਿਆਨ ਲੜੇਗਾ ਪੰਜਾਬ ਦੇ ਕਿਸਾਨਾਂ ਲਈ ਕਾਨੂੰਨੀ ਲੜਾਈ



**ਚੰਡੀਗੜ੍ਹ:** ਸਵਰਾਜ ਅਭਿਆਨ ਦੇ ਆਗੂ ਤੇ 'ਜੈ ਕਿਸਾਨ' ਅੰਦੋਲਨ ਦੇ ਕੌਮੀ ਕਨਵੀਨਰ ਯੋਗੇਂਦਰ ਯਾਦਵ ਤੇ ਪਟਿਆਲਾ ਤੋਂ ਸੰਸਦ ਮੈਂਬਰ ਡਾ. ਧਰਮਵੀਰ ਗਾਂਧੀ ਨੇ ਕਿਹਾ ਹੈ ਕਿ ਉਹ ਚਿੱਟੀ ਮੱਖੀ ਕਾਰਨ ਪੰਜਾਬ ਦੇ ਕਿਸਾਨਾਂ ਦੇ ਹੋਏ ਨੁਕਸਾਨ ਦਾ ਕੇਸ ਅਦਾਲਤ ਵਿਚ ਲੈ ਕੇ ਜਾਣਗੇ।

ਉਨ੍ਹਾਂ ਕਿਹਾ ਕਿ ਇਸ ਬਾਰੇ ਸਵਰਾਜ ਅਭਿਆਨ ਦੇ ਕੌਮੀ ਆਗੂ ਪ੍ਰਸ਼ਾਂਤ ਭੂਸ਼ਨ 27 ਦਸੰਬਰ ਨੂੰ ਬਠਿੰਡਾ ਵਿਚ ਕਿਸਾਨਾਂ ਨਾਲ ਮੀਟਿੰਗ ਕਰਨਗੇ ਤੇ ਇਕ ਅਦਾਲਤੀ ਕੈਂਪ ਲਗਾ ਕੇ ਪ੍ਰਭਾਵਿਤ ਕਿਸਾਨਾਂ ਤੋਂ ਵਕਾਲਤਨਾਮੇ ਲੈਣਗੇ। ਇਹ ਕੇਸ ਉਨ੍ਹਾਂ ਵੱਲੋਂ ਮੁਫਤ ਲੜਿਆ ਜਾਵੇਗਾ। ਆਗੂਆਂ ਨੇ ਦੱਸਿਆ ਕਿ ਸਵਰਾਜ ਅਭਿਆਨ ਵੱਲੋਂ ਪਿਛਲੇ ਕੁਝ ਮਹੀਨਿਆਂ ਵਿਚ ਦੇਸ਼ ਦੇ ਦਸ ਸੋਕਾਗ੍ਰਸਤ ਸੂਬਿਆਂ ਦਾ ਦੌਰਾ ਕੀਤਾ ਗਿਆ। ਸਰਵੇ ਤੋਂ ਬਾਅਦ ਸਬੰਧਤ ਰਾਜ ਸਰਕਾਰਾਂ ਨੂੰ ਰਿਪੋਰਟ ਤੇ ਮੰਗ ਪੱਤਰ ਦੇਣ ਤੋਂ ਬਾਅਦ ਫੌਰੀ ਲੋੜੀਂਦੇ ਕਦਮ ਚੁੱਕਣ ਦੀ ਮੰਗ ਕੀਤੀ ਗਈ ਸੀ। ਉਨ੍ਹਾਂ ਕਿਹਾ ਕਿ ਹੈਰਾਨੀ ਦੀ ਗੱਲ ਹੈ ਸਭ ਤੋਂ ਵੱਧ ਨੁਕਸਾਨ ਬੀਟੀ ਕਾਟਨ ਵਾਲੇ ਕਿਸਾਨਾਂ ਦਾ ਹੋਇਆ ਹੈ, ਪਰ ਹਾਲੇ ਵੀ ਕੰਪਨੀਆਂ ਬੀ.ਟੀ. ਫਸਲਾਂ ਦੀ ਵਕਾਲਤ ਕਰ ਰਹੀਆਂ ਹਨ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਬੀ.ਟੀ. ਕੌਟਨ ਦੀ ਪ੍ਰਵਾਨਗੀ ਦੇਣ ਵਾਲਾ 'ਕਪਤਾਨ' ਹਾਲੇ ਵੀ ਇਸ ਨੂੰ ਆਪਣੀ ਸਰਕਾਰ ਦੀ ਪ੍ਰਾਪਤੀ ਦੱਸ ਰਿਹਾ ਹੈ ਤੇ ਜ਼ਮੀਨਾਂ ਵੇਚਣ ਨੂੰ ਕਿਸਾਨ ਮਸਲਿਆਂ ਦਾ ਹੱਲ ਦੱਸ ਰਿਹਾ ਹੈ।

ਕੈਪਟਨ ਅਮਰਿੰਦਰ ਸਿੰਘ ਦੇ ਬਿਆਨ ਕਿ ਉਨ੍ਹਾਂ ਦੀ ਸਰਕਾਰ ਆਉਣ ਉਤੇ ਜ਼ਮੀਨਾਂ ਦੇ ਭਾਅ ਵਧ ਜਾਣਗੇ ਤੇ ਕਿਸਾਨ ਜ਼ਮੀਨਾਂ ਵੇਚ ਸਕਣਗੇ, ਬਾਰੇ ਆਗੂਆਂ ਨੇ ਕਿਹਾ ਕਿ ਜਦ ਸਾਰਾ ਸੰਸਾਰ ਆਰਥਿਕ ਸੰਕਟ ਵਿਚ ਫਸਿਆ ਹੋਇਆ ਹੈ ਤਾਂ ਅਜਿਹੇ ਵਿਚ ਕਿਸਾਨ ਆਪਣੀਆਂ ਜ਼ਮੀਨਾਂ ਵੇਚ ਕੇ ਜਾਣਗੇ ਕਿੱਥੇ। ਕਿਸਾਨਾਂ ਦੇ ਸੰਘਰਸ਼ ਦੀ ਸ਼ਲਾਘਾ ਕਰਦਿਆਂ ਦੋਵਾਂ ਆਗੂਆਂ ਨੇ ਕਿਹਾ ਕਿ ਡਾ. ਗਾਂਧੀ ਵੱਲੋਂ ਪੰਜਾਬ ਦੇ ਕਿਸਾਨਾਂ ਦਾ ਮਸਲਾ ਸੰਸਦ ਵਿਚ ਉਠਾਉਣ ਤੋਂ ਬਾਅਦ ਹੁਣ ਇਸ ਮਸਲੇ ਉਤੇ ਲੜਾਈ ਸੁਪਰੀਮ ਕੋਰਟ ਜਾਂ ਹਾਈਕੋਰਟ ਵਿਚ ਲੜਨ ਦਾ ਫੈਸਲਾ ਕੀਤਾ ਗਿਆ ਹੈ।

# ਖਾੜਕੂ ਪਰਮਜੀਤ ਸਿੰਘ ਪੰਮਾ ਪੁਰਤਗਾਲ ਵਿਚ ਗ੍ਰਿਫਤਾਰ

**ਚੰਡੀਗੜ੍ਹ:** ਪੁਰਤਗਾਲ ਪੁਲਿਸ ਨੇ ਖਾਲਿਸਤਾਨੀ ਖਾੜਕੂ ਪਰਮਜੀਤ ਸਿੰਘ ਪੰਮਾ ਨੂੰ ਗ੍ਰਿਫਤਾਰ ਕਰ ਲਿਆ ਹੈ। ਇਹ ਗ੍ਰਿਫਤਾਰੀ ਇਕ ਹੋਟਲ ਵਿਚੋਂ ਕੀਤੀ ਗਈ ਹੈ।

ਪੰਮਾ ਇੰਗਲੈਂਡ ਵਿਚ 1994-95 ਤੋਂ ਰਾਜਸੀ ਸ਼ਰਨ ਲੈ ਕੇ ਰਹਿ ਰਿਹਾ ਸੀ। ਪੰਮੇ ਉਤੇ ਪਟਿਆਲਾ ਤੇ ਅੰਬਾਲਾ ਵਿਚ ਬੰਬ ਧਮਾਕੇ ਕਰਾਉਣ ਦਾ ਦੋਸ਼ ਹੈ। ਇਸ ਦੇ ਨਾਲ ਹੀ ਉਸ ਵਿਰੁੱਧ ਰਾਸ਼ਟਰੀ ਸਿੱਖ ਸੰਗਤ ਦੇ ਪ੍ਰਧਾਨ ਰੁਲਦਾ ਸਿੰਘ ਦੀ ਹੱਤਿਆ ਦੀ ਸਾਜਿਸ਼ ਘੜਨ ਦਾ ਵੀ ਦੋਸ਼ ਹੈ। ਪੰਮਾ ਦੀ ਗ੍ਰਿਫਤਾਰੀ ਲਈ ਇੰਟਰਪੋਲ ਨੇ ਰੈੱਡ ਕਾਰਨਰ ਨੋਟਿਸ ਜਾਰੀ ਕੀਤਾ ਸੀ।

# ਪੰਜਾਬ 'ਚ ਸੜਕ ਹਾਦਸੇ: ਰੋਜ਼ ਜਾਂਦੀਆਂ ਨੇ 13 ਜਾਨਾਂ

**ਚੰਡੀਗੜ੍ਹ:** ਪੰਜਾਬ ਵਿਚ ਰੋਜ਼ਾਨਾ ਔਸਤਨ 13 ਵਿਅਕਤੀ ਸੜਕ ਹਾਦਸਿਆਂ ਦੇ ਸ਼ਿਕਾਰ ਹੋ ਰਹੇ ਹਨ। ਰਾਸ਼ਟਰੀ ਅਪਰਾਧ ਰਿਕਾਰਡ ਬਿਊਰੋ (ਐਨ.ਸੀ.ਆਰ.ਬੀ.) ਨੇ ਪੰਜਾਬ ਵਿਚ ਸੜਕ ਹਾਦਸਿਆਂ ਕਾਰਨ ਹੋਣ ਵਾਲੀਆਂ ਮੌਤਾਂ ਦੀ ਦਰ ਕੌਮੀ ਪੱਧਰ ਉਤੇ ਦੂਜੇ ਸਥਾਨ ਉਤੇ ਦਰਜ ਕੀਤੀ ਹੈ। ਅੰਕੜਿਆਂ ਅਨੁਸਾਰ ਪਿਛਲੇ ਵਰ੍ਹੇ ਪੰਜਾਬ ਵਿਚ ਵਾਪਰੇ 6400 ਸੜਕ ਹਾਦਸਿਆਂ ਵਿਚ ਤਕਰੀਬਨ 4621 ਵਿਅਕਤੀ ਮੌਤ ਦੇ ਮੂੰਹ ਵਿਚ ਪਏ ਤੇ ਹਜ਼ਾਰਾਂ ਵਿਅਕਤੀ ਗੰਭੀਰ ਜਖਮੀ ਹੋਏ।

ਐਂਬੂਲੈਂਸ-108 ਦੇ ਅੰਕੜਿਆਂ ਅਨੁਸਾਰ ਸੂਬੇ ਵਿਚ 27 ਹਜ਼ਾਰ ਦੇ ਕਰੀਬ ਸੜਕ ਹਾਦਸੇ ਵਾਪਰੇ, ਪਰ ਪੰਜਾਬ ਪੁਲਿਸ ਵੱਲੋਂ ਇਨ੍ਹਾਂ ਵਿਚੋਂ 75 ਫੀਸਦੀ ਕੇਸ ਦਰਜ ਕਰਨ ਦੀ ਥਾਂ ਰਾਜੀਨਾਵੇਂ ਕਰਵਾ ਦਿੱਤੇ ਗਏ। ਭਾਰਤ ਸਰਕਾਰ ਦੀ ਰਿਪੋਰਟ ਅਨੁਸਾਰ ਦੇਸ਼ ਭਰ ਵਿਚ 50-60 ਫੀਸਦੀ ਮੌਤਾਂ ਤੇਜ਼ ਰਫਤਾਰ ਵਾਹਨਾਂ ਕਾਰਨ ਹੀ ਹੁੰਦੀਆਂ ਹਨ। ਇਕ ਅੰਦਾਜ਼ੇ ਅਨੁਸਾਰ ਪਿਛਲੇ ਵਰ੍ਹੇ ਪੰਜਾਬ ਵਿਚ ਸੜਕ ਹਾਦਸਿਆਂ ਵਿਚ ਹੋਈਆਂ ਕੁੱਲ 4,621 ਮੌਤਾਂ ਵਿਚੋਂ 2500 ਦੇ ਕਰੀਬ ਤੇਜ਼ ਰਫਤਾਰ ਨਾਲ




ਵਾਹਨ ਚਲਾਉਣ ਕਾਰਨ ਹੋਈਆਂ। ਕੌਮੀ ਸੜਕ ਸੁਰੱਖਿਆ ਕੌਂਸਲ (ਸੜਕ ਟਰਾਂਸਪੋਰਟ ਤੇ ਰਾਜ ਮਾਰਗ ਮੰਤਰਾਲਾ ਭਾਰਤ ਸਰਕਾਰ) ਦੇ ਮੈਂਬਰ ਤੇ ਰਾਹਤ (ਦਿ ਸੇਫ ਕਮਿਊਨਿਟੀ ਫਾਊਂਡੇਸ਼ਨ) ਦੇ ਚੇਅਰਮੈਨ ਡਾਕਟਰ ਕਮਲਜੀਤ ਸਿੰਘ ਸੋਈ ਨੇ ਪ੍ਰੈੱਸ ਕਾਨਫਰੰਸ ਦੌਰਾਨ ਕਿਹਾ ਕਿ ਜੇ ਪੰਜਾਬ ਸਰਕਾਰ ਸਾਲ 2012 ਵਿਚ ਲਏ ਫੈਸਲੇ ਤਹਿਤ ਕਮਰਸ਼ੀਅਲ ਵਾਹਨਾਂ ਵਿਚ ਸਪੀਡ ਗਵਰਨਰ ਫਿੱਟ ਕਰਵਾਉਣ ਵਿਚ ਕਾਮਯਾਬ ਹੋ ਜਾਂਦੀ ਤਾਂ ਸੜਕ ਹਾਦਸਿਆਂ ਵਿਚ ਮਾਰੇ ਗਏ ਵਿਅਕਤੀਆਂ ਵਿਚੋਂ ਘੱਟੋ-ਘੱਟ ਅੱਧੇ ਬਚਾਏ ਜਾ ਸਕਦੇ ਸਨ।

ਡਾਕਟਰ ਸੋਈ ਨੇ ਇਸ ਬਾਰੇ ਦਸਤਾਵੇਜ਼ ਮੁਹੱਈਆ ਕਰਵਾਉਂਦਿਆਂ ਦੱਸਿਆ ਕਿ ਸੁਪਰੀਮ ਕੋਰਟ ਨੇ ਸਾਲ 2002 ਵਿਚ ਸਮੂਹ ਰਾਜ ਸਰਕਾਰਾਂ ਨੂੰ ਕਮਰਸ਼ੀਅਲ ਵਾਹਨਾਂ 'ਤੇ ਵੱਧ ਤੋਂ ਵੱਧ 80 ਕਿਲੋਮੀਟਰ ਪ੍ਰਤੀ ਘੰਟਾ ਦੀ ਰਫਤਾਰ ਬੰਨ੍ਹਣ ਵਾਲੇ ਸਪੀਡ ਗਵਰਨਰ ਫਿੱਟ ਕਰਨ ਦੇ ਹੁਕਮ ਦਿੱਤੇ ਸਨ।

ਇਸ ਤਹਿਤ ਪੰਜਾਬ ਸਰਕਾਰ ਨੇ 2010 ਵਿਚ ਨੋਟੀਫਿਕੇਸ਼ਨ ਜਾਰੀ ਕੀਤਾ ਸੀ, ਪਰ ਪੰਜਾਬ ਦੀ ਟਰਾਂਸਪੋਰਟ ਲਾਬੀ ਨੇ ਸਰਕਾਰ ਨੂੰ ਇਸ ਮਾਮਲੇ ਸਬੰਧੀ ਖਾਮੋਸ਼ ਕਰ ਦਿੱਤਾ। ਇਥੋਂ ਤੱਕ ਕਿ ਪੰਜਾਬ ਰੋਡਵੇਜ਼ ਤੇ ਹੋਰ ਸਰਕਾਰੀ ਵਾਹਨਾਂ ਵਿਚ ਵੀ ਸਪੀਡ ਗਵਰਨਰ ਨਹੀਂ ਲਗਾਏ ਗਏ। ਉਨ੍ਹਾਂ ਦੱਸਿਆ ਕਿ ਪੰਜਾਬ ਵਿਚਲੇ ਕੁੱਲ 74 ਲੱਖ ਵਾਹਨਾਂ ਵਿਚੋਂ ਚਾਰ ਲੱਖ ਕਮਰਸ਼ੀਅਲ ਵਾਹਨ ਹਨ ਤੇ 5-6 ਹਜ਼ਾਰ ਰੁਪਏ ਦੀ ਕੀਮਤ ਦੇ ਸਪੀਡ ਗਵਰਨਰ ਵਾਹਨਾਂ ਵਿਚ ਨਾ ਲਾਉਣ ਕਾਰਨ ਰੋਜ਼ਾਨਾ 13 ਜਾਨਾਂ ਜਾਂਦੀਆਂ ਹਨ। ਉਨ੍ਹਾਂ ਦੋਸ਼ ਲਾਇਆ ਕਿ ਪੰਜਾਬ ਦੇ ਜ਼ਿਲ੍ਹਾ ਟਰਾਂਸਪੋਰਟ ਅਫਸਰ ਵੀ ਹਰ ਵਰ੍ਹੇ ਸੁਪਰੀਮ ਕੋਰਟ ਦੇ ਆਦੇਸ਼ਾਂ ਨੂੰ ਛਿੱਕੇ ਟੰਗ ਕੇ ਬਿਨਾਂ ਸਪੀਡ ਗਵਰਨਰ ਵਾਲੇ ਕਮਰਸ਼ੀਅਲ ਵਾਹਨ ਪਾਸ ਕਰਦੇ ਆ ਰਹੇ ਹਨ।

# ਅਮਰੀਕਾ ਵਿਚ ਤਲਾਕ ਦੀ ਦਰ ਘਟਾਉਣ ਲਈ ਅਨੋਖੀ ਪਹਿਲ

**ਸਿਆਟਲ:** ਅਮਰੀਕਾ ਦੇ ਸਿਆਟਲ ਸ਼ਹਿਰ ਵਿਚ ਤਲਾਕ ਦੀ ਦਰ ਵਿਚ ਕਮੀ ਲਿਆਉਣ ਲਈ ਇਕ ਕੰਪਨੀ ਨੇ ਅਨੋਖੀ ਪਹਿਲ ਕੀਤੀ ਹੈ। ਅਮਰੀਕਨ ਕੰਪਨੀ ਨੇ ਐਲਾਨ ਕੀਤਾ ਹੈ ਕਿ ਵਿਆਹ ਰਜਿਸਟਰ ਕਰਵਾਉਣ ਵਾਲਿਆਂ ਜੋੜਿਆਂ ਨੂੰ ਕੰਪਨੀ ਵੱਲੋਂ 10 ਹਜ਼ਾਰ ਡਾਲਰ ਦਿੱਤੇ ਜਾਣਗੇ।

ਇਹ ਰਕਮ ਕੰਪਨੀ ਵੱਲੋਂ ਸ਼ਰਤ ਦੇ ਆਧਾਰ ਉਤੇ ਦਿੱਤੀ ਜਾਵੇਗੀ। ਕੰਪਨੀ ਦੀ ਸ਼ਰਤ ਹੈ ਕਿ ਜੇਕਰ 25 ਸਾਲ ਤੋਂ ਪਹਿਲਾਂ ਵਿਆਹ ਜੋੜੇ ਵੱਲੋਂ ਤੋੜਿਆ ਜਾਂਦਾ ਹੈ ਤਾਂ ਪੂਰੀ ਰਕਮ ਵਿਆਜ ਸਮੇਤ ਵਾਪਸ ਲੈ ਲਈ ਜਾਵੇਗੀ। ਕੰਪਨੀ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਤਲਾਕ ਦੀ ਦਰ ਨੂੰ ਘੱਟ ਕਰਨ ਲਈ ਇਹ ਕਦਮ ਚੁੱਕਿਆ ਗਿਆ ਹੈ। ਕੰਪਨੀ ਅਨੁਸਾਰ ਆਮ ਤੌਰ ਉਤੇ ਅਮਰੀਕਾ ਵਿਚ ਵਿਆਹ ਉੱਤੇ 31 ਹਜ਼ਾਰ ਡਾਲਰ (20.57 ਲੱਖ ਰੁਪਏ) ਦਾ ਖਰਚਾ ਹੋ ਜਾਂਦਾ ਹੈ, ਪਰ ਅਕਸਰ ਤਲਾਕ ਦੇ ਕਾਰਨ ਜੋੜਿਆਂ ਦੀ ਜ਼ਿੰਦਗੀ ਬਰਬਾਦ ਹੋ ਜਾਂਦੀ ਹੈ। ਇਸ ਕਰ ਕੇ ਲੋਕਾਂ ਦੀ ਜ਼ਿੰਦਗੀ ਨੂੰ ਖੁਸ਼ਹਾਲ ਬਣਾਉਣ ਲਈ ਕੰਪਨੀ ਨੇ ਇਸ ਯੋਜਨਾ ਨੂੰ ਸ਼ੁਰੂ ਕੀਤਾ ਹੈ। ਕੰਪਨੀ ਅਨੁਸਾਰ 25 ਸਾਲ ਤੋਂ ਬਾਅਦ ਜੋੜਿਆ ਵਿਚ ਤਲਾਕ ਦੀ ਸੰਭਾਵਨਾ ਬਹੁਤ ਘਟ ਰਹਿ ਜਾਂਦੀ ਹੈ।

# ਹਾਕਮਾਂ ਦੀਆਂ 'ਆਦਮਖੋਰ' ਬੱਸਾਂ ਨੂੰ ਕਦੋਂ ਲੱਗਣਗੀਆਂ ਬਰੇਕਾਂ?

**ਚੰਡੀਗੜ੍ਹ:** ਪੰਜਾਬ ਦੀਆਂ ਸੜਕਾਂ ਉਤੇ ਸਿਆਸੀ ਲੀਡਰਾਂ ਦੀਆਂ ਬੇਲਗਾਮ ਦੌੜਦੀਆਂ ਬੱਸਾਂ ਨੂੰ ਕਦੋਂ ਬਰੇਕ ਲੱਗੇਗੀ, ਹਰ ਹਾਦਸੇ ਤੋਂ ਬਾਅਦ ਇਹ ਸਾਵਲ ਉੱਠਦਾ ਹੈ ਪਰ ਅਦਾਲਤੀ ਦਾਬਿਆਂ ਦੇ ਬਾਵਜੂਦ ਸਭ ਕੁਝ ਉਵੇਂ ਹੀ ਚੱਲ ਰਿਹਾ ਹੈ। ਹਫਤੇ ਦੇ ਅੰਦਰ-ਅੰਦਰ ਬਾਦਲ ਪਰਿਵਾਰ ਦੇ ਕਰੀਬੀ ਤੇ ਸੀਨੀਅਰ ਅਕਾਲੀ ਲੀਡਰ ਡਿੰਪੀ ਢਿੱਲੋਂ ਦੀ ਨਿਊ ਦੀਪ ਬੱਸ ਸਰਵਿਸ ਕੰਪਨੀ ਦੀਆਂ ਬੱਸਾਂ ਨੇ ਦੋ ਬਾਲੜੀਆਂ ਦੀ ਜਾਨ ਲੈ ਲਈ। ਇਸ ਤੋਂ ਪਹਿਲਾਂ ਬਾਦਲ ਪਰਿਵਾਰ ਦੀਆਂ ਬੱਸਾਂ ਵੀ ਵਿਵਾਦ ਵਿੱਚ ਰਹੀਆਂ ਹਨ।

ਪੰਜਾਬ ਵਿਚ ਟਰਾਂਸਪੋਰਟ ਦੇ ਕਾਰੋਬਾਰ ਉਤੇ ਜ਼ਿਆਦਾਤਰ ਸਿਆਸੀ ਲੀਡਰ ਜਾਂ ਫਿਰ ਉਨ੍ਹਾਂ ਦੇ ਚਹੇਤੇ ਹੀ ਕਾਬਜ਼ ਹਨ। ਇਹੀ ਕਾਰਨ ਹੈ ਕਿ ਸਰਕਾਰੀ ਬੱਸਾਂ ਲਗਾਤਾਰ ਘਾਟੇ ਦਾ ਸ਼ਿਕਾਰ ਹੋ ਰਹੀਆਂ ਹਨ ਤੇ ਪ੍ਰਾਈਵੇਟ ਵਾਲਿਆਂ ਦੀ ਚਾਂਦੀ ਹੈ। ਪਿਛਲੇ ਸਮੇਂ ਵਿਚ ਇਹ ਵੀ ਖੁਲਾਸੇ ਹੋਏ ਹਨ ਕਿ ਇਕ-ਇਕ ਪਰਮਿਟ ਉਤੇ ਕਈ-ਕਈ ਬੱਸਾਂ ਚੱਲ ਰਹੀਆਂ ਹਨ। ਇਨ੍ਹਾਂ ਬੱਸਾਂ ਲਈ ਕੋਈ ਨਿਯਮ ਨਹੀਂ। ਪੁਲਿਸ ਵੀ ਇਨ੍ਹਾਂ ਨੂੰ ਹੱਥ ਪਾਉਣ ਤੋਂ ਡਰਦੀ ਹੈ। ਇਹ ਵੀ ਖੁਲਾਸਾ ਹੋਇਆ ਹੈ ਕਿ ਬੱਸਾਂ ਦੇ ਡਰਾਈਵਰ ਵੀ ਅਨਟਰੇਂਡ ਹੁੰਦੇ ਹਨ। ਇਸੇ ਸਾਲ ਅਪਰੈਲ ਮਹੀਨੇ ਦੇ ਆਖਰੀ ਦਿਨ ਮੋਗਾ-ਕੋਟਕਪੂਰਾ ਸੜਕ ਉਤੇ ਬਾਦਲ ਪਰਿਵਾਰ ਦੀ ਮਾਲਕੀ ਵਾਲੀ ਬੱਸ ਦੇ ਅਮਲੇ ਦੇ ਦੁਰਵਿਹਾਰ ਕਾਰਨ ਇਕ ਲੜਕੀ ਦੀ ਹੋਈ ਮੌਤ ਤੋਂ ਲੈ ਕੇ ਹੁਣ ਤੱਕ ਅੱਠ ਮਹੀਨਿਆਂ ਦੌਰਾਨ ਰਸੂਖਵਾਨਾਂ ਦੀਆਂ ਬੱਸਾਂ ਤਕਰੀਬਨ ਅੱਧੀ ਦਰਜਨ ਘਰਾਂ ਦੇ ਚਿਰਾਗ ਬੁਝਾਉਣ ਦਾ ਸਬੱਬ ਬਣ ਚੁੱਕੀਆਂ ਹਨ।

## ਅਦਾਲਤੀ ਹਦਾਇਤਾਂ ਦੇ ਬਾਵਜੂਦ ਧੱਕੇਸ਼ਾਹੀ ਜਾਰੀ




ਮੋਗਾ ਕਾਂਡ ਤੋਂ ਬਾਅਦ ਪੰਜਾਬ ਭਰ ਵਿਚ ਫੈਲੀ ਗੁੱਸੇ ਤੇ ਰੋਸ ਦੀ ਲਹਿਰ ਦੇ ਸਿੱਟੇ ਵਜੋਂ ਬਾਦਲ ਪਰਿਵਾਰ ਨੇ ਆਪਣੀਆਂ ਬੱਸਾਂ ਦੇ ਅਮਲੇ ਨੂੰ ਸਲੀਕਾ ਸਿਖਾਉਣ ਦੇ ਨਾਲ-ਨਾਲ ਸੜਕ ਸੜਕ ਸੁਰੱਖਿਆ ਨਿਯਮਾਂ ਦੀ ਬਾਕਾਇਦਾ ਟਰੇਨਿੰਗ ਦੇਣ ਦੇ ਦਾਅਵੇ ਕੀਤੇ ਸਨ ਪਰ ਇਨ੍ਹਾਂ ਬੱਸਾਂ ਵਿਚ ਸਫਰ ਕਰਦੇ ਲੋਕਾਂ ਅਨੁਸਾਰ ਚਾਲਕਾਂ ਤੇ ਅਮਲੇ ਦੇ ਵਰਤਾਓ ਵਿਚ ਕੋਈ ਬਹੁਤਾ ਫਰਕ ਪਿਆ ਨਹੀਂ ਦਿੱਸ ਰਿਹਾ।

ਮੋਗਾ ਕਾਂਡ ਤੋਂ ਬਾਅਦ ਜਿਥੇ ਰਸੂਖ਼ਵਾਨਾਂ ਦੀਆਂ ਬੱਸਾਂ ਦੇ ਹਾਦਸਿਆਂ ਦੀ ਦਰ ਘਟਣ ਦੀ ਬਜਾਏ ਵਧਦੀ ਜਾ ਰਹੀ ਹੈ, ਉਥੇ ਉਨ੍ਹਾਂ ਵੱਲੋਂ ਪੀੜਤਾਂ ਪ੍ਰਤੀ ਵਿਖਾਈ ਜਾ ਰਹੀ ਗ਼ੈਰ ਸੰਵੇਦਨਸ਼ੀਲਤਾ ਵੀ ਬਰਕਰਾਰ ਹੈ। ਲਾਪਰਵਾਹੀ ਤੇ ਅਣਗਹਿਲੀ ਸਪਸ਼ਟ ਹੋਣ ਦੇ ਬਾਵਜੂਦ ਦੋਸ਼ੀਆਂ ਨੂੰ ਗ੍ਰਿਫਤਾਰ ਕਰਨਾ ਤਾਂ ਪਾਸੇ ਰਿਹਾ, ਉਨ੍ਹਾਂ ਵਿਰੁੱਧ ਕੇਸ ਵੀ ਉਦੋਂ ਤੱਕ ਦਰਜ ਨਹੀਂ ਕੀਤੇ ਜਾਂਦੇ ਜਦੋਂ ਤੱਕ ਲੋਕ ਲਾਸ਼ ਸੜਕ 'ਤੇ ਰੱਖ ਕੇ ਧਰਨਾ ਨਹੀਂ ਦਿੰਦੇ। ਪੰਜਾਬ ਵਿਚ ਸੜਕ ਹਾਦਸਿਆਂ ਬਾਰੇ ਅੰਕੜੇ ਚੌਂਕਾ ਦੇਣ ਵਾਲੇ ਹਨ। ਸੜਕ ਹਾਦਸਿਆਂ ਕਾਰਨ ਹਰੇਕ ਦੋ ਘੰਟਿਆਂ ਬਾਅਦ ਇਕ ਵਿਅਕਤੀ ਦੀ ਜਾਨ ਜਾਂਦੀ ਹੈ। ਪੰਜਾਬ ਦੀਆਂ ਸੜਕਾਂ ਉਤੇ ਹਰੇਕ ਤਿੰਨ ਘੰਟਿਆਂ ਬਾਅਦ ਦੋ ਸੜਕ ਹਾਦਸੇ ਵਾਪਰਦੇ ਹਨ। ਪੰਜਾਬ ਪੁਲਿਸ ਦੇ ਅੰਕੜਿਆਂ ਮੁਤਾਬਕ ਪਿਛਲੇ ਵਰ੍ਹੇ ਵਾਪਰੇ 5431 ਸੜਕ ਹਾਦਸਿਆਂ ਵਿਚ 4312 ਵਿਅਕਤੀਆਂ ਦੀ ਮੌਤ ਹੋਈ ਤੇ 3431 ਵਿਅਕਤੀ ਜ਼ਖ਼ਮੀ ਹੋਏ।

## ਸਰਕਾਰ ਬਣਨ ਤੇ ਬੰਦ ਕਰਾਂਗੇ ਨਾਜਾਇਜ਼ ਬੱਸਾਂ: ਕੈਪਟਨ

**ਚੰਡੀਗੜ੍ਹ:** ਪੰਜਾਬ ਕਾਂਗਰਸ ਕਮੇਟੀ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਐਲਾਨ ਕੀਤਾ ਹੈ ਕਿ ਉਨ੍ਹਾਂ ਦੀ ਸਰਕਾਰ ਬਣਨ ਉਤੇ ਬਾਦਲਾਂ ਸਣੇ ਹੋਰ ਸਿਆਸੀ ਲੀਡਰਾਂ ਦੀਆਂ ਨਾਜਾਇਜ਼ ਬੱਸਾਂ ਬੰਦ ਕੀਤੀਆਂ ਜਾਣਗੀਆਂ। ਇਨ੍ਹਾਂ ਬੱਸਾਂ ਦੇ ਡਰਾਈਵਰਾਂ ਦੇ ਵੀ ਸਖਤ ਟੈਸਟ ਲਏ ਜਾਣੇ ਚਾਹੀਦੇ ਹਨ ਤੇ ਇਸ ਤੋਂ ਬਾਅਦ ਹੀ ਇਨ੍ਹਾਂ ਨੂੰ ਬੱਸਾਂ ਚਲਾਉਣ ਦੀ ਆਗਿਆ ਦੇਣੀ ਚਾਹੀਦੀ ਹੈ। ਉਨ੍ਹਾਂ ਇਲਜ਼ਾਮ ਲਾਇਆ ਹੈ ਕਿ ਬਾਦਲਾਂ ਸਣੇ ਹੋਰ ਅਕਾਲੀ ਆਗੂਆਂ ਦੀਆਂ ਬੱਸਾਂ ਦੇ ਡਰਾਈਵਰ ਆਪਣੇ ਆਪ ਨੂੰ ਕਾਨੂੰਨ ਤੋਂ ਉਪਰ ਸਮਝਦੇ ਹਨ। ਕੋਈ ਵੀ ਇਨ੍ਹਾਂ ਦੇ ਕਾਗਜ਼ ਚੈੱਕ ਕਰਨ ਦੀ ਹਿੰਮਤ ਨਹੀਂ ਰੱਖਦਾ।

## ਬਾਦਲਾਂ ਦੀ ਹਰ ਬੱਸ ਦਾ ਡਰਾਈਵਰ ਸੀ.ਐਮ: ਜਾਖੜ

**ਚੰਡੀਗੜ੍ਹ:** ਪੰਜਾਬ ਵਿਚ ਬਾਦਲ ਪਰਿਵਾਰ ਤੇ ਉਨ੍ਹਾਂ ਦੇ ਕਰੀਬੀਆਂ ਦੀਆਂ ਬੱਸਾਂ ਦੇ ਡਰਾਈਵਰ ਵੀ ਖੁਦ ਨੂੰ ਸੀ.ਐਮ. ਸਮਝਦੇ ਹਨ, ਤੇ ਸੱਤਾ ਦੇ ਨਸ਼ੇ ਵਿਚ ਲੋਕਾਂ ਨੂੰ ਬੱਸਾਂ ਥੱਲੇ ਕੁਚਲ ਰਹੇ ਹਨ। ਇਹ ਇਲਜ਼ਾਮ ਕਾਂਗਰਸ ਵਿਧਾਇਕ ਤੇ ਸਾਬਕਾ ਵਿਰੋਧੀ ਧਿਰ ਲੀਡਰ ਸੁਨੀਲ ਜਾਖੜ ਨੇ ਬਾਦਲ ਪਰਿਵਾਰ ਉਤੇ ਲਗਾਏ ਹਨ। ਜਾਖੜ ਨੇ ਕਿਹਾ ਕਿ ਸੱਤਾ ਦੇ ਨਸ਼ੇ ਵਿਚ ਇਹ ਵੱਡੇ ਲੋਕ ਗਰੀਬ ਵਿਅਕਤੀ ਦੀ ਜ਼ਿੰਦਗੀ ਦੀ ਅਹਿਮੀਅਤ ਨਹੀਂ ਸਮਝਦੇ।

# ਫਿਰਕੂਵਾਦ ਖਿਲਾਫ ਵ੍ਹਾਈਟ ਹਾਊਸ ਦੀ ਪਹਿਲਕਦਮੀ

**ਵਾਸ਼ਿੰਗਟਨ:** ਅਮਰੀਕਾ ਵਿਚ ਫੈਲ ਰਹੀ ਫਿਰਕੂ ਨਫਰਤ ਨੂੰ ਠੱਲ੍ਹ ਪਾਉਣ ਲਈ ਵਾਈਟ ਹਾਊਸ ਵੱਲੋਂ ਕੀਤੀ ਪਹਿਲਕਦਮੀ ਦੌਰਾਨ ਹਿੰਦੂ, ਮੁਸਲਿਮ ਤੇ ਸਿੱਖ ਭਾਈਚਾਰਿਆਂ ਦੇ ਆਗੂਆਂ ਸਮੇਤ ਸਾਰੇ ਧਰਮਾਂ ਦੇ ਨਾਲ ਸਬੰਧਤ ਜਥੇਬੰਦੀਆਂ ਨੇ ਅਮਰੀਕਾ ਵਿਚ ਬਹੁਲਵਾਦ ਨੂੰ ਬਚਾਉਣ ਲਈ ਮੀਟਿੰਗ ਵਿਚ ਹਿੱਸਾ ਲਿਆ। ਇਹ ਮੀਟਿੰਗ ਕੈਲੇਫੋਰਨੀਆ ਵਿਚ ਅਤਿਵਾਦੀ ਹਮਲੇ ਜਿਸ ਵਿਚ 14 ਨਾਗਰਿਕ ਮਾਰੇ ਗਏ ਸਨ, ਤੋਂ ਬਾਅਦ ਬੁਲਾਈ ਗਈ ਹੈ।

ਅਮਰੀਕੀ ਨਿਆਂ ਵਿਭਾਗ ਅਧੀਨ ਮਨੁੱਖੀ ਅਧਿਕਾਰ ਡਿਵੀਜ਼ਨ ਦੀ ਮੁਖੀ ਵਨੀਤਾ ਗੁਪਤਾ ਨੇ ਵੱਖ-ਵੱਖ ਧਰਮਾਂ ਦੇ ਆਗੂਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਇਕ ਸਭਿਅਕ ਸਮਾਜ ਵਿਚ ਨਸਲ ਅਧਾਰਤ ਹਿੰਸਾ ਤੇ ਵਿਤਕਰੇਬਾਜ਼ੀ ਨੂੰ ਕੋਈ ਥਾਂ ਨਹੀਂ ਹੈ। ਇਹ ਸਾਡੇ ਸੰਘੀ ਮਨੁੱਖੀ ਹੱਕਾਂ ਦੀ ਵੀ ਉਲੰਘਣਾ ਹੈ। ਉਨ੍ਹਾਂ ਕਿਹਾ ਕਿ ਇਹ ਦੇਖਣ ਵਿਚ ਆਇਆ ਹੈ ਕਿ 9/11 ਦੇ ਹਮਲੇ ਤੇ ਹੁਣ ਕੈਲੇਫੋਰਨੀਆ ਤੇ ਪੈਰਿਸ ਵਿਚ ਹੋਏ ਤਾਜ਼ਾ ਹਮਲਿਆਂ ਤੋਂ ਬਾਅਦ ਅਮਰੀਕੀ ਮੁਸਲਮਾਨਾਂ ਤੇ ਹੋਰ ਘੱਟ ਗਿਣਤੀਆਂ ਉੱਤੇ ਹਮਲੇ ਵਧੇ ਹਨ।

ਉਨ੍ਹਾਂ ਕਿਹਾ ਕਿ ਅਮਰੀਕਾ ਵਿਚ ਮੁਸਲਿਮ ਮਾਪਿਆਂ ਦੀ ਉਨ੍ਹਾਂ ਦੇ ਬੱਚਿਆਂ ਨਾਲ ਸਕੂਲਾਂ ਵਿਚ ਹੁੰਦੇ ਵਰਤਾਅ ਨੂੰ ਲੈ ਕੇ ਚਿੰਤਾ ਵਧ ਗਈ ਹੈ। ਉਹ ਆਪਣੇ ਬੱਚਿਆਂ ਨੂੰ ਲੈ ਕੇ ਫਿਕਰਮੰਦ ਹਨ। ਇਸ ਮੌਕੇ ਅਮਰੀਕੀ ਹਿੰਦੂ ਭਾਈਚਾਰੇ ਵਿਚੋਂ ਸਿਰਫ ਹਿੰਦੂ ਅਮਰੀਕਨ ਸੇਵਾ ਕਮਿਊਨਟੀਜ਼ ਨੂੰ ਬੁਲਾਇਆ ਸੀ ਤੇ ਸਿੱਖਾਂ ਵਿਚੋਂ ਦੋ ਜਥੇਬੰਦੀਆਂ, 'ਨੈਸ਼ਨਲ ਸਿੱਖ ਕੰਪੇਨ' ਤੇ 'ਦਿ ਸਿੱਖ ਕੁਲੀਸ਼ਨ' ਨੂੰ ਸੱਦਾ ਦਿੱਤਾ ਸੀ।

## ਅਮਰੀਕਾ 'ਚ ਭਾਰਤੀ ਪਾੜ੍ਹਿਆਂ ਦੀ ਬੱਲੇ-ਬੱਲੇ

**ਵਾਸ਼ਿੰਗਟਨ:** ਅਮਰੀਕਾ ਦੇ ਕਾਲਜਾਂ ਤੇ ਯੂਨੀਵਰਸਿਟੀਆਂ ਵਿਚ ਭਾਰਤੀ ਵਿਦਿਆਰਥੀਆਂ ਦੀ ਗਿਣਤੀ ਲਗਾਤਾਰ ਵਧਦੀ ਜਾ ਰਹੀ ਹੈ। ਤਾਜ਼ਾ ਅੰਕੜਿਆਂ ਅਨੁਸਾਰ ਭਾਰਤੀ ਵਿਦਿਆਰਥੀਆਂ ਦੀ ਗਿਣਤੀ ਵਿਚ ਇਸ ਸਾਲ ਜੁਲਾਈ ਤੋਂ ਬਾਅਦ 20 ਫੀਸਦੀ ਦਾ ਵਾਧਾ ਹੋਇਆ ਹੈ। ਅਮਰੀਕਾ ਵਿਚ ਇਸ ਸਮੇਂ ਇਕ ਲੱਖ ਤੋਂ ਜ਼ਿਆਦਾ ਭਾਰਤੀ ਵਿਦਿਆਰਥੀ ਪੜ੍ਹ ਰਹੇ ਹਨ। ਅਮਰੀਕਾ ਦੇ



ਸਿੱਖਿਆ ਵਿਭਾਗ ਵੱਲੋਂ ਜਾਰੀ ਅੰਕੜਿਆਂ ਅਨੁਸਾਰ ਇਸ ਸਮੇਂ ਦੇਸ਼ ਵਿਚ 12 ਲੱਖ ਅੰਤਰਰਾਸ਼ਟਰੀ ਵਿਦਿਆਰਥੀ ਪੜ੍ਹਾਈ ਕਰ ਰਹੇ ਹਨ। ਕੌਮਾਂਤਰੀ ਵਿਦਿਆਰਥੀਆਂ ਦੀ ਗਿਣਤੀ ਦੇ ਮਾਮਲੇ ਵਿਚ ਚੀਨ ਦਾ ਪਹਿਲਾਂ ਸਥਾਨ ਹੈ ਜਦੋਂਕਿ ਦੂਜਾ ਨੰਬਰ ਭਾਰਤ ਦਾ ਹੈ। ਚੀਨ ਦੇ ਵਿਦਿਆਰਥੀਆਂ ਦੀ ਗਿਣਤੀ 3,60,091 ਹੈ। ਹਾਲਾਂਕਿ ਇਸ ਗਿਣਤੀ ਵਿਚ ਜੁਲਾਈ 2015 ਦੇ ਅੰਕੜਿਆਂ ਦੀ ਤੁਲਨਾ ਵਿਚ ਪੰਜ ਫੀਸਦੀ ਤੋਂ ਕੁਝ ਘੱਟ ਦਾ ਇਜ਼ਾਫਾ ਹੋਇਆ ਹੈ। ਸਟੂਡੈਂਟ ਐਂਡ ਐਕਸਚੇਂਜ ਵਿਜ਼ਟਰ ਪ੍ਰੋਗਰਾਮ ਦੀ ਰਿਪੋਰਟ ਅਨੁਸਾਰ ਅਮਰੀਕਾ ਵਿਚ ਅੰਤਰਰਾਸ਼ਟਰੀ ਵਿਦਿਆਰਥੀ ਦੀ ਕੁੱਲ ਗਿਣਤੀ ਦਾ 77 ਫੀਸਦੀ ਏਸ਼ੀਆ ਤੋਂ ਹੈ।

# ਸਰਕਾਰ ਨੂੰ ਕਿਸਾਨਾਂ ਦੀ ਲਲਕਾਰ



**ਅੰਮ੍ਰਿਤਸਰ:** ਕਿਸਾਨ ਤੇ ਮਜ਼ਦੂਰ ਜਥੇਬੰਦੀਆਂ ਵੱਲੋਂ ਪੰਜਾਬ ਸਰਕਾਰ ਖਿਲਾਫ ਪੱਕਾ ਮੋਰਚਾ ਲਾਉਣ ਦੀ ਰਣਨੀਤੀ ਘੜੀ ਜਾ ਰਹੀ ਹੈ। ਜਥੇਬੰਦੀਆਂ ਵੱਲੋਂ ਲਲਕਾਰ ਰੈਲੀ ਵਿਚ ਐਲਾਨ ਕੀਤਾ ਗਿਆ ਹੈ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਪਿੰਡ ਵਿਚ ਛੇ ਤੋਂ ਅੱਠ ਜਨਵਰੀ ਤੱਕ ਪੱਕਾ ਮੋਰਚਾ ਲਾਇਆ ਜਾਵੇਗਾ।

ਕਿਸਾਨ ਆਗੂਆਂ ਨੇ ਕਿਹਾ ਕਿ ਬਾਦਲ ਨੇ ਮੰਗਾਂ ਨੂੰ ਦਰਕਿਨਾਰ ਕਰ ਕੇ ਕਿਸਾਨਾਂ ਨਾਲ ਬਹੁਤ ਵੱਡਾ ਧੋਖਾ ਕੀਤਾ ਹੈ। ਪੰਜਾਬ ਦੇ ਕਿਸਾਨਾਂ ਦਾ ਪੰਜਾਬ ਦੀ ਤਰੱਕੀ ਵਿਚ ਬਹੁਤ ਵੱਡਾ ਰੋਲ ਹੈ ਪਰ ਬਾਦਲ ਸਰਕਾਰ ਨੇ ਇਨ੍ਹਾਂ ਨੂੰ ਹਮੇਸ਼ਾ ਅੱਖੋਂ ਪਰੋਖੇ ਕੀਤਾ ਹੈ। ਕਿਸਾਨਾਂ ਦਾ ਕਹਿਣਾ ਹੈ ਕਿ ਉਹ ਇਸ ਵਾਰ ਚੋਣਾਂ ਦੌਰਾਨ ਵੀ ਬਾਦਲ ਸਰਕਾਰ ਖਿਲਾਫ ਖੁੱਲ੍ਹ ਕੇ ਪ੍ਰਚਾਰ ਕਰਨਗੇ।

ਇਸ ਰੈਲੀ ਵਿਚ ਵੱਡੀ ਗਿਣਤੀ ਵਿਚ ਕਿਸਾਨਾਂ ਤੇ ਮਜ਼ਦੂਰਾਂ ਨੇ ਹਿੱਸਾ ਲਿਆ ਤੇ ਪੰਜਾਬ ਸਰਕਾਰ ਖਿਲਾਫ ਜੰਮ ਕੇ ਨਾਅਰੇਬਾਜ਼ੀ ਕੀਤੀ ਗਈ। ਆਗੂਆਂ ਨੇ ਕਿਹਾ ਕਿ ਬਾਦਲ ਇਸ ਗੱਲ ਤੋਂ ਜਾਣੂ ਹਨ ਕਿ ਕਿਸਾਨਾਂ ਵਿਚ ਸਰਕਾਰ ਪ੍ਰਤੀ ਬਹੁਤ ਗੁੱਸਾ ਹੈ ਤੇ ਕਿਸਾਨ ਸਰਕਾਰ ਖਿਲਾਫ ਅੰਦੋਲਨ ਤੇਜ਼ ਕਰ ਸਕਦੇ ਹਨ, ਇਸੇ ਕਰ ਕੇ ਹੀ ਬਾਦਲ ਵੱਲੋਂ ਕਿਸਾਨ ਜਥੇਬੰਦੀਆਂ ਨਾਲ ਮੀਟਿੰਗ ਵੀ ਕੀਤੀ ਗਈ ਪਰ ਕਿਸਾਨਾਂ ਦੀਆਂ ਮੁੱਖ ਮੰਗਾਂ ਹਾਲੇ ਵੀ ਨਹੀਂ ਮੰਨੀਆਂ ਗਈਆਂ।

# ਪਾਕਿਸਤਾਨ ਦੀ ਸਾਬਕਾ ਵਿਦੇਸ਼ ਮੰਤਰੀ ਦਾ ਵੱਡਾ ਖੁਲਾਸਾ

**ਇਸਲਾਮਾਬਾਦ:** ਪਾਕਿਸਤਾਨ ਦੀ ਸਾਬਕਾ ਵਿਦੇਸ਼ ਮੰਤਰੀ ਹਿਨਾ ਰੂਬਾਨੀ ਖਾਰ ਨੇ ਮੰਨਿਆ ਹੈ ਕਿ ਪਾਕਿਸਤਾਨ ਦੀ ਰਾਜਨੀਤੀ ਵਿਚ ਸੈਨਾ ਦਾ ਸਿੱਧਾ ਪ੍ਰਭਾਵ ਹੈ। ਹਿਨਾ ਨੇ ਆਖਿਆ ਹੈ ਕਿ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਨੂੰ ਦੂਜੇ ਦੇਸ਼ਾਂ ਦੇ ਮੁਕਾਬਲੇ ਕੰਮ ਕਰਨ ਦੀ ਆਜ਼ਾਦੀ ਬਹੁਤ ਘੱਟ ਹੈ।

ਪਾਕਿਸਤਾਨ ਦੇ ਇਕ ਟੀ.ਵੀ. ਚੈਨਲ ਨੂੰ ਦਿੱਤੀ ਇੰਟਰਵਿਊ ਵਿਚ ਹਿਨਾ ਨੇ ਆਖਿਆ ਹੈ ਕਿ ਦੇਸ਼ ਵਿਚ ਸੈਨਾ ਬਹੁਤ ਜ਼ਿਆਦਾ ਤਾਕਤਵਰ ਹੈ। ਪਾਕਿਸਤਾਨ ਸੈਨਾ ਦਾ ਦੇਸ਼ ਦੀ ਰਾਜਨੀਤੀ ਉਤੇ ਸਿੱਧਾ ਅਸਰ ਹੈ। ਯਾਦ ਰਹੇ ਕਿ ਜਿਸ ਵਕਤ ਓਸਾਮਾ ਬਿਨ ਲਾਦੇਨ ਨੂੰ ਅਮਰੀਕੀ ਸੈਨਾ ਨੇ ਪਾਕਿਸਤਾਨ ਵਿਚ ਮਾਰਿਆ ਸੀ, ਉਸ ਸਮੇਂ ਹਿਨਾ ਹੀ ਦੇਸ਼ ਦੀ ਵਿਦੇਸ਼ ਮੰਤਰੀ ਸਨ। ਪਾਕਿਸਤਾਨ ਦੇ 67 ਸਾਲ ਦੇ ਇਤਿਹਾਸ ਵਿਚ ਸੈਨਾ ਨੇ ਚਾਰ ਵਾਰ ਤਖ਼ਤਾ ਪਲਟ ਕੀਤਾ ਹੈ।

# ਅਬੋਹਰ ਕਾਂਡ ਦੀ ਦਿਲ ਕੰਬਾਉਣ ਵਾਲੀ ਹੱਡਬੀਤੀ...

**ਅੰਮ੍ਰਿਤਸਰ:** ਗੁਰਜੰਟ ਤੇ ਉਸ ਦੇ ਸਾਥੀ ਭੀਮ ਟਾਂਕ ਦੇ 11 ਦਸੰਬਰ ਨੂੰ ਅਕਾਲੀ ਆਗੂ ਦੇ ਫਾਰਮ ਹਾਊਸ 'ਤੇ ਹੱਥ-ਪੈਰ ਵੱਢ ਦਿੱਤੇ ਗਏ ਸਨ। ਇਸ ਦੌਰਾਨ ਭੀਮ ਦੀ ਮੌਤ ਹੋ ਗਈ ਸੀ, ਜਦਕਿ ਗੁਰਜੰਟ ਅਜੇ ਵੀ ਅੰਮ੍ਰਿਤਸਰ ਦੇ ਹਸਪਤਾਲ ਵਿਚ ਇਲਾਜ ਅਧੀਨ ਹੈ। ਪੀੜਤ ਮੁਤਾਬਕ ਹਮਲਾਵਰਾਂ ਨੇ ਤੇਜ਼ਧਾਰ ਤਲਵਾਰਾਂ ਨਾਲ ਉਨ੍ਹਾਂ ਦੇ ਹੱਥ ਪੈਰ ਵੱਡੇ। ਗੁਰਜੰਟ ਮੁਤਾਬਕ ਉਸ ਦਿਨ ਭੀਮ ਟਾਂਕ ਨੇ ਉਸ ਨੂੰ ਆਪਣੇ ਨਾਲ ਅਕਾਲੀ ਆਗੂ ਸ਼ਿਵ ਲਾਲ ਡੋਡਾ ਦੇ ਫਾਰਮ ਹਾਊਸ ਉਤੇ ਜਾਣ ਲਈ ਕਿਹਾ ਸੀ।

ਭੀਮ ਨੇ ਉਸ ਨੂੰ ਕਿਹਾ ਕਿ ਅਮਿਤ ਜੀ (ਸ਼ਿਵ ਲਾਲ ਡੋਡਾ ਦਾ ਭਤੀਜਾ) ਦਾ ਫੋਨ ਆ ਰਿਹਾ ਹੈ, ਪੁਰਾਣੇ ਮਾਲਕ ਹਨ ਤੇ ਉਨ੍ਹਾਂ ਕੋਲ ਜਾਣਾ ਹੈ। ਜਦ ਉਹ ਫਾਰਮ ਹਾਊਸ ਉਤੇ ਗਏ ਤਾਂ ਪਹਿਲਾਂ ਤੋਂ ਉਥੇ ਮੌਜੂਦ ਹਮਲਾਵਰਾਂ ਨੇ ਫਾਰਮ ਹਾਊਸ ਦਾ ਗੇਟ ਬੰਦ ਕਰ ਦਿੱਤਾ। ਅਮਿਤ ਦਾ ਕੰਮ ਸੰਭਾਲਣ ਵਾਲੇ ਹੈਰੀ ਨੇ ਉਥੇ ਮੌਜੂਦ ਦੂਸਰੇ ਲੋਕਾਂ ਨੂੰ ਕਿਹਾ ਇਨ੍ਹਾਂ ਦੇ ਹੱਥ-ਪੈਰ ਵੱਢ ਦਿਓ। ਉਥੇ ਖੜ੍ਹੇ ਤਕਰੀਬਨ 25 ਲੋਕਾਂ ਨੇ ਉਨ੍ਹਾਂ ਨੂੰ ਫੜ ਲਿਆ ਤੇ ਤਲਵਾਰਾਂ ਨਾਲ ਹਮਲਾ ਕਰ ਦਿੱਤਾ। ਗੁਰਜੰਟ ਮੁਤਾਬਕ ਹਮਲਾਵਰਾਂ ਨੇ ਮੇਰੇ ਸਾਹਮਣੇ ਭੀਮ ਦੇ ਹੱਥ-ਪੈਰ ਵੱਢ ਦਿੱਤੇ ਤੇ ਉਸ ਉਤੇ ਵੀ ਲਗਾਤਾਰ ਤਲਵਾਰਾਂ ਨਾਲ ਹਮਲਾ ਕਰ ਰਹੇ।



ਸਰੀਰ ਦੇ ਜਿਹੜੇ ਹਿੱਸੇ ਉਤੇ ਤੇਜ਼ਧਾਰ ਹਥਿਆਰ ਦਾ ਵਾਰ ਹੁੰਦਾ ਗਿਆ, ਉਹ ਹਿੱਸਾ ਸਰੀਰ ਤੋਂ ਵੱਖ ਹੋ ਗਿਆ। ਜਿਸ ਵੇਲੇ ਇਹ ਵੱਡ-ਟੁਕ ਚੱਲ ਰਹੀ ਸੀ, ਉਸ ਵੇਲੇ ਸਿਰਫ ਰੱਬ ਨੂੰ ਯਾਦ ਕਰ ਰਿਹਾ ਸੀ ਤੇ ਆਪਣੇ ਬੱਚਿਆਂ ਬਾਰੇ ਸੋਚ ਰਿਹਾ ਸੀ। ਇਸ ਦੌਰਾਨ ਅਚਾਨਕ ਗੁਰਜੰਟ ਦਾ ਭਰਾ ਰਣਜੀਤ ਸਿੰਘ ਰਾਣਾ ਅਮਿਤ ਡੋਡਾ ਦੇ ਫਾਰਮ ਹਾਊਸ 'ਤੇ ਪਹੁੰਚਿਆ। ਰਾਣੇ ਨੇ ਜਦ ਅੰਦਰ ਦੇ ਹਾਲਾਤ ਦੇਖੇ ਤਾਂ ਉਸ ਨੇ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ। ਸਾਰੇ ਮੁਲਜ਼ਮ ਉਥੋਂ ਭੱਜ ਗਏ। ਰਾਣੇ ਨੇ ਭੀਮ ਤੇ ਗੁਰਜੰਟ ਨੂੰ ਅਬੋਹਰ ਦੇ ਹਸਪਤਾਲ ਪਹੁੰਚਾਇਆ।

## ਮੁਲਜ਼ਮ ਦੇ ਠੇਕੇ 'ਚ ਚੱਲਦੈ ਅਕਾਲੀ ਦਲ ਦਾ ਦਫਤਰ?

**ਚੰਡੀਗੜ੍ਹ:** ਪੰਜਾਬ ਕਾਂਗਰਸ ਨੇ ਦੋਸ਼ ਲਾਇਆ ਕਿ ਅਬੋਹਰ ਕਾਂਡ ਦੇ ਮੁੱਖ ਮੁਲਜ਼ਮ ਸ਼ਿਵ ਲਾਲ ਡੋਡਾ ਦੇ ਸ਼ਰਾਬ ਦੇ ਠੇਕੇ (ਐਲ-1) ਵਿਚ ਅੱਜ ਵੀ ਸ਼੍ਰੋਮਣੀ ਅਕਾਲੀ ਦਲ ਦਾ ਦਫਤਰ ਚੱਲ ਰਿਹਾ ਹੈ ਤੇ ਸਰਕਾਰ ਵੱਲੋਂ ਪੀੜਤਾਂ ਨੂੰ ਸੁਰੱਖਿਆ ਦੇਣ ਦੀ ਥਾਂ ਮੁਲਜ਼ਮ ਦੇ ਸ਼ਰਾਬ ਦੇ ਠੇਕੇ ਨੂੰ ਸੁਰੱਖਿਆ ਮੁਹੱਈਆ ਕਰਵਾਈ ਗਈ ਹੈ। ਪੰਜਾਬ ਕਾਂਗਰਸ ਵਿਧਾਇਕ ਦਲ ਦੇ ਸਾਬਕਾ ਆਗੂ ਸੁਨੀਲ ਜਾਖੜ ਨੇ ਤਸਵੀਰਾਂ ਸਹਿਤ ਦਾਅਵਾ ਕੀਤਾ ਕਿ ਅਬੋਹਰ ਕਾਂਡ ਦੇ ਮੁੱਖ ਮੁਲਜ਼ਮ ਸ਼ਿਵ ਲਾਲ ਡੋਡਾ ਦੇ ਸ਼ਰਾਬ ਦੇ ਐਲ-1 ਠੇਕੇ ਵਿਚ ਅਕਾਲੀ ਦਲ ਦਾ ਦਫਤਰ ਚੱਲ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਤੋਂ ਸਾਫ ਹੋ ਗਿਆ ਹੈ ਕਿ ਬਾਦਲ ਸਰਕਾਰ ਡਰੱਗ ਮਾਫੀਆ ਵਿਰੁੱਧ ਮੁਹਿੰਮ ਛੇੜਨ ਦਾ ਮਹਿਜ਼ ਡਰਾਮਾ ਕਰ ਕੇ ਨਸ਼ਿਆਂ ਦੇ ਵਪਾਰੀਆਂ ਦੀ ਸਰਪ੍ਰਸਤੀ ਕਰ ਰਹੀ ਹੈ।

**Punjab Times**

**Established in 2000**
**16th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**

Email:punjabtimes1@gmail.com
www.punjabtimesusa.com
**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਅਬੋਹਰ ਕਾਂਡ: ਪੁਲਿਸ 'ਤੇ ਦਬਦਬਾ ਜੱਗ-ਜ਼ਾਹਿਰ

**ਚੰਡੀਗੜ੍ਹ:** ਅਬੋਹਰ ਦੇ ਭੀਮ ਸੈਨ ਟਾਂਕ ਦੀ ਹੱਤਿਆ ਅਤੇ ਉਸ ਦੇ ਸਾਥੀ ਗੁਰਜੰਟ ਸਿੰਘ ਜੰਟਾ ਦੇ ਹੱਥ-ਪੈਰ ਵੱਢਣ ਦੇ ਮਾਮਲੇ ਵਿਚ ਪੁਲਿਸ ਵੱਲੋਂ ਅਪਣਾਈ ਢਿੱਲਮੱਠ ਸਵਾਲ ਖੜ੍ਹੇ ਕਰਦੀ ਹੈ। ਪੁਲਿਸ ਨੇ ਉਸ ਸਮੇਂ ਤੱਕ ਮੁਲਜ਼ਮਾਂ ਨੂੰ ਹੱਥ ਨਾ ਪਾਇਆ ਜਦੋਂ ਤੱਕ ਅਨੁਸੂਚਿਤ ਜਾਤੀਆਂ ਬਾਰੇ ਕੌਮੀ ਕਮਿਸ਼ਨ ਤੇ ਆਮ ਲੋਕਾਂ ਨੇ ਇਸ ਖਿਲਾਫ ਆਵਾਜ਼ ਨਾ ਉਠਾਈ, ਕਿਉਂਕਿ ਜਿਸ ਫਾਰਮ ਹਾਊਸ ਵਿਚ ਇਹ ਕਾਰਾ ਕੀਤਾ ਗਿਆ, ਉਹ ਅਕਾਲੀ ਆਗੂ ਸ਼ਿਵ ਲਾਲ ਡੋਡਾ ਦਾ ਹੈ।

ਇਸ ਮਾਮਲੇ ਵਿਚ ਨਾਮਜ਼ਦ 19 ਮੁਲਜ਼ਮਾਂ ਵਿਚੋਂ ਇਕ ਅਕਾਲੀ ਆਗੂ ਸਮੇਤ ਅੱਧੀ ਦਰਜਨ ਮੁਲਜ਼ਮ ਘਟਨਾ ਦੇ 12 ਦਿਨ ਬਾਅਦ ਤੱਕ ਵੀ ਪੁਲੀਸ ਦੀ ਗ੍ਰਿਫਤ ਵਿਚ ਨਾ ਆਉਣਾ ਪੁਲਿਸ ਪ੍ਰਬੰਧ ਵਿਚ ਸਿਆਸੀ ਦਖਲਅੰਦਾਜ਼ੀ ਸਾਬਤ ਕਰਦਾ ਹੈ। ਹੁਣ ਕਿਤੇ ਜਾ ਕੇ ਸ਼ਿਵ ਲਾਲ ਡੋਡਾ ਦੇ ਭਤੀਜੇ ਅਮਿਤ ਡੋਡਾ ਨੇ ਪੁਲਿਸ ਅੱਗੇ ਸਮਰਪਣ ਕੀਤਾ ਹੈ। ਪੀੜਤਾਂ ਤੇ ਇਨਸਾਫ ਮੰਗ ਰਹੀਆਂ ਧਿਰਾਂ ਦੋਸ਼ ਲਗਾ ਰਹੀਆਂ ਹਨ ਕਿ ਇਸ ਮੁਲਜ਼ਮ ਦੇ ਸੱਤਾਧਾਰੀ ਧਿਰ ਨਾਲ ਨਜ਼ਦੀਕੀ ਸਬੰਧਾਂ ਕਾਰਨ ਪੁਲਿਸ ਉਸ ਦੀ ਗ੍ਰਿਫਤਾਰੀ ਤੋਂ ਟਾਲਾ ਵੱਟਦੀ ਰਹੀ। ਇਸ ਤੋਂ ਵੀ ਹੈਰਾਨੀ ਵਾਲੀ ਗੱਲ ਇਹ ਹੈ ਕਿ ਪੀੜਤ ਵੱਲੋਂ ਬਿਆਨ ਦੇਣ ਦੇ ਬਾਅਦ ਵੀ ਸਰਕਾਰ ਅਤੇ ਪੁਲਿਸ ਇਸ ਹੱਤਿਆ ਕਾਂਡ ਨੂੰ ਗੈਂਗਵਾਰ ਤੇ ਨਿੱਜੀ ਦੁਸ਼ਮਣੀ ਦੀ ਘਟਨਾ ਬਣਾ ਕੇ ਪੇਸ਼ ਕਰਨ ਵਿਚ ਡਟੀ ਰਹੀ।

## ਸਿਆਸੀ ਦਖਲ ਕਾਰਨ ਕੇਸ ਦੀ ਜਾਂਚ 'ਤੇ ਅਸਰ




ਇਸ ਘਟਨਾ ਤੋਂ ਪਹਿਲਾਂ ਵੀ ਸੂਬੇ ਵਿਚ ਸੱਤਾਧਾਰੀ ਧਿਰ ਨਾਲ ਨੇੜਤਾ ਰੱਖਣ ਵਾਲੇ ਰੇਤਾ-ਬਜਰੀ, ਟਰਾਂਸਪੋਰਟ, ਸ਼ਰਾਬ ਤੇ ਨਸ਼ਿਆਂ ਦੇ ਮਾਫੀਆ ਗਰੁੱਪ, ਉਨ੍ਹਾਂ ਦੇ ਹਿੱਤਾਂ ਨੂੰ ਚੁਣੌਤੀ ਦੇਣ ਵਾਲਿਆਂ ਨੂੰ ਵੱਖ-ਵੱਖ ਢੰਗ ਤਰੀਕਿਆਂ ਨਾਲ ਸਬਕ ਸਿਖਾ ਚੁੱਕੇ ਹਨ। ਅਜਿਹੀਆਂ ਸਾਰੀਆਂ ਘਟਨਾਵਾਂ ਵਿਚ ਪੁਲਿਸ ਦੀ ਭੂਮਿਕਾ ਵੀ ਹਾਕਮ ਧਿਰ ਤੇ ਰਸੂਖਵਾਨਾਂ ਦਾ ਪੱਖ ਪੂਰਨ ਜਾਂ ਉਨ੍ਹਾਂ ਦਾ ਬਚਾਅ ਕਰਨ ਵਾਲੀ ਰਹੀ ਹੈ।

ਅਕਾਲੀ-ਭਾਜਪਾ ਸਰਕਾਰ ਵੱਲੋਂ ਪ੍ਰਬੰਧਕੀ ਸਿਸਟਮ ਅਨੁਸਾਰ ਚੱਲ ਰਹੇ ਪੁਲਿਸ ਸਟੇਸ਼ਨਾਂ ਨੂੰ ਵਿਧਾਨ ਸਭਾ ਹਲਕਿਆਂ ਅਨੁਸਾਰ ਨਿਯਮਤ ਕਰ ਦੇਣ ਨਾਲ ਜਿਥੇ ਪੁਲਿਸ ਪ੍ਰਬੰਧ ਵਿਚ ਸਿਆਸੀ ਦਖਲਅੰਦਾਜ਼ੀ ਵਧੀ ਹੈ, ਉਥੇ ਇਸ ਦੀ ਕਾਰਜਕੁਸ਼ਲਤਾ ਵੀ ਪ੍ਰਭਾਵਿਤ ਹੋਈ ਹੈ। ਹਾਲਾਤ ਇਹ ਬਣ ਚੁੱਕੇ ਹਨ ਕਿ ਪੁਲਿਸ ਛੋਟੀਆਂ-ਮੋਟੀਆਂ ਘਟਨਾਵਾਂ ਤਾਂ ਕੀ, ਕਤਲਾਂ ਤੱਕ ਦੀ ਵੀ ਰਿਪੋਰਟ ਹਲਕਾ ਇੰਚਾਰਜਾਂ ਤੋਂ ਪੁੱਛੇ ਬਗੈਰ ਦਰਜ ਨਹੀਂ ਕਰਦੀ। ਪਿਛਲੇ ਕੁਝ ਸਮੇਂ ਵਿਚ ਵਾਪਰੀਆਂ ਅਣਸੁਖਾਵੀਆਂ ਘਟਨਾਵਾਂ ਕਾਰਨ ਆਪਣੀ ਸਾਖ ਨੂੰ ਲੱਗੇ ਖੋਰੇ ਦੇ ਮੱਦੇਨਜ਼ਰ ਭਾਵੇਂ ਸੱਤਾਧਾਰੀ ਧਿਰ ਨੇ ਸੂਬਾ ਪੁਲਿਸ ਮੁਖੀ ਨੂੰ ਬਦਲਣ ਸਮੇਤ ਸਮੁੱਚੇ ਪੁਲਿਸ ਢਾਂਚੇ ਵਿਚ ਫੇਰਬਦਲ ਕੀਤੀ ਹੈ, ਪਰ ਇਸ ਦੇ ਕੋਈ ਹਾਂ-ਪੱਖੀ ਨਤੀਜੇ ਸਾਹਮਣੇ ਨਹੀਂ ਆ ਰਹੇ।

# ਭਾਰਤੀ ਵਿਦਿਆਰਥੀ ਅਮਰੀਕਾ ਜਾਣ ਤੋਂ ਰੋਕੇ

**ਹੈਦਰਾਬਾਦ:** ਏਅਰ ਇੰਡੀਆ ਨੇ 19 ਵਿਦਿਆਰਥੀਆਂ ਨੂੰ ਅਮਰੀਕਾ ਜਾਣ ਵਾਲੇ ਆਪਣੇ ਜਹਾਜ਼ 'ਤੇ ਇਸ ਆਧਾਰ 'ਤੇ ਨਹੀਂ ਚੜ੍ਹਨ ਦਿੱਤਾ ਕਿ ਜਿਹੜੀਆਂ ਦੋ ਯੂਨੀਵਰਸਿਟੀਆਂ ਨਾਲ ਉਨ੍ਹਾਂ ਦਾ ਸਬੰਧ ਹੈ, ਉਹ ਅਮਰੀਕੀ ਅਧਿਕਾਰੀਆਂ ਦੀ 'ਪੜਤਾਲ' ਦੇ ਘੇਰੇ ਵਿਚ ਹਨ।

ਏਅਰ ਇੰਡੀਆ ਨੇ ਆਪਣੇ ਕਰਮਚਾਰੀਆਂ ਨੂੰ ਕਿਹਾ ਕਿ ਜਦੋਂ ਤਕ ਉਨ੍ਹਾਂ ਨੂੰ ਅਮਰੀਕਾ ਵਿਚਲੇ ਆਪਣੇ ਦਫਤਰ ਤੋਂ ਹਰੀ ਝੰਡੀ ਨਹੀਂ ਮਿਲਦੀ, ਉਦੋਂ ਤਕ ਵਿਦਿਆਰਥੀਆਂ ਨੂੰ ਰਾਜੀਵ ਗਾਂਧੀ ਕੌਮਾਂਤਰੀ ਹਵਾਈ ਅੱਡੇ ਤੋਂ ਸੈਨ ਫਰਾਂਸਿਸਕੋ ਜਾ ਰਹੇ ਜਹਾਜ਼ ਵਿਚ ਬੈਠਣ ਨਾ ਦਿੱਤਾ ਜਾਵੇ। ਉਨ੍ਹਾਂ ਕਿਹਾ, "ਅਤੀਤ ਵਿਚ ਅਸੀਂ ਦੇਖਿਆ ਹੈ ਕਿ ਇਨ੍ਹਾਂ ਵਿਦਿਅਕ ਸੰਸਥਾਵਾਂ ਵਿਚ ਜਿਹੜੇ ਵਿਦਿਆਰਥੀਆਂ ਨੇ ਦਾਖਲਾ ਲਿਆ ਸੀ, ਉਨ੍ਹਾਂ ਨੂੰ ਅਮਰੀਕਾ ਪਹੁੰਚਣ ਦੇ ਤੁਰੰਤ ਬਾਅਦ ਵਾਪਸ ਰਵਾਨਾ ਕਰ ਦਿੱਤਾ ਗਿਆ ਸੀ। ਇਨ੍ਹਾਂ ਨੂੰ ਸ਼ਰਮਿੰਦਗੀ ਤੇ ਖਰਚੇ ਤੋਂ ਬਚਾਉਣ ਲਈ ਜਹਾਜ਼ ਚੜ੍ਹਨ ਤੋਂ ਰੋਕਿਆ ਹੈ।" ਇਸੇ ਦੌਰਾਨ ਭਾਰਤ ਨੇ ਇਹ ਮਾਮਲਾ ਅਮਰੀਕਾ ਕੋਲ ਉਠਾਇਆ ਹੈ; ਹਾਲਾਂਕਿ ਕੈਲੀਫੋਰਨੀਆ ਆਧਾਰਤ ਦੋ ਯੂਨੀਵਰਸਿਟੀਆਂ ਵੱਲੋਂ ਦਾਅਵਾ ਕੀਤਾ ਜਾ ਰਿਹਾ ਹੈ ਕਿ ਉਨ੍ਹਾਂ ਨੂੰ ਅਮਰੀਕਾ ਨੇ ਕਾਲੀ ਸੂਚੀ ਵਿਚ ਨਹੀਂ ਪਾਇਆ ਹੈ। ਉਧਰ, ਸਿਲੀਕਾਨ ਵੈਲੀ ਯੂਨੀਵਰਸਿਟੀ ਅਤੇ ਨਾਰਥਵੈਸਟਰਨ ਪੋਲੀਟੈਕਨਿਕ ਯੂਨੀਵਰਸਿਟੀ ਨੇ ਦਾਅਵਾ ਕੀਤਾ ਹੈ ਕਿ ਅਮਰੀਕੀ ਆਬਕਾਰੀ ਤੇ ਸੀਮਾ ਸੁਰੱਖਿਆ ਏਜੰਸੀ ਨੇ ਉਨ੍ਹਾਂ ਨੂੰ ਕਿਹਾ ਹੈ ਕਿ ਉਨ੍ਹਾਂ ਨੂੰ ਕਾਲੀ ਸੂਚੀ ਵਿਚ ਨਹੀਂ ਪਾਇਆ ਗਿਆ।

# ਐਨ.ਵੀ.ਡੀ. ਯੰਤਰਾਂ ਦੀ ਪਛਾਣ ਲਈ ਅਮਰੀਕਾ ਤੋਂ ਮੰਗੀ ਮਦਦ

**ਨਵੀਂ ਦਿੱਲੀ:** ਹਾਲ ਹੀ ਵਿਚ ਜੰਮੂ-ਕਸ਼ਮੀਰ ਵਿਚ ਮੁਕਾਬਲੇ ਦੌਰਾਨ ਅਤਿਵਾਦੀਆਂ ਕੋਲੋਂ ਬਰਾਮਦ ਕੀਤੇ ਗਏ ਰਾਤ ਨੂੰ ਵੇਖਣ ਵਾਲੇ ਯੰਤਰਾਂ (ਐਨ.ਵੀ.ਡੀ.) ਦੀ ਪਛਾਣ ਲਈ ਭਾਰਤ ਨੇ ਅਮਰੀਕਾ ਤੱਕ ਪਹੁੰਚ ਕੀਤੀ ਹੈ। ਸਮਝਿਆ ਜਾ ਰਿਹਾ ਹੈ ਕਿ ਇਹ ਯੰਤਰ ਅਮਰੀਕਾ ਨਾਲ ਸਬੰਧਤ ਹਨ। ਸਰਕਾਰੀ ਸੂਤਰਾਂ ਨੇ ਦੱਸਿਆ ਕਿ ਫੌਜ ਨੇ ਮੁਕਾਬਲੇ ਦੌਰਾਨ ਅਤਿਵਾਦੀਆਂ ਦੀ ਘੁਸਪੈਠ ਨੂੰ ਨਾਕਾਮ ਕਰ ਦਿੱਤਾ ਤੇ ਉਨ੍ਹਾਂ ਦੇ ਕਬਜ਼ੇ ਵਿਚੋਂ ਚਾਰ ਐਨ.ਵੀ.ਡੀ. ਬਰਾਮਦ ਕੀਤੇ ਗਏ। ਇਨ੍ਹਾਂ ਯੰਤਰਾਂ ਦੀ ਸੂਚਨਾ ਕੇਂਦਰੀ ਸੁਰੱਖਿਆ ਏਜੰਸੀਆਂ ਨੇ ਅਮਰੀਕੀ ਏਜੰਸੀਆਂ ਨਾਲ ਸਾਂਝੀ ਕੀਤੀ, ਜਿਨ੍ਹਾਂ ਨੇ ਇਸ ਦੀ ਜਾਂਚ ਵਿਚ ਮਦਦ ਦਾ ਭਰੋਸਾ ਦਿੱਤਾ। ਇਸ ਤਰ੍ਹਾਂ ਦਾ ਹੀ ਇਕ ਯੰਤਰ 27 ਜੁਲਾਈ ਨੂੰ ਗੁਰਦਾਸਪੁਰ ਵਿਖੇ ਹੋਏ ਅਤਿਵਾਦੀ ਹਮਲੇ ਦੌਰਾਨ ਬਰਾਮਦ ਕੀਤਾ ਗਿਆ। ਅਮਰੀਕੀ ਏਜੰਸੀਆਂ ਨੇ ਅਜਿਹੇ ਯੰਤਰ ਕਿਸੇ ਵੀ ਦੇਸ਼ ਨੂੰ ਵੇਚਣ ਤੋਂ ਇਨਕਾਰ ਕੀਤਾ, ਪਰ ਨਾਲ ਹੀ ਮੰਨਿਆ ਕਿ ਅਫ਼ਗਾਨਿਸਤਾਨ ਤੇ ਇਰਾਕ ਵਿਚ ਹਮਲਿਆਂ ਦੌਰਾਨ ਸਿਪਾਹੀਆਂ ਕੋਲੋਂ ਅਜਿਹੇ ਯੰਤਰ ਗੁੰਮ ਹੋਣ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਜਿਹੜੇ ਕਿ ਇਰਾਕ ਤੇ ਅਫ਼ਗਾਨਿਸਤਾਨ ਦੇ ਖੁੱਲ੍ਹੇ ਬਾਜ਼ਾਰ ਵਿਚ ਵੇਚ ਦਿੱਤੇ ਹੋਣਗੇ।

# ਕੈਪਟਨ ਨੇ ਅਕਾਲੀਆਂ ਤੋਂ ਮੁੱਦੇ ਖੋਹੇ

*(ਸਫਾ ਇਕ ਦੀ ਬਾਕੀ)*

ਸਿੱਖਾਂ ਦੇ ਮਨਾਂ ਵਿਚ ਕਾਂਗਰਸ ਪ੍ਰਤੀ ਗਿਲਾ ਹੈ। ਇਸ ਲਈ ਸਿੱਖ ਵੋਟ ਨੂੰ ਅਕਾਲੀ ਦਲ ਤੇ ਹਿੰਦੂ ਵੋਟ ਨੂੰ ਕਾਂਗਰਸ ਦੇ ਖਾਤੇ ਵਿਚ ਮੰਨਿਆ ਜਾਂਦਾ ਸੀ ਪਰ ਭਵਿੱਖ ਵਿਚ ਬਦਲੇ ਹੋਏ ਸਮੀਕਰਨ ਨਜ਼ਰ ਆ ਰਹੇ ਹਨ।

ਡੇਰਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਨੂੰ ਮੁਆਫੀ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਮਾਮਲਿਆਂ ਕਰ ਕੇ ਸਿੱਖਾਂ ਅੰਦਰ ਅਕਾਲੀ ਦਲ ਪ੍ਰਤੀ ਰੋਸ ਹੈ। ਸਿਆਸੀ ਮਾਹਿਰਾਂ ਮੁਤਾਬਕ ਅਕਾਲੀ ਦਲ ਪੰਜਾਬ ਵਿਚ ਕਾਲੇ ਦੌਰ ਦਾ ਹਊਆ ਖੜ੍ਹਾ ਕਰ ਕੇ ਹਿੰਦੂ ਵੋਟਰਾਂ ਦੀ ਹਮਦਰਦੀ ਹਾਸਲ ਕਰਨ ਦੀ ਕੋਸ਼ਿਸ਼ ਤਾਂ ਕਰ ਰਿਹਾ ਹੈ, ਪਰ ਪੰਥਕ ਏਜੰਡੇ ਤੋਂ ਥਿੜਕ ਕੇ ਸਿੱਖ ਵੋਟਰਾਂ ਤੋਂ ਦੂਰੀ ਬਣਾ ਰਿਹਾ ਹੈ। ਇਸ ਨਾਲ ਸਿੱਖ ਵੋਟ ਕਾਂਗਰਸ ਵੱਲ ਖਿਸਕੇਗਾ ਪਰ ਹਿੰਦੂ ਵੋਟ ਅਕਾਲੀ ਦਲ ਦੀ ਬਜਾਏ ਭਾਜਪਾ ਦੇ ਹੱਕ ਵਿਚ ਭੁਗਤੇਗੀ। ਬਠਿੰਡਾ ਰੈਲੀ ਵਿਚ ਕੈਪਟਨ ਨੇ ਜਿਥੇ ਕਿਸਾਨਾਂ ਨੂੰ ਭਰੋਸੇ ਵਿਚ ਲਿਆ, ਉਥੇ ਪੰਜਾਬ ਦੇ ਮੁੱਦਿਆਂ ਦੀ ਗੱਲ ਕਰ ਕੇ ਆਪਣੀ ਰਣਨੀਤੀ ਸਪਸ਼ਟ ਕਰ ਦਿੱਤੀ। ਉਨ੍ਹਾਂ ਨੇ ਨਸ਼ਿਆਂ ਨੂੰ ਚਾਰ ਹਫਤਿਆਂ ਤੇ ਭ੍ਰਿਸ਼ਟਾਚਾਰ ਨੂੰ ਛੇ ਮਹੀਨਿਆਂ ਵਿਚ ਖਤਮ ਕਰਨ ਦਾ ਵਾਅਦਾ ਕੀਤਾ। ਇਸ ਤੋਂ ਇਲਾਵਾ ਉਨ੍ਹਾਂ ਆਪਣੇ ਏਜੰਡੇ ਰਾਹੀਂ ਪੰਜਾਬ ਹਿਤੈਸ਼ੀ ਹੋਣ ਦਾ ਪ੍ਰਭਾਵ ਦਿੱਤਾ।

ਉਨ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਤੇ ਉਸ ਮਗਰੋਂ ਪੈਦਾ ਹੋਏ ਹਾਲਾਤ ਲਈ ਵੀ ਬਾਦਲ ਸਰਕਾਰ ਨੂੰ ਜ਼ਿੰਮੇਵਾਰ ਦੱਸਿਆ ਹੈ। ਬਠਿੰਡਾ ਰੈਲੀ ਵਿਚ ਗੁਟਕਾ ਸਾਹਿਬ ਹੱਥ ਵਿਚ ਲੈ ਕੇ ਉਨ੍ਹਾਂ ਨੇ ਪੰਜਾਬੀਆਂ ਨਾਲ ਕਈ ਵਾਅਦੇ ਕੀਤੇ ਸਨ। ਇਸ ਨਾਲ ਉਨ੍ਹਾਂ ਗੁੱਝੇ ਰੂਪ ਵਿਚ ਪੰਥਕ ਵੋਟ ਦਾ ਆਪਣੇ ਵੱਲ ਧਿਆਨ ਖਿੱਚਣ ਦੀ ਕੋਸ਼ਿਸ਼ ਕੀਤੀ। ਕਾਂਗਰਸ ਹਾਈਕਮਾਨ ਨੇ ਵੀ ਕੈਪਟਨ ਦੀ ਇਸੇ ਦਿਖ ਦਾ ਲਾਹਾ ਲੈਣ ਲਈ ਉਨ੍ਹਾਂ 'ਮਿਸ਼ਨ 2017' ਲਈ ਮੈਦਾਨ ਵਿਚ ਉਤਾਰਿਆ ਹੈ।

# ਅੰਮ੍ਰਿਤਸਰ ਵਿਚ ਡਬਲ ਡੈਕਰ ਬੱਸਾਂ

**ਅੰਮ੍ਰਿਤਸਰ:** ਅੰਮ੍ਰਿਤਸਰ ਵਿਚ ਹਰਿਮੰਦਰ ਸਾਹਿਬ, ਦੁਰਗਿਆਨਾ ਮੰਦਿਰ ਸਮੇਤ ਕਈ ਹੋਰ ਇਤਿਹਾਸਿਕ ਥਾਂਵਾਂ ਅਤੇ ਅਟਾਰੀ ਸਰਹੱਦ 'ਤੇ ਹੋਣ ਵਾਲੀ ਪਰੇਡ ਦੇਖਣ ਲਈ ਆਉਣ ਵਾਲੇ ਸੈਲਾਨੀ ਹੁਣ ਜਲਦ ਹੀ ਇਨ੍ਹਾਂ ਸਾਰੀਆਂ ਥਾਂਵਾਂ 'ਤੇ ਡਬਲ ਡੈਕਰ ਬੱਸਾਂ ਵਿਚ ਸਵਾਰ ਹੋ ਕੇ ਜਾਣਗੇ। ਪੰਜਾਬ ਹੈਰੀਟੇਜ ਐਂਡ ਪ੍ਰਮੋਸ਼ਨ ਬੋਰਡ ਨੇ ਡਬਲ ਡੈਕਰ ਬੱਸਾਂ ਚਲਾਉਣ ਦਾ ਫੈਸਲਾ ਕੀਤਾ ਹੈ। ਇਹ ਬੱਸਾਂ ਅੰਮ੍ਰਿਤਸਰ ਦੇ ਰੇਲਵੇ ਸਟੇਸ਼ਨ ਨੇੜੇ ਸੈਰ-ਸਪਾਟਾ ਵਿਭਾਗ ਦੇ ਦਫਤਰ, ਜਲ੍ਹਿਆਂਵਾਲਾ ਬਾਗ ਅਤੇ ਹਵਾਈ ਅੱਡੇ ਤੋਂ ਚਲਾਈਆਂ ਜਾਣਗੀਆਂ।

# ਸਵਿਟਜ਼ਰਲੈਂਡ ਵੱਲੋਂ ਬੰਦ ਪਏ ਖਾਤੇ ਜਨਤਕ

**ਜ਼ਿਊਰਿਖ:** ਸਵਿਟਜ਼ਰਲੈਂਡ ਨੇ ਬੰਦ ਪਏ 2600 ਖਾਤਾਧਾਰਕਾਂ ਦੇ ਨਾਂ ਜਨਤਕ ਕਰ ਦਿੱਤੇ ਹਨ। ਇਨ੍ਹਾਂ ਵਿਚ ਘੱਟੋ-ਘੱਟ ਛੇ ਭਾਰਤੀ ਵੀ ਸ਼ਾਮਲ ਹਨ। ਇਨ੍ਹਾਂ ਖਾਤਿਆਂ ਵਿਚ ਕੋਈ 300 ਕਰੋੜ ਰੁਪਏ ਪਏ ਹਨ। ਭਾਰਤੀਆਂ ਦੇ ਖਾਤਿਆਂ ਬਾਰੇ ਕਿਸੇ ਪ੍ਰਕਾਰ ਦੀ ਵਿਸ਼ੇਸ਼ ਜਾਣਕਾਰੀ ਨਹੀਂ ਮਿਲ ਸਕੀ। ਜਿਹੜੇ ਛੇ ਭਾਰਤੀ ਨਾਗਰਿਕ ਦੱਸੇ ਗਏ ਹਨ, ਉਨ੍ਹਾਂ ਵਿਚ ਚਾਰ ਦੀ ਰਿਹਾਇਸ਼ ਭਾਰਤ ਵਿਚ ਦੱਸੀ ਗਈ ਹੈ ਪਰ ਇਨ੍ਹਾਂ ਵਿਚੋਂ ਤਿੰਨ ਵਿਦੇਸ਼ੀ ਮੂਲ ਦੇ ਮੰਨੇ ਜਾਂਦੇ ਹਨ। ਇਨ੍ਹਾਂ ਵਿਚ ਪੈਰੇ ਵਾਚੇਕ, ਚਰਲੋਟੇ ਸਪੈਂਸਰ, ਰੋਜ਼ਮੇਰੀ ਬਰਨਟ ਮੁੰਬਈ ਵਾਸੀ ਦੱਸੇ ਗਏ ਹਨ।

# ਜੇਤਲੀ ਕਾਰਨ ਭਾਜਪਾ ਨੂੰ ਪਏ ਲੈਣੇ ਦੇ ਦੇਣੇ

*(ਸਫਾ ਇਕ ਦੀ ਬਾਕੀ)*

ਕਈ ਜਾਅਲੀ ਪਤਿਆਂ ਵਾਲੀਆਂ ਕੰਪਨੀਆਂ ਨੂੰ ਠੇਕੇ ਦੇਣ ਤੇ ਕਰੋੜਾਂ ਰੁਪਏ ਦੀ ਗੜਬੜੀ ਦਾ ਖੁਲਾਸਾ ਕੀਤਾ। ਇਹ ਗੜਬੜੀਆਂ ਉਸ ਸਮੇਂ ਦੀਆਂ ਹਨ ਜਦੋਂ ਸ੍ਰੀ ਜੇਤਲੀ ਡੀ.ਡੀ.ਸੀ.ਏ. ਦੇ ਮੁਖੀ ਸਨ। ਸ੍ਰੀ ਆਜ਼ਾਦ ਮੁਤਾਬਕ ਉਹ ਪਿਛਲੇ ਨੌਂ ਸਾਲਾਂ ਤੋਂ ਇਸ ਭ੍ਰਿਸ਼ਟਾਚਾਰ ਖਿਲਾਫ ਲੜ ਰਹੇ ਹਨ। ਉਨ੍ਹਾਂ ਮੁਤਾਬਕ 24 ਕਰੋੜ ਰੁਪਏ ਦਾ ਠੇਕਾ ਵਧਾ ਕੇ 57 ਕਰੋੜ ਰੁਪਏ ਦਾ ਕੀਤਾ ਗਿਆ ਤੇ ਬਿੱਲਾਂ ਵਿਚ ਵੀ ਗੜਬੜੀ ਕੀਤੀ ਗਈ।

ਇਸ ਤੋਂ ਪਹਿਲਾਂ ਲਲਿਤ ਮੋਦੀ ਤੇ ਵਿਆਪਮ ਘੁਟਾਲੇ ਉਤੇ ਵੀ ਭਾਜਪਾ ਦੇ ਕਈ ਸੀਨੀਅਰ ਆਗੂ ਘਿਰੇ ਸਨ, ਪਰ ਪਾਰਟੀ ਨੇ ਡਟ ਕੇ ਉਨ੍ਹਾਂ ਦਾ ਸਾਥ ਦਿੱਤਾ। ਭਾਜਪਾ ਸਰਕਾਰ ਦੀ ਮਹਿਲਾ ਮੰਤਰੀ ਮੰਤਰੀ ਸੁਸ਼ਮਾ ਸਵਰਾਜ ਤੇ ਰਾਜਸਥਾਨ ਦੀ ਮੁੱਖ ਮੰਤਰੀ ਵਸੁੰਧਰਾ ਰਾਜੇ ਕ੍ਰਿਕਟ ਜਗਤ ਦੇ ਬੇਤਾਜ ਬਾਦਸ਼ਾਹ ਲਲਿਤ ਮੋਦੀ ਦੀ ਮਦਦ ਕਰਨ ਖਾਤਰ ਆਪੋ-ਆਪਣੇ ਅਹੁਦੇ ਤੇ ਰੁਤਬੇ ਦੀ ਮਰਿਆਦਾ ਦਾਅ ਉਤੇ ਲਾਈ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਉਦੋਂ ਵੀ ਇਨ੍ਹਾਂ ਦੋਵਾਂ ਮਾਮਲਿਆਂ ਬਾਰੇ ਚੁੱਪ ਧਾਰੀ ਰੱਖੀ ਤੇ ਹੁਣ ਸ੍ਰੀ ਜੇਤਲੀ ਮਾਮਲੇ 'ਤੇ ਪਰਦਾ ਪਾਉਣ ਵਿਚ ਕਸਰ ਨਹੀਂ ਛੱਡੀ ਜਾ ਰਹੀ। ਸ੍ਰੀ ਮੋਦੀ ਉਹੀ ਸ਼ਖਸ ਹਨ ਜੋ ਭ੍ਰਿਸ਼ਟਾਚਾਰ ਦੇ ਖਾਤਮੇ ਦਾ ਨਾਅਰਾ ਲਾ ਕੇ ਕੇਂਦਰੀ ਸੱਤਾ ਵਿਚ ਆਏ ਸਨ।

ਵਰਨਣਯੋਗ ਹੈ ਕਿ ਕਾਂਗਰਸ ਪਾਰਟੀ ਦੀ ਅਗਵਾਈ ਵਾਲੀ ਪਿਛਲੀ ਯੂ.ਪੀ.ਏ. ਸਰਕਾਰ ਦੀ ਬੇੜੀ ਭ੍ਰਿਸ਼ਟਾਚਾਰ ਕਰ ਕੇ ਹੀ ਡੁੱਬ ਗਈ ਸੀ। ਆਪਣੇ ਸ਼ਾਸਨ ਕਾਲ ਦੇ ਆਖਰੀ ਵਰ੍ਹੇ ਦੌਰਾਨ ਯੂ.ਪੀ.ਏ. ਸਰਕਾਰ ਦੇ ਕਈ ਘੁਟਾਲੇ ਸਾਹਮਣੇ ਆ ਗਏ ਸਨ ਜਿਸ ਕਰ ਕੇ ਭਾਜਪਾ ਨੇ ਲੋਕ ਸਭਾ ਚੋਣਾਂ ਵਿਚ ਭ੍ਰਿਸ਼ਟਾਚਾਰ ਨੂੰ ਮੁੱਦਾ ਬਣਾਉਂਦਿਆਂ ਤੇ ਸਾਫ-ਸੁਥਰਾ ਸ਼ਾਸਨ ਦੇਣ ਦਾ ਵਾਅਦਾ ਕੀਤਾ। ਲੋਕਾਂ ਨੇ ਵੀ ਭਾਜਪਾ ਦੇ ਇਸ ਵਾਅਦੇ ਨੂੰ ਸੱਚ ਮੰਨ ਉਨ੍ਹਾਂ ਨੂੰ ਕੇਂਦਰੀ ਸੱਤ ਵਿਚ ਪਹੁੰਚਾ ਦਿੱਤਾ, ਪਰ ਹੁਣ ਇਸ ਪਾਰਟੀ ਦੇ ਸੀਨੀਅਰ ਆਗੂਆਂ ਬਾਰੇ ਖੁਲਾਸੇ ਮੋਦੀ ਲਈ ਨਮੋਸ਼ੀ ਬਣੇ ਹੋਏ ਹਨ।

## ਦਿੱਲੀ ਵਿਧਾਨ ਸਭਾ ਵੱਲੋਂ ਜਾਂਚ ਕਮਿਸ਼ਨ ਦਾ ਮਤਾ ਪਾਸ

**ਨਵੀਂ ਦਿੱਲੀ:** ਦਿੱਲੀ ਵਿਧਾਨ ਸਭਾ ਦੇ ਵਿਸ਼ੇਸ਼ ਸੈਸ਼ਨ ਦੌਰਾਨ ਦਿੱਲੀ ਜ਼ਿਲ੍ਹਾ ਕ੍ਰਿਕਟ ਐਸੋਸੀਏਸ਼ਨ (ਡੀ.ਡੀ.ਸੀ.ਏ.) ਵਿਚ ਘਪਲੇ ਦੀਆਂ ਪਰਤਾਂ ਖੋਲ੍ਹਣ ਲਈ ਜਾਂਚ ਕਮਿਸ਼ਨ ਬਣਾਉਣ ਦਾ ਮਤਾ ਪਾਸ ਕਰ ਦਿੱਤਾ ਗਿਆ ਹੈ। ਪਿਛਲੇ ਦਿਨੀਂ ਸੀ.ਬੀ.ਆਈ. ਵੱਲੋਂ ਦਿੱਲੀ ਸਕੱਤਰੇਤ ਵਿਖੇ ਮਾਰੇ ਛਾਪੇ ਦੌਰਾਨ ਸਾਹਮਣੇ ਆਏ ਡੀ.ਡੀ.ਸੀ.ਏ. ਘੁਟਾਲੇ ਦੀ ਇਹ ਕਮਿਸ਼ਨ ਜਾਂਚ ਕਰੇਗਾ ਤੇ ਇਸ ਕਮਿਸ਼ਨ ਦਾ ਦਾਇਰਾ ਆਈ.ਪੀ.ਐਲ. ਵਿਚ ਸੱਟੇਬਾਜ਼ੀ ਸਮੇਤ ਕ੍ਰਿਕਟ ਖੇਡ ਨਾਲ ਜੁੜੇ ਹੋਰ ਮਾਮਲਿਆਂ ਤੱਕ ਵੀ ਵਧਾਇਆ ਗਿਆ ਹੈ ਜਿਸ ਵਿਚ ਸੱਟਾ ਤੇ ਵੱਡੀ ਉਮਰ ਦੇ ਖਿਡਾਰੀਆਂ ਨੂੰ ਛੋਟੀ ਉਮਰ ਦੇ ਜਾਅਲੀ ਸਰਟੀਫਿਕੇਟ ਬਣਾ ਕੇ ਖਿਡਾਉਣਾ ਵੀ ਸ਼ਾਮਲ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿੱਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ

## Matrimonial

### ਕੰਨਿਆ ਦੀ ਲੋੜ ਹੈ

Looking for Sikh girl for a US born clean shaven, handsome Sikh boy, 38 years 6', MBA, running his own business. Please Contact, Ph: 513-546-7246 50-

Suitable match for handsome Nai boy, 27 years, 5'-9'', BBA (convent), Industrialist, family now in USA, marriage possible in USA/Canada. Contact: 646-318-1589 49-

### ਸਾਥੀ ਦੀ ਲੋੜ ਹੈ

ਅਮੈਰੀਕਨ ਸਿਟੀਜ਼ਨ, ਉਮਰ 45 ਸਾਲ, ਕੱਦ 5' 5'' ਤਲਾਕਸ਼ੁਦਾ ਵਿਅਕਤੀ ਲਈ ਜੀਵਨ ਸਾਥਣ ਦੀ ਲੋੜ ਹੈ ਜੋ ਘੱਟ ਘੱਟ 35 ਸਾਲ ਦੀ ਹੋਵੇ। ਸੰਪਰਕ ਕਰੋ: ਫੋਨ 317-935-5665 51-2


# 'ਆਪ' ਇਕਾਈ ਵੱਲੋਂ ਪੱਤਰਕਾਰ ਕੰਵਰ ਸੰਧੂ 'ਤੇ ਹਮਲੇ ਦੀ ਨਿਖੇਧੀ

**ਫਰਿਜ਼ਨੋ (ਬਿਊਰੋ):** ਪਟਿਆਲਾ ਜੇਲ੍ਹ ਵਿਚ ਨਜ਼ਰਬੰਦ ਫਾਂਸੀਯਾਫਤਾ ਬਲਵੰਤ ਸਿੰਘ ਰਾਜੋਆਣਾ ਨਾਲ ਮੁਲਾਕਾਤ ਕਰਨ ਗਏ ਸੀਨੀਅਰ ਪੱਤਰਕਾਰ ਕੰਵਰ ਸੰਧੂ ਨਾਲ ਧੱਕਾ-ਮੁਕੀ ਕੀਤੇ ਜਾਣ ਦੀ ਆਮ ਆਦਮੀ ਪਾਰਟੀ (ਆਪ) ਦੀ ਇਥੇ ਫਰਿਜ਼ਨੋ ਇਕਾਈ ਨੇ ਸ਼ਖਤ ਸ਼ਬਦਾਂ ਵਿਚ ਨਿਖੇਧੀ ਕਰਦਿਆਂ ਇਸ ਨੂੰ ਨਿਰਪੱਖ ਪੱਤਰਕਾਰੀ ਉਤੇ ਸਿੱਧਾ ਹਮਲਾ ਕਰਾਰ ਦਿਤਾ ਹੈ, ਖਾਸ ਕਰ ਇਸ ਤੱਥ ਨੂੰ ਧਿਆਨ ਵਿਚ ਰਖਦਿਆਂ ਕਿ ਸ੍ਰੀ ਕੰਵਰ ਸੰਧੂ ਪਿੰਕੀ ਕੈਟ ਵਲੋਂ ਕੀਤੇ ਗਏ ਖੁਲਾਸਿਆਂ ਦੇ ਸਿਲਸਿਲੇ ਵਿਚ ਭਾਈ ਰਾਜੋਆਣਾ ਦਾ ਪੱਖ ਜਾਣਨ ਲਈ ਉਨ੍ਹਾਂ ਦੀ ਭੈਣ ਕਮਲਜੀਤ ਕੌਰ ਦੇ ਸੱਦੇ ਉਤੇ ਪਟਿਆਲਾ ਜੇਲ੍ਹ ਗਏ ਸਨ।

ਇਸ ਘਟਨਾ ਪ੍ਰਤੀ ਰੋਸ ਜਾਹਰ ਕਰਨ ਅਤੇ ਪੱਤਰਕਾਰ ਕੰਵਰ ਸੰਧੂ ਨਾਲ ਇਕਮੁਠਤਾ ਪ੍ਰਗਟਾਉਣ ਲਈ ਆਮ ਆਦਮੀ ਪਾਰਟੀ ਦੀ ਸਥਾਨਕ ਇਕਾਈ ਦੀ ਇਥੇ ਹੋਈ ਇੱਕ ਮੀਟਿੰਗ ਵਿਚ ਵਖ ਵਖ ਬੁਲਾਰਿਆਂ ਨੇ ਕਿਹਾ ਕਿ ਇਹ ਸਭ ਸਾਬਕਾ ਪੁਲਿਸ ਮੁਲਾਜ਼ਮ ਗੁਰਮੀਤ ਸਿੰਘ ਪਿੰਕੀ ਵਲੋਂ ਪੱਤਰਕਾਰ ਕੰਵਰ ਸੰਧੂ ਨਾਲ ਇੰਟਰਵਿਊ ਦੌਰਾਨ ਕੀਤੇ ਗਏ ਖੁਲਾਸਿਆਂ ਤੋਂ ਘਬਰਾਈ ਅਕਾਲੀ-ਭਾਜਪਾ ਸਰਕਾਰ ਵੱਲੋਂ ਰਾਜੋਆਣਾ ਨੂੰ ਮੋਹਰੇ ਵਜੋਂ ਵਰਤ ਕੇ ਸ੍ਰੀ ਸੰਧੂ ਦਾ ਮੂੰਹ ਬੰਦ ਕਰਨ ਲਈ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਕੋਝੀਆਂ ਚਾਲਾਂ ਨੂੰ ਪੰਜਾਬੀ ਹੁਣ



ਚੰਗੀ ਤਰ੍ਹਾਂ ਸਮਝਦੇ ਹਨ ਅਤੇ 2017 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿਚ ਇਸ ਨਾਦਰਸ਼ਾਹੀ ਹਕੂਮਤ ਨੂੰ ਮੂੰਹ ਤੋੜਵਾਂ ਜੁਆਬ ਦੇਣਗੇ।

ਇਸ ਮੌਕੇ ਬੁਲਾਰਿਆਂ ਨੇ ਰਾਜੋਆਣਾ ਦੀ ਮੂੰਹ ਬੋਲੀ ਭੈਣ ਕਮਲਜੀਤ ਕੌਰ 'ਤੇ ਵੀ ਨਿਸ਼ਾਨੇ ਸਾਧੇ ਤੇ ਕਿਹਾ ਕਿ ਕਿਸੇ ਪੱਤਰਕਾਰ ਨੂੰ ਵਿਸ਼ਵਾਸ ਵਿਚ ਲੈ ਕੇ ਉਸ ਨਾਲ ਧੋਖਾ ਕਰਨਾ ਇਕ ਤਰ੍ਹਾਂ ਦਾ ਵਿਸ਼ਵਾਸਘਾਤ ਹੈ। ਕੱਲ ਨੂੰ ਕੌਣ ਇਨ੍ਹਾਂ 'ਤੇ ਯਕੀਨ ਕਰਕੇ ਇਨ੍ਹਾਂ ਦੀ ਗੱਲ ਸੁਣਨ ਲਈ ਅੱਗੇ ਆਵੇਗਾ? ਉਨ੍ਹਾਂ ਜੇਲ੍ਹ ਵਾਲੀ ਵੀਡੀਓ ਮੀਡੀਏ ਨੂੰ ਜਾਰੀ ਕੀਤੇ ਜਾਣ 'ਤੇ ਸਵਾਲ ਕਰਦਿਆਂ ਜਾਣਨਾ ਚਾਹਿਆ ਕਿ ਇਹ ਸਰਕਾਰ ਦੀ ਮਰਜੀ ਬਿਨਾ ਜਨਤਕ ਕਿਵੇਂ ਹੋਈ? ਗੁਰਮੀਤ ਪਿੰਕੀ ਦੇ ਝੂਠੇ ਪੁਲਿਸ ਮੁਕਾਬਲਿਆਂ ਬਾਰੇ ਖੁਲਾਸੇ 'ਤੇ ਪੰਜਾਬ ਸਰਕਾਰ ਨੇ ਕੋਈ ਐਕਸ਼ਨ ਕਿਉਂ ਨਹੀਂ ਲਿਆ? ਬੁਲਾਰਿਆਂ ਨੇ ਭਾਈ ਰਾਜੋਆਣਾ ਵਲੋਂ ਕਥਿਤ ਤੌਰ 'ਤੇ ਸ. ਸੰਧੂ ਦੀ ਦਸਤਾਰ ਉਤਾਰੇ ਜਾਣ ਦਾ ਸਖਤ ਨੋਟਿਸ ਲੈਂਦਿਆਂ ਕਿਹਾ ਕਿ ਅਗਰ ਇੱਕ ਅੰਮ੍ਰਿਤਧਾਰੀ ਸਿੰਘ ਹੀ ਦਸਤਾਰ ਦੀ ਬੇਅਦਬੀ ਕਰ ਰਿਹਾ ਤਾਂ ਇਸ ਬਾਰੇ ਰੌਲਾ ਪਾਇਆ ਬੇਅਰਥ ਹੈ।

ਇਸ ਮੀਟਿੰਗ ਵਿਚ ਹੋਰਨਾਂ ਤੋਂ ਇਲਾਵਾ ਗੁਰਨੇਕ ਸਿੰਘ ਬਾਗੜੀ, ਰਣਜੀਤ ਗਿੱਲ, ਅਮੋਲਕ ਸਿੰਘ ਸਿੱਧੂ, ਗੁਰਦੇਵ ਨਿੱਝਰ, ਜੰਗੀਰ ਸਿੰਘ ਗਿੱਲ, ਮਿੱਟੂ ਉਪਲੀ, ਪਾਲ ਧਾਲੀਵਾਲ, ਡਾ ਲਵਨੀਤ ਸਿੰਘ, ਨਾਜ਼ਰ ਸਿੰਘ ਸਹੋਤਾ, ਹਾਕਮ ਸਿੰਘ ਢਿੱਲੋਂ, ਜੱਸੀ ਸਟੋਨ ਟਰੱਕਿੰਗ ਅਤੇ ਪ੍ਰਮੋਦ ਲੋਈ ਹਾਜਰ ਸਨ।


ਪੰਜਾਬੀ ਰੇਡੀਓ ਯੂਐਸਏ
Punjabi RADIO USA
ON THE AIR
Uniting Punjabi's All Over
24 ਘੰਟੇ ਸੱਤੇ ਦਿਨ ਸੁਣੋ
Listen on :
Radio Sets (CA, WA, NV)
Dial in
832-551-5029 or 605-475-6868
Android & iPhone App
www.PunjabiRadioUSA.com
Ph: 408-272-5200


## ਬੀ.ਐਸ.ਐਫ. ਦੇ ਜਹਾਜ਼ ਨੂੰ ਹਾਦਸਾ, 10 ਹਲਾਕ

**ਨਵੀਂ ਦਿੱਲੀ:** ਉਦਰਾ ਗਾਂਧੀ ਕੌਮਾਂਤਰੀ ਹਵਾਈ ਅੱਡੇ ਤੋਂ ਰਾਂਚੀ ਲਈ ਉਡਾਣ ਭਰਨ ਵਾਲਾ ਸੀਮਾ ਸੁਰੱਖਿਆ ਬਲ (ਬੀ.ਐਸ.ਐਫ.) ਦਾ ਜਹਾਜ਼ ਦਵਾਰਕਾ ਨੇੜਲੇ ਪਿੰਡ ਸ਼ਾਹਬਾਦ ਮੁਹੰਮਦਪੁਰ ਵਿਚ ਹਾਦਸਾਗ੍ਰਸਤ ਹੋ ਗਿਆ। ਉਸ ਹਾਦਸੇ ਵਿਚ ਸਾਰੇ ਦਸ ਜਹਾਜ਼ ਸਵਾਰਾਂ ਦੀ ਮੌਤ ਹੋ ਗਈ। ਜਹਾਜ਼ ਦੇ ਉਡਾਣ ਭਰਨ ਦੇ ਕੁਝ ਮਿੰਟਾਂ ਮਗਰੋਂ ਹੀ ਤਕਨੀਕੀ ਗੜਬੜੀ ਹੋ ਗਈ। ਪਾਇਲਟ ਨੇ ਹੰਗਾਮੀ ਹਾਲਤ ਵਿਚ ਜਹਾਜ਼ ਨੂੰ ਸੀਵਰੇਜ ਪਲਾਂਟ ਦੇ ਤਲਾਬ ਕੋਲ ਉਤਾਰਨਾ ਚਾਹਿਆ ਪਰ ਇਸ ਤੋਂ ਪਹਿਲਾਂ ਹੀ ਜਹਾਜ਼ ਦਾ ਸੰਪਰਕ ਟੁੱਟ ਗਿਆ।

## ਬਾਲ ਅਪਰਾਧ ਰੋਕੂ ਬਿਲ ਪਾਸ

**ਨਵੀਂ ਦਿੱਲੀ:** ਭਾਰਤ ਨੂੰ ਹਿਲਾ ਕੇ ਰੱਖ ਦੇਣ ਵਾਲੇ 16 ਦਸੰਬਰ, 2012 ਵਿਚ ਦਿੱਲੀ ਦੇ ਸਮੂਹਿਕ ਬਲਾਤਕਾਰ ਤੇ ਹੱਤਿਆ ਕੇਸ ਦੇ ਨਾਬਾਲਗ ਦੋਸ਼ੀ ਦੀ ਰਿਹਾਈ ਬਾਅਦ ਸੰਸਦ ਨੇ ਜੁਵੇਨਾਇਲ ਜਸਟਿਸ ਬਿੱਲ ਪਾਸ ਕਰ ਦਿੱਤਾ ਹੈ। ਇਸ ਨਾਲ ਬਲਾਤਕਾਰ ਸਮੇਤ ਹੋਰ ਸੰਗੀਨ ਅਪਰਾਧਾਂ ਵਿਚ ਕਿਸ਼ੋਰ ਮੰਨੇ ਜਾਣ ਦੀ ਉਮਰ ਨੂੰ 18 ਤੋਂ ਘਟਾ ਕੇ 16 ਸਾਲ ਕਰ ਦਿੱਤਾ ਗਿਆ ਹੈ। ਇਸ ਵਿਚ ਕਿਸ਼ੋਰ ਨਿਆਂ ਬੋਰਡ ਦੇ ਪੁਨਰਗਠਨ ਸਮੇਤ ਕਈ ਹੋਰ ਨਵੀਆਂ ਮੱਦਾਂ ਜੋੜੀਆਂ ਗਈਆਂ ਹਨ।

ਕਿਸ਼ੋਰ (ਬੱਚਿਆਂ ਦੀ ਦੇਖਭਾਲ ਤੇ ਸੁਰੱਖਿਆ) ਬਿੱਲ ਨੂੰ ਰਾਜ ਸਭਾ ਵਿਚ ਜ਼ੁਬਾਨੀ ਵੋਟਾਂ ਨਾਲ ਪਾਸ ਕਰ ਦਿੱਤਾ ਗਿਆ। ਖੱਬੇਪੱਖੀ ਧਿਰਾਂ ਇਸ ਬਿੱਲ ਨੂੰ ਵਿਚਾਰ-ਵਟਾਂਦਰੇ ਲਈ ਸਿਲੈਕਸ਼ਨ ਕਮੇਟੀ ਕੋਲ ਭੇਜਣਾ ਚਾਹੁੰਦੀਆਂ ਸਨ ਪਰ ਉਨ੍ਹਾਂ ਦੀ ਮੰਗ ਨਾ ਮੰਨੇ ਜਾਣ ਕਾਰਨ ਉਹ ਵਾਕਆਊਟ ਕਰ ਗਏ। ਇਸ ਬਾਅਦ ਬਿੱਲ ਪਾਸ ਕਰ ਦਿੱਤਾ ਗਿਆ। ਲੋਕ ਸਭਾ ਵੱਲੋਂ ਪਹਿਲਾਂ ਹੀ ਇਹ ਬਿੱਲ ਪਾਸ ਕੀਤਾ ਜਾ ਚੁੱਕਾ ਹੈ।


Golden State Realty
9912 Kapalua Ln., Elk Grove, CA 95624



Please Contact For
Commercial
or
Residential
Needs

Sohanpreet (Sam) Chahal
CA Lic. 01504071
Realtor/CEO
CRE Group Inc.
Multi Million Dollar Producers
2009 to 2014

ਅਸੀਂ ਲੋਨ ਲੈਣ ਵਿਚ ਤੁਹਾਡੀ ਮਦਦ ਕਰਦੇ ਹਾਂ

Call: Sohanpreet 'Sam' Chahal
Ph: 916-612-5773
email: samchahal@hotmail.com
Serving all over California



ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School
ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ
ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



Call For Special Price
Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058
1816 Main Ave., Secramento CA, 95838

# ਨਸ਼ਾ ਤਸਕਰਾਂ ਦੀਆਂ 120 ਕਰੋੜ ਦੀਆਂ ਜਾਇਦਾਦਾਂ ਜ਼ਬਤ

**ਜਲੰਧਰ:** ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਨੇ ਪੰਜਾਬ ਦੇ ਬਹੁ-ਚਰਚਿਤ ਸਿੰਥੈਟਿਕ ਡਰੱਗਜ਼ ਕੇਸ ਵਿਚ ਨਸ਼ਾ ਤਸਕਰਾਂ ਦੀਆਂ 120 ਕਰੋੜ ਦੀਆਂ 82 ਜਾਇਦਾਦਾਂ ਜ਼ਬਤ ਕਰ ਲਈਆਂ ਹਨ। ਸਿੰਥੈਟਿਕ ਡਰੱਗ ਦੇ ਮੁੱਖ ਸਰਗਨੇ ਜਗਦੀਸ਼ ਭੋਲਾ ਸਮੇਤ 12 ਜਣਿਆਂ ਦੀਆਂ ਜਾਇਦਾਦਾਂ ਜ਼ਬਤ ਕੀਤੀਆਂ ਗਈਆਂ ਹਨ। ਇਨ੍ਹਾਂ ਵਿਚ ਸਾਬਕਾ ਜੇਲ੍ਹ ਮੰਤਰੀ ਸਰਵਣ ਸਿੰਘ ਫਿਲੌਰ ਦੇ ਕਰੀਬੀ ਚੂਨੀ ਲਾਲ ਗਾਬਾ ਤੇ ਉਸ ਦੇ ਦੋ ਪੁੱਤਰ ਵੀ ਸ਼ਾਮਲ ਹਨ।

ਚੂਨੀ ਲਾਲ ਗਾਬਾ ਦੀਆਂ 11 ਕੰਪਨੀਆਂ ਤੇ ਇਕ ਕਰੋੜ 25 ਲੱਖ ਦੀਆਂ 34 ਐਫਡੀਜ਼ ਵੀ ਜ਼ਬਤ ਕੀਤੀਆਂ ਗਈਆਂ ਹਨ। ਇਸ ਤੋਂ ਇਲਾਵਾ ਬਿੱਟੂ ਔਲਖ, ਗੁਰਦੀਪ ਸਿੰਘ ਮਨਚੰਦਾ, ਅਵਤਾਰ ਤਾਰੀ, ਹਰਪ੍ਰੀਤ ਸਿੰਘ ਤੇ ਐਨ.ਆਰ.ਆਈ ਡੀ.ਐਸ. ਨਰਵਾਲ ਦੀਆਂ ਜਾਇਦਾਦਾਂ ਜ਼ਬਤ ਕੀਤੀਆਂ ਗਈਆਂ ਹਨ। ਈ.ਡੀ. ਦੇ ਸੂਤਰਾਂ ਅਨੁਸਾਰ ਬਿੱਟੂ ਔਲਖ ਦੀਆਂ ਤਕਰੀਬਨ 10 ਜਾਇਦਾਦਾਂ ਜ਼ਬਤ ਕੀਤੀਆਂ ਗਈਆਂ ਹਨ। ਇਨ੍ਹਾਂ ਵਿਚ ਉਸ ਦੀ ਪਤਨੀ ਤੇ ਉਸ ਦੇ ਪਿਤਾ ਦੇ ਨਾਵਾਂ ਉਤੇ ਵੀ ਜਾਇਦਾਦਾਂ ਸਨ ਜਿਹੜੀਆਂ ਕਿ ਲੋਪੋਕੇ ਤੇ ਝੇਪਾਂ ਇਲਾਕੇ ਦੀਆਂ ਦੱਸੀਆਂ ਜਾਂਦੀਆਂ ਹਨ। ਇਸੇ ਤਰ੍ਹਾਂ ਜਗਦੀਸ਼ ਭੋਲਾ ਦੀਆਂ ਨੰਗਲ ਵਿਚਲੀਆਂ ਜਾਇਦਾਦਾਂ ਜ਼ਬਤ ਕੀਤੀਆਂ ਹਨ। ਈ.ਡੀ. ਨੇ ਭੋਲੇ ਦੀ ਪਹਿਲਾਂ ਵੀ 14 ਕਰੋੜ ਦੀ



ਜਾਇਦਾਦ ਅਪਰੈਲ ਵਿਚ ਜ਼ਬਤ ਕੀਤੀ ਸੀ।

ਚੂਨੀ ਲਾਲ ਗਾਬਾ ਦੀਆਂ ਫਗਵਾੜਾ, ਫਿਲੌਰ, ਗੰਗਰੇਟ ਤੇ ਅੰਬ ਵਿਚਲੀਆਂ ਜਾਇਦਾਦਾਂ ਜ਼ਬਤ ਕੀਤੀਆਂ ਗਈਆਂ ਹਨ, ਜਦੋਂਕਿ ਐਨ.ਆਰ.ਆਈ. ਡੀ.ਐਸ. ਨਰਵਾਲ ਦੀਆਂ 15 ਜਾਇਦਾਦਾਂ ਨੂੰ ਜ਼ਬਤ ਕੀਤਾ ਗਿਆ ਹੈ ਜਿਨ੍ਹਾਂ ਵਿਚ ਦਿੱਲੀ ਵਿਚਲੀਆਂ ਦੁਕਾਨਾਂ ਤੇ ਗੰਗਾਨਗਰ ਦੀ ਖੇਤੀਬਾੜੀ ਵਾਲੀ ਜ਼ਮੀਨ ਵੀ ਸ਼ਾਮਲ ਦੱਸੀ ਜਾ ਰਹੀ ਹੈ। ਇਨਫੋਰਸਮੈਂਟ ਡਾਇਰੈਕਟੋਰੇਟ ਦੇ ਸਹਾਇਕ ਡਾਇਰੈਕਟਰ ਨਿਰੰਜਨ ਸਿੰਘ ਦੀ ਅਗਵਾਈ ਵਿਚ ਭੋਲਾ ਡਰੱਗ ਮਾਮਲੇ ਵਿਚ ਕਾਰਵਾਈ ਕੀਤੀ ਗਈ ਹੈ। ਵਿਭਾਗ ਨੇ ਇਸ ਮਾਮਲੇ ਵਿਚ ਜਿਹੜੀਆਂ ਜਾਇਦਾਦਾਂ ਜ਼ਬਤ ਕੀਤੀਆਂ ਹਨ, ਉਹ ਪੰਜਾਬ, ਹਿਮਾਚਲ ਪ੍ਰਦੇਸ਼, ਜੰਮੂ, ਹਰਿਆਣਾ ਵਿਚ ਸ਼ਾਮਲ ਦੱਸੀਆਂ ਜਾਂਦੀਆਂ ਹਨ। ਇਕ ਚਰਚਿਤ ਰਹੇ ਕਾਰੋਬਾਰੀ ਖਿਲਾਫ ਈ.ਡੀ. ਨੇ ਪਹਿਲਾਂ ਹੀ ਕਾਰਵਾਈ ਕੀਤੀ ਸੀ ਤੇ ਉਸ ਦੀਆਂ 85 ਕਰੋੜ ਰੁਪਏ ਮੁੱਲ ਦੀਆਂ ਜਾਇਦਾਦਾਂ ਜ਼ਬਤ ਕੀਤੀਆਂ ਦੱਸੀਆਂ ਜਾ ਰਹੀਆਂ ਹਨ। ਪੁਲਿਸ ਨੇ ਡਰੱਗ ਮਾਮਲੇ ਦੀ ਜਾਂਚ ਲਈ ਹਿਮਾਚਲ ਪ੍ਰਦੇਸ਼ ਵਿਚ ਵੀ ਛਾਪੇਮਾਰੀ ਕੀਤੀ ਸੀ ਤੇ ਇਕ ਪੀ.ਏ. ਦੇ ਨਾਂ ਉਤੇ ਜਾਇਦਾਦ ਜ਼ਬਤ ਕੀਤੀ ਗਈ।

## ਨਸ਼ੇੜੀਆਂ ਨੂੰ ਜੇਲ੍ਹਾਂ ਵਿਚ ਡੱਕਣਾ ਬੁਰਾਈ ਦਾ ਹੱਲ ਨਹੀਂ: ਹਾਈ ਕੋਰਟ

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਹਾਈਕੋਰਟ ਨੇ ਅਹਿਮ ਫੈਸਲਾ ਸੁਣਾਉਂਦਿਆਂ ਕਿਹਾ ਹੈ ਕਿ ਨਸ਼ੇੜੀਆਂ ਨੂੰ ਜੇਲ੍ਹਾਂ ਵਿਚ ਡੱਕਣਾ ਬੁਰਾਈ ਦਾ ਹੱਲ ਨਹੀਂ ਹੈ।

ਮਨੁੱਖੀ ਭਾਵਨਾ ਨੂੰ ਧਿਆਨ ਵਿਚ ਰੱਖਦਿਆਂ ਇਨ੍ਹਾਂ ਦੇ ਨਾਲ ਹਮਦਰਦੀ ਵਾਲਾ ਵਰਤਾਅ ਕਰਨਾ ਚਾਹੀਦਾ ਹੈ ਤੇ ਇਨ੍ਹਾਂ ਦੇ ਮੁੜ ਵਸੇਬੇ ਦੇ ਯਤਨ ਕਰਨੇ ਚਾਹੀਦੇ ਹਨ। ਹਾਈਕੋਰਟ ਦਾ ਇਹ ਅਹਿਮ ਫੈਸਲਾ ਉਦੋਂ ਆਇਆ ਹੈ ਜਦੋਂ ਅਦਾਲਤ ਨੇ ਪੰਜਾਬ ਸਰਕਾਰ ਵੱਲੋਂ ਇਕ ਪੁਲਿਸ ਮੁਲਾਜ਼ਮ ਨੂੰ ਮੁਅੱਤਲੀ ਸਬੰਧੀ ਦਾਇਰ ਪਟੀਸ਼ਨ ਦਾ ਨਿਪਟਾਰਾ ਕਰਦਿਆਂ ਪੁਲਿਸ ਵਿਭਾਗ ਵੱਲੋਂ ਦਿੱਤੀ ਸਜ਼ਾ ਨੂੰ ਸੰਵਿਧਾਨ ਦੀ ਭਾਵਨਾ ਦੇ ਉਲਟ ਦੱਸਿਆ।

## ਕਾਰਖਾਨਿਆਂ ਦੇ ਪਾਣੀ ਦੀ ਨਿਕਾਸੀ ਲਈ ਹਾਲੇ ਵੀ ਨਾ ਬਣੀ ਨੀਤੀ

**ਲੁਧਿਆਣਾ:** ਪੰਜਾਬ ਸਰਕਾਰ ਕਾਰਖਾਨਿਆਂ ਦੇ ਗੰਦੇ ਪਾਣੀ ਦੀ ਨਿਕਾਸੀ ਦਾ ਕੋਈ ਹੱਲ ਕੱਢਣ ਵਿਚ ਨਾਕਾਮ ਰਹੀ ਹੈ ਤੇ ਲੋਕਾਂ ਨੂੰ ਬਿਨਾਂ ਵਜ੍ਹਾ ਮੌਤ ਦੇ ਮੂੰਹ ਵੱਲ ਧੱਕਿਆ ਜਾ ਰਿਹਾ ਹੈ। ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਦੇ ਮੈਂਬਰ ਤੇ ਵਾਤਾਵਰਣ ਪ੍ਰੇਮੀ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਕਿਹਾ ਹੈ ਕਿ ਗੰਦਾ ਪਾਣੀ ਬਾਈਪਾਸ ਕਰਕੇ ਉਸੇ ਤਰ੍ਹਾਂ ਹੀ ਬੁੱਢੇ ਨਾਲੇ ਵਿਚ ਪਾਇਆ ਜਾ ਰਿਹਾ ਹੈ। ਉਹ ਤੀਜੀ ਵਾਰ ਬਲੀਪੁਰ ਖੁਰਦ ਗਏ ਹਨ। ਸਾਲ 2009 ਵਿਚ ਉਨ੍ਹਾਂ ਨੇ ਪੰਜਾਬ ਦੇ ਗੰਦੇ ਪਾਣੀਆਂ ਨੂੰ ਲੈ ਕੇ ਚੇਤਨਾ ਮਾਰਚ ਕੱਢਿਆ ਸੀ, ਉਦੋਂ ਵੀ ਉਹ ਇਸ ਪਿੰਡ ਵਿਚ ਗਏ ਸਨ। ਉਨ੍ਹਾਂ ਗੰਦੇ ਪਾਣੀਆਂ ਨੂੰ ਮਨੁੱਖਤਾ ਲਈ ਘਾਣ ਦੱਸਿਆ ਅਤੇ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਪਹਿਲ ਦੇ ਅਧਾਰ ਉਤੇ ਗੰਦੇ ਪਾਣੀਆਂ ਦੇ ਸਿਸਟਮ ਵਿਚ ਕੋਈ ਮਹੱਤਵਪੂਰਨ ਤਬਦੀਲੀ ਕਰੇ। ਪੰਜਾਬ ਦੇ ਮਾਲਵਾ ਖੇਤਰ ਤੇ ਰਾਜਸਥਾਨ ਦੇ ਲੋਕ ਇਸ ਪਾਣੀ ਨੂੰ ਪੀਣ ਲਈ ਮਜਬੂਰ ਹਨ ਕਿਉਂਕਿ ਲੁਧਿਆਣੇ ਦੇ ਗੰਦੇ ਨਾਲੇ ਦਾ ਪਾਣੀ ਨਹਿਰਾਂ ਰਾਹੀਂ ਮਾਲਵਾ ਤੇ ਰਾਜਸਥਾਨ ਵੱਲ ਜਾਂਦਾ ਹੈ।

# ਸੇਮ ਦਾ ਹੱਲ ਕਰਨਗੀਆਂ ਹਾਲੈਂਡ ਦੀਆਂ ਮਸ਼ੀਨਾਂ

**ਮੁਕਤਸਰ:** ਮਾਲਵੇ ਇਲਾਕੇ ਵਿਚ ਸੇਮ ਦਾ ਹੱਲ ਕੱਢਣ ਲਈ ਪੰਜਾਬ ਸਰਕਾਰ ਨੇ 20 ਕਰੋੜ ਰੁਪਏ ਦੀ ਲਾਗਤ ਨਾਲ ਦੋ ਅਤਿ ਆਧੁਨਿਕ ਮਸ਼ੀਨਾਂ ਦੇ ਸੈੱਟ ਹਾਲੈਂਡ ਤੋਂ ਮੰਗਵਾਏ ਹਨ, ਜੋ ਬਿਨਾਂ ਕਿਸੇ ਬਾਹਰੀ ਮਦਦ ਦੇ ਆਪਣੇ ਆਪ ਜ਼ਮੀਨਦੋਜ਼ ਪਾਈਪਾਂ ਪਾ ਸਕਦੀਆਂ ਹਨ। ਪਾਈਪਾਂ ਦੀ ਕਿਸ ਪਾਸੇ ਕਿੰਨੀ ਨਿਵਾਣ ਰੱਖਣੀ ਹੈ, ਇਹ ਵੀ ਮਸ਼ੀਨਾਂ ਆਪ ਨਿਰਧਾਰਤ ਕਰਦੀਆਂ ਹਨ। ਜ਼ਿਕਰਯੋਗ ਹੈ ਕਿ ਕੁਝ ਵਰ੍ਹੇ ਪਹਿਲਾਂ ਪੰਜਾਬ ਦੀ 1.08 ਲੱਖ ਏਕੜ ਜ਼ਮੀਨ ਸੇਮ ਤੋਂ ਪ੍ਰਭਾਵਤ ਸੀ, ਪਰ ਪੰਜਾਬ ਸਰਕਾਰ ਵੱਲੋਂ ਕੀਤੇ ਯਤਨਾਂ ਸਦਕਾ ਹੁਣ ਸੇਮ ਦੀ ਸਮੱਸਿਆ 60 ਹਜ਼ਾਰ ਏਕੜ ਤੱਕ ਸਿਮਟ ਚੁੱਕੀ ਹੈ।



ਪੰਜਾਬ ਦੇ ਸਿੰਚਾਈ ਸਕੱਤਰ ਕਾਹਨ ਸਿੰਘ ਪੰਨੂ ਨੇ ਦੱਸਿਆ ਹੈ ਕਿ ਇਸ ਜ਼ਮੀਨਦੋਜ਼ ਪਾਈਪ ਪ੍ਰੋਜੈਕਟ ਤਹਿਤ ਸਰਕਾਰ ਵੱਲੋਂ ਮਾਰਚ 2017 ਤੱਕ 53 ਪਿੰਡਾਂ ਵਿਚ 12882 ਏਕੜ ਭੂਮੀ ਦਾ ਸੁਧਾਰ ਕੀਤਾ ਜਾਣਾ ਹੈ ਤੇ ਇਸ ਉਤੇ ਕੁੱਲ 250 ਕਰੋੜ ਰੁਪਏ ਖਰਚੇ ਜਾਣੇ ਹਨ। ਇਸ ਪ੍ਰੋਜੈਕਟ ਤਹਿਤ ਸੇਮ ਕਾਰਨ ਨਕਾਰਾ ਹੋ ਚੁੱਕੀਆਂ ਜ਼ਮੀਨਾਂ ਵਿਚ 5 ਤੋਂ 6 ਫੁੱਟ ਦੀ ਡੂੰਘਾਈ ਉਤੇ ਸੁਰਾਖਦਾਰ ਪਾਈਪਾਂ ਦਾ ਜਾਲ ਵਿਛਾਇਆ ਜਾਂਦਾ ਹੈ। ਇਨ੍ਹਾਂ ਸੁਰਾਖਦਾਰ ਪਾਈਪਾਂ ਰਾਹੀਂ ਸੇਮ ਦਾ ਪਾਣੀ ਇਕੱਤਰ ਹੋ ਕੇ ਇਕ ਵੱਡੀ ਪਾਈਪ ਰਾਹੀਂ ਵਿਸ਼ੇਸ਼ ਤੌਰ ਉਤੇ ਬਣਾਈ ਡਿੱਗੀ ਵਿਚ ਇਕੱਤਰ ਹੋ ਜਾਂਦਾ ਹੈ, ਜਿਥੋਂ ਇਸ ਪਾਣੀ ਨੂੰ ਸੇਮ ਨਾਲੇ ਵਿਚ ਸ਼ਿਫਟ ਕਰ ਦਿੱਤਾ ਜਾਂਦਾ ਹੈ।

ਉਨ੍ਹਾਂ ਇਹ ਵੀ ਦੱਸਿਆ ਕਿ ਇਸ ਤਰ੍ਹਾਂ ਖੇਤ ਵਿਚ ਪਹਿਲੇ ਸਾਲ ਘੱਟ ਪਾਣੀ ਵਾਲੀਆਂ ਫਸਲਾਂ ਬੀਜ ਕੇ ਸੇਮ ਕਾਰਨ ਜ਼ਮੀਨ ਵਿਚ ਆਏ ਹਾਨੀਕਾਰਕ ਲੂਣੇ ਪਦਾਰਥਾਂ ਨੂੰ ਹੇਠਾਂ ਭੇਜ ਦਿੱਤਾ ਜਾਂਦਾ ਹੈ ਤੇ ਇਸ ਤੋਂ ਬਾਅਦ ਆਮ ਵਾਂਗ ਇਨ੍ਹਾਂ ਖੇਤਾਂ ਵਿਚ ਖੇਤੀ ਹੋ ਸਕਦੀ ਹੈ। ਪ੍ਰਤੀ ਏਕੜ ਪਾਈਪਾਂ ਪਾਉਣ ਉਤੇ 80 ਹਜ਼ਾਰ ਰੁਪਏ ਤੋਂ ਵੱਧ ਦਾ ਖਰਚ ਆਉਂਦਾ ਹੈ ਤੇ ਪੰਜਾਬ ਸਰਕਾਰ ਇਹ ਪਾਈਪਾਂ ਮੁਫਤ ਪਾ ਕੇ ਦਿੰਦੀ ਹੈ ਤਾਂ ਜੋ ਕਿਸਾਨਾਂ ਦੀ ਜ਼ਮੀਨ ਨੂੰ ਮੁੜ ਤੋਂ ਵਾਹੀਯੋਗ ਕਰ ਕੇ ਉਨ੍ਹਾਂ ਨੂੰ ਆਰਥਿਕ ਸਹਾਰਾ ਦਿੱਤਾ ਜਾ ਸਕੇ।

## ਨੈਸ਼ਨਲ ਹੈਰਾਲਡ: ਸੋਨੀਆ ਤੇ ਰਾਹੁਲ ਗਾਂਧੀ ਨੂੰ ਮਿਲੀ ਜ਼ਮਾਨਤ

**ਨਵੀਂ ਦਿੱਲੀ:** ਨੈਸ਼ਨਲ ਹੈਰਾਲਡ ਕੇਸ ਵਿਚ ਸੋਨੀਆ ਗਾਂਧੀ ਤੇ ਰਾਹੁਲ ਗਾਂਧੀ ਨੂੰ ਜ਼ਮਾਨਤ ਮਿਲ ਗਈ ਹੈ। ਮਾਮਲੇ ਦੀ ਅਗਲੀ ਸੁਣਵਾਈ ਲਈ 20 ਫਰਵਰੀ, 2016 ਦੀ ਤਰੀਕ ਤੈਅ ਕੀਤੀ ਗਈ ਹੈ। ਅਦਾਲਤ ਵਿਚ ਦਲੀਲ ਦਿੰਦੇ ਹੋਏ ਸ਼ਿਕਾਇਤਕਰਤਾ ਸੁਬਰਾਮਨੀਅਮ ਨੇ ਜ਼ਮਾਨਤ ਦੇਣ ਦਾ ਵਿਰੋਧ ਕੀਤਾ। ਉਨ੍ਹਾਂ ਕਿਹਾ ਕਿ ਸੋਨੀਆ ਤੇ ਰਾਹੁਲ ਦੇਸ਼ ਛੱਡ ਕੇ ਭੱਜ ਸਕਦੇ ਹਨ। ਕੋਰਟ ਨੇ ਇਨ੍ਹਾਂ ਦਲੀਲਾਂ ਨੂੰ ਦਰਕਿਨਾਰ ਕਰਦਿਆਂ ਜ਼ਮਾਨਤ ਦੇ ਦਿੱਤੀ। ਦੋਹਾਂ ਲਈ ਸਾਬਕਾ ਪੀ.ਐਮ. ਮਨਮੋਹਨ ਸਿੰਘ ਤੇ ਪ੍ਰਿਅੰਕਾ ਵਾਡਰਾ ਨੇ ਸ਼ਿਉਰਿਟੀ ਬੌਂਡ ਭਰਿਆ। ਇਸ ਮਾਮਲੇ ਵਿਚ ਕੁੱਲ ਛੇ ਲੋਕਾਂ ਉਤੇ ਇਲਜ਼ਾਮ ਲੱਗੇ ਹਨ।

# ਬਾਬੇ ਨੇ ਨਿਊ ਯਾਰਕ ਵਿਚ ਜੁੱਤੀ ਨਾਲ ਖਦੇੜਿਆ ਬੰਦੂਕਧਾਰੀ ਲੁਟੇਰਾ



**ਨਿਊ ਯਾਰਕ:** ਅਮਰੀਕਾ ਦੇ ਨਿਊ ਯਾਰਕ ਵਿਚ ਇਕ ਸਿੱਖ ਨੇ ਦਲੇਰੀ ਦਿਖਾਉਂਦੇ ਹੋਏ ਸਟੋਰ ਲੁੱਟਣ ਆਏ ਲੁਟੇਰੇ ਨੂੰ ਜੁੱਤੀ ਨਾਲ ਭਜਾ ਦਿੱਤਾ। 58 ਸਾਲ ਦੇ ਅਮਰੀਕ ਸਿੰਘ ਦੀ ਲੁਟੇਰੇ ਨਾਲ ਹੱਥੋਪਾਈ ਵੀ ਹੋਈ। ਕੋਈ ਵਾਹ ਨਾ ਚੱਲਦੇ ਦੇਖ ਲੁਟੇਰੇ ਨੂੰ ਭੱਜਣਾ ਪਿਆ।

ਅਸਲ ਵਿਚ ਦੇਰ ਰਾਤ ਪੈਟਰੋਲ ਪੰਪ ਉਤੇ ਸਥਿਤ ਸਟੋਰ ਨੂੰ ਲੁੱਟਣ ਲਈ ਇਕ ਹਥਿਆਰਬੰਦ ਵਿਅਕਤੀ ਆਇਆ। ਸਟੋਰ ਅੰਦਰ ਜਾਂਦੇ ਹੀ ਉਸ ਨੇ ਬੰਦੂਕ ਦੀ ਨੋਕ 'ਤੇ ਸਟੋਰ ਦੇ ਮਾਲਕ ਅਮਰੀਕ ਸਿੰਘ ਨੂੰ ਕੈਸ਼ ਦੇਣ ਲਈ ਆਖਿਆ। ਅਮਰੀਕ ਸਿੰਘ ਜਦੋਂ ਕੈਸ਼ ਕੱਢ ਰਿਹਾ ਸੀ ਤਾਂ ਉਸ ਨੇ ਦੇਖਿਆ ਕਿ ਲੁਟੇਰੇ ਦਾ ਧਿਆਨ ਕਿਸੇ ਹੋਰ ਪਾਸੇ ਹੈ। ਮੌਕਾ ਦੇਖ ਕੇ ਅਮਰੀਕ ਸਿੰਘ ਨੇ ਸਿੱਧਾ ਲੁਟੇਰੇ ਨੂੰ ਹੱਥ ਪਾ ਲਿਆ। ਅਮਰੀਕ ਸਿੰਘ ਨੇ ਆਪਣੀ ਜੁੱਤੀ ਕੱਢੀ ਤੇ ਲੁਟੇਰੇ ਦੇ ਮੂੰਹ ਉਤੇ ਮਾਰੀ। ਮੂੰਹ ਉਤੇ ਜੁੱਤੀ ਲੱਗਣ ਕਾਰਨ ਲੁਟੇਰਾ ਘਬਰਾ ਗਿਆ। ਇਸ ਤੋਂ ਬਾਅਦ ਲੁਟੇਰੇ ਨੇ ਗੋਲੀ ਵੀ ਚਲਾਈ, ਪਰ ਅਮਰੀਕ ਸਿੰਘ ਉਸ ਵਿਚ ਵਾਲ ਵਾਲ ਬਚ ਗਿਆ। ਇਸ ਤੋਂ ਬਾਅਦ ਕਾਫੀ ਸਮੇਂ ਤੱਕ ਲੁਟੇਰੇ ਤੇ ਅਮਰੀਕ ਸਿੰਘ ਵਿਚਾਲੇ ਝੜਪ ਵੀ ਹੋਈ। ਆਖਰਕਾਰ ਲੁਟੇਰੇ ਨੇ ਵਾਹ ਨਾ ਚੱਲਦੀ ਦੇਖ ਸਟੋਰ ਵਿਚੋਂ ਭੱਜਣ ਵਿਚ ਹੀ ਆਪਣੀ ਭਲਾਈ ਸਮਝੀ। ਸਾਰੀ ਘਟਨਾ ਸਟੋਰ ਅੰਦਰ ਲੱਗੇ ਸੀ.ਸੀ.ਟੀ.ਵੀ. ਕੈਮਰਿਆਂ ਵਿਚ ਕੈਦ ਵੀ ਹੋ ਗਈ।

# ਟਰੰਪ ਦੇ ਬਿਆਨ ਦਾ ਮਾਮਲਾ ਭਖਿਆ

**ਵਾਸ਼ਿੰਗਟਨ:** ਅਮਰੀਕੀ ਰਾਸ਼ਟਰਪਤੀ ਦੇ ਅਹੁਦੇ ਲਈ ਦੌੜ ਵਿਚ ਸ਼ਾਮਲ ਡੈਮੋਕਰੇਟਿਕ ਉਮੀਦਵਾਰ ਹਿਲੇਰੀ ਕਲਿੰਟਨ ਨੇ ਵਿਰੋਧੀ ਰਿਪਬਲੀਕਨ ਪਾਰਟੀ ਦੇ ਉਮੀਦਵਾਰ ਡੋਨਲਡ ਟਰੰਪ ਵੱਲੋਂ ਮੁਸਲਮਾਨਾਂ ਬਾਰੇ ਦਿੱਤੇ ਬਿਆਨ ਦੀ ਨੁਕਤਾਚੀਨੀ ਕੀਤੀ ਹੈ।

ਹਿਲੇਰੀ ਕਲਿੰਟਨ ਨੇ ਕਿਹਾ ਕਿ ਡੋਨਲਡ ਵੱਲੋਂ ਦਿੱਤੇ ਬਿਆਨ ਕਿ ਅਮਰੀਕਾ ਵਿਚ ਮੁਸਲਿਮਾਂ ਦੇ ਦਾਖਲੇ ਉਤੇ ਪਾਬੰਦੀ ਲਾਈ ਜਾਣੀ ਚਾਹੀਦੀ ਹੈ, ਦੇ ਵੀਡੀਓ ਦਿਖਾ ਕੇ ਅਤਿਵਾਦੀ ਇਸਲਾਮ ਦੇ ਨਾਂ ਉਤੇ ਨੌਜਵਾਨਾਂ ਨੂੰ ਉਕਸਾਉਂਦੇ ਹਨ। ਇਸ ਦਾ ਸਿੱਟਾ ਇਹ ਨਿਕਲ ਰਿਹਾ ਹੈ ਕਿ ਹੋਰ ਜੇਹਾਦੀ ਭਰਤੀ ਹੋ ਰਹੇ ਹਨ ਤੇ ਇਸ ਤਰ੍ਹਾਂ ਉਹ ਆਈ.ਐਸ. ਦਾ ਸਭ ਤੋਂ ਚੰਗਾ ਭਰਤੀਕਾਰ ਬਣ ਗਿਆ ਹੈ। ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਟਰੰਪ ਨੇ ਪ੍ਰਤੀਕਿਰਿਆ ਜ਼ਾਹਰ ਕੀਤੀ ਹੈ, ਇਹ ਅਮਰੀਕਾ ਦੇ ਹਿੱਤ ਵਿਚ ਨਹੀਂ ਹੈ। ਅਮਰੀਕਾ ਨੂੰ ਇਸ ਤਰ੍ਹਾਂ ਡਰ ਕੇ ਇਸ ਬੁਰਾਈ ਬਾਰੇ ਬਿਆਨ ਨਹੀਂ ਦੇਣੇ ਚਾਹੀਦੇ।

ਨਿਊ ਹੈਂਪਸ਼ਾਇਰ ਵਿਚ ਰਾਸ਼ਟਰਪਤੀ ਦੇ ਅਹੁਦੇ ਲਈ ਡੈਮੋਕਰੇਟਿਕ ਉਮੀਦਵਾਰਾਂ ਵਿਚ ਹੋਈ ਬਹਿਸ ਦੌਰਾਨ 69 ਸਾਲਾ ਰਿਪਬਲੀਕਨ ਆਗੂ ਦਾ ਬਿਆਨ ਸਭ ਤੋਂ ਵੱਧ ਚਰਚਾ ਦਾ ਵਿਸ਼ਾ ਬਣਿਆ ਰਿਹਾ ਹੈ ਜਦੋਂ ਕਿ ਹੋਰ ਕਿਸੇ ਰਿਪਬਲੀਕਨ ਉਮੀਦਵਾਰ ਸਬੰਧੀ ਕੋਈ ਖਾਸ ਬਹਿਸ ਨਹੀਂ ਹੋਈ। ਇਸ ਤੋਂ ਇਕ ਗੱਲ ਸਾਹਮਣੇ ਆਈ ਹੈ ਕਿ ਸਾਰੇ ਡੈਮੋਕਰੇਟ ਉਸ ਨੂੰ ਮੁੱਖ ਵਿਰੋਧੀ ਉਮੀਦਵਾਰ ਮੰਨਦੇ ਹਨ।

## ਡੋਨਲਡ ਟਰੰਪ ਦਾ ਮਲਾਲਾ ਨੇ ਕੀਤਾ ਵਿਰੋਧ

**ਬਰਮਿੰਘਮ:** ਪਾਕਿਸਤਾਨ ਦੀ ਨਾਗਰਿਕ ਯੂਸਫ ਮਲਾਲਾ ਨੇ ਅਮਰੀਕੀ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ ਡੋਨਲਡ ਟਰੰਪ ਦੀ ਮੁਸਲਮਾਨਾਂ 'ਤੇ ਕੀਤੀ ਗਈ ਟਿੱਪਣੀ ਦਾ ਵਿਰੋਧ ਕੀਤਾ ਹੈ। ਮਲਾਲਾ ਨੇ ਆਖਿਆ ਹੈ ਕਿ ਮੁਸਲਮਾਨਾਂ ਬਾਰੇ ਕੀਤੀਆਂ ਗਈਆਂ ਟਿੱਪਣੀਆਂ ਨਾਲ ਉਸ ਨੂੰ ਦੁੱਖ ਹੋਇਆ ਹੈ। ਮਲਾਲਾ ਅਨੁਸਾਰ ਇਹ ਟਿੱਪਣੀਆਂ ਨਫਰਤ ਫੈਲਾਉਣ ਵਾਲੀਆਂ ਹਨ।

# ਯੂ.ਐਨ.ਓ. ਅੱਗੇ ਰੱਖਿਆ ਪਿੰਕੀ ਦੇ ਇੰਕਸਾਫ ਦਾ ਮੁੱਦਾ

**ਅੰਮ੍ਰਿਤਸਰ:** ਸਾਬਕਾ ਪੁਲਿਸ ਕਰਮਚਾਰੀ ਗੁਰਮੀਤ ਸਿੰਘ ਪਿੰਕੀ ਵੱਲੋਂ ਅਤਿਵਾਦ ਵੇਲੇ ਬਣਾਏ ਗਏ ਫਰਜ਼ੀ ਪੁਲਿਸ ਮੁਕਾਬਲਿਆਂ ਦੇ ਕੀਤੇ ਖੁਲਾਸਿਆਂ ਦੀ ਇਕ ਰਿਪੋਰਟ ਸਿੱਖ ਆਗੂਆਂ ਵੱਲੋਂ ਸੰਯੁਕਤ ਰਾਸ਼ਟਰ ਤੇ ਯੂਰਪੀ ਸੰਸਦ ਨੂੰ ਸੌਂਪੀ ਗਈ ਹੈ।

ਸਿੱਖ ਆਗੂਆਂ ਨੇ ਮੰਗ ਕੀਤੀ ਹੈ ਕਿ ਪੁਲਿਸ ਤੇ ਸੁਰੱਖਿਆ ਦਸਤਿਆਂ ਵੱਲੋਂ ਗੈਰ-ਕਾਨੂੰਨੀ ਢੰਗ ਨਾਲ ਕੀਤੇ ਤਸ਼ੱਦਦ ਤੋਂ ਬਾਅਦ ਫਰਜ਼ੀ ਮੁਕਾਬਲਿਆਂ ਵਿਚ ਮਾਰੇ ਗਏ ਸਿੱਖਾਂ ਸਬੰਧੀ ਸਚਾਈ ਸਾਹਮਣੇ ਲਿਆਂਦੀ ਜਾਵੇ। ਦਲ ਖਾਲਸਾ ਦੇ ਸੀਨੀਅਰ ਮੈਂਬਰਾਂ ਪ੍ਰਿਤਪਾਲ ਸਿੰਘ ਸਵਿਟਜ਼ਰਲੈਂਡ ਤੇ ਗੁਰਦਿਆਲ ਸਿੰਘ ਨੇ ਜਨਾਬ ਅਫਜ਼ਲ ਖਾਨ, ਜੋ ਸੁਰੱਖਿਆ ਤੇ ਡਿਫੈਂਸ ਕਮੇਟੀ ਦੇ ਮੀਤ ਚੇਅਰਮੈਨ ਹਨ, ਨਾਲ ਯੂਰਪੀ ਸੰਸਦ ਦੇ ਹੈੱਡ-ਆਫਿਸ ਬਰੱਸਲਜ਼ (ਬੈਲਜੀਅਮ) ਵਿਚ ਮੁਲਾਕਾਤ ਕੀਤੀ।

ਉਨ੍ਹਾਂ ਨਾਲ ਪੰਜਾਬ ਦੀ ਸਥਿਤੀ ਖਾਸ ਕਰ ਕੇ ਮਨੁੱਖੀ ਅਧਿਕਾਰਾਂ ਦੇ ਲਗਾਤਾਰ ਹੋ ਰਹੇ ਘਾਣ ਸਬੰਧੀ ਅੱਧਾ ਘੰਟਾ ਚਰਚਾ ਕੀਤੀ। ਜਥੇਬੰਦੀ ਦੇ ਬੁਲਾਰੇ ਕੰਵਰਪਾਲ ਸਿੰਘ ਨੇ ਦੱਸਿਆ ਕਿ ਪਿੰਕੀ ਵੱਲੋਂ ਕੀਤੇ ਇੰਕਸਾਫ ਤੋਂ ਬਾਅਦ ਜਥੇਬੰਦੀ ਦੇ



ਯੂਰਪ ਯੂਨਿਟ ਨੇ ਸੰਯੁਕਤ ਰਾਸ਼ਟਰ ਤੇ ਯੂਰਪੀ ਸੰਸਦ ਨਾਲ ਸੰਪਰਕ ਕੀਤਾ ਤਾਂ ਜੋ ਪੰਜਾਬ ਵਿਚ ਪੁਲਿਸ ਪ੍ਰਸ਼ਾਸਨ ਵੱਲੋਂ ਸਿੱਖਾਂ ਉੱਤੇ ਕੀਤੇ ਗਏ ਜ਼ੁਲਮਾਂ ਦੀ ਅੰਤਰਰਾਸ਼ਟਰੀ ਪੱਧਰ ਉਤੇ ਨਿਰਪੱਖ ਜਾਂਚ ਲਈ ਬੇਨਤੀ ਕੀਤੀ ਜਾ ਸਕੇ। ਅਫਜ਼ਲ ਖਾਨ ਨੂੰ ਸੌਂਪੇ ਯਾਦ-ਪੱਤਰ ਵਿਚ ਸਿੱਖ ਆਗੂਆਂ ਨੇ ਪਿੰਕੀ ਵੱਲੋਂ ਸਾਬਕਾ ਡੀ.ਜੀ.ਪੀ. ਸੁਮੇਧ ਸਿੰਘ ਸੈਣੀ ਸਮੇਤ ਪੁਲਿਸ ਦੇ ਉੱਚ-ਅਧਿਕਾਰੀਆਂ ਵੱਲੋਂ ਸਾਰੇ ਕਾਨੂੰਨ ਛਿੱਕੇ-ਟੰਗ ਕੇ ਕੀਤੇ ਜ਼ੁਲਮਾਂ ਦਾ ਵੇਰਵਾ ਦਿੰਦਿਆਂ ਮੰਗ ਕੀਤੀ ਕਿ ਯੂਰਪੀ ਸੰਸਦ ਆਪਣਾ ਪ੍ਰਭਾਵ ਵਰਤ ਕੇ ਭਾਰਤ ਸਰਕਾਰ ਨੂੰ ਕਟਹਿਰੇ ਵਿਚ ਖੜ੍ਹਾ ਕਰੇ ਅਤੇ ਯਕੀਨੀ ਬਣਾਵੇ ਕਿ ਉਹ ਮਨੁੱਖੀ ਅਧਿਕਾਰਾਂ ਅਤੇ ਕਾਨੂੰਨ ਦਾ ਰਾਜ ਬਹਾਲ ਕਰੇ।

ਵਫਦ ਨੇ ਦੱਸਿਆ ਕਿ ਮਨੁੱਖੀ ਅਧਿਕਾਰ ਜਥੇਬੰਦੀਆਂ ਤੇ ਨਿਆਂ-ਪਸੰਦ ਪਾਰਟੀਆਂ ਵੱਲੋਂ ਪੰਜਾਬ ਵਿਚ ਹੋਏ ਮਨੁੱਖੀ ਅਧਿਕਾਰਾਂ ਦੇ ਘਾਣ ਲਈ ਲੰਬੇ ਸਮੇਂ ਤੋਂ ਇਨਸਾਫ ਦੀ ਦੁਹਾਈ ਦਿੱਤੀ ਜਾ ਰਹੀ ਸੀ ਪਰ ਨਾ ਤਾਂ ਅਦਾਲਤਾਂ ਤੇ ਨਾ ਹੀ ਯੂ.ਐਨ.ਓ. ਨੇ ਉਨ੍ਹਾਂ ਦੀ ਸੁਣੀ। ਹੁਣ ਪਿੰਕੀ ਨੇ ਜੋ ਖੁਲਾਸਾ ਕੀਤਾ ਹੈ ਉਸ ਨਾਲ ਮਨੁੱਖੀ ਅਧਿਕਾਰ ਜਥੇਬੰਦੀਆਂ ਤੇ ਨਿਆਂ-ਪਸੰਦ ਪਾਰਟੀਆਂ ਵੱਲੋਂ ਚਿਰਾਂ ਤੋਂ ਪ੍ਰਗਟਾਏ ਜਾ ਰਹੇ ਤੌਖਲਿਆਂ ਉਤੇ ਮੋਹਰ ਲੱਗੀ ਹੈ।

ਉਨ੍ਹਾਂ ਅੰਗਰੇਜ਼ੀ ਦੀ ਇਕ ਮੈਗਜ਼ੀਨ ਵੀ ਅਫਜ਼ਲ ਖਾਨ ਨੂੰ ਸੌਂਪੀ, ਜਿਸ ਵਿਚ ਪਿੰਕੀ ਵੱਲੋਂ ਕੀਤੇ ਖੁਲਾਸਿਆਂ ਦੀ ਵਿਸਥਾਰਿਤ ਰਿਪੋਰਟ ਪ੍ਰਕਾਸ਼ਿਤ ਹੋਈ ਹੈ। ਉਨ੍ਹਾਂ ਨੇ ਯੂਰਪੀ ਸੰਸਦ ਦੇ ਮੈਂਬਰ ਤੋਂ ਮੰਗ ਕੀਤੀ ਕਿ ਉਹ ਸਿੱਖਾਂ ਦੀ ਰਾਜਨੀਤਿਕ ਸਮੱਸਿਆ ਦੇ ਸਨਮਾਨਯੋਗ ਹੱਲ ਲਈ ਹਾਂ-ਪੱਖੀ ਭੂਮਿਕਾ ਨਿਭਾਵੇ।

# ਬੈਂਕ ਚੋਰੀ ਤੇ ਲੁੱਟ-ਖੋਹ 'ਚ ਪੰਜਾਬ ਦਾ ਪਹਿਲਾ ਨੰਬਰ

**ਬਠਿੰਡਾ:** ਬੈਂਕ ਚੋਰੀ ਤੇ ਲੁੱਟ-ਖੋਹ ਵਿਚ ਪੰਜਾਬ ਦਾ ਦੇਸ਼ ਵਿਚੋਂ ਪਹਿਲਾ ਨੰਬਰ ਹੈ। ਵੇਰਵਿਆਂ ਅਨੁਸਾਰ ਪੰਜਾਬ ਵਿਚ ਸਾਢੇ ਤਿੰਨ ਵਰ੍ਹਿਆਂ ਵਿਚ ਬੈਂਕ ਡਕੈਤੀ, ਲੁੱਟ-ਖੋਹ ਤੇ ਬੈਂਕਾਂ ਵਿਚ ਚੋਰੀ ਦੀਆਂ 258 ਵਾਰਦਾਤਾਂ ਹੋਈਆਂ ਹਨ, ਜਿਨ੍ਹਾਂ ਵਿਚ 10.31 ਕਰੋੜ ਰੁਪਏ ਦਾ ਨੁਕਸਾਨ ਹੋਇਆ ਹੈ।

ਚਾਲੂ ਮਾਲੀ ਵਰ੍ਹੇ ਦੇ ਸਤੰਬਰ ਮਹੀਨੇ ਤੱਕ 34 ਵਾਰਦਾਤਾਂ ਹੋਈਆਂ ਹਨ, ਜਿਨ੍ਹਾਂ ਵਿਚ ਬੈਂਕਾਂ ਦਾ 1.65 ਕਰੋੜ ਦਾ ਨੁਕਸਾਨ ਹੋਇਆ ਹੈ। ਪੰਜਾਬ ਵਿਚ ਔਸਤਨ ਹਰ ਦੂਜੇ ਦਿਨ ਇਕ ਬੈਂਕ ਫਰਾਡ ਹੁੰਦਾ ਹੈ ਤੇ ਇਸ ਮਾਮਲੇ ਵਿਚ ਪੰਜਾਬ ਦੇਸ਼ ਵਿਚੋਂ ਨੌਵੇਂ ਨੰਬਰ ਉਤੇ ਹੈ। ਬੀਤੇ ਸਾਢੇ ਤਿੰਨ ਸਾਲਾਂ ਵਿਚ ਪੰਜਾਬ ਵਿਚ 653 ਕਰੋੜ ਰੁਪਏ ਦੇ ਬੈਂਕ ਫਰਾਡ ਹੋਏ ਹਨ। ਚਾਲੂ ਮਾਲੀ ਵਰ੍ਹੇ ਦੇ ਸਤੰਬਰ ਮਹੀਨੇ ਤੱਕ ਪੰਜਾਬ ਵਿਚ ਅਜਿਹੇ 78 ਫਰਾਡ ਹੋ ਚੁੱਕੇ ਹਨ, ਜੋ 63.59 ਕਰੋੜ ਰੁਪਏ ਦੇ ਹਨ। ਬਠਿੰਡਾ ਖਿੱਤੇ ਵਿਚ ਤਾਂ ਅਜਿਹੇ ਜ਼ਿਆਦਾ ਫਰਾਡ ਸਹਿਕਾਰੀ ਬੈਂਕਾਂ ਵਿਚ ਹੋ ਰਹੇ ਹਨ, ਜਿਨ੍ਹਾਂ ਵਿਚ ਬੈਂਕ ਅਧਿਕਾਰੀ ਤੇ ਮੁਲਾਜ਼ਮ ਵੀ ਸ਼ਾਮਲ ਹਨ। ਕੇਂਦਰੀ ਵਿੱਤ ਮੰਤਰਾਲੇ ਦੇ ਵੇਰਵਿਆਂ ਅਨੁਸਾਰ ਸਾਲ 2012-13 ਤੋਂ ਸਤੰਬਰ 2015 ਤੱਕ ਦੇਸ਼ ਭਰ ਵਿਚ 15552 ਬੈਂਕ ਫਰਾਡ ਹੋਏ, ਜੋ 52925 ਕਰੋੜ ਦੇ ਹਨ। ਪੰਜਾਬ ਵਿਚ ਇਸ ਸਮੇਂ ਦੌਰਾਨ 575 ਬੈਂਕ ਫਰਾਡ ਹੋਏ, ਜੋ 653.88 ਕਰੋੜ ਰੁਪਏ ਦੇ ਹਨ। ਹਰਿਆਣਾ ਵਿਚ ਸਾਢੇ ਤਿੰਨ ਸਾਲ ਵਿਚ ਤਕਰੀਬਨ 425 ਕਰੋੜ ਰੁਪਏ ਦੇ ਬੈਂਕ ਫਰਾਡ ਹੋਏ ਹਨ।



ਬੈਂਕਾਂ ਦੇ ਖਾਤਾਧਾਰਕ ਹੀ ਬੈਂਕਾਂ ਨੂੰ ਚੂਨਾ ਲਾ ਰਹੇ ਹਨ। ਜ਼ਿਆਦਾ ਕੇਸਾਂ ਵਿਚ ਰਿਕਾਰਡ ਵਿਚ ਛੇੜ-ਛਾੜ ਕੀਤੀ ਗਈ ਹੈ। ਖਾਸ ਕਰ ਕੇ ਮਾਲ ਮਹਿਕਮੇ ਦੇ ਰਿਕਾਰਡ ਨੇ ਬੈਂਕਾਂ ਨੂੰ ਵੱਡੇ ਪੱਧਰ ਉਤੇ ਧੋਖਾ ਦਿੱਤਾ ਹੈ। ਪਰਿਵਾਰਕ ਮੈਂਬਰਾਂ ਵੱਲੋਂ ਵੀ ਇਕ ਦੂਜੇ ਦੇ ਖਾਤਿਆਂ ਵਿਚ ਛੇੜ-ਛਾੜ ਕੀਤੀ ਜਾਂਦੀ ਹੈ।

ਮਿਲੀ ਜਾਣਕਾਰੀ ਅਨੁਸਾਰ ਪੰਜਾਬ ਵਿਚ ਸਾਲ 2012-13 ਵਿਚ ਇਕ ਲੱਖ ਜਾਂ ਇਸ ਤੋਂ ਜ਼ਿਆਦਾ ਦੇ 159 ਬੈਂਕ ਫਰਾਡ ਹੋਏ, ਜੋ 153 ਕਰੋੜ ਰੁਪਏ ਦੇ ਸਨ। ਸਾਲ 2013-14 ਵਿਚ 147 ਬੈਂਕ ਫਰਾਡ 255 ਕਰੋੜ ਦੀ ਰਾਸ਼ੀ ਦੇ ਤੇ ਸਾਲ 2014-15 ਵਿਚ 181 ਕਰੋੜ ਦੇ 191 ਬੈਂਕ ਫਰਾਡ ਹੋਏ। ਚੰਡੀਗੜ੍ਹ ਵਿਚ ਸਾਢੇ ਤਿੰਨ ਵਰ੍ਹਿਆਂ ਵਿਚ 91 ਬੈਂਕ ਫਰਾਡ ਹੋਏ। ਬੈਂਕ ਫਰਾਡ ਸਬੰਧੀ ਦੇਸ਼ ਵਿਚੋਂ ਪਹਿਲਾ ਨੰਬਰ ਮਹਾਰਾਸ਼ਟਰ ਦਾ ਹੈ, ਜਿਥੇ ਸਾਢੇ ਤਿੰਨ ਸਾਲ ਵਿਚ 15334 ਕਰੋੜ ਦੇ 2996 ਬੈਂਕ ਫਰਾਡ ਹੋਏ ਹਨ। ਜ਼ਿਲ੍ਹਾ ਬਠਿੰਡਾ ਦੇ ਪਿੰਡ ਮਹਿਮਾ ਸਰਜਾ, ਸੰਗਤ, ਮਹਿਰਾਜ ਅਤੇ ਨਥਾਣਾ ਦੇ ਸਹਿਕਾਰੀ ਬੈਂਕਾਂ ਵਿਚ ਫਰਾਡ ਥੋੜ੍ਹਾ ਅਰਸਾ ਪਹਿਲਾਂ ਹੀ ਹੋਏ ਹਨ। ਜ਼ਿਲ੍ਹਾ ਮੁਕਤਸਰ ਦੇ ਪਿੰਡ ਥਾਂਦੇਵਾਲਾ ਦੀ ਸਹਿਕਾਰੀ ਬੈਂਕ ਵਿਚ ਵੱਡਾ ਬੈਂਕ ਫਰਾਡ ਹੋਇਆ ਸੀ। ਆਲ ਇੰਡੀਆ ਬੈਂਕ ਆਫੀਸਰਜ਼ ਕਨਫੈਡਰੇਸ਼ਨ ਦੇ ਜੁਆਇੰਟ ਜਨਰਲ ਸਕੱਤਰ ਚਮਨ ਲਾਲ ਸਿੰਗਲਾ ਨੇ ਕਿਹਾ ਕਿ ਲੋਕਾਂ 'ਤੇ ਜਲਦੀ ਅਮੀਰ ਬਣਨ ਦੀ ਲਾਲਸਾ ਭਾਰੂ ਹੋ ਗਈ ਹੈ ਤੇ ਬੈਂਕਾਂ ਨਾਲ ਫਰਾਡ ਹੋ ਰਹੇ ਹਨ। ਉਨ੍ਹਾਂ ਦੱਸਿਆ ਕਿ ਮਾਲ ਮਹਿਕਮੇ ਦੇ ਅਧਿਕਾਰੀ ਕਈ ਵਾਰ ਜਾਇਦਾਦ ਦੇ ਕਾਗਜ਼ਾਤ ਗਲਤ ਦੇ ਦਿੰਦੇ ਹਨ, ਜਿਸ ਕਰ ਕੇ ਬੈਂਕਾਂ ਨਾਲ ਧੋਖਾ ਹੋ ਜਾਂਦਾ ਹੈ। ਬੈਂਕ ਫਰਾਡਾਂ ਵਿਚ ਬੈਂਕ ਅਧਿਕਾਰੀਆਂ ਜਾਂ ਮੁਲਾਜ਼ਮਾਂ ਦੀ ਮਿਲੀਭੁਗਤ ਬਹੁਤ ਘੱਟ ਹੁੰਦੀ ਹੈ।

### ਜਾਅਲੀ ਕੀਟਨਾਸ਼ਕਾਂ ਦਾ ਕਾਰੋਬਾਰ ਵਧਿਆ

**ਬਠਿੰਡਾ:** ਪੰਜਾਬ ਖੇਤੀਬਾੜੀ ਮਹਿਕਮੇ ਵੱਲੋਂ ਸਤੰਬਰ-ਅਕਤੂਬਰ ਵਿਚ ਕੀਟਨਾਸ਼ਕਾਂ ਤੇ ਖਾਦਾਂ ਦੇ ਲਏ 3515 ਨਮੂਨਿਆਂ ਵਿਚੋਂ 146 ਫੇਲ੍ਹ ਹੋ ਗਏ ਹਨ, ਜੋ 4.15 ਫੀਸਦੀ ਬਣਦੇ ਹਨ। ਕੇਂਦਰੀ ਖੇਤੀ ਮੰਤਰਾਲੇ ਦੇ ਤਾਜ਼ਾ ਵੇਰਵਿਆਂ ਅਨੁਸਾਰ ਪੰਜਾਬ ਦੇ ਨਾਲ ਹੋਰ ਸੂਬਿਆਂ ਵਿਚ ਵੀ ਅਜਿਹੇ 6011 ਨਮੂਨੇ ਭਰੇ ਗਏ ਸਨ, ਜਿਨ੍ਹਾਂ ਵਿਚੋਂ 157 ਫੇਲ੍ਹ ਹੋਏ ਹਨ, ਜੋ 2.6 ਫੀਸਦੀ ਬਣਦੇ ਹਨ। ਪੰਜਾਬ ਵਿਚ ਚਿੱਟੇ ਮੱਛਰ ਦੇ ਹੱਲੇ ਮਗਰੋਂ ਕੀਟਨਾਸ਼ਕ ਸਕੈਂਡਲ ਸਾਹਮਣੇ ਆਇਆ ਤਾਂ ਜਾਂਚ ਲਈ ਪੰਜਾਬ ਪੁਲਿਸ ਦੀ ਵਿਸ਼ੇਸ਼ ਜਾਂਚ ਟੀਮ ਬਣਾਈ ਗਈ ਸੀ। ਪੁਲਿਸ ਟੀਮ ਤੇ ਖੇਤੀ ਮਹਿਕਮੇ ਨੇ ਸਾਂਝੇ ਤੌਰ 'ਤੇ ਬਠਿੰਡਾ ਵਿਚ ਵੀ 10 ਤੋਂ 25 ਸਤੰਬਰ ਤੱਕ ਤਕਰੀਬਨ 160 ਗੋਦਾਮਾਂ ਵਿਚੋਂ ਖਾਦਾਂ ਤੇ ਕੀਟਨਾਸ਼ਕਾਂ ਦੇ 390 ਨਮੂਨੇ ਭਰੇ ਸਨ। ਇਸ ਸਮੇਂ ਦੌਰਾਨ ਰਾਜ ਵਿਚ ਗੈਰ ਪ੍ਰਵਾਨਿਤ ਡੀਲਰਾਂ ਖਿਲਾਫ 21 ਪੁਲਿਸ ਕੇਸ ਦਰਜ ਕਰਵਾਏ ਗਏ ਹਨ।

## ਮਦਰ ਟਰੇਸਾ ਨੂੰ ਮਿਲੇਗੀ ਸੰਤ ਦੀ ਉਪਾਧੀ

**ਕੋਲਕਾਤਾ:** ਇਥੇ ਮਿਸ਼ਨ ਆਫ ਚੈਰਿਟੀ ਦੀ ਸਥਾਪਨਾ ਕਰਨ ਵਾਲੀ ਮਦਰ ਟਰੇਸਾ ਨੂੰ ਹੁਣ ਛੇਤੀ ਹੀ ਸੰਤ ਦਾ ਦਰਜਾ ਦਿੱਤਾ ਜਾਵੇਗਾ। ਮਿਸ਼ਨਰੀਜ਼ ਆਫ ਚੈਰਿਟੀ ਦੀ ਬੁਲਾਰਨ ਸੁਨੀਤਾ ਕੁਮਾਰ ਨੇ ਦੱਸਿਆ ਕਿ ਮਦਰ ਟਰੇਸਾ ਨੂੰ ਸੰਤ ਐਲਾਨਿਆ ਜਾਵੇਗਾ। ਇਕ ਰਿਪੋਰਟ ਮੁਤਾਬਕ ਸਤੰਬਰ 2016 ਤੱਕ ਮਦਰ ਟਰੇਸਾ ਨੂੰ ਸੰਤ ਦੀ ਉਪਾਧੀ ਦਿੱਤੀ ਜਾ ਸਕਦੀ ਹੈ।

ਰਿਪੋਰਟ ਮੁਤਾਬਕ ਪੋਪ ਫਰਾਂਸਿਸ ਨੇ ਮਦਰ ਟਰੇਸਾ ਦੇ ਦੂਸਰੇ ਚਮਤਕਾਰ ਦੀ ਪੁਸ਼ਟੀ ਕਰ ਦਿੱਤੀ ਹੈ ਜਿਸ ਪਿੱਛੋਂ ਉਨ੍ਹਾਂ ਨੂੰ ਸੰਤ ਬਣਾਉਣ ਦੀ ਪ੍ਰਕਿਰਿਆ ਪੂਰੀ ਕਰ ਦਿੱਤੀ ਜਾਵੇਗੀ। ਮਦਰ ਟਰੇਸਾ ਦਾ ਇਹ ਚਮਤਕਾਰ ਬਰਾਜ਼ੀਲ ਦੇ ਇਕ ਵਿਅਕਤੀ ਨਾਲ ਜੁੜਿਆ ਹੋਇਆ ਹੈ ਜੋ ਦਿਮਾਗ ਵਿਚ ਰਸੌਲੀਆਂ ਤੋਂ ਪੀੜਤ ਸੀ ਜਿਨ੍ਹਾਂ ਤੋਂ ਮਦਰ ਨੇ ਪ੍ਰਾਰਥਨਾ ਕਰਕੇ ਛੁਟਕਾਰਾ ਦਿਵਾਇਆ ਸੀ। ਦੱਸਣਯੋਗ ਹੈ ਕਿ ਜਦੋਂ 2003 ਵਿਚ ਮਦਰ ਟਰੇਸਾ ਦਾ ਪਹਿਲਾ ਚਮਤਕਾਰ ਸਾਹਮਣੇ ਆਇਆ ਸੀ, ਉਸ ਸਮੇਂ ਉਨ੍ਹਾਂ ਨੂੰ ਮੋਖ ਪ੍ਰਾਪਤੀ ਹੋਣ ਦਾ ਐਲਾਨ ਕੀਤਾ ਗਿਆ ਸੀ। ਇਸ ਚਮਤਕਾਰ ਵਿਚ ਇਕ ਔਰਤ ਨੂੰ ਪੇਟ ਦੀ ਰਸੌਲੀ ਤੋਂ ਮੁਕਤੀ ਮਿਲੀ ਸੀ। 1997 ਵਿਚ ਮਦਰ ਟਰੇਸਾ ਦਾ ਦਿਹਾਂਤ ਹੋ ਗਿਆ ਸੀ।

# ਹੋਦ ਚਿੱਲੜ ਕਾਂਡ ਰਿਪੋਰਟ ਲਾਗੂ ਕਰਨ ਦਾ ਭਰੋਸਾ

**ਚੰਡੀਗੜ੍ਹ:** ਹਰਿਆਣਾ ਸਰਕਾਰ ਨੇ ਹੋਦ ਚਿੱਲੜ ਦੇ ਪੀੜਤਾਂ ਨੂੰ ਭਰੋਸਾ ਦਿੱਤਾ ਕਿ ਇਕ ਮੈਂਬਰੀ ਗਰਗ ਕਮਿਸ਼ਨ ਦੀ ਰਿਪੋਰਟ ਤਿੰਨ ਹਫਤਿਆਂ ਦੇ ਅੰਦਰ-ਅੰਦਰ ਲਾਗੂ ਕਰਵਾਉਣਗੇ ਤੇ ਪੀੜਤਾਂ ਦੀ ਹਰ ਤਰ੍ਹਾਂ ਦੀ ਮਦਦ ਕੀਤੀ ਜਾਵੇਗੀ। ਹਰਿਆਣਾ ਦੇ ਮੁੱਖ ਮੰਤਰੀ ਦੇ ਓ.ਐਸ.ਡੀ. ਨੇ ਪੀੜਤਾਂ ਨੂੰ ਕਿਹਾ ਕਿ ਮਾਮਲਾ ਮੁੱਖ ਮੰਤਰੀ ਦੇ ਧਿਆਨ ਵਿਚ ਲਿਆ ਕੇ ਮੰਗਾਂ ਨੂੰ ਛੇਤੀ ਪੂਰਾ ਕਰਵਾਉਣਗੇ। ਜ਼ਿਕਰਯੋਗ ਹੈ ਕਿ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਮੌਤ ਤੋਂ ਤੁਰੰਤ ਬਾਅਦ ਹੋਦ ਚਿੱਲੜ ਵਿਚ ਕਤਲ ਕੀਤੇ 32 ਸਿੱਖਾਂ ਸਬੰਧੀ ਹਾਈਕੋਰਟ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਗਰਗ ਕਮਿਸ਼ਨ ਮਾਰਚ 2011 ਵਿਚ ਨਿਯੁਕਤ ਹੋਇਆ ਸੀ। ਕਮਿਸ਼ਨ ਵੱਲੋਂ ਰਿਪੋਰਟ 30 ਮਾਰਚ 2015 ਨੂੰ ਹਰਿਆਣਾ ਸਰਕਾਰ ਨੂੰ ਪੇਸ਼ ਕਰ ਦਿੱਤੀ ਗਈ ਸੀ ਪਰ ਹਾਲੇ ਤੱਕ ਇਸ ਉਤੇ ਅਮਲ ਨਹੀਂ ਕੀਤਾ ਗਿਆ। ਵਿਧਾਨ ਸਭਾ ਨੇ ਇਸ ਰਿਪੋਰਟ ਨੂੰ ਪਾਸ ਵੀ ਕਰ ਦਿੱਤਾ ਸੀ। ਇਸ ਰਿਪੋਰਟ ਅਨੁਸਾਰ ਮ੍ਰਿਤਕਾਂ ਦੇ ਕੇਸ ਵਿਚ ਵੀਹ ਲੱਖ, ਫੌਜੀ ਇੰਦਰਜੀਤ ਸਿੰਘ ਦੀ ਵਿਧਵਾ ਨੂੰ ਪੱਚੀ ਲੱਖ, ਮਾਨਸਿਕ ਤੌਰ 'ਤੇ ਪਰੇਸ਼ਾਨ ਹੋਈ ਰਮੇਸ਼ ਕੁਮਾਰੀ ਲਈ 50 ਲੱਖ ਰੁਪਏ, ਜ਼ਖਮੀਆਂ ਨੂੰ ਇਕ-ਇਕ ਲੱਖ, ਸਾਰੇ ਪਟੀਸ਼ਨਰਾਂ ਨੂੰ ਘਰ-ਬਾਰ ਦੇ ਨੁਕਸਾਨ ਸਬੰਧੀ ਪੰਜ-ਪੰਜ ਲੱਖ ਦੀ ਰਕਮ ਦੇਣ ਦੀ ਸਿਫਾਰਸ਼ ਕੀਤੀ ਗਈ ਸੀ। ਕਮਿਸ਼ਨ ਨੇ ਪੁਲਿਸ ਅਫਸਰ ਰਾਮ ਕਿਸ਼ੋਰ ਤੇ ਡੀ.ਐਸ.ਪੀ. ਰਾਮ ਭੱਜ ਨੂੰ ਦੋਸ਼ੀ ਮੰਨਦੇ ਹੋਏ ਕਰੜੀ ਕਾਰਵਾਈ ਦੇ ਨਿਰਦੇਸ਼ ਦਿੱਤੇ ਸਨ।

ਪੂਰੇ ਨੌਂ ਮਹੀਨੇ ਬੀਤ ਜਾਣ ਦੇ ਬਾਵਜੂਦ ਹਰਿਆਣਾ ਸਰਕਾਰ ਵੱਲੋਂ ਇਸ ਸਬੰਧੀ ਕੋਈ ਵੀ ਕਾਰਵਾਈ ਨਹੀਂ ਕੀਤੀ ਗਈ, ਜਿਸ ਕਾਰਨ ਪੀੜਤਾਂ ਵਿਚ ਰੋਸ ਹੈ। ਹੋਦ ਚਿੱਲੜ ਤਾਲਮੇਲ ਕਮੇਟੀ ਦੇ ਆਗੂਆਂ ਮਨਵਿੰਦਰ ਸਿੰਘ ਗਿਆਸਪੁਰਾ ਤੇ ਭਾਈ ਦਰਸ਼ਨ ਸਿੰਘ ਘੋਲੀਆਂ ਤੇ ਪੀੜਤ ਪਰਿਵਾਰਾਂ ਵੱਲੋਂ ਹਰਿਆਣਾ



ਮੁੱਖ ਮੰਤਰੀ ਦੀ ਕੋਠੀ ਅੱਗੇ ਰੋਸ ਮੁਜ਼ਾਹਰਾ ਕੀਤਾ ਗਿਆ। ਪ੍ਰਦਰਸ਼ਨਕਾਰੀਆਂ ਦੇ ਵਫਦ ਨੂੰ ਮੁੱਖ ਮੰਤਰੀ ਦੇ ਨਿਵਾਸ ਤੇ ਮੁੱਖ ਮੰਤਰੀ ਦੇ ਓ.ਐਸ.ਡੀ. ਕੈਪਟਨ ਭੁਪਿੰਦਰ ਸਿੰਘ ਨੂੰ ਮਿਲਾਇਆ ਗਿਆ। ਪੀੜਤਾਂ ਨੇ ਆਪਣਾ ਮੰਗ ਪੱਤਰ ਦਿੰਦਿਆਂ ਕਿਹਾ ਕਿ ਉਨ੍ਹਾਂ ਨੂੰ ਭਟਕਦਿਆਂ ਤੀਹ ਸਾਲ ਤੋਂ ਉਪਰ ਦਾ ਸਮਾਂ ਹੋ ਗਿਆ ਹੈ ਪਰ ਕਮਿਸ਼ਨ ਦੀ ਰਿਪੋਰਟ ਆਉਣ ਤੋਂ ਬਾਅਦ ਵੀ ਖੱਜਲ-ਖੁਆਰੀ ਤੋਂ ਇਲਾਵਾ ਉਨ੍ਹਾਂ ਦੇ ਪੱਲੇ ਕੁਝ ਨਹੀਂ ਪੈ ਰਿਹਾ।

# ਓਮ ਪੁਰੀ ਪਾਕਿਸਤਾਨੀ ਮੀਡੀਏ ਤੋਂ ਨਾਰਾਜ਼

**ਅੰਮ੍ਰਿਤਸਰ:** ਉਘੇ ਫਿਲਮ ਕਲਾਕਾਰ ਓਮ ਪੁਰੀ ਨੇ ਆਪਣੇ ਪਾਕਿਸਤਾਨ ਦੌਰੇ ਉਤੇ ਅਸੰਤੁਸ਼ਟੀ ਦਾ ਪ੍ਰਗਟਾਵਾ ਕੀਤਾ ਹੈ। ਉਹ ਪਾਕਿਸਤਾਨ ਵਿਖੇ ਚੌਥੇ ਰਵੀ ਪੀਰ ਇੰਟਰਨੈਸ਼ਨਲ ਫਿਲਮ ਮੇਲੇ ਵਿਚ ਸ਼ਾਮਲ ਹੋਣ ਗਏ ਸਨ, ਜੋ ਲਾਹੌਰ ਵਿਖੇ ਪੀਰ ਉਸਮਾਨ ਗਰੁੱਪ ਵੱਲੋਂ ਕਰਵਾਇਆ ਗਿਆ ਸੀ।

ਉਨ੍ਹਾਂ ਪਾਕਿਸਤਾਨੀ ਅਖਬਾਰਾਂ ਵਿਚ ਆਪਣੇ ਛਪੇ ਬਿਆਨਾਂ 'ਤੇ ਨਾਰਾਜ਼ਗੀ ਦਾ ਪ੍ਰਗਟਾਵਾ ਕਰਦਿਆਂ ਆਖਿਆ ਕਿ ਦਾਦਰੀ ਘਟਨਾ ਤੇ ਅਸਹਿਣਸ਼ੀਲਤਾ ਸਬੰਧੀ ਉਨ੍ਹਾਂ ਦੇ ਬਿਆਨਾਂ ਨੂੰ ਤੋੜ ਮਰੋੜ ਕੇ ਪੇਸ਼ ਕੀਤਾ ਗਿਆ ਹੈ। ਕੁਝ ਅਖਬਾਰਾਂ ਵਿਚ ਇਹ ਵੀ ਛਪਿਆ ਹੈ ਕਿ ਜੇਕਰ ਲਾਹੌਰ ਵਿਚ ਦਿੱਤੇ ਬਿਆਨਾਂ ਕਾਰਨ ਸ੍ਰੀ ਓਮ ਪੁਰੀ ਨੂੰ ਭਾਰਤ ਵਿਚ ਵਿਰੋਧ ਦਾ ਸਾਹਮਣਾ ਕਰਨਾ ਪੈਂਦਾ ਹੈ ਤਾਂ ਉਹ ਲਾਹੌਰ ਵਿਚ ਤਬਦੀਲ ਹੋ ਸਕਦੇ ਹਨ। ਅਜਿਹੇ ਬਿਆਨਾਂ 'ਤੇ ਨਿਰਾਸ਼ਾ ਦਾ ਪ੍ਰਗਟਾਵਾ ਕਰਦਿਆਂ ਉਨ੍ਹਾਂ ਆਖਿਆ ਕਿ ਅਖਬਾਰਾਂ ਵਿਚ ਭੜਕਾਊ ਹੈੱਡਲਾਈਨ ਦਿੱਤੀ ਗਈ ਹੈ ਤੇ ਉਨ੍ਹਾਂ ਦੇ ਸਮੁੱਚੇ ਬਿਆਨ ਨੂੰ ਪੇਸ਼ ਨਹੀਂ ਕੀਤਾ ਗਿਆ, ਜਿਸ ਨਾਲ ਉਨ੍ਹਾਂ ਦਾ ਬਿਆਨ ਗਲਤ ਢੰਗ ਨਾਲ ਸਾਹਮਣੇ ਆਇਆ ਹੈ।


ਕਮਾਲ ਬਈ ਕਮਾਲ !

ਐਚ ਡੀ ਅਤੇ ਆਈ ਪੀ ਕੈਮਰਿਆਂ ਦੀਆਂ ਬਹੁਤ ਹੀ ਵਾਜਬ ਕੀਮਤਾਂ
ਪੀ ਓ ਐਸ ਅਤੇ ਕੈਸ਼ ਰਜਿਸਟਰ ਲਈ ਇੰਟਰਫੇਸ ਉਪਲਬਧ ਹੈ



Upgrade your Security Cameras to High Definition at very reasonable prices




*For a Free Demo of our new HD Cameras*
*Please Contact us*: Balbir S Sidhu
209-495-3905 (Cell)
www.dvrunlimited.com
Toll Free (888) 233-4566

DVRunlimited Inc.
Installation Available



ਕੀ ਤੁਸੀਂ ਸਭ ਤਰ੍ਹਾਂ ਦੇ ਇਲਾਜ ਕਰਾ ਕੇ ਥੱਕ ਚੁਕੇ ਹੋ?
ਹੋਮਿਓਪੈਥੀ, ਕੁਦਰਤੀ ਇਲਾਜ ਪ੍ਰਣਾਲੀ ਅਜ਼ਮਾ ਕੇ ਦੇਖੋ

**Gurdip Singh Sandhu**
Homeopathic Practitioner/Consultant
DHMS-Gold Medalist, BAMS, MDEh.- India
**1188 E Santa Clara St., San Jose, CA 95116**

Homeopathic natural medicines supply



*Gurdip Singh Sandhu*

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577

EX Member:
*The California Homeopathic Society*
National Center For Homeopathy- USA

**Ph:(408) 687-1899**
**(408) 729-6691**
Fax:(408)292-6200

Email: Homeomdicine@yahoo.com
Website: www.Homeopathyatoz.com

**Toll Free: 1-877-OK-HOMEO (1-877-654-6636)**

# ਸਿੱਖੀ ਦੇ ਪ੍ਰਚਾਰ ਲਈ ਦੇਸ਼ ਭਰ 'ਚ ਸਥਾਪਤ ਹੋਣਗੇ ਸਿੱਖ ਮਿਸ਼ਨ



**ਅੰਮ੍ਰਿਤਸਰ:** ਸਿੱਖ ਧਰਮ ਦੇ ਪ੍ਰਚਾਰ ਤੇ ਪ੍ਰਸਾਰ ਵਾਸਤੇ ਨੇਪਾਲ ਤੋਂ ਬਾਅਦ ਹੁਣ ਸ਼੍ਰੋਮਣੀ ਕਮੇਟੀ ਵੱਲੋਂ ਭਾਰਤ ਦੇ ਉਤਰ ਪੂਰਬੀ ਸੱਤ ਰਾਜਾਂ ਤੇ ਆਸਾਮ ਵਿਚ ਸਿੱਖ ਮਿਸ਼ਨ ਸਥਾਪਤ ਕਰਨ ਦਾ ਫੈਸਲਾ ਲਿਆ ਗਿਆ ਹੈ। ਸ਼੍ਰੋਮਣੀ ਕਮੇਟੀ ਦੇ ਸਕੱਤਰ ਡਾ. ਰੂਪ ਸਿੰਘ ਨੇ ਦੱਸਿਆ ਕਿ ਉੱਤਰ ਪੂਰਬੀ ਰਾਜਾਂ ਵਿਚ ਸਿੱਖ ਪ੍ਰਚਾਰ ਵਾਸਤੇ ਅਗਲੇ ਦੋ-ਤਿੰਨ ਮਹੀਨਿਆਂ ਵਿਚ ਗੁਹਾਟੀ ਵਿਖੇ ਸਿੱਖ ਮਿਸ਼ਨ ਕੇਂਦਰ ਸਥਾਪਤ ਕੀਤਾ ਜਾ ਰਿਹਾ ਹੈ। ਕੇਂਦਰ ਵਾਸਤੇ ਲੋੜੀਂਦੀ ਥਾਂ ਮਿਲ ਚੁੱਕੀ ਹੈ ਤੇ ਅਮਲੇ ਦੀ ਨਿਯੁਕਤੀ ਦੀ ਪ੍ਰਕਿਰਿਆ ਜਾਰੀ ਹੈ।

ਇਸ ਤੋਂ ਇਲਾਵਾ ਗੁਹਾਟੀ ਵਿਚ ਤਕਰੀਬਨ 150 ਸਾਲ ਪੁਰਾਣੇ ਗੁਰਦੁਆਰੇ ਦੀ ਨਵੀਂ ਇਮਾਰਤ ਬਣਾਉਣ ਵਾਸਤੇ ਸ਼੍ਰੋਮਣੀ ਕਮੇਟੀ ਵੱਲੋਂ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਗੁਰਜੀਤ ਸਿੰਘ ਨੂੰ 25 ਲੱਖ ਰੁਪਏ ਦੀ ਵਿੱਤੀ ਸਹਾਇਤਾ ਦਿੱਤੀ ਗਈ ਹੈ। ਸ਼ਿਲਾਂਗ ਵਿਖੇ ਗੁਰਦੁਆਰਾ ਕਮੇਟੀ ਵੱਲੋਂ ਚਲਾਏ ਜਾ ਰਹੇ ਸ੍ਰੀ ਗੁਰੂ ਨਾਨਕ ਮਿਸ਼ਨ ਸਕੂਲ ਵਿਚ ਪੰਜਾਬੀ ਤੇ ਧਾਰਮਿਕ ਅਧਿਆਪਕ ਰੱਖਣ ਵਾਸਤੇ ਦੋ ਸਾਲਾਂ ਲਈ ਅੱਧੀ ਤਨਖਾਹ ਦੇਣ ਦਾ ਐਲਾਨ ਕੀਤਾ ਹੈ, ਜਿਸ ਨਾਲ ਉਥੇ ਨਵੀਂ ਪੀੜ੍ਹੀ ਦੇ ਸਿੱਖ ਬੱਚਿਆਂ ਨੂੰ ਮਾਂ ਬੋਲੀ ਪੰਜਾਬੀ ਦਾ ਗਿਆਨ ਦਿੱਤਾ ਜਾਵੇਗਾ।

ਗੁਰਜੀਤ ਸਿੰਘ ਨੇ ਦੱਸਿਆ ਕਿ ਕੁਝ ਸਾਲ ਪਹਿਲਾਂ ਪੰਜਾਬ ਦੇ ਮੁੱਖ ਮੰਤਰੀ ਉਥੇ ਗਏ ਸਨ ਤੇ ਉਨ੍ਹਾਂ ਨੂੰ ਸਿੱਖ ਭਾਈਚਾਰੇ ਦੇ ਲੋਕਾਂ ਨੇ ਗੁਰਦੁਆਰੇ ਦੀ ਇਮਾਰਤ ਬਣਵਾ ਕੇ ਦੇਣ ਦੀ ਅਪੀਲ ਕੀਤੀ ਸੀ। ਮੁੱਖ ਮੰਤਰੀ ਵੱਲੋਂ ਇਮਾਰਤ ਵਾਸਤੇ 50 ਲੱਖ ਰੁਪਏ ਦੇਣ ਦਾ ਐਲਾਨ ਕੀਤਾ ਗਿਆ ਸੀ, ਜਿਸ ਵਿਚੋਂ 25 ਲੱਖ ਰੁਪਏ ਦੀ ਵਿੱਤੀ ਮਦਦ ਸ਼੍ਰੋਮਣੀ ਕਮੇਟੀ ਵੱਲੋਂ ਦਿੱਤੀ ਗਈ ਹੈ। ਇਮਾਰਤ ਵਿਚ ਸਰਾਂ ਵੀ ਬਣਾਈ ਜਾਵੇਗੀ। ਗੁਰਦੁਆਰਾ ਦੀ ਇਮਾਰਤ ਉੱਤੇ ਤਕਰੀਬਨ ਦੋ ਕਰੋੜ ਰੁਪਏ ਖਰਚ ਹੋਣਗੇ ਤੇ ਇਮਾਰਤ ਦੋ ਸਾਲਾਂ ਵਿਚ ਮੁਕੰਮਲ ਹੋਵੇਗੀ।

ਗੁਰਦੁਆਰਾ ਕਮੇਟੀ ਵੱਲੋਂ ਚਲਾਏ ਜਾ ਰਹੇ ਸ੍ਰੀ ਗੁਰੂ ਨਾਨਕ ਮਿਸ਼ਨ ਸਕੂਲ ਬਾਰੇ ਉਨ੍ਹਾਂ ਦੱਸਿਆ ਕਿ ਇਥੇ ਤਕਰੀਬਨ 300 ਬੱਚੇ ਪੜ੍ਹ ਰਹੇ ਹਨ, ਜਿਨ੍ਹਾਂ ਵਿਚ ਸਿੱਖ ਭਾਈਚਾਰੇ ਦੇ ਬੱਚਿਆਂ ਤੋਂ ਇਲਾਵਾ ਸਥਾਨਕ ਲੋਕਾਂ ਦੇ ਬੱਚੇ ਵੀ ਸ਼ਾਮਲ ਹਨ।

## ਦਰਬਾਰ ਸਾਹਿਬ ਬਿਊਟੀਫਿਕੇਸ਼ਨ ਪ੍ਰਾਜੈਕਟ ਦੀ ਸ਼ੁਰੂਆਤ

**ਅੰਮ੍ਰਿਤਸਰ:** ਅੰਮ੍ਰਿਤਸਰ ਦੇ ਨਗਰ ਨਿਗਮ ਦਫਤਰ (ਟਾਊਨ ਹਾਲ) ਤੋਂ ਲੈ ਕੇ ਸ੍ਰੀ ਹਰਿਮੰਦਰ ਸਾਹਿਬ ਤੱਕ ਜਾਣ ਵਾਲੇ ਰਸਤੇ ਨੂੰ ਨਵੀਂ ਦਿੱਖ ਦੇਣ ਲਈ 'ਟਾਊਨ ਹਾਲ ਟੂ ਦਰਬਾਰ ਸਾਹਿਬ ਬਿਊਟੀਫਿਕੇਸ਼ਨ ਪ੍ਰੋਜੈਕਟ' ਦੀ ਸ਼ੁਰੂਆਤ ਕੀਤੀ ਗਈ ਹੈ। ਉਪ ਮੁੱਖ ਮੰਤਰੀ ਸੁਖਬੀਰ ਬਾਦਲ ਦੇ ਇਸ ਡਰੀਮ ਪ੍ਰੋਜੈਕਟ ਤਹਿਤ ਦਰਬਾਰ ਸਾਹਿਬ ਦੇ ਆਸ ਪਾਸ ਦੀਆਂ ਸੜਕਾਂ ਨੂੰ ਬਿਲਕੁਲ ਨਵੀਂ ਦਿਖ ਦਿੱਤੀ ਜਾਵੇਗੀ ਜਿਸ ਉਤੇ ਤਕਰੀਬਨ 83 ਕਰੋੜ ਰੁਪਏ ਖਰਚ ਕੀਤੇ ਜਾਣਗੇ। ਇਸ ਪ੍ਰੋਜੈਕਟ ਤਹਿਤ ਹਰਿਮੰਦਰ ਸਾਹਿਬ ਨੂੰ ਜਾਣ ਵਾਲੀਆਂ ਸੜਕਾਂ ਨੂੰ ਚੌੜਾ ਕਰਨਾ ਤੇ ਸੜਕਾਂ ਦੇ ਦੋਹੀਂ ਪਾਸੇ ਫੁੱਟਪਾਥ ਦੇ ਨਾਲ ਨਾਲ ਲੈਂਡਸਕੇਪਿੰਗ ਵੀ ਕੀਤੀ ਜਾਵੇਗੀ। ਇਸ ਤੋਂ ਇਲਾਵਾ ਇਸ ਸਾਰੇ ਰਸਤੇ ਵਿਚ ਨਜ਼ਰ ਆਉਣ ਵਾਲੀਆਂ ਬਿਜਲੀ, ਟੈਲੀਫੋਨ ਸਮੇਤ ਹੋਰ ਤਾਰਾਂ ਨੂੰ ਵੀ ਅੰਡਰਗਰਾਊਂਡ ਕਰਨ ਦਾ ਕੰਮ ਸ਼ੁਰੂ ਕੀਤਾ ਗਿਆ ਹੈ। ਬਿਜਲੀ ਵਿਭਾਗ ਵੱਲੋਂ ਇਸ ਸਾਰੇ ਕੰਮ ਲਈ 50 ਕਰੋੜ ਰੁਪਏ ਖਰਚ ਕੀਤੇ ਜਾਣਗੇ। ਦਰਬਾਰ ਸਾਹਿਬ ਨੂੰ ਜਾਣ ਵਾਲੇ ਰਸਤਿਆਂ ਵਿਚ ਬੂਟੇ ਲਗਾਏ ਜਾਣਗੇ ਅਤੇ ਰੰਗ ਬਰੰਗੀਆਂ ਲਾਈਟਾਂ ਨਾਲ ਸਜਾਇਆ ਜਾਵੇਗਾ। ਇਸ ਪੂਰੇ ਰਸਤੇ ਵਿਚ ਯਾਤਰੀਆਂ ਦੇ ਬੈਠਣ ਲਈ ਬੈਂਚ ਵੀ ਲਗਾਏ ਜਾਣਗੇ ਤਾਂ ਜੋ ਦੂਰ-ਦੁਰਾਡਿਓਂ ਆਉਣ ਵਾਲੇ ਸ਼ਰਧਾਲੂ ਇਥੇ ਬੈਠ ਕੇ ਆਰਾਮ ਕਰ ਸਕਣ। ਇਸ ਰਸਤੇ ਵਿਚ ਗੁਰੂ ਨਗਰੀ ਦੇ ਇਤਿਹਾਸ ਤੋਂ ਜਾਣੂ ਕਰਵਾਉਣ ਵਾਲੀਆਂ ਸੱਤ ਐਲ.ਈ.ਡੀ. ਸਕਰੀਨਾਂ ਵੀ ਲਗਾਈਆਂ ਜਾਣਗੀਆਂ।

# ਵਰਦੀ ਮਾਮਲਾ: ਹਾਈਕੋਰਟ ਨੇ ਪੰਜਾਬ ਸਰਕਾਰ ਨੂੰ ਪਾਈ ਝਾੜ




**ਚੰਡੀਗੜ੍ਹ**: ਪੰਜਾਬ ਸਰਕਾਰ ਵੱਲੋਂ ਪਹਿਲੀ ਤੋਂ ਅੱਠਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਨੂੰ ਸਰਦੀ ਦੀ ਵਰਦੀ ਖਰੀਦਣ ਲਈ 100 ਰੁਪਏ ਪ੍ਰਤੀ ਵਿਦਿਆਰਥੀ ਜਾਰੀ ਕੀਤੇ ਗਏ ਹਨ। ਇਸ ਮਾਮਲੇ ਉਤੇ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਇਕ ਪਟੀਸ਼ਨ ਪਾ ਕੇ ਪੁੱਛਿਆ ਗਿਆ ਹੈ ਕਿ ਮਹਿੰਗਾਈ ਦੇ ਇਸ ਦੌਰ ਵਿਚ ਵਿਦਿਆਰਥੀ ਮਹਿਜ਼ 100 ਰੁਪਏ ਵਿਚ ਪੈਂਟ-ਕਮੀਜ਼, ਸਲਵਾਰ-ਕਮੀਜ਼, ਦੁਪੱਟਾ, ਜੁੱਤੇ-ਜਰਾਬਾਂ ਤੇ ਸਵੈਟਰ-ਕੋਟੀ ਕਿਵੇਂ ਖਰੀਦ ਸਕਦੇ ਹਨ।

ਇਸ ਮਾਮਲੇ ਵਿਚ ਹਾਈਕੋਰਟ ਨੇ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕਰਕੇ ਜਵਾਬ ਤਲਬ ਕਰ ਲਿਆ ਹੈ। ਜਸਟਿਸ ਐਸ.ਕੇ. ਮਿੱਤਲ ਤੇ ਜਸਟਿਸ ਡਾਕਟਰ ਸ਼ੇਖਰ ਧਵਨ ਨੇ ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ ਨੂੰ ਨਿੱਜੀ ਤੌਰ 'ਤੇ ਹਾਈਕੋਰਟ ਵਿਚ ਪੇਸ਼ ਹੋ ਕੇ ਜਵਾਬ ਦੇਣ ਲਈ ਕਿਹਾ। ਐਡਵੋਕੇਟ ਐਚ.ਸੀ. ਅਰੋੜਾ ਨੇ ਪਟੀਸ਼ਨ ਦਾਇਰ ਕਰਕੇ ਹਾਈਕੋਰਟ ਨੂੰ ਦੱਸਿਆ ਹੈ ਕਿ ਕੇਂਦਰ ਮਨੁੱਖੀ ਸ੍ਰੋਤ ਮੰਤਰਾਲੇ ਦੀ ਯੋਜਨਾ ਤਹਿਤ ਪਹਿਲੀ ਤੋਂ ਅੱਠਵੀਂ ਜਮਾਤ ਤੱਕ ਦੇ ਸਾਰੇ ਵਿਦਿਆਰਥੀ ਤੇ ਐਸ.ਸੀ. ਵਿਦਿਆਰਥੀ ਸਰਦੀ ਦੀ ਵਰਦੀ ਲਈ ਚਾਰ ਰੁਪਏ ਫੰਡ ਦੇ ਹੱਕਦਾਰ ਹਨ, ਪਰ ਪੰਜਾਬ ਸਰਕਾਰ ਨੇ ਮਹਿਜ਼ 100 ਰੁਪਏ ਪ੍ਰਤੀ ਵਿਦਿਆਰਥੀ ਜਾਰੀ ਕੀਤੇ ਹਨ।

ਸੂਬੇ ਦੇ ਸਾਰੇ ਜ਼ਿਲ੍ਹਾ ਸਿੱਖਿਆ ਅਧਿਕਾਰੀਆਂ ਨੂੰ ਸਰਦੀ ਦੀ ਵਰਦੀ ਲਈ ਸਿਰਫ 16 ਕਰੋੜ ਰੁਪਏ ਜਾਰੀ ਕੀਤੇ ਗਏ ਹਨ ਜਦਕਿ 48 ਕਰੋੜ ਦੀ ਤੀਜਾ ਹਿੱਸਾ ਰਾਸ਼ੀ ਜਾਰੀ ਨਹੀਂ ਕੀਤੀ ਗਈ। ਪਟੀਸ਼ਨ ਵਿਚ ਕਿਹਾ ਗਿਆ ਹੈ ਕਿ 100 ਰੁਪਏ ਵਿਚ ਸਰਦੀ ਦੇ ਕੱਪੜੇ ਕਿਵੇਂ ਆ ਸਕਦੇ ਹਨ। ਮਾਮਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਹਾਈਕੋਰਟ ਨੇ ਪੰਜਾਬ ਸਰਕਾਰ ਨੂੰ ਫਟਕਾਰ ਪਾਈ ਹੈ। ਹਾਈਕੋਰਟ ਨੇ ਕਿਹਾ ਹੈ ਕਿ ਆਖਰ ਹੈੱਡਮਾਸਟਰ 100 ਰੁਪਏ ਵਿਚ ਵਿਦਿਆਰਥੀਆਂ ਨੂੰ ਸਰਦੀ ਦੀ ਵਰਦੀ ਕਿਵੇਂ ਮੁਹੱਈਆ ਕਰਵਾ ਸਕਦੇ ਹਨ।

# ਪ੍ਰਕਾਸ਼ ਉਤਸਵ ਮਨਾਉਣ ਬਾਰੇ ਨਿਤਿਸ਼ ਨੂੰ ਮਿਲੇ ਬਾਦਲ



**ਚੰਡੀਗੜ੍ਹ:** ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਿਚ ਇਕ ਉਚ ਪੱਧਰੀ ਵਫਦ ਨੇ ਬਿਹਾਰ ਦੇ ਮੁੱਖ ਮੰਤਰੀ ਨਿਤਿਸ਼ ਕੁਮਾਰ ਨਾਲ ਮੁਲਾਕਾਤ ਕੀਤੀ, ਜਿਸ ਦੌਰਾਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਸਥਾਨ ਪਟਨਾ ਸਾਹਿਬ ਵਿਖੇ ਜਨਵਰੀ 2017 ਵਿਚ ਗੁਰੂ ਸਾਹਿਬ ਜੀ ਦਾ 350ਵਾਂ ਪ੍ਰਕਾਸ਼ ਉਤਸਵ ਵੱਡੇ ਪੱਧਰ ਉਤੇ ਮਨਾਉਣ ਬਾਰੇ ਪ੍ਰਬੰਧਾਂ ਦਾ ਜਾਇਜ਼ਾ ਲਿਆ ਗਿਆ। ਪਟਨਾ ਵਿਖੇ ਬਿਹਾਰ ਦੇ ਮੁੱਖ ਮੰਤਰੀ ਦੀ ਰਿਹਾਇਸ਼ ਉਤੇ ਹੋਈ ਮੀਟਿੰਗ ਦੌਰਾਨ ਸ. ਬਾਦਲ ਦੇ ਨਾਲ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਤੇ ਦਿੱਲੀ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ. ਕੇ. ਵੀ ਮੌਜੂਦ ਸਨ।

ਮੀਟਿੰਗ ਵਿਚ ਫੈਸਲਾ ਕੀਤਾ ਗਿਆ ਕਿ ਪੰਜਾਬ ਦੇ ਮੁੱਖ ਮੰਤਰੀ ਦੀ ਅਗਵਾਈ ਵਿਚ ਇਕ ਉਚ ਪੱਧਰੀ ਕਮੇਟੀ ਦਾ ਗਠਨ ਕੀਤਾ ਜਾਵੇਗਾ। ਇਹ ਕਮੇਟੀ ਧਾਰਮਿਕ ਰਵਾਇਤਾਂ ਤੇ ਸ਼ਰਧਾ ਭਾਵਨਾ ਨਾਲ ਇਸ ਇਤਿਹਾਸਕ ਸਮਾਰੋਹ ਨੂੰ ਮਨਾਉਣ ਲਈ ਰੂਪ ਰੇਖਾ ਉਲੀਕੇਗੀ। ਬਿਹਾਰ ਦੇ ਮੁੱਖ ਮੰਤਰੀ ਨੇ ਵਫਦ ਨੂੰ ਦੱਸਿਆ ਕਿ 350ਵੇਂ ਪ੍ਰਕਾਸ਼ ਉਤਸਵ ਨੂੰ ਮਨਾਉਣ ਵਾਸਤੇ ਤਕਰੀਬਨ 75 ਏਕੜ ਜ਼ਮੀਨ ਦੀ ਪਹਿਲਾਂ ਹੀ ਸ਼ਨਾਖਤ ਕਰ ਲਈ ਗਈ ਹੈ।

ਉਹ ਛੇਤੀ ਹੀ ਨਿੱਜੀ ਤੌਰ ਉਤੇ ਪਟਨਾ ਸਾਹਿਬ ਰੇਲਵੇ ਸਟੇਸ਼ਨ ਨੂੰ ਅਪਗ੍ਰੇਡ ਕਰਨ ਦਾ ਮੁੱਦਾ ਭਾਰਤ ਸਰਕਾਰ ਦੇ ਰੇਲ ਮੰਤਰਾਲੇ ਕੋਲ ਉਠਾਉਣਗੇ। ਪੰਜਾਬ ਦੇ ਮੁੱਖ ਮੰਤਰੀ ਨੇ ਕਿਹਾ ਕਿ ਇਨ੍ਹਾਂ ਸਮਾਰੋਹਾਂ ਦੇ ਹਿੱਸੇ ਵਜੋਂ ਅਪਰੈਲ, 2016 ਵਿਚ ਵਿਸਾਖੀ ਦੇ ਮੌਕੇ ਪਟਨਾ ਵਿਖੇ 'ਸਿੱਖ ਸੰਮੇਲਨ' ਕਰਵਾਇਆ ਜਾਵੇਗਾ ਜਿਸ ਦਾ ਉਦੇਸ਼ ਸਰਬੰਸ ਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ, ਕਾਰਜ ਤੇ ਫਿਲਾਸਫੀ ਨੂੰ ਦੁਨੀਆਂ ਭਰ ਵਿਚ ਪਹੁੰਚਾਉਣਾ ਹੈ।

# ਬਠਿੰਡਾ ਅੱਡੇ ਤੋਂ ਛੇਤੀ ਹੀ ਉਡਣਗੇ ਹਵਾਈ ਜਹਾਜ਼

**ਬਠਿੰਡਾ:** ਬਠਿੰਡਾ ਦੇ ਹਵਾਈ ਅੱਡੇ ਤੋਂ ਹੁਣ ਛੇਤੀ ਹੀ ਜਹਾਜ਼ ਉੱਡਣ ਦੀ ਉਮੀਦ ਹੈ। ਕੇਂਦਰੀ ਸ਼ਹਿਰੀ ਹਵਾਬਾਜ਼ੀ ਮੰਤਰਾਲੇ ਨੇ ਦੋ ਕੰਪਨੀਆਂ ਨੂੰ ਬਠਿੰਡਾ ਹਵਾਈ ਅੱਡੇ ਤੋਂ ਜਹਾਜ਼ ਉਡਾਉਣ ਲਈ ਹਰੀ ਝੰਡੀ ਦੇ ਦਿੱਤੀ ਹੈ। ਹੁਣ ਪੰਜਾਬ ਸਰਕਾਰ ਨੇ ਇਨ੍ਹਾਂ ਹਵਾਈ ਕੰਪਨੀਆਂ ਤੋਂ ਸ਼ਡਿਊਲ ਦੀ ਮੰਗ ਕੀਤੀ ਹੈ।

ਸਰਕਾਰ ਅਗਲੇ ਵਰ੍ਹੇ ਤੋਂ ਹਵਾਈ ਅੱਡੇ ਨੂੰ ਚਾਲੂ ਕਰਨ ਲਈ ਜ਼ੋਰ ਲਾ ਰਹੀ ਹੈ। ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਲੰਘੇ ਹਫਤੇ ਨਵੀਂ ਦਿੱਲੀ ਵਿਚ ਹਵਾਈ ਕੰਪਨੀ ਇੰਡੀਗੋ ਦੇ ਅਧਿਕਾਰੀਆਂ ਨਾਲ ਮੀਟਿੰਗ ਰੱਖੀ ਸੀ ਜੋ ਐਨ ਮੌਕੇ ਉੱਤੇ ਮੁਲਤਵੀ ਹੋ ਗਈ ਸੀ।

ਵੇਰਵਿਆਂ ਅਨੁਸਾਰ ਕੇਂਦਰੀ ਸ਼ਹਿਰੀ ਹਵਾਬਾਜ਼ੀ ਮੰਤਰਾਲੇ ਨੇ ਬਠਿੰਡਾ ਦੇ ਹਵਾਈ ਅੱਡੇ ਤੋਂ ਸਪਾਈਸਜੈੱਟ ਤੇ ਇੰਡੀਗੋ ਨੂੰ ਉਡਾਣਾਂ ਭਰਨ ਦੀ ਪ੍ਰਵਾਨਗੀ ਦੇ ਦਿੱਤੀ ਹੈ। ਹੁਣ ਪੰਜਾਬ ਸਰਕਾਰ ਕਾਹਲੀ ਵਿਚ ਹੈ ਕਿ ਜਲਦੀ ਇਹ ਕੰਪਨੀਆਂ ਆਪਣਾ ਸ਼ਡਿਊਲ ਜਾਰੀ ਕਰ ਦੇਣ ਤਾਂ ਜੋ ਉਸ ਤੋਂ ਪਹਿਲਾਂ ਕੇਂਦਰ ਸਰਕਾਰ ਤੋਂ ਇਸ ਹਵਾਈ ਅੱਡੇ ਦਾ ਉਦਘਾਟਨ ਕਰਾਇਆ ਜਾ ਸਕੇ। ਕੁਝ ਅਰਸਾ ਪਹਿਲਾਂ ਸਪਾਈਸਜੈੱਟ ਨੇ ਉਡਾਣਾਂ ਤੋਂ ਜੁਆਬ ਵੀ ਦੇ ਦਿੱਤਾ ਸੀ। ਪਤਾ ਲੱਗਾ ਹੈ ਕਿ ਪੰਜਾਬ ਸਰਕਾਰ ਦੇ ਏਜੰਡੇ ਉਤੇ ਹੁਣ ਏਮਜ਼ ਦਾ ਨੀਂਹ ਪੱਥਰ ਤੇ ਹਵਾਈ ਅੱਡੇ ਦਾ ਉਦਘਾਟਨ ਹੈ। ਪੰਜਾਬ ਸਰਕਾਰ ਤਿੰਨ ਸਾਲਾਂ ਤੋਂ ਹਵਾਈ ਕੰਪਨੀਆਂ ਦੇ ਪਿੱਛੇ ਚੱਕਰ ਕੱਟ ਰਹੀ ਸੀ ਤੇ ਹੁਣ ਥੋੜ੍ਹਾ ਹੁੰਗਾਰਾ ਮਿਲਿਆ ਹੈ। ਸਰਕਾਰ ਨੇ ਉਡਾਣਾਂ ਸ਼ੁਰੂ ਕਰਨ ਲਈ ਕੰਪਨੀਆਂ ਨੂੰ ਛੋਟਾਂ ਦੇਣ ਦਾ ਵੀ ਐਲਾਨ ਕੀਤਾ ਹੈ।

## ਸਿੱਖ ਬੱਚੇ ਨੂੰ ਮਹਿੰਗਾ ਪਿਆ ਬੰਬ ਬਾਰੇ ਮਜ਼ਾਕ

**ਹਿਊਸਟਨ:** ਅਮਰੀਕਾ ਵਿਚ 12 ਸਾਲਾ ਸਿੱਖ ਲੜਕੇ ਨੂੰ ਆਪਣੇ ਜਮਾਤੀਆਂ ਨਾਲ ਮਜ਼ਾਕ ਮਹਿੰਗਾ ਪੈ ਗਿਆ ਹੈ। ਉਸ ਨੇ ਸਕੂਲ ਵਿਚ ਜਮਾਤੀਆਂ ਨੂੰ ਆਖ ਦਿੱਤਾ ਸੀ ਕਿ ਉਸ ਦੇ ਬੈਗ ਵਿਚ ਬੰਬ ਹੈ। ਇਸ ਕਾਰਨ ਹੁਣ ਉਸ ਨੂੰ ਬਾਲ ਸੁਧਾਰ ਘਰ ਵਿਚ ਤਿੰਨ ਦਿਨ ਗੁਜ਼ਾਰਨੇ ਪਏ।

ਟੈਕਸਸ ਦੇ ਅਰਲਿੰਗਟਨ ਵਾਸੀ ਅਰਮਾਨ ਸਿੰਘ ਸਰਾਏ ਨੇ ਆਪਣੇ ਸਾਥੀਆਂ ਨਾਲ ਬੰਬ ਦੀ ਗੱਲ ਤਾਂ ਮਜ਼ਾਕ ਵਿਚ ਆਖ ਦਿੱਤੀ ਸੀ ਪਰ ਉਸ ਦੇ ਸਾਥੀ ਇਸ ਨੂੰ ਗੰਭੀਰਤਾ ਨਾਲ ਲੈ ਗਏ। ਉਨ੍ਹਾਂ ਨੇ ਆਪਣੇ ਨਿਕੋਲਸ ਜੂਨੀਅਰ ਹਾਈ ਸਕੂਲ ਦੀ ਇਕ ਅਧਿਆਪਕ ਨੂੰ ਇਸ ਬਾਰੇ ਜਾਣਕਾਰੀ ਦੇ ਦਿੱਤੀ। ਇਸ ਦੀ ਜਾਣਕਾਰੀ ਪੁਲਿਸ ਨੂੰ ਦਿੱਤੀ ਗਈ ਤੇ ਤਲਾਸ਼ੀ ਲੈਣ 'ਤੇ ਕੁਝ ਨਾ ਮਿਲਣ ਦੇ ਬਾਵਜੂਦ ਉਸ ਨੂੰ ਬਾਲ ਸੁਧਾਰ ਘਰ ਵਿਚ ਭੇਜ ਦਿੱਤਾ ਗਿਆ। ਪੁਲਿਸ ਅਧਿਕਾਰੀ ਨੇ ਕਿਹਾ ਹੈ ਕਿ ਲੋਕ ਇਹ ਸਮਝਣ ਲੈਣ ਕਿ ਉਹ ਅਜਿਹਾ ਮਜ਼ਾਕ ਕਰਕੇ ਬਚ ਨਹੀਂ ਸਕਦੇ।

# ਸਿੱਖਾਂ ਨੂੰ ਅਮਰੀਕੀ ਫੌਜ ਵਿਚ ਛੋਟ ਦੀ ਆਸ ਬੱਝੀ



**ਵਾਸ਼ਿੰਗਟਨ:** ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੇ ਅਮਰੀਕੀ ਸਿੱਖ ਭਾਈਚਾਰੇ ਨੂੰ ਭਰੋਸਾ ਦਿੱਤਾ ਹੈ ਕਿ ਉਹ ਸਿੱਖਾਂ ਦੀ ਅਮਰੀਕੀ ਸੈਨਾ ਵਿਚ ਭਰਤੀ ਲਈ ਦਾੜ੍ਹੀ ਰੱਖਣ ਤੇ ਦਸਤਾਰ ਸਜਾਉਣ ਉਤੇ ਲਾਈਆਂ ਰੋਕਾਂ ਹਟਾਉਣ ਬਾਰੇ ਵਿਚਾਰ ਕਰਨਗੇ।

ਧਰਮ ਤੇ ਸਿੱਖਿਆ ਅਧਾਰਤ ਸਿੱਖ ਕੌਂਸਲ ਦੇ ਚੇਅਰਮੈਨ ਰਾਜਵੰਤ ਸਿੰਘ ਨੇ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੂੰ ਵਾਈਟ ਹਾਊਸ ਵਿਚ ਮਿਲ ਕੇ ਇਸ ਗੱਲ ਉਤੇ ਜੋਰ ਦਿੱਤਾ ਕਿ ਉਹ ਸਿੱਖਾਂ ਨੂੰ ਬਿਨਾਂ ਸ਼ਰਤਾਂ ਲਾਏ ਅਮਰੀਕੀ ਫੌਜ ਵਿਚ ਸੇਵਾ ਕਰਨ ਦਾ ਮੌਕਾ ਦੇਣ। ਸ. ਰਾਜਵੰਤ ਸਿੰਘ ਨੇ ਰਾਸ਼ਟਰਪਤੀ ਨੂੰ ਕਿਹਾ ਕਿ ਤੁਸੀਂ ਸਿੱਖਾਂ ਨੂੰ ਬਿਨਾਂ ਪਾਬੰਦੀ ਦੇ ਫੌਜ ਵਿਚ ਸੇਵਾ ਕਰਨ ਦਾ ਮੌਕਾ ਦਿਓ। ਉਹ ਤਾਂ ਹੀ ਫੌਜ ਵਿਚ ਭਰਤੀ ਹੋ ਸਕਦੇ ਹਨ, ਜੇ ਮੰਤਰਾਲਾ ਉਨ੍ਹਾਂ ਨੂੰ ਧਰਮ ਦੇ ਮਾਮਲੇ ਵਿਚ ਛੋਟ ਦੇਵੇ। ਸ੍ਰੀ ਓਬਾਮਾ ਨੇ ਭਰੋਸਾ ਦਿੱਤਾ ਹੈ ਕਿ ਉਹ ਇਸ ਮਸਲੇ ਨੂੰ ਵਿਚਾਰਨਗੇ। ਸ. ਰਾਜਵੰਤ ਸਿੰਘ ਨੇ ਦੱਸਿਆ ਕਿ ਰਾਸ਼ਟਰਪਤੀ ਨੂੰ ਪਤਾ ਹੈ ਕਿ ਕੈਨੇਡਾ ਦਾ ਰੱਖਿਆ ਮੰਤਰੀ ਦਸਤਾਰਧਾਰੀ ਸਿੱਖ ਹੈ। ਇਹ ਜ਼ਿਕਰਯੋਗ ਹੈ ਕਿ ਇਸ ਮਹੀਨੇ ਦੇ ਸ਼ੁਰੂ ਵਿਚ ਇਕ ਸਿੱਖ ਫੌਜੀ ਨੂੰ ਅਮਰੀਕੀ ਸੈਨਾ ਨੇ ਆਰਜ਼ੀ ਤੌਰ ਉੱਤੇ ਦਾੜ੍ਹੀ ਰੱਖਣ ਤੇ ਪੱਗ ਬੰਨ੍ਹਣ ਦੀ ਆਗਿਆ ਦਿੱਤੀ ਹੈ।

## ਸੰਤ ਫਤਿਹ ਸਿੰਘ ਨਹੀਂ ਰਹੇ

**ਮੋਗਾ:** ਇਥੋਂ ਨੇੜਲੇ ਪਿੰਡ ਖੋਸਾ ਕੋਟਲਾ ਵਿਚ ਗੁਰਦੁਆਰਾ ਗੁਰੂਸਰ ਸਾਹਿਬ ਪਾਤਸ਼ਾਹੀ ਛੇਵੀਂ ਦੇ ਮੁੱਖ ਸੇਵਾਦਾਰ ਬਾਬਾ ਫਤਿਹ ਸਿੰਘ ਅਕਾਲ ਚਲਾਣਾ ਕਰ ਗਏ। ਉਨ੍ਹਾਂ ਨੇ ਤਕਰੀਬਨ ਪੰਜ ਦਹਾਕਿਆਂ ਦੀ ਆਪਣੀ ਨਿਗਰਾਨੀ ਹੇਠ ਇਸ ਇਲਾਕੇ ਵਿਚ ਕਈ ਸਕੂਲ ਤੇ ਗੁਰਦੁਆਰਾ ਸਾਹਿਬ ਦੀਆਂ ਇਮਾਰਤਾਂ ਦੀ ਕਾਰ ਸੇਵਾ ਰਾਹੀਂ ਉਸਾਰੀ ਕਰਵਾਈ। ਅੰਤਿਮ ਵਿਦਾਇਗੀ ਦੇਣ ਬਾਅਦ ਗੁਰਦੁਆਰੇ ਦੇ ਪ੍ਰਬੰਧ ਨੂੰ ਸੰਭਾਲਣ ਲਈ ਗਿਆਨੀ ਗੁਰਮੀਤ ਸਿੰਘ ਨੂੰ ਸੰਗਤਾਂ ਵੱਲੋਂ ਸਿਰੋਪਾਓ ਦਿੱਤਾ ਗਿਆ। ਅੰਤਿਮ ਸਸਕਾਰ ਮੌਕੇ ਖੇਤੀਬਾੜੀ ਮੰਤਰੀ ਜਥੇਦਾਰ ਤੋਤਾ ਸਿੰਘ, ਨਿਧੜਕ ਸਿੰਘ ਬਰਾੜ ਚੇਅਰਮੈਨ ਸੂਚਨਾ ਕਮਿਸ਼ਨ ਪੰਜਾਬ ਹਾਜ਼ਰ ਸਨ।

## ਐਚ-1ਬੀ ਤੇ ਐਲ-1 ਵੀਜ਼ੇ ਹੋਏ ਮਹਿੰਗੇ

**ਵਾਸ਼ਿੰਗਟਨ:** ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੇ ਖਰਚ ਪੈਕੇਜ ਨਾਲ ਜੁੜੇ ਬਿੱਲ ਉਤੇ ਦਸਤਖਤ ਕਰ ਦਿੱਤੇ ਜਿਸ ਨਾਲ ਐਚ-1ਬੀ ਵੀਜ਼ਾ ਦੀਆਂ ਕੁਝ ਸ਼੍ਰੇਣੀਆਂ ਲਈ 4000 ਡਾਲਰ ਤੇ ਐਲ-1 ਵੀਜ਼ੇ ਲਈ 4500 ਡਾਲਰ ਫੀਸ ਦੀ ਵਿਵਸਥਾ ਲਾਗੂ ਹੋ ਜਾਵੇਗੀ। ਬਰਾਕ ਓਬਾਮਾ ਦੇ ਦਸਤਖਤ ਕਰਨ ਨਾਲ ਇਸ ਬਿੱਲ ਨੇ ਕਾਨੂੰਨ ਦਾ ਰੂਪ ਲੈ ਲਿਆ ਹੈ ਜੋ ਸੂਚਨਾ ਤਕਨਾਲੋਜੀ ਕੰਪਨੀਆਂ ਲਈ ਵੱਡਾ ਝਟਕਾ ਹੈ। ਕਿਉਂਕਿ ਹੁਣ ਉਨ੍ਹਾਂ ਨੂੰ ਐਚ-1ਬੀ ਵੀਜ਼ੇ ਦੀ ਅਰਜ਼ੀ ਦੇਣ ਲਈ ਕਰੋੜਾਂ ਡਾਲਰ ਦਾ ਭੁਗਤਾਨ ਕਰਨਾ ਪਵੇਗਾ। ਇਨ੍ਹਾਂ ਕੰਪਨੀਆਂ ਨੂੰ ਅਮਰੀਕਾ ਵਿਚ ਆਪਣੇ ਕੰਮ ਲਈ ਸੂਚਨਾ ਤਕਨੀਕ ਵਿਚ ਮਾਹਿਰ ਮੁਲਾਜ਼ਮਾਂ ਨੂੰ ਬੁਲਾਉਣ ਲਈ ਇਹ ਵੀਜ਼ਾ ਅਪਲਾਈ ਕਰਨਾ ਪੈਂਦਾ ਹੈ। ਭਾਰਤੀ ਸੂਚਨਾ ਤਕਨਾਲੋਜੀ ਕੰਪਨੀਆਂ ਨੇ ਇਸ ਕਦਮ ਨੂੰ ਬੇਹੱਦ ਵਿਤਕਰੇ ਵਾਲਾ ਤੇ ਦੰਡਾਤਮਿਕ ਕਰਾਰ ਦਿੱਤਾ ਹੈ ਕਿਉਂਕਿ ਕਾਨੂੰਨ ਵਿਚ ਇਸ ਤਰ੍ਹਾਂ ਲਿਖਿਆ ਗਿਆ ਹੈ ਜਿਸ ਨਾਲ ਸੂਚਨਾ ਤਕਨੀਕ ਖੇਤਰ ਦੀਆਂ ਸਿਰਫ ਭਾਰਤ ਦੀਆਂ ਵੱਡੀਆਂ ਕੰਪਨੀਆਂ ਨੂੰ ਇੰਨੀ ਜ਼ਿਆਦਾ ਵੀਜ਼ਾ ਫੀਸ ਦੇਣੀ ਪਵੇਗੀ। ਜਿਨ੍ਹਾਂ ਕੰਪਨੀਆਂ ਵਿਚ 50 ਤੋਂ ਜ਼ਿਆਦਾ ਮੁਲਾਜ਼ਮ ਹਨ ਅਤੇ 50 ਫੀਸਦੀ ਮੁਲਾਜ਼ਮ ਐਚ-1ਬੀ ਤੇ ਐਲ-1 ਵੀਜ਼ੇ 'ਤੇ ਰਹਿ ਰਹੇ ਹਨ, ਉਨ੍ਹਾਂ ਨੂੰ ਅਗਲੇ ਸਾਲ ਇਕ ਅਪਰੈਲ ਤੋਂ ਅਰਜ਼ੀ ਨਾਲ ਨਵੀਂ ਵੀਜ਼ਾ ਫੀਸ ਦਾ ਭੁਗਤਾਨ ਕਰਨਾ ਪਵੇਗਾ। ਇਸ ਸਾਲ ਅਮਰੀਕੀ ਸੰਸਦ ਨੇ 65000 ਐਚ-1ਬੀ ਵੀਜ਼ਾ ਕੋਟੇ ਨੂੰ ਮਨਜ਼ੂਰੀ ਦਿੱਤੀ ਸੀ। ਇਹ ਕੋਟਾ ਇਕ ਅਪਰੈਲ ਤੋਂ ਸ਼ੁਰੂ ਹੋਈ ਅਰਜ਼ੀ ਪ੍ਰਕਿਰਿਆ ਦੇ ਕੁਝ ਦਿਨਾਂ ਵਿਚ ਹੀ ਪੂਰਾ ਹੋ ਗਿਆ।

# ਗਾਇਕ ਪ੍ਰੀਤਮ ਸਿੰਘ ਸੋਹੀ ਨਹੀਂ ਰਹੇ

**ਫਰਿਜ਼ਨੋ (ਬਿਊਰੋ):** ਖਾਲਸਾ ਕਾਲਜ ਗੁਰੂਸਰ ਸਧਾਰ ਦੇ ਸਾਬਕਾ ਵਿਦਿਆਰਥੀ, ਰੰਗ-ਮੰਚ ਨਾਲ ਜੁੜੇ ਅਤੇ ਸਾਫ਼ ਸੁਥਰੀ ਗਾਇਕੀ ਦੇ ਮੁਦਈ ਸ. ਪ੍ਰੀਤਮ ਸਿੰਘ ਸੋਹੀ (59) ਸਿਆਟਲ ਵਿਖੇ ਦਿਲ ਦਾ ਦੌਰਾ ਪੈਣ ਕਰ ਕੇ ਅਕਾਲ ਚਲਾਣਾ ਕਰ ਗਏ। ਉਹ ਕਈ ਸਾਲਾਂ ਤੋਂ ਫਰਿਜ਼ਨੋ ਰਹਿ ਰਹੇ ਸਨ ਅਤੇ ਕੁਝ ਸਮਾਂ ਪਹਿਲਾਂ ਹੀ ਆਪਣੇ ਕਾਰੋਬਾਰ ਦੇ ਸਿਲਸਿਲੇ ਵਿਚ ਸਿਆਟਲ ਵਿਖੇ ਵੱਸ ਗਏ ਸਨ। ਅਮਰੀਕਾ ਵਿਚ ਰਹਿੰਦਿਆਂ ਉਨ੍ਹਾਂ ਆਪਣੀ ਸਾਫ-ਸੁਥਰੀ ਗਾਇਕੀ ਕਰ ਕੇ ਬਹੁਤ ਮਾਣ ਖੱਟਿਆ।

ਉਹ ਗੁਰੂਸਰ ਸਧਾਰ ਕਾਲਜ ਦੇ ਸਾਬਕਾ ਵਿਦਿਆਰਥੀਆਂ ਦੀ ਸੰਸਥਾ ਦੇ ਮੁਢਲੇ ਮੈਂਬਰਾਂ ਵਿਚੋਂ ਸਨ। ਗਦਰੀ ਬਾਬਿਆਂ ਦੀ ਯਾਦ ਨੂੰ ਸਮਰਪਿਤ ਸੰਸਥਾ ਤੋਂ ਇਲਾਵਾ ਸਭਿਆਚਾਰਕ ਅਤੇ ਧਾਰਮਿਕ ਸੰਸਥਾਵਾਂ ਵਿਚ ਸੇਵਾਵਾਂ ਦਿੰਦੇ ਰਹਿੰਦੇ ਸਨ। ਉਨ੍ਹਾਂ ਦੇ ਪਰਿਵਾਰ ਵਿਚ ਦੋ ਪੁੱਤਰ ਹਨ ਜੋ ਭਾਰਤ ਰਹਿੰਦੇ ਹਨ ਅਤੇ ਇਕ ਧੀ ਹੈ ਜੋ ਸਿਆਟਲ ਵਿਖੇ ਰਹਿ ਰਹੀ ਹੈ। ਉਨ੍ਹਾਂ ਦਾ ਪਿਛਲਾ ਪਿੰਡ ਸੋਹੀਆਂ, ਜਗਰਾਉਂ (ਲੁਧਿਆਣਾ) ਦੇ ਨਜ਼ਦੀਕ ਪੈਂਦਾ ਹੈ।

ਸਵਰਗੀ ਪ੍ਰੀਤਮ ਸਿੰਘ ਸੋਹੀ ਦਾ ਅੰਤਮ ਸੰਸਕਾਰ 26 ਦਸੰਬਰ ਨੂੰ ਸਵੇਰੇ 10 ਤੋਂ 12 ਵਜੇ ਤੱਕ (ਮਾਰਲਟ ਫਿਊਨਰਲ ਹੋਮ, 713, ਸੈਂਟਰਲ ਐਵੇਨਿਊ, ਐਨ. ਕੈਂਟ, ਵਾਸ਼ਿੰਗਟਨ 98032) ਵਿਖੇ ਹੋਵੇਗਾ। ਇਸ ਬਾਅਦ ਅੰਤਮ



ਅਰਦਾਸ ਗੁਰਦੁਆਰਾ ਸਿੰਘ ਸਭਾ ਆਫ ਵਾਸ਼ਿੰਗਟਨ (5200, ਟੈਲਬਟ ਰੋਡ ਸਾਊਥ, ਰੈਂਟਨ ਵਾਸ਼ਿੰਗਟਨ 98055) ਵਿਖੇ ਹੋਵੇਗੀ। ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਜੱਗਾ ਸੁਧਾਰ (559) 709-9599 ਜਾਂ ਸਤਵੰਤ ਵਿਰਕ (559)978-3361 ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਪਾਕਿ ਕਮੇਟੀ ਦੇ ਸਾਬਕਾ ਪ੍ਰਧਾਨ 'ਤੇ ਪਰਚਾ

**ਲਾਹੌਰ:** ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (ਪੀ.ਐਸ.ਜੀ.ਪੀ.ਸੀ.) ਦੇ ਸਾਬਕਾ ਪ੍ਰਧਾਨ ਮਸਤਾਨ ਸਿੰਘ ਤੇ ਉਸ ਦੇ 25 ਸਾਥੀਆਂ ਖਿਲਾਫ ਧਾਰਮਿਕ ਬੇਅਦਬੀ ਦੇ ਦੋਸ਼ ਵਿਚ ਕੇਸ ਦਰਜ ਕੀਤਾ ਗਿਆ ਹੈ। ਇਹ ਕੇਸ ਪੀ.ਐਸ.ਜੀ.ਪੀ.ਸੀ. ਦੇ ਪ੍ਰਧਾਨ ਸਰਦਾਰ ਸ਼ਾਮ ਸਿੰਘ ਦੀ ਸ਼ਿਕਾਇਤ 'ਤੇ ਦਰਜ ਕੀਤਾ ਗਿਆ ਹੈ। ਪੰਜਾਬ ਪੁਲਿਸ ਦੇ ਤਰਜਮਾਨ ਨੇ ਦੱਸਿਆ ਕਿ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਦੇ ਜਨਮ ਅਸਥਾਨ ਨਨਕਾਣਾ ਸਾਹਿਬ ਵਿਖੇ ਇਕ ਗੁਰਦੁਆਰੇ 'ਤੇ ਹਮਲਾ ਕਰਨ ਦੇ ਦੋਸ਼ ਵਿਚ ਮਸਤਾਨ ਸਿੰਘ ਨੂੰ ਗ੍ਰਿਫਤਾਰ ਕੀਤਾ ਗਿਆ ਸੀ, ਪਰ ਉਨ੍ਹਾਂ ਨੇ ਇਸ ਗ੍ਰਿਫਤਾਰੀ ਦੀ ਤਰੀਕ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ। ਔਕਾਫ ਬੋਰਡ (ਈ.ਟੀ.ਪੀ.ਬੀ.) ਦੇ ਡਿਪਟੀ ਡਾਇਰੈਕਟਰ ਇਮਰਾਨ ਖਾਨ ਨੇ ਦੱਸਿਆ ਕਿ ਨਨਕਾਣਾ ਸਿਟੀ ਪੁਲਿਸ ਨੇ ਮਸਤਾਨ ਸਿੰਘ ਤੇ ਉਸ ਦੇ 25 ਸਾਥੀਆਂ ਖਿਲਾਫ ਪੀ.ਪੀ.ਸੀ. ਦੀ ਧਾਰਾ 123-ਏ, 295-ਏ ਤਹਿਤ ਕੇਸ ਦਰਜ ਕੀਤਾ ਹੈ। ਮਸਤਾਨ ਸਿੰਘ ਨੂੰ ਗ੍ਰਿਫਤਾਰ ਕੀਤਾ ਗਿਆ ਸੀ



ਤੇ ਬਾਕੀ ਮੁਲਜ਼ਮਾਂ ਨੂੰ ਫੜਨ ਲਈ ਪੁਲਿਸ ਵੱਲੋਂ ਛਾਪੇ ਮਾਰੇ ਜਾ ਰਹੇ ਹਨ। ਦੱਸਣਯੋਗ ਹੈ ਕਿ ਪੀ.ਐਸ.ਜੀ.ਪੀ.ਸੀ. ਦੇ ਪ੍ਰਧਾਨ ਹੁੰਦਿਆਂ ਮਸਤਾਨ ਸਿੰਘ ਨੂੰ ਲਾਹੌਰ ਵਿਚ ਪੰਜ ਲੱਖ ਰੁਪਏ ਦੇ ਘਪਲੇ ਦੇ ਦੋਸ਼ ਵਿਚ ਗ੍ਰਿਫਤਾਰ ਕੀਤਾ ਗਿਆ ਸੀ। ਮਸਤਾਨ ਸਿੰਘ ਦੇ ਵਕੀਲ ਨੇ ਕਿਹਾ ਕਿ ਈ.ਟੀ.ਪੀ.ਬੀ. ਦੇ ਸੀਨੀਅਰ ਅਧਿਕਾਰੀ ਨਿੱਜੀ ਰੰਜਿਸ਼ ਕਾਰਨ ਮਸਤਾਨ ਸਿੰਘ ਨੂੰ ਫਸਾਉਣਾ ਚਾਹੁੰਦੇ ਹਨ। ਉਨ੍ਹਾਂ

## ਸਰਕਾਰੀ ਸ਼ਹਿ 'ਤੇ ਕਾਰਵਾਈ ਹੋਈ: ਦਿਲਾਵਰ ਸਿੰਘ

**ਲਾਹੌਰ:** ਮਸਤਾਨ ਸਿੰਘ ਪੁੱਤਰ ਦਿਲਾਵਰ ਸਿੰਘ ਨੇ ਦੋਸ਼ ਲਾਇਆ ਹੈ ਕਿ ਉਸ ਦੇ ਪਿਤਾ ਖਿਲਾਫ ਪਰਚਾ ਸਰਕਾਰ ਦੀ ਸ਼ਹਿ 'ਤੇ ਸ਼ਾਮ ਸਿੰਘ ਵੱਲੋਂ ਕਰਵਾਇਆ ਗਿਆ ਹੈ। ਕਿਉਂਕਿ ਉਨ੍ਹਾਂ ਨੇ ਪਾਕਿਸਤਾਨ ਵਕਫ ਬੋਰਡ ਤੇ ਪਾਕਿਸਤਾਨ ਸਰਕਾਰ ਨੂੰ ਅਪੀਲ ਕੀਤੀ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਨਗਰ ਕੀਰਤਨ ਗੁਰਦੁਆਰਾ ਤੰਬੂ ਸਾਹਿਬ ਤੱਕ ਨਹੀਂ ਬਲਕਿ ਗੁਰਦੁਆਰਾ ਸ੍ਰੀ ਕਿਆਰਾ ਸਾਹਿਬ ਤੱਕ ਕੱਢਣ ਦੀ ਇਜਾਜ਼ਤ ਦਿੱਤੀ ਜਾਵੇ, ਕਰੀਬ ਮਹੀਨੇ ਬਾਅਦ ਹੁਣ ਸੰਗਤਾਂ ਦੀ ਆਵਾਜ਼ ਬੁਲੰਦ ਕਰਨ ਦਾ ਸਿਲਾ ਮਸਤਾਨ ਸਿੰਘ ਨੂੰ ਮਿਲਿਆ।

ਉਨ੍ਹਾਂ ਖਿਲਾਫ ਦੇਸ਼ ਧ੍ਰੋਹ ਤੇ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਜੀ ਦੀ ਜਾਇਦਾਦ ਨੂੰ ਨੁਕਸਾਨ ਪਹੁੰਚਾਉਣ ਦੀਆਂ ਧਾਰਾਵਾਂ ਲਾ ਕੇ ਪਰਚਾ ਦਰਜ ਕੀਤਾ ਗਿਆ ਹੈ।

ਦਾਅਵਾ ਕੀਤਾ ਕਿ ਮਸਤਾਨ ਸਿੰਘ ਨੂੰ ਰਿਹਾਅ ਕਰ ਦਿੱਤਾ ਗਿਆ ਕਿਉਂਕਿ ਉਨ੍ਹਾਂ ਖਿਲਾਫ ਦੋਸ਼ ਸਿੱਧ ਨਹੀਂ ਹੋ ਸਕੇ।

# ਸ਼ਰਾਬ ਨਸ਼ਾ ਨਹੀਂ: ਜਿਆਣੀ

**ਗਿੱਦੜਬਾਹਾ:** ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਚੌਧਰੀ ਸੁਰਜੀਤ ਕੁਮਾਰ ਜਿਆਣੀ ਨੇ ਪਿੰਡ ਥੇੜ੍ਹੀ ਵਿਚ 5 ਕਰੋੜ ਰੁਪਏ ਦੀ ਲਾਗਤ ਨਾਲ ਬਣਾਏ ਗਏ 50 ਬਿਸਤਰਿਆਂ ਦੇ ਨਸ਼ਾ ਮੁਕਤੀ ਤੇ ਮੁੜ-ਵਸੇਬਾ ਕੇਂਦਰ ਦਾ ਉਦਘਾਟਨ ਕਰਨ ਸਮੇਂ ਕਿਹਾ ਕਿ ਉਹ ਅਰਦਾਸ ਕਰਦੇ ਹਨ ਕਿ ਇਹੋ ਜਿਹੇ ਹਸਪਤਾਲਾਂ ਦੀ ਕਦੇ ਕਿਸੇ ਨੂੰ ਲੋੜ ਨਾ ਪਵੇ। ਮਗਰੋਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਸ਼ਰਾਬ ਕੋਈ ਨਸ਼ਾ ਨਹੀਂ ਹੈ, ਸ਼ਰਾਬ ਨੂੰ ਨਸ਼ਾ ਨਹੀਂ ਕਿਹਾ ਜਾ ਸਕਦਾ।

ਉਨ੍ਹਾਂ ਕਿਹਾ ਕਿ ਸਰਕਾਰ ਸ਼ਰਾਬ ਦੀਆਂ ਫੈਕਟਰੀਆਂ ਨੂੰ ਮਨਜ਼ੂਰੀ ਦਿੰਦੀ ਹੈ, ਟੈਂਡਰ ਹੁੰਦੇ ਹਨ ਅਤੇ ਠੇਕੇ ਨਿਲਾਮ ਕੀਤੇ ਜਾਂਦੇ ਹਨ, ਫਿਰ ਸ਼ਰਾਬ ਨੂੰ ਨਸ਼ਾ ਕਿਵੇਂ ਕਿਹਾ ਜਾ ਸਕਦਾ ਹੈ? ਫ਼ੌਜ ਵਿਚ ਸ਼ਰਾਬ, ਪਾਰਟੀਆਂ ਅਤੇ ਹਰ ਪ੍ਰੋਗਰਾਮਾਂ ਵਿਚ ਸ਼ਰਾਬ ਵਰਤੀ ਜਾਂਦੀ ਹੈ, ਫਿਰ ਸ਼ਰਾਬ ਨੂੰ ਨਸ਼ਾ ਕਿਵੇਂ ਕਿਹਾ ਜਾ ਸਕਦਾ ਹੈ? ਜਿਸ ਦਿਨ ਸਰਕਾਰ ਨੇ ਸ਼ਰਾਬ ਨੂੰ ਨਸ਼ਾ ਮੰਨ ਕੇ ਫੈਕਟਰੀਆਂ ਬੰਦ ਕਰ ਦਿੱਤੀਆਂ, ਉਦੋਂ ਕਿਹਾ ਜਾ ਸਕੇਗਾ ਕਿ ਸ਼ਰਾਬ ਨਸ਼ਾ ਹੈ।

## ਜਬਰ ਜਨਾਹ ਦੇ ਸੱਤ ਦੋਸ਼ੀਆਂ ਨੂੰ ਮੌਤ ਦੀ ਸਜ਼ਾ

**ਰੋਹਤਕ:** ਇਥੋਂ ਦੀ ਇਕ ਅਦਾਲਤ ਨੇ ਜਬਰ ਜਨਾਹ ਅਤੇ ਕਤਲ ਦੇ ਕੇਸ ਵਿਚ ਸੱਤ ਦੋਸ਼ੀਆਂ ਨੂੰ ਮੌਤ ਦੀ ਸਜ਼ਾ ਸੁਣਾਈ ਹੈ। ਇਸ ਸਾਲ ਫਰਵਰੀ ਵਿਚ 28 ਸਾਲਾ ਨੇਪਾਲੀ ਔਰਤ ਨਾਲ ਸਮੂਹਿਕ ਬਲਾਤਕਾਰ ਤੋਂ ਬਾਅਦ ਉਸ ਦਾ ਕਤਲ ਕਰ ਦਿੱਤਾ ਗਿਆ ਸੀ।


# Prince's Barber Shop

37477 Fremont Blvd, suite C, Fremont, CA 94536

**Men & Children's Hair Cut**

*Threading *Custom Text
*Men's Facials *Hair Coler
*Custom Designing *Shave &
*Line-ups *Head Massage

ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ



Business hours:
Mon thru Thursday 9am to 8pm
Friday, Sat- Sunday- 9am to 7pm
(Tuesday Closed)



**Cell: (510)-677-9942**
**Shop: (510)-505-9605**
www.princebarbershop.com



## ਕੁਕ/ਸ਼ੈਫ ਦੀ ਲੋੜ ਹੈ

ਮਿਲਵਾਕੀ ਵਿਚ ਨਵੇਂ ਬਣੇ ਵਧੀਆ ਇੰਡੀਅਨ ਰੈਸਟੋਰੈਂਟ ਲਈ ਕੁਕ/ਸ਼ੈਫ ਦੀ ਲੋੜ ਹੈ ਜਿਸ ਨੂੰ ਤੰਦੂਰੀ ਕਰੀ ਬਣਾਉਣ ਦਾ ਪੂਰਾ ਤਜਰਬਾ ਹੋਵੇ।

Wanted Cook/Chef who Specializes in Tandoori/Curry for new Indian upscale restaurant opening in Milwaukee WI Good pay & Facilities, depends on experience

ਚੰਗੀ ਤਨਖਾਹ ਤੇ ਹੋਰ ਸਹੂਲਤਾਂ

Contact: Vicky 414-322-2475
e-mail walia12@aol.com
**Durbar 916 E. State Street WI 53202.**



# ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ

ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ

ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150

Special Price for Truck Wash Grand Opening
• 8 Drive Tires For $3300 Kelly KDA
• Two Steer Tire Michelin $1150 Including Balancing (22.5 LP)

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

**Ph: 209.547.9210**
FAX: 209.547.9211
www.gfbontime.com, raj@gfbontime.com

## REPAIR SHOP

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

**TEL: 209.547.9210**
FAX: 209.547.9211

## REGISTRATION SERVICES

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

**TEL: 209.982.9996**
FAX: 209.982.9997

ਪੰਜਾਬ ਟਾਈਮਜ਼

*ਸਨਿਚਰਵਾਰ, 26 ਦਸੰਬਰ 2015*

## ਪੱਤਰਕਾਰੀ ਦਾ ਪਿੜ ਅਤੇ ਭਰੋਸਾ

ਪੰਜਾਬ ਦੇ ਕਾਲੇ ਦੌਰ ਬਾਰੇ ਸਾਬਕਾ ਪੁਲਿਸ ਮੁਲਾਜ਼ਮ ਗੁਰਮੀਤ ਸਿੰਘ ਪਿੰਕੀ ਦੇ ਕਥਿਤ ਖੁਲਾਸਿਆਂ ਤੋਂ ਬਾਅਦ ਮਾਹੌਲ ਵਿਚਲਾ ਸੇਕ ਮੱਠਾ ਨਹੀਂ ਪਿਆ ਹੈ। ਅਸਲ ਵਿਚ ਇਨ੍ਹਾਂ ਖੁਲਾਸਿਆਂ ਦੇ ਇਕ ਨਹੀਂ, ਅਨੇਕ ਪੱਖ ਹਨ ਜੋ ਹੌਲੀ-ਹੌਲੀ ਖੁੱਲ੍ਹ ਰਹੇ ਹਨ। ਇਹ ਵੀ ਸੰਭਵ ਹੈ ਕਿ ਇਨ੍ਹਾਂ ਵਿਚੋਂ ਕਈ ਪੱਖ ਕਦੀ ਉਜਾਗਰ ਹੀ ਨਾ ਹੋਣ, ਕਿਉਂਕਿ ਅਜਿਹੇ ਖੁਲਾਸਿਆਂ ਦੀ ਤਫਸੀਲ ਉਦੋਂ ਹੀ ਉਜਾਗਰ ਹੋਈ ਹੈ, ਜਦੋਂ ਖੁਲਾਸੇ ਕਰਨ ਵਾਲਾ ਖੁਦ ਜ਼ਿਆਦਤੀ ਹੋਈ ਮਹਿਸੂਸ ਕਰਦਾ ਹੈ। ਅਜਿਹੇ ਭਿਅੰਕਰ ਖੁਲਾਸਿਆਂ ਤੋਂ ਬਾਅਦ ਹੋਣਾ ਤਾਂ ਇਹ ਚਾਹੀਦਾ ਹੈ ਕਿ ਇਨ੍ਹਾਂ ਦੇ ਹਰ ਪੱਖ ਦੇ ਸੱਚ-ਝੂਠ ਦਾ ਨਿਤਾਰਾ ਕੀਤਾ ਜਾਵੇ, ਤਾਂ ਕਿ ਭਵਿਖ ਵਿਚ ਅਜਿਹੇ ਘਾਣ ਤੋਂ ਬਚਿਆ ਜਾ ਸਕੇ, ਪਰ ਸਿਰੇ ਦੇ ਗੈਰ-ਸੰਵੇਦਨਸ਼ੀਲ ਮਾਹੌਲ ਅਤੇ ਸਿਆਸੀ ਆਪੋ-ਧਾਪੀ ਦੇ ਦੌਰ ਵਿਚ ਹੁਕਮਰਾਨ ਧਿਰ ਅਤੇ ਸਬੰਧਤ ਧਿਰਾਂ ਸਦਾ ਹੀ ਇਸ ਤੋਂ ਬਚਣ ਵਾਲਾ ਰਾਹ ਅਖਤਿਆਰ ਕਰਦੀਆਂ ਰਹੀਆਂ ਹਨ। ਇਨ੍ਹਾਂ ਖੁਲਾਸਿਆਂ ਦੇ ਆਧਾਰ 'ਤੇ ਖਾੜਕੂ ਲਹਿਰ ਦੌਰਾਨ ਪੁਲਿਸ ਅਤੇ ਸਰਕਾਰ ਵੱਲੋਂ ਕੀਤੀਆਂ ਵਧੀਕੀਆਂ ਦੀ ਪੁਣ-ਛਾਣ ਦਾ ਮਾਮਲਾ ਅਜੇ ਕਿਸੇ ਤਣ-ਪੱਤਣ ਨਹੀਂ ਸੀ ਲੱਗਾ ਕਿ ਇਕ ਹੋਰ ਘਟਨਾ ਵਾਪਰ ਗਈ। ਸੀਨੀਅਰ ਪੱਤਰਕਾਰ ਕੰਵਰ ਸੰਧੂ, ਜੋ ਪਿੰਕੀ ਵੱਲੋਂ ਕੀਤੇ ਖੁਲਾਸਿਆਂ ਦਾ ਸੂਤਰਧਾਰ ਬਣਿਆ ਹੈ, ਨਾਲ ਪਟਿਆਲੇ ਦੀ ਜੇਲ੍ਹ ਵਿਚ ਧੱਕਾ-ਮੁੱਕੀ ਦੀਆਂ ਖਬਰਾਂ ਆ ਗਈਆਂ। ਉਹ ਉਥੇ ਬੇਅੰਤ ਸਿੰਘ ਕਤਲ ਕੇਸ ਵਿਚ ਫਾਂਸੀਯਾਫਤਾ ਕੈਦੀ ਬਲਵੰਤ ਸਿੰਘ ਰਾਜੋਆਣਾ ਨੂੰ ਮਿਲਣ ਗਿਆ ਸੀ। ਹੁਣ ਇਸ ਮਿਲਣੀ ਦਾ ਸਬੱਬ ਧਿਆਨ ਅਤੇ ਰਤਾ ਕੁ ਵਿਸਥਾਰ ਦੀ ਮੰਗ ਕਰਦਾ ਹੈ। ਗੁਰਮੀਤ ਸਿੰਘ ਪਿੰਕੀ ਨੇ ਜਿਹੜੇ ਖੁਲਾਸੇ ਕੀਤੇ ਹਨ, ਉਨ੍ਹਾਂ ਵਿਚ ਬਲਵੰਤ ਸਿੰਘ ਰਾਜੋਆਣਾ ਦਾ ਨਾਂ ਵੀ ਬੋਲਿਆ ਹੈ। ਪਿੰਕੀ ਮੁਤਾਬਕ, ਰਾਜੋਆਣਾ ਦੀ ਸੂਹ ਉਤੇ ਉਨ੍ਹਾਂ ਨੇ ਜਗਤਾਰ ਸਿੰਘ ਹਵਾਰਾ ਦੇ ਜੇਲ੍ਹ ਵਿਚੋਂ ਭੱਜ ਨਿਕਲਣ ਦੀ ਸਕੀਮ ਦਾ ਪਰਦਾਫਾਸ਼ ਕੀਤਾ ਸੀ। ਉਸ ਵੇਲੇ ਜੇਲ੍ਹ ਵਿਚੋਂ ਆਰ ਡੀ ਐਕਸ ਫੜਨ ਦਾ ਦਾਅਵਾ ਵੀ ਕੀਤਾ ਗਿਆ ਸੀ ਜੋ ਜੇਲ੍ਹ ਤੋੜਨ ਲਈ ਵਰਤਿਆ ਜਾਣਾ ਸੀ। ਰਾਜੋਆਣਾ ਦਾ ਇਤਰਾਜ਼ ਸੀ ਕਿ ਇਸ ਮਾਮਲੇ ਵਿਚ ਉਸ ਦਾ ਪੱਖ ਨਹੀਂ ਲਿਆ ਗਿਆ। ਉਂਜ, ਇਹ ਇਤਰਾਜ਼ ਸਾਹਮਣੇ ਆਉਣ ਤੋਂ ਬਾਅਦ ਕੰਵਰ ਸੰਧੂ ਤੁਰੰਤ ਉਸ ਦਾ ਪੱਖ ਲੈਣ ਅਤੇ ਨਾਲ ਦੀ ਨਾਲ ਨਸ਼ਰ ਕਰਨ ਲਈ ਸਹਿਮਤ ਹੋ ਗਿਆ ਸੀ ਅਤੇ ਉਹ ਜੇਲ੍ਹ ਅੰਦਰ ਰਾਜੋਆਣਾ ਦਾ ਪੱਖ ਲੈਣ ਹੀ ਗਿਆ ਸੀ। ਦੋਹਾਂ ਦਰਮਿਆਨ ਇਸ ਮੁਲਾਕਾਤ ਦਾ ਸਾਰਾ ਪ੍ਰਬੰਧ ਰਾਜੋਆਣਾ ਦੀ ਭੈਣ ਕਮਲਦੀਪ ਕੌਰ ਵੱਲੋਂ ਹੀ ਕੀਤਾ ਗਿਆ ਦੱਸੀਦਾ ਹੈ।

ਜੇਲ੍ਹ ਅੰਦਰ ਹੋਈ ਘਟਨਾ ਨੂੰ ਕੰਵਰ ਸੰਧੂ ਨੇ ਭਰੋਸੇ ਨਾਲ ਵਿਸਾਹਘਾਤ ਕਰਾਰ ਦਿੱਤਾ ਹੈ। ਇਹ ਗੱਲ ਠੀਕ ਹੈ ਕਿ ਬਹੁਤ ਸਾਰੇ ਮਾਮਲਿਆਂ ਵਿਚ ਪੱਤਰਕਾਰਾਂ ਨੂੰ ਕਈ ਜਫਰ ਜਾਲਣੇ ਪੈਂਦੇ ਹਨ। ਜਦੋਂ ਕੰਮ ਨਾਲ ਸਰਕਾਰੀ ਅਤੇ ਹੋਰ ਧਿਰਾਂ ਸਿੱਧੀਆਂ ਅਤੇ ਡੂੰਘੀਆਂ ਜੁੜੀਆਂ ਹੋਣ ਤਾਂ ਮਾਮਲਾ ਹੋਰ ਵੀ ਸੰਵੇਦਨਸ਼ੀਲ ਬਣ ਜਾਂਦਾ ਹੈ। ਅਜਿਹੇ ਦੌਰ ਵਿਚ ਸਿਰਫ ਭਰੋਸਾ ਹੀ ਹੁੰਦਾ ਹੈ ਜਿਹੜਾ ਇਸ ਪੇਸ਼ੇ ਦੀ ਨਿਰਮਲਤਾ ਅਤੇ ਵਿਲੱਖਣਤਾ ਬਰਕਰਾਰ ਰੱਖਦਾ ਹੈ। ਸੰਸਾਰ ਭਰ ਵਿਚ ਅਜਿਹੀਆਂ ਅਣਗਿਣਤ ਮਿਸਾਲਾਂ ਹਨ, ਜਦੋਂ ਪੱਤਰਕਾਰਾਂ ਵੱਲੋਂ ਬਹੁਤ ਗੁੰਝਲਦਾਰ ਮਾਮਲਿਆਂ ਵਿਚ ਸੰਵਾਦ ਦੀ ਸੜਕ ਉਸਾਰੀ ਗਈ। ਕੰਵਰ ਸੰਧੂ ਰਾਹੀਂ ਗੁਰਮੀਤ ਸਿੰਘ ਪਿੰਕੀ ਨੇ ਜੋ ਖੁਲਾਸੇ ਕੀਤੇ ਹਨ, ਉਸ ਦੇ ਬਹੁਤ ਸਾਰੇ ਪੱਖਾਂ ਦੇ ਨਾਲ-ਨਾਲ ਇਕ ਪੱਖ ਇਹ ਵੀ ਹੈ ਕਿ ਉਸ ਦੌਰ ਵੇਲੇ ਹੋਈਆਂ ਵਧੀਕੀਆਂ ਦੀ ਤਸਦੀਕ ਹੋਈ ਅਤੇ ਤਸਦੀਕ ਵੀ ਉਸ ਸ਼ਖਸ ਵੱਲੋਂ ਹੋਈ ਜਿਹੜਾ ਬਹੁਤ ਸਾਰੀਆਂ ਵਾਰਦਾਤਾਂ ਵਿਚ ਚਸ਼ਮਦੀਦ ਗਵਾਹ ਹੋਣ ਦਾ ਦਾਅਵਾ ਕਰਦਾ ਹੈ। ਇਸੇ ਪ੍ਰਸੰਗ ਵਿਚ ਹੀ ਕੰਵਰ ਸੰਧੂ ਦੀ ਪੱਤਰਕਾਰੀ ਬਾਰੇ ਗੱਲ ਕਰਨੀ ਬਣਦੀ ਹੈ। ਉਸ ਦਾ ਹੁਣ ਤੱਕ ਦਾ ਰਿਕਾਰਡ ਦੱਸਦਾ ਹੈ ਕਿ ਉਸ ਨੇ ਆਪਣੇ ਖੇਤਰ ਵਿਚ ਧੜੱਲੇ ਨਾਲ ਕੰਮ ਕੀਤਾ ਹੈ। ਸੱਤਾਧਾਰੀ ਬਾਦਲਾਂ ਨਾਲ ਟੀ.ਵੀ. ਚੈਨਲ ਦੇ ਮਾਮਲੇ 'ਤੇ ਪਿਆ ਪੇਚਾ ਤਾਂ ਕਿਸੇ ਨੂੰ ਭੁੱਲਿਆ ਨਹੀਂ ਹੈ।

ਕੇਬਲ ਅਤੇ ਪੰਜਾਬੀ ਚੈਨਲਾਂ ਦੇ ਮੁਕੰਮਲ ਬਲੈਕਆਊਟ ਦੇ ਬਾਵਜੂਦ ਕੰਵਰ ਸੰਧੂ ਨੇ ਆਪਣੇ ਚੈਨਲ ਰਾਹੀਂ ਚਾਰ ਕਦਮ ਤੁਰਨ ਦਾ ਹੀਆ ਕੀਤਾ ਸੀ। ਸ਼ਾਇਦ ਇਸੇ ਕਰ ਕੇ ਹੀ ਹੁਣ ਬਾਦਲਾਂ ਦੇ ਚੈਨਲ ਉਤੇ ਇਸ ਘਟਨਾ ਨੂੰ ਜਿਸ ਰੰਗ ਵਿਚ ਅਤੇ ਢੰਗ ਨਾਲ ਪੇਸ਼ ਕੀਤਾ ਗਿਆ, ਉਸ ਤੋਂ 'ਦੁਸ਼ਮਣੀ' ਵਾਲਾ ਖਾਸਾ ਸਹਿਜੇ ਹੀ ਪਛਾਣਿਆ ਜਾ ਸਕਦਾ ਹੈ। ਬਾਦਲਾਂ ਦੇ ਚੈਨਲ ਦੀ ਇਸ ਨਸ਼ਰੀਆਤ ਨੇ ਤਾਂ ਸਗੋਂ ਪੱਤਰਕਾਰੀ ਦੇ ਮਿਆਰ ਨੂੰ ਬਹੁਤ ਨਿਵਾਣਾਂ ਤੱਕ ਅਪੜਾ ਦਿੱਤਾ ਹੈ ਅਤੇ ਪੱਤਰਕਾਰੀ ਦਾ ਇਹ ਘਾਣ ਬਾਦਲਾਂ ਦੀ ਸਿਆਸੀ ਦਖਲਅੰਦਾਜ਼ੀ ਅਤੇ 'ਆਪਣੇ ਸ਼ਰੀਕ' ਰਹੇ ਪੱਤਰਕਾਰ ਨੂੰ ਸਬਕ ਸਿਖਾਉਣ ਲਈ ਹੀ ਕੀਤਾ ਗਿਆ ਜਾਪਦਾ ਹੈ। ਇਸ ਤੋਂ ਵੀ ਵੱਡੀ ਗੱਲ ਇਹ ਹੈ ਕਿ ਕੰਵਰ ਸੰਧੂ ਨੇ ਰਾਜੋਆਣਾ ਦਾ ਪੱਖ ਨਸ਼ਰ ਕਰਨ ਤੋਂ ਇਨਕਾਰ ਨਹੀਂ ਸੀ ਕੀਤਾ। ਉਸ ਦਾ ਜੇਲ੍ਹ ਅੰਦਰ ਉਸ ਨੂੰ ਮਿਲਣ ਜਾਣਾ ਹੀ ਉਸ ਦੀ ਸੰਜੀਦਗੀ ਦਾ ਸਬੂਤ ਹੈ। ਉਂਜ ਵੀ, ਪੱਤਰਕਾਰੀ ਨਾਲ ਜੁੜੇ ਲੋਕ ਤਾਂ ਉਹ ਭਾਈਚਾਰਾ ਹੈ ਜਿਹੜਾ ਇਕ ਜਾਂ ਦੋ ਨਹੀਂ, ਬਲਕਿ ਕਈ ਧਿਰਾਂ ਵਿਚਕਾਰ ਕੜੀ ਦੇ ਰੂਪ ਵਿਚ, ਹਰ ਪੱਖ ਉਜਾਗਰ ਕਰਨ ਦਾ ਔਖਾ ਕੰਮ ਕਰਦਾ ਰਿਹਾ ਹੈ। ਖਾੜਕੂਵਾਦ ਦੇ ਦੌਰ ਵਿਚ ਵੀ ਇਸ ਦੀ ਆਪਣੀ ਭੂਮਿਕਾ ਰਹੀ ਹੈ ਅਤੇ ਇਹ ਭੂਮਿਕਾ ਭਰੋਸੇ ਤੋਂ ਬਗੈਰ ਨਿਭਾਉਣੀ ਕਠਿਨ ਹੁੰਦੀ ਹੈ। ਉਨ੍ਹਾਂ ਸਮਿਆਂ ਵਿਚ ਵੀ ਬਹੁਤ ਵਾਰ ਗੱਲ ਦੀ ਥਾਂ ਗੋਲੀ ਭਾਰੂ ਹੋ ਜਾਂਦੀ ਰਹੀ ਹੈ, ਪਰ ਇਸ ਉਲਾਰ ਰੁਝਾਨ ਦੇ ਬਾਵਜੂਦ ਪੱਤਰਕਾਰਾਂ ਨੇ ਆਪਣੇ ਪੇਸ਼ੇ ਦਾ ਪਰਚਮ ਬੁਲੰਦ ਰੱਖਿਆ। ਪੱਤਰਕਾਰੀ ਦਾ ਇਤਿਹਾਸ ਦਰਸਾਉਂਦਾ ਹੈ ਕਿ ਇਸ ਤਰ੍ਹਾਂ ਦੀਆਂ ਇੱਕਾ-ਦੁੱਕਾ ਘਟਨਾਵਾਂ ਅਤੇ ਸਿਰੇ ਦੇ ਉਲਾਰ ਰੁਝਾਨ ਦੇ ਬਾਵਜੂਦ ਪੱਤਰਕਾਰਾਂ ਨੇ ਹਰ ਜੋਖਮ ਉਠਾ ਕੇ ਆਪਣੀ ਗੱਲ ਕਹਿਣ ਦਾ ਹੀਆ ਸਦਾ ਹੀ ਕੀਤਾ ਹੈ। ਇਤਿਹਾਸ ਦੀ ਇਹ ਅਟੁੱਟ ਕੜੀ ਅਤੇ ਲੜੀ ਕਿਸੇ ਨਾ ਕਿਸੇ ਰੂਪ ਵਿਚ ਅੱਜ ਵੀ ਜਾਰੀ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਕੰਡਾ ਕੇਜਰੀਵਾਲ ਦਾ?*

ਨੀਤੀ ਛੱਡ ਕੇ ਧਰਮ ਨਿਰਪੱਖਤਾ ਦੀ, ਇਕ-ਪਾਸੜ ਪ੍ਰਚਾਰ ਹੀ ਕਰੀ ਜਾਂਦੇ।
ਫਿਰਕੂਵਾਦ ਦੇ ਰਾਹਾਂ 'ਤੇ ਚਲਦੇ ਨੇ, ਹਰ ਚੋਣ ਵਿਚ ਤਾਹੀਂਓ ਨੇ ਹਰੀ ਜਾਂਦੇ।
ਜਾਂਦੀ ਪੇਸ਼ ਨਾ ਕੋਈ ਭਗਵਿਆਂ ਦੀ, ਐਵੇਂ ਹਰਕਤਾਂ ਹੋਛੀਆਂ ਕਰੀ ਜਾਂਦੇ।
ਦੇਖ ਚੱਲਦਾ ਦਿੱਲੀ ਦੇ ਵਿਚ 'ਝਾੜੂ', ਉਸ ਦੀ ਸਾਫ-ਸਫਾਈ ਤੋਂ ਡਰੀ ਜਾਂਦੇ।
ਘੇਰੀ ਰੱਖਦੇ ਵਾਂਗ ਸ਼ਿਕਾਰੀਆਂ ਦੇ, ਡਰਦਾ ਫੇਰ ਨਹੀਂ, ਰਹਿੰਦਾ ਉਹ ਗੜ੍ਹਕਦਾ ਐ।
ਲੱਗਾ ਹੋਇਆ ਜੋ 'ਕੇਂਦਰ' ਦੀ ਹਿੱਕ ਉਤੇ, ਕੰਡਾ ਕੇਜਰੀਵਾਲ ਦਾ ਰੜਕਦਾ ਐ!

# ਪਿੰਕੀ ਬਨਾਮ ਰਾਜੋਆਣਾ ਸਨਸਨੀ ਅਤੇ 'ਸਰਕਾਰੀ' ਪ੍ਰਚਾਰ

***ਜਦੋਂ ਪਿੰਕੀ ਅਤੇ ਰਾਜੋਆਣਾ ਦੇ ਦਾਅਵਿਆਂ ਨਾਲ ਬਹਿਸ ਦੇ ਮੁਹਾਜ਼ ਤੈਅ ਹੋ ਰਹੇ ਹੋਣ ਤਾਂ ਕੰਵਰ ਸੰਧੂ ਉਤੇ ਹਮਲਾ ਹੋਣ ਦੀ ਗੁੰਜਾਇਸ਼ ਵਧ ਜਾਂਦੀ ਹੈ। ਆਖ਼ਰ ਇਹੋ ਹਮਲਾ 'ਨਿੱਜੀ ਮਾਲਕੀ ਵਾਲੇ ਸਰਕਾਰੀ ਚੈਨਲ' ਦਾ ਮਸਲਾ ਬਣਦਾ ਹੈ। ਚੈਨਲ ਦੇ ਪੇਸ਼ਕਾਰ ਸਨਸਨੀ ਫੈਲਾਉਣ ਤੋਂ ਬਾਅਦ ਦਾਅਵਾ ਕਰਦੇ ਹਨ ਕਿ 'ਉਨ੍ਹਾਂ ਨੇ ਇਹ ਖ਼ਬਰ ਸਨਸਨੀ ਫੈਲਾਉਣ ਲਈ ਨਹੀਂ, ਸਗੋਂ ਪੱਤਰਕਾਰੀ ਦੇ ਪੇਸ਼ੇ ਵਿਚ ਆਉਂਦੀਆਂ ਮੁਸ਼ਕਿਲਾਂ ਨੂੰ ਉਜਾਗਰ ਕਰਨ ਦੇ ਇਰਾਦੇ ਨਾਲ ਦਿਖਾਈ ਹੈ।' ਅਜਿਹੇ ਦਾਅਵੇ ਉਤੇ ਸਰਕਾਰ ਦਾ ਲੋਕ ਸੰਪਰਕ ਮਹਿਕਮਾ ਵੀ ਸ਼ਰਮਿੰਦਾ ਹੋ ਸਕਦਾ ਹੈ। ਇਸੇ ਲਈ 'ਨਿੱਜੀ ਮਾਲਕੀ ਵਾਲਾ ਸਰਕਾਰੀ ਚੈਨਲ' ਹੈ ਜਿਸ ਦੇ ਕੰਮ-ਸਿਧਾਂਤ ਵਿਚ 'ਪਸ਼ੇਮਾਨੀ' ਦੀ ਧਾਰਨਾ ਗ਼ੈਰ-ਹਾਜ਼ਰ ਹੈ।***

ਪੰਜਾਬ ਦੇ ਅੱਸੀਵਿਆਂ ਅਤੇ ਨੱਬੇਵਿਆਂ ਦੇ ਦਹਾਕਿਆਂ ਬਾਰੇ ਸੰਜੀਦਗੀ ਨਾਲ ਤੁਰੀ ਹਰ ਗੱਲ ਸ਼ਰਧਾ ਅਤੇ ਉਲਾਰ ਬੋਲਿਆਂ ਦੀ ਭੇਟ ਚੜ੍ਹ ਜਾਂਦੀ ਹੈ। ਝੂਠੇ ਪੁਲਿਸ ਮੁਕਾਬਲਿਆਂ, ਲਾਵਾਰਿਸ਼ ਲਾਸ਼ਾਂ ਅਤੇ ਪੁਲਿਸ ਤਸ਼ੱਦਦ ਦੇ ਨਾਲ-ਨਾਲ ਅਤਿਵਾਦ ਦੀਆਂ ਆਪਹੁਦਰੀਆਂ ਵਾਰਦਾਤਾਂ ਬਾਰੇ ਸਰਕਾਰੀ ਅਤੇ ਪੰਥਕ ਪੜਚੋਲ ਦੇ ਦਸਤਾਵੇਜ਼ਾਂ ਦੇ ਹਵਾਲੇ ਦਿੱਤੇ ਜਾ ਸਕਦੇ ਹਨ। ਸਰਬਸੰਮਤੀ ਨਾਲ ਪ੍ਰਵਾਨ ਹੋਈਆਂ ਧਾਰਨਾਵਾਂ ਬਾਰੇ ਤੱਥ ਮੂਲਕ ਗੱਲ ਤੋਂ ਸਾਰੀਆਂ ਧਿਰਾਂ ਕੰਨੀ ਕਤਰਾਉਂਦੀਆਂ ਹਨ। ਪੁਲਿਸ ਦੀਆਂ ਵਧੀਕੀਆਂ ਬਾਰੇ ਬੋਲਣ ਵਾਲੇ ਸਾਬਕਾ ਪੁਲਿਸ ਮੁਲਾਜ਼ਮ ਆਪਣੇ ਆਪ ਨੂੰ ਬੇਜਾਨ ਚਸ਼ਮਦੀਦ ਗਵਾਹ ਵਜੋਂ ਪੇਸ਼ ਕਰਦੇ ਹਨ, ਜਾਂ ਸਮੁੱਚੀ ਪੇਸ਼ਕਾਰੀ ਨੂੰ ਅਦਾਲਤੀ ਕਾਰਵਾਈ ਤੋਂ ਬਚਣ ਦੀ ਮਸ਼ਕ ਬਣਾਉਂਦੇ ਹਨ। ਇਸੇ ਤਰ੍ਹਾਂ 'ਪੰਥਕ ਪੜਚੋਲ' ਦੇ ਦਸਤਾਵੇਜ਼ 'ਆਪਣੀਆਂ ਗ਼ਲਤੀਆਂ' ਦੀ ਤਫ਼ਸੀਲ ਵਿਚ ਜਾਣ ਤੋਂ ਗੁਰੇਜ਼ ਕਰਦੇ ਹਨ।



ਦਲਜੀਤ ਅਮੀ
ਫੋਨ: +91-97811-21873

ਇਸ ਰੁਝਾਨ ਦੇ ਬਹੁਤ ਸਾਰੇ ਕਾਰਨ ਹੋ ਸਕਦੇ ਹਨ। ਪੁਲਿਸ ਮੁਲਾਜ਼ਮ ਨਿਜ਼ਾਮ ਤੋਂ ਡਰਦੇ ਹਨ ਅਤੇ ਆਪਣੀਆਂ ਸੁੱਖ-ਸਹੂਲਤਾਂ ਦਾ ਧਿਆਨ ਰੱਖਦੇ ਹਨ। ਉਨ੍ਹਾਂ (ਸੁਰਜੀਤ ਸਿੰਘ ਅਤੇ ਗੁਰਮੀਤ ਸਿੰਘ ਪਿੰਕੀ) ਦੀ ਗੱਲ ਕਿਸੇ ਧੋਖੇਬਾਜ਼ੀ ਕਾਰਨ ਉਪਜੇ ਰੰਜ ਵਜੋਂ ਸਾਹਮਣੇ ਆਉਂਦੀ ਹੈ। ਇਹ ਸੁਆਲ ਹਮੇਸ਼ਾ ਕਾਇਮ ਰਹਿੰਦਾ ਹੈ ਕਿ ਅਜਿਹੇ ਬੰਦਿਆਂ ਦੇ 'ਖ਼ੁਲਾਸਿਆਂ' ਜਾਂ 'ਇਕਬਾਲੀਆ ਬਿਆਨਾਂ' ਪਿੱਛੇ ਪੁਲਿਸ ਅੰਦਰਲੀ ਧੜੇਬੰਦੀ ਜਾਂ ਸਿਆਸਤ ਕਿਵੇਂ ਸਰਗਰਮ ਹੈ? ਇਸੇ ਤਰ੍ਹਾਂ 'ਆਪਣੀ ਪੜਚੋਲ' ਦੇ ਪੰਥਕ ਦਸਤਾਵੇਜ਼ ਕਰਨ ਵਾਲੇ ਵਿਦਵਾਨਾਂ ਜਾਂ ਧੜਿਆਂ ਦੇ ਦਸਤਾਵੇਜ਼ ਭਵਿੱਖ ਬਾਬਤ ਦਾਅਵਿਆਂ ਨੂੰ ਮੁਖ਼ਾਤਬ ਹੁੰਦੇ ਹਨ। ਇਨ੍ਹਾਂ ਦਸਤਾਵੇਜ਼ਾਂ ਵਿਚ 'ਆਪਣੇ ਜਰਨੈਲਾਂ' ਦੀਆਂ ਗ਼ਲਤੀਆਂ ਦੀ ਤਫ਼ਸੀਲ ਦੇਣ ਦੀ ਸੰਜੀਦਗੀ ਗ਼ੈਰ-ਹਾਜ਼ਰ ਰਹਿੰਦੀ ਹੈ। ਧਾਰਨਾ ਵਜੋਂ ਪ੍ਰਵਾਨ ਕੀਤੀਆਂ ਗਈਆਂ ਗ਼ਲਤੀਆਂ ਨਿਸ਼ਾਹਦੇਹੀ ਜਾਂ ਤੱਥ ਦੀ ਮੰਗ ਕਰਦੀਆਂ ਹਨ। ਇਸ ਮੰਗ ਤੋਂ ਕੰਨੀ ਖਿਸਕਾ ਕੇ ਹਮੇਸ਼ਾਂ 'ਆਪਣੇ ਬੰਦਿਆਂ' ਦੇ ਅਕਸ ਨੂੰ 'ਬੇਦਾਗ਼' ਰੱਖਣ ਦਾ ਉਪਰਾਲਾ ਕੀਤਾ ਜਾਂਦਾ ਹੈ। ਨਤੀਜੇ ਵਜੋਂ ਇਹ ਦਸਤਾਵੇਜ਼ ਕਦੇ ਸੰਜੀਦਾ ਪੜਚੋਲ ਦਾ ਰੁਤਬਾ ਹਾਸਲ ਨਹੀਂ ਕਰ ਸਕੇ। ਇਨ੍ਹਾਂ ਹਾਲਾਤ ਵਿਚ ਯਕੀਨ ਕਰਨਾ ਸ਼ਰਧਾ ਦਾ ਮਸਲਾ ਜ਼ਿਆਦਾ ਹੋ ਜਾਂਦਾ ਹੈ।

ਪਿਛਲੇ ਦਿਨਾਂ ਵਿਚ ਗੁਰਮੀਤ ਸਿੰਘ ਪਿੰਕੀ ਦੇ ਹਵਾਲੇ ਨਾਲ ਸ਼ੁਰੂ ਹੋਈ ਬਹਿਸ ਹੁਣ ਪਿੰਕੀ ਕੈਟ, ਸਜ਼ਾਯਾਫ਼ਤਾ ਬਲਵੰਤ ਸਿੰਘ ਰਾਜੋਆਣਾ ਅਤੇ ਪੱਤਰਕਾਰ ਕੰਵਰ ਸੰਧੂ ਤੱਕ ਮਹਿਦੂਦ ਹੋ ਗਈ ਹੈ। ਪਟਿਆਲਾ ਦੀ ਜੇਲ੍ਹ ਵਿਚ ਕੰਵਰ ਸੰਧੂ ਅਤੇ ਰਾਜੋਆਣਾ ਵਿਚਕਾਰ ਹੋਈ ਤਕਰਾਰ 'ਨਿੱਜੀ ਮਾਲਕੀ ਵਾਲੇ ਸਰਕਾਰੀ ਚੈਨਲ' ਲਈ ਬੇਹੱਦ ਦਿਲਚਸਪੀ ਦਾ ਸਬੱਬ ਬਣੀ ਹੈ। 'ਖ਼ਬਰ' ਦੀ ਪੇਸ਼ਕਾਰੀ ਵਿਚ ਵਰਤੇ ਗਏ ਵਿਸ਼ੇਸ਼ਣ (ਕੁਟਾਪਾ, ਪੱਗ ਲੱਥਣ ਅਤੇ ਬੇਇੱਜ਼ਤੀ) ਅਤੇ ਲਹਿਜਾ ਪੱਤਰਕਾਰੀ ਦੇ ਸਲੀਕੇ ਵਿਚ ਨਹੀਂ ਆਉਂਦਾ। ਇਹ ਤਰੀਕਾ ਸ਼੍ਰੋਮਣੀ ਅਕਾਲੀ ਦਲ ਅਤੇ ਕਾਂਗਰਸ ਦੇ 'ਮਹਾਂ-ਜਲਸਿਆਂ' ਦੇ ਤਕਰੀਰੀ ਹੁਨਰ ਨਾਲ ਮੇਲ ਖਾਂਦਾ ਹੈ। ਇਸੇ ਤਰ੍ਹਾਂ ਬਲਵੰਤ ਸਿੰਘ ਰਾਜੋਆਣਾ ਦੀ ਭੈਣ ਕਮਲਦੀਪ ਕੌਰ ਰਾਜੋਆਣਾ ਦੀਆਂ ਫੇਸਬੁੱਕ ਉੱਤੇ ਸਾਂਝੀਆਂ ਕੀਤੀਆਂ ਗਈਆਂ 'ਸਤਿਕਾਰਯੋਗ ਖ਼ਾਲਸਾ ਜੀ' ਨੂੰ ਮੁਖਾਤਬ 19-20 ਦਸੰਬਰ ਦੀਆਂ ਲਿਖਤਾਂ ਹਨ। ਪਹਿਲੀ ਲਿਖਤ ਵਿਚ ਉਹ 'ਦਸਾਂਦਾ' ਦੇਣ ਦੀ ਵਕਾਲਤ ਕਰਦੀ ਹੈ ਅਤੇ ਦੂਜੀ ਲਿਖਤ ਵਿਚ ਉਹ 'ਕੁਟਾਪਾ' ਸ਼ਬਦ ਦੀ ਵਰਤੋਂ ਕਰਦੀ ਹੋਈ ਕੰਵਰ ਸੰਧੂ ਉਤੇ ਹਮਲੇ ਵਿਚ ਵਰਤੀ ਗਈ 'ਸ੍ਰੀ ਸਾਹਿਬ' ਅਤੇ 'ਜੇਲ੍ਹ ਅਧਿਕਾਰੀਆਂ ਦੀਆਂ ਕੁਰਸੀਆਂ ਉਤੇ ਡੁੱਲ੍ਹੇ ਉਸ ਦੇ ਖ਼ੂਨ' ਦੀ ਤਫ਼ਸੀਲ ਦਿੰਦੀ ਹੈ। ਕਮਲਦੀਪ ਨੇ ਕੰਵਰ ਸੰਧੂ ਦੇ ਕੱਪੜਿਆਂ ਅਤੇ ਪੱਗ ਦੀ ਹਾਲਤ ਉਚੇਚ ਨਾਲ ਬਿਆਨ ਕੀਤੀ ਹੈ। 'ਨਿੱਜੀ ਮਾਲਕੀ ਵਾਲੇ ਸਰਕਾਰੀ ਚੈਨਲ' ਨਾਲ ਭਾਵੇਂ ਕਮਲਦੀਪ ਕੌਰ ਦਾ ਕੋਈ ਰਾਬਤਾ ਨਾ ਹੋਵੇ, ਪਰ ਇਨ੍ਹਾਂ ਦੋਵਾਂ ਦੀ ਬੋਲੀ ਇੱਕ ਹੈ। ਇਸ 'ਸਬੱਬ' ਨਾਲ ਵਿਰੋਧੀ ਜਾਪਦੀਆਂ ਧਿਰਾਂ ਦਾ ਸਾਂਝਾ ਖ਼ਾਸਾ ਬੇਪਰਦ ਹੁੰਦਾ ਜਾਪਦਾ ਹੈ।

ਪਿੰਕੀ ਨਾਲ ਕੰਵਰ ਸੰਧੂ ਦੀ ਮੁਲਾਕਾਤ ਨਸ਼ਰ ਹੋਈ ਤਾਂ ਕਈ ਬੰਦੇ ਸੁਆਲ ਦੇ ਘੇਰੇ ਵਿਚ ਆਏ। ਬਲਵੰਤ ਸਿੰਘ ਰਾਜੋਆਣਾ ਉਨ੍ਹਾਂ ਵਿਚੋਂ ਇੱਕ ਹਨ। ਪਿੰਕੀ ਦੀ ਬਣਤਰ ਵਿਚ ਅਤਿਵਾਦ ਤੋਂ ਮੁਖ਼ਬਰੀ, ਪੁਲਿਸ ਦੇ ਇਨਾਮਾਂ ਤੋਂ ਅਦਾਲਤੀ ਕਾਰਵਾਈ ਅਤੇ ਉਮਰ ਕੈਦ ਦੇ ਨਾਲ-ਨਾਲ ਬਹਾਲੀ ਅਤੇ ਰੰਜਪਾਲ ਹੋਣ ਤੱਕ ਦਾ ਸਫ਼ਰ ਸ਼ਾਮਿਲ ਹੈ। ਇਸੇ ਤਰ੍ਹਾਂ ਰਾਜੋਆਣਾ ਦੇ ਸਫ਼ਰ ਵਿਚ ਅਤਿਵਾਦ ਨਾਲ ਜੁੜੇ ਹਾਦਸੇ, ਪੁਲਿਸ ਦੀ ਨੌਕਰੀ, ਤੱਤਕਾਲੀ ਮੁੱਖ ਮੰਤਰੀ ਬੇਅੰਤ ਸਿੰਘ ਦਾ ਕਤਲ ਅਤੇ ਸ਼ਹੀਦ ਹੋਣ ਦਾ ਹਠ ਸ਼ਾਮਿਲ ਹੈ। ਇਨ੍ਹਾਂ ਦੇ ਜੀਵਨ ਸਫ਼ਰ ਇੱਕ-ਦੂਜੇ ਨੂੰ ਕਾਟੇ ਦੀ ਤਰਜ਼ ਉਤੇ ਕੱਟਦੇ ਹਨ। ਇਨ੍ਹਾਂ ਦੋਵਾਂ ਦੇ ਜੀਵਨ ਸਫ਼ਰ ਇਨ੍ਹਾਂ ਦੇ ਖ਼ਾਸੇ ਨਾਲ ਮੇਲ ਖਾਂਦੇ ਹਨ। ਇਹ ਆਪਣੀ ਧੁਨਾਂ ਦੇ ਪੱਕੇ ਜਾਪਦੇ ਹਨ ਜੋ ਤੈਅ ਕੀਤੇ ਟੀਚੇ ਤੱਕ ਪਹੁੰਚਣ ਲਈ ਕੁਝ ਵੀ ਕਰ ਸਕਦੇ ਹਨ। ਖ਼ਾਸੇ ਦੀ ਇਸ ਨਿਸ਼ਾਨਦੇਹੀ ਨਾਲ ਉਹ ਕਰੀਬੀ ਜਾਂ ਦੁਸ਼ਮਣ ਜਾਂ 'ਮਿਲੇ ਹੋਏ' ਨਹੀਂ ਹੋ ਜਾਂਦੇ, ਪਰ ਪੰਜਾਬ ਦੇ ਸੁਆਲਾਂ ਨੂੰ ਮੁਖਾਤਬ ਹੋਣ ਲਈ ਇਹ ਨਿਸ਼ਾਨਦੇਹੀ ਅਹਿਮ ਹੈ। ਪਿੰਕੀ ਅਤੇ ਰਾਜੋਆਣਾ ਦੀ ਬੁੜੈਲ ਜੇਲ੍ਹ ਵਿਚ ਮੁਲਾਕਾਤ ਹੋਈ ਹੋਵੇ ਜਾਂ ਨਾ, ਪਰ ਕੁਝ ਸੁਆਲ ਤਾਂ ਹਮੇਸ਼ਾ ਕਾਇਮ ਰਹੇ ਹਨ। ਰਾਜੋਆਣਾ ਅਤੇ ਜਗਤਾਰ ਸਿੰਘ ਹਵਾਰਾ ਦੀ ਤਕਰਾਰ ਕਦੇ ਭੇਤ ਨਹੀਂ ਰਹੀ। ਇਹ ਸੁਆਲ ਕਦੇ ਬਹਿਸ ਵਿਚੋਂ ਮਨਫ਼ੀ ਨਹੀਂ ਰਿਹਾ ਕਿ ਬੁੜੈਲ ਜੇਲ੍ਹ ਅੰਦਰ ਪੁੱਟੀ ਗਈ ਸੁਰੰਗ ਦੀ ਮਿੱਟੀ ਕਿੱਥੇ ਗਈ? ਸੁਰੰਗਾਂ ਪੁੱਟਣ ਦੀਆਂ ਪੁਰਾਣੀਆਂ ਮਿਸਾਲਾਂ ਮੌਜੂਦਾ ਚੌਕਸੀ-ਤੰਤਰ ਦੇ ਸਾਹਮਣੇ ਮਾਅਨੇ ਨਹੀਂ ਰੱਖਦੀਆਂ। ਬੁੜੈਲ ਜੇਲ੍ਹ ਦੀ ਸੁਰੰਗ ਭਾਵੇਂ ਬੱਬੂ ਮਾਨ ਦੇ ਗੀਤਾਂ ਜਾਂ ਕਵੀਸ਼ਰੀਆਂ ਦਾ ਸ਼ਿੰਗਾਰ ਰਹੀ ਹੋਵੇ, ਪਰ ਇਸ 'ਪ੍ਰਾਪਤੀ' ਨੂੰ 'ਫਰੇਬ' ਕਰਾਰ ਦੇਣ ਵਾਲੇ ਸੁਆਲ ਸ਼ਰਧਾ ਨਾਲ ਬੇਮਾਅਨਾ ਨਹੀਂ ਹੋ ਜਾਂਦੇ।

ਇਨ੍ਹਾਂ ਹਾਲਾਤ ਵਿਚ ਗੁਰਮੀਤ ਪਿੰਕੀ ਨਾਲ ਮੁਲਾਕਾਤ ਨਸ਼ਰ ਹੋਈ ਹੈ ਜੋ ਉਸ ਦੇ ਆਪਣੇ ਖ਼ਾਸੇ ਤੋਂ ਨਿਖੇੜ ਕੇ ਨਹੀਂ ਸਮਝੀ ਜਾ ਸਕਦੀ। ਉਸ ਦੀ ਹਰ ਗੱਲ ਉਤੇ ਕਿਵੇਂ ਯਕੀਨ ਕੀਤਾ ਜਾ ਸਕਦਾ ਹੈ? ਹਰ ਗੱਲ ਨੂੰ ਧੜੱਲੇ ਨਾਲ ਪੇਸ਼ ਕਰਨਾ ਉਸ ਦਾ ਖ਼ਾਸਾ ਹੈ। ਉਸ ਦੇ ਬਿਆਨਾਂ ਨੂੰ ਇਸ ਖ਼ਾਸੇ ਤੋਂ ਨਿਖੇੜ ਕੇ ਨਹੀਂ ਸਮਝਿਆ ਜਾ ਸਕਦਾ। ਉਸ ਦੀਆਂ ਲਾਲਸਾਵਾਂ ਅਤੇ ਹਾਲਾਤ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਉਸ ਦੀਆਂ ਦਾਅਵੇਦਾਰੀਆਂ ਦੀ ਤਸਦੀਕ ਅਤੇ ਪੜਚੋਲ ਜ਼ਰੂਰੀ ਹੈ। ਸਰਕਾਰੀ ਤਸ਼ੱਦਦ ਦਾ ਪੱਖ ਉਜਾਗਰ ਕਰਨ ਲਈ ਪਿੰਕੀ ਦੇ ਹਰ ਦਾਅਵੇ ਉਤੇ ਸ਼ਰਧਾਵੱਸ ਯਕੀਨ ਕਰਨਾ ਸੁਖਾਲਾ ਹੈ, ਪਰ ਇਸ ਨਾਲ ਪੰਜਾਬ ਦੇ ਸੰਜੀਦਾ ਸੁਆਲ ਨਜ਼ਰਅੰਦਾਜ਼ ਹੋ ਜਾਣ ਦੀ ਗੁੰਜਾਇਸ਼ ਕਾਇਮ ਰਹਿੰਦੀ ਹੈ।

ਦੂਜੇ ਪਾਸੇ ਪੰਜਾਬ ਦੇ ਸੁਆਲਾਂ ਨੂੰ ਰਾਜੋਆਣਾ ਦੇ ਸ਼ਰਧਾ ਨਾਲ ਉਸਾਰੇ ਅਕਸ ਦੀ ਭੇਟ ਨਹੀਂ ਚਾੜ੍ਹਿਆ ਜਾ ਸਕਦਾ। ਉਸ ਦੇ ਹਰ ਦਾਅਵੇ ਨੂੰ 'ਪੰਥ ਦੇ ਭਲੇ' ਵਿਚ ਸ਼ਰਧਾਵਾਨ ਹੀ ਪ੍ਰਵਾਨ ਕਰ ਸਕਦੇ ਹਨ। ਕੰਵਰ ਸੰਧੂ ਉਤੇ ਹਮਲਾ ਦਰਅਸਲ ਰਾਜੋਆਣਾ ਦੇ ਖ਼ਾਸੇ ਦੀ ਨੁਮਾਇੰਦਗੀ ਕਰਦਾ ਹੈ ਜਿਸ ਦੀ ਤਸਦੀਕ ਕਮਲਦੀਪ ਕੌਰ ਦੀਆਂ ਲਿਖਤਾਂ ਕਰਦੀਆਂ ਹਨ। ਜਦੋਂ ਇਸੇ ਖ਼ਾਸੇ ਨੂੰ ਉਸ ਦੀ ਲਹਿਰ ਨਾਲ ਜੋੜ ਕੇ ਵੇਖਿਆ ਜਾਂਦਾ ਹੈ ਤਾਂ ਉਸ ਦੀਆਂ ਦੂਜੀਆਂ ਪਰਤਾਂ ਉਜਾਗਰ ਹੁੰਦੀਆਂ ਹਨ। ਉਸ ਲਹਿਰ ਵਿਚ ਰਾਜੋਆਣਾ ਦੀ ਸ਼ਮੂਲੀਅਤ ਤਤਕਾਲੀ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਤੱਕ ਹੀ ਮਹਿਦੂਦ ਮੰਨੀ ਜਾਂਦੀ ਹੈ। ਲਹਿਰ ਦਾ ਰਾਜੋਆਣਾ ਖ਼ਾਸਾ ਪੁਲਿਸ ਅਤੇ ਸਰਕਾਰੀ ਤਸ਼ੱਦਦ ਨੂੰ ਬਲੰਵਤ ਸਿੰਘ ਦੇ ਰੂਪ ਵਿਚ ਮੁਖਾਤਬ ਹੁੰਦਾ ਹੈ, ਪਰ ਇਹ ਆਪਣੇ ਸਾਥੀਆਂ ਅਤੇ ਆਵਾਮ ਨੂੰ ਕਿਵੇਂ ਮੁਖਾਤਬ ਹੁੰਦਾ ਹੈ? ਇਸ ਸੁਆਲ ਨਾਲ 'ਪੰਥਕ ਪੜਚੋਲ' ਦੀ ਅਹਿਮੀਅਤ ਵਧ ਜਾਂਦੀ ਹੈ। ਇਹ 'ਪੰਥਕ ਪੜਚੋਲ' ਬਣੇ ਅਕਸਾਂ ਨੂੰ ਕਾਇਮ ਰੱਖਣ ਦੀ ਥਾਂ ਸੰਜੀਦਗੀ ਨੂੰ ਮੁਖਾਤਬ ਹੋ ਕੇ ਪੰਜਾਬ ਦਾ ਕੁਝ ਸੁਆਰ ਸਕਦੀ ਹੈ। ਜਿਸ ਤਰ੍ਹਾਂ ਮੁਲਜ਼ਮ ਪੁਲਿਸ ਮੁਲਾਜ਼ਮਾਂ ਨੂੰ 'ਮੁਲਕ ਦੀ ਸੇਵਾ' ਦੇ ਹਵਾਲੇ ਨਾਲ ਸਮਝਣ ਵਾਲੇ ਅਦਾਰੇ ਜਾਂ ਜਾਂਚ ਕਮਿਸ਼ਨ ਸੱਚ ਉਜਾਗਰ ਨਹੀਂ ਕਰ ਸਕਦੇ, ਉਸੇ ਤਰ੍ਹਾਂ ਬਣੇ ਜਾਂ ਬਣਾਏ ਗਏ ਅਕਸਾਂ ਨੂੰ ਕਾਇਮ ਰੱਖਣ ਲਈ ਕੀਤੀ ਪੰਥਕ ਪੜਚੋਲ ਰਾਹ ਦਰਸਾਵਾ ਨਹੀਂ ਹੋ ਸਕਦੀ।

ਜਦੋਂ ਪਿੰਕੀ ਅਤੇ ਰਾਜੋਆਣਾ ਦੇ ਦਾਅਵਿਆਂ ਨਾਲ ਬਹਿਸ ਦੇ ਮੁਹਾਜ਼ ਤੈਅ ਹੋ ਰਹੇ ਹੋਣ ਤਾਂ ਕੰਵਰ ਸੰਧੂ ਉਤੇ ਹਮਲਾ ਹੋਣ ਦੀ ਗੁੰਜਾਇਸ਼ ਵਧ ਜਾਂਦੀ ਹੈ। ਆਖ਼ਰ ਇਹੋ ਹਮਲਾ 'ਨਿੱਜੀ ਮਾਲਕੀ ਵਾਲੇ ਸਰਕਾਰੀ ਚੈਨਲ' ਦਾ ਮਸਲਾ ਬਣਦਾ ਹੈ। ਚੈਨਲ ਦੇ ਪੇਸ਼ਕਾਰ ਸਨਸਨੀ ਫੈਲਾਉਣ ਤੋਂ ਬਾਅਦ ਦਾਅਵਾ ਕਰਦੇ ਹਨ ਕਿ 'ਉਨ੍ਹਾਂ ਨੇ ਇਹ ਖ਼ਬਰ ਸਨਸਨੀ ਫੈਲਾਉਣ ਲਈ ਨਹੀਂ, ਸਗੋਂ ਪੱਤਰਕਾਰੀ ਦੇ ਪੇਸ਼ੇ ਵਿਚ ਆਉਂਦੀਆਂ ਮੁਸ਼ਕਿਲਾਂ ਨੂੰ ਉਜਾਗਰ ਕਰਨ ਦੇ ਇਰਾਦੇ ਨਾਲ ਦਿਖਾਈ ਹੈ।' ਅਜਿਹੇ ਦਾਅਵੇ ਉਤੇ ਸਰਕਾਰ ਦਾ ਲੋਕ ਸੰਪਰਕ ਮਹਿਕਮਾ ਵੀ ਸ਼ਰਮਿੰਦਾ ਹੋ ਸਕਦਾ ਹੈ। ਇਸੇ ਲਈ 'ਨਿੱਜੀ ਮਾਲਕੀ ਵਾਲਾ ਸਰਕਾਰੀ ਚੈਨਲ' ਹੈ ਜਿਸ ਦੇ ਕੰਮ-ਸਿਧਾਂਤ ਵਿਚ 'ਪਸ਼ੇਮਾਨੀ' ਦੀ ਧਾਰਨਾ ਗ਼ੈਰ-ਹਾਜ਼ਰ ਹੈ।

ਕੰਵਰ ਸੰਧੂ ਦੀ ਪੱਤਰਕਾਰੀ ਦੀ ਪੜਚੋਲ ਹੋਣੀ ਚਾਹੀਦੀ ਹੈ। ਪੰਜਾਬ ਵਿਚ ਟੈਲੀਵਿਜ਼ਨ ਦੇ ਵਪਾਰ ਅੰਦਰ ਚੱਲਦੀ ਧੱਕੇਸ਼ਾਹੀ ਉਤੇ ਸੁਆਲ ਕਰਨ ਵਾਲਿਆਂ ਵਿਚ ਕੰਵਰ ਸੰਧੂ ਦਾ ਨਾਮ ਅਹਿਮ ਹੈ। 'ਨਿੱਜੀ ਮਾਲਕੀ ਵਾਲੇ ਸਰਕਾਰੀ ਚੈਨਲ' ਦੀ ਪੇਸ਼ਕਾਰੀ ਕੰਵਰ ਸੰਧੂ ਦੀ ਪੱਤਰਕਾਰੀ ਦੇ ਇਸੇ ਪੱਖ ਨੂੰ ਛੁਟਿਆਉਂਦੀ ਮਸ਼ਕ ਵਜੋਂ ਵੇਖੀ ਜਾਣੀ ਬਣਦੀ ਹੈ। ਰਾਜੋਆਣਾ ਬਨਾਮ ਪਿੰਕੀ ਮਾਮਲੇ ਵਿਚ 'ਨਿੱਜੀ ਮਾਲਕੀ ਵਾਲੇ ਸਰਕਾਰੀ ਚੈਨਲ' ਦਾ ਦਾਅ ਲੱਗ ਗਿਆ ਹੈ ਅਤੇ ਆਪਣੇ ਪੇਸ਼ੇਵਰ ਜੀਵਨ ਨੂੰ ਲੀਹ ਉਤੇ ਲਿਆਉਣ ਲਈ ਸਰਗਰਮ ਕੰਵਰ ਸੰਧੂ ਚਿੱਕੜ-ਉਛਾਲੀ ਦਾ ਮੈਦਾਨ ਬਣਿਆ ਹੈ। ਸਮੁੱਚੀ ਬਹਿਸ ਵਿਚ ਇਹ ਪੱਖ ਅਹਿਮ ਹੋ ਗਏ ਹਨ ਕਿ ਕੰਵਰ ਸੰਧੂ ਨੇ ਬਲਵੰਤ ਸਿੰਘ ਰਾਜੋਆਣਾ ਨਾਲ ਮੁਲਾਕਾਤ ਲਈ ਕਾਗ਼ਜ਼ੀ ਕਾਰਵਾਈ ਪੂਰੀ ਕੀਤੀ ਸੀ ਜਾਂ ਨਹੀਂ?

ਇਸ ਬਹਿਸ ਵਿਚੋਂ ਝੂਠੇ ਪੁਲਿਸ ਮੁਕਾਬਲਿਆਂ, ਪੁਲਿਸ ਤਸ਼ੱਦਦ, ਲਾਵਾਰਿਸ਼ ਲਾਸ਼ਾਂ ਅਤੇ ਸੰਜੀਦਾ ਪੜਚੋਲ ਦੇ ਨਜ਼ਰਅੰਦਾਜ਼ ਹੋ ਜਾਣ ਦੀ ਗੁੰਜਾਇਸ਼ ਬਣ ਗਈ ਹੈ। ਇਹ ਬਹਿਸ ਪਿੰਕੀ ਅਤੇ ਰਾਜੋਆਣਾ ਦੇ ਹਵਾਲੇ ਨਾਲ ਨਹੀਂ ਹੋ ਸਕਦੀ। ਇਹ ਬਹਿਸ ਸਿਰਫ਼ ਇਨਸਾਫ਼ ਦੀ ਮੰਗ ਜਾਂ ਬਿਹਤਰ ਸਮਾਜ ਦੇ ਉਸਾਰੀ ਦੇ ਹਵਾਲੇ ਨਾਲ ਹੋ ਸਕਦੀ ਹੈ। ਇੱਕ ਪਾਸੇ ਸ਼ਹੀਦ ਜਸਵੰਤ ਸਿੰਘ ਖਾਲੜੇ ਵਰਗਿਆਂ ਲਈ ਇਨਸਾਫ਼ ਜ਼ਰੂਰੀ ਹੈ ਅਤੇ ਦੂਜੇ ਪਾਸੇ ਉਨ੍ਹਾਂ ਹੀ ਅਕੀਦਿਆਂ ਵਾਲੇ ਸਮਾਜ ਦੀ ਉਸਾਰੀ ਲਾਜ਼ਮੀ ਹੈ। ਬੀਤੇ ਦੌਰ ਦੇ ਕੌੜੇ ਤਜਰਬਿਆਂ ਨੂੰ ਮੌਜੂਦਾ ਅਤੇ ਆਉਣ ਵਾਲੇ ਦੌਰ ਵਿਚ ਮਨਫ਼ੀ ਕਰਨ ਦਾ ਨਕਸ਼ਾ ਸ਼ਰਧਾ ਨਾਲ ਨਹੀਂ, ਸਗੋਂ ਪੁਣ-ਛਾਣ ਰਾਹੀਂ ਵਾਹਿਆ ਜਾ ਸਕਦਾ ਹੈ।

# ਚੋਣ ਮੇਲੇ ਵਾਸਤੇ ਸਜ ਰਹੀਆਂ ਸਿਆਸੀ ਦੁਕਾਨਾਂ

ਪੰਜਾਬ ਵਿਚ ਚੋਣਾਂ ਦੀ ਪੈਰ-ਚਾਲ ਦੀ ਆਵਾਜ਼ ਲਗਾਤਾਰ ਉਚੀ ਹੁੰਦੀ ਜਾ ਰਹੀ ਹੈ। ਜਦੋਂ ਕਿਸੇ ਪਿੰਡ-ਨਗਰ ਵਿਚ ਕੋਈ ਸਮਾਜਕ-ਸਭਿਆਚਾਰਕ ਮੇਲਾ ਲੱਗਣਾ ਹੁੰਦਾ ਹੈ, ਭਾਂਤ ਭਾਂਤ ਦੇ ਦੁਕਾਨਦਾਰ ਮੌਸਮੀ ਪੰਛੀਆਂ ਵਾਂਗ ਆ ਉਤਰਦੇ ਹਨ ਅਤੇ ਆਪੋ-ਆਪਣੀ ਦੁਕਾਨ ਨੂੰ ਦੂਜਿਆਂ ਨਾਲੋਂ ਵੱਧ ਮਨਮੋਹਣੀ ਤੇ ਖਿੱਚ-ਭਰਪੂਰ ਬਣਾਉਣ ਵਿਚ ਜੁਟ ਜਾਂਦੇ ਹਨ। ਸਵਾ ਸਾਲ ਨੂੰ ਹੋਣ ਵਾਲੀਆਂ ਚੋਣਾਂ ਦੇ ਮੇਲੇ ਦੇ ਢੋਲ ਨੂੰ ਹੁਣੇ ਤੋਂ ਡਗਾ ਲਾ ਦਿੱਤਾ ਗਿਆ ਹੈ ਅਤੇ ਐਲਾਨੇ ਗਏ ਮੇਲੇ ਵਾਸਤੇ ਸਿਆਸੀ ਪਾਰਟੀਆਂ ਆਪੋ-ਆਪਣੀਆਂ ਦੁਕਾਨਾਂ ਅਗੇਤੀਆਂ ਹੀ ਸਜਾਉਣ ਲੱਗ ਪਈਆਂ ਹਨ। ਉਹ ਸਿਆਣੇ ਪੁਰਖਿਆਂ



**ਗੁਰਬਚਨ ਸਿੰਘ ਭੁੱਲਰ**
ਫੋਨ: 91-11425-02364


ਤੋਂ ਹੋਰ ਕੋਈ ਸਿੱਖਿਆ ਲੈਣ ਜਾਂ ਨਾ ਲੈਣ, ਪਰ "ਬੇੜਾ ਬੰਧਿ ਨ ਸਕਿਓ ਬੰਧਨ ਕੀ ਵੇਲਾ॥ ਭਰਿ ਸਰਵਰੁ ਜਬ ਊਛਲੈ ਤਬ ਤਰਣੁ ਦੁਹੇਲਾ॥" ਉਚਾਰਨ ਵਾਲੇ ਬਾਬਾ ਫਰੀਦ ਦੀ ਸਿੱਖਿਆ ਜ਼ਰੂਰ ਯਾਦ ਰਖਦੇ ਹਨ। ਜੇ ਇਕ ਵਾਰ ਮੇਲਾ ਉਨ੍ਹਾਂ ਦੇ ਦੁਕਾਨ ਸਜਾਉਣ ਤੋਂ ਪਹਿਲਾਂ ਹੀ ਭਰ ਗਿਆ, ਫੇਰ ਉਨ੍ਹਾਂ ਨੂੰ ਤੰਬੂ ਕੀਹਨੇ ਲਾਉਣ ਦੇਣਾ ਹੈ! ਇਸੇ ਕਰ ਕੇ ਚੋਣਾਂ ਦਾ ਰੌਣਕ-ਮੇਲਾ ਭਰਨ ਦੀ, ਅਰਥਾਤ ਪਿੰਡ ਬੱਝਣ ਦੀ ਉਡੀਕ ਕੀਤੇ ਬਿਨਾਂ ਵੋਟਾਂ ਦੇ ਮੰਗਤੇ ਆਪਣੀਆਂ ਬਗਲੀਆਂ ਦੇ ਮੂੰਹ ਖੋਲ੍ਹ ਕੇ ਭਿੱਖਿਆ ਮੰਗਣ ਤੁਰ ਪਏ ਹਨ।

ਹਰ ਪਾਰਟੀ ਹੁਣ ਤੋਂ ਹੀ ਸੇਵਾ ਦਾ ਮੌਕਾ ਮੰਗਣ ਲੱਗੀ ਹੈ। ਏਨੀਆਂ ਚੋਣਾਂ ਭੁਗਤਾਉਣ ਮਗਰੋਂ ਵੀ ਭੋਲੇ ਲੋਕ ਸਮਝਦੇ ਹਨ ਕਿ ਸਾਡੇ ਨੇਤਾ ਉਨ੍ਹਾਂ ਦੀ ਸੇਵਾ ਕਰਨ ਦਾ ਮੌਕਾ ਮੰਗ ਰਹੇ ਹਨ। ਉਹ ਇਹ ਨਹੀਂ ਸਮਝਦੇ ਕਿ ਨੇਤਾ ਮੂੰਹੋਂ ਭਾਵੇਂ ਕੁਛ ਵੀ ਕਹਿੰਦੇ ਰਹਿਣ, ਉਨ੍ਹਾਂ ਦੀ ਅੰਦਰਲੀ ਮਨਸ਼ਾ ਸੇਵਾ ਕਰਨ ਦਾ ਮੌਕਾ ਨਹੀਂ, ਸੇਵਾ ਕਰਵਾਉਣ ਦਾ ਮੌਕਾ ਹਾਸਲ ਕਰਨ ਦੀ ਹੁੰਦੀ ਹੈ। ਜਨਤਾ ਦੀ ਸੇਵਾ ਦਾ ਪਖੰਡ ਤਾਂ ਉਹ ਚੋਣਾਂ ਤੋਂ ਪਹਿਲਾਂ ਦੇ ਥੋੜ੍ਹੇ ਜਿਹੇ ਸਮੇਂ ਵਾਸਤੇ ਕਰਨ ਲਈ ਮਜਬੂਰ ਹੁੰਦੇ ਹਨ। ਇਹੋ ਕੁਝ ਦਿਨ ਹੁੰਦੇ ਹਨ ਜਦੋਂ ਉਨ੍ਹਾਂ ਨੂੰ ਏਅਰਕੰਡੀਸ਼ਨਡ ਕੋਠੀਆਂ ਵਿਚੋਂ ਬਾਹਰ ਨਿਕਲ ਕੇ ਤੇ ਕਾਰਾਂ ਪਿੱਛੇ ਛੱਡ ਕੇ ਪਿੰਡਾਂ ਦੇ ਗੰਦੇ ਗਲੀਆਂ-ਕੂਚਿਆਂ ਵਿਚ ਪੈਦਲ ਧੱਕੇ ਖਾਣੇ ਪੈਂਦੇ ਹਨ। ਇਹੀ ਕੁਝ ਦਿਨ ਹੁੰਦੇ ਹਨ ਜਦੋਂ ਉਨ੍ਹਾਂ ਦੇ ਮੂੰਹੋਂ ਕੈਲੇ ਨੂੰ ਕਰਨੈਲ ਸਿਉਂ ਜੀ ਤੇ ਜੈਲੋ ਨੂੰ ਜਰਨੈਲ ਸਿਉਂ ਜੀ ਨਿਕਲਦਾ ਹੈ।

ਕੁਝ ਲੋਕ ਇਸ ਗੱਲੋਂ ਹੈਰਾਨ ਵੀ ਹੁੰਦੇ ਹਨ ਕਿ ਇਹ ਰੱਜੇ-ਪੁੱਜੇ, ਸਗੋਂ ਆਫਰੇ ਹੋਏ ਸਫ਼ੈਦਪੋਸ਼ ਸਾਡੇ ਗਰੀਬੜਿਆਂ ਦੀਆਂ ਮਿੰਨਤਾਂ ਕਿਉਂ ਕਰਦੇ ਹਨ? ਸਭ ਕੁਝ ਹੁੰਦਿਆਂ-ਸੁੰਦਿਆਂ ਇਹ ਸਾਡੇ ਨਿਮਾਣੇ ਗਲੀਆਂ-ਕੂਚਿਆਂ ਵਿਚ ਰਾਜੇ ਤੋਂ ਰੰਕ ਤੇ ਦਾਤੇ ਤੋਂ ਭਿਖਾਰੀ ਕਾਹਦੇ ਲਈ ਬਣੇ ਫਿਰਦੇ ਹਨ? ਕੀ ਘਾਟਾ ਹੈ ਇਨ੍ਹਾਂ ਦੇ ਘਰ ਜੋ ਸਾਡੀ ਇਕ ਇਕ ਵੋਟ ਵਾਸਤੇ ਤਰਲੋ-ਮੱਛੀ ਹੋ ਰਹੇ ਹਨ? ਲੋਕਾਂ ਨੂੰ ਇਹ ਚੇਤੇ ਨਹੀਂ ਰਹਿੰਦਾ ਕਿ ਬਾਬਾ ਨਾਨਕ ਇਹ ਰਹੱਸ ਤਾਂ ਸਦੀਆਂ ਪਹਿਲਾਂ ਸਮਝਾ ਗਏ ਹਨ, "ਰਾਜਾ ਰਾਜਿ ਨ ਤ੍ਰਿਪਤਿਆ ਸਾਇਰ ਭਰੇ ਕਿਸੁਕ॥" ਰਾਜਾ ਰਾਜ ਕਰ ਕੇ ਤ੍ਰਿਪਤ ਨਹੀਂ ਹੁੰਦਾ ਜਿਵੇਂ ਸਾਗਰ ਲਗਾਤਾਰ ਨਦੀਆਂ ਪੈਂਦੀਆਂ ਰਹਿਣ ਦੇ ਬਾਵਜੂਦ ਭਰਿਆ ਮਹਿਸੂਸ ਨਹੀਂ ਕਰਦਾ। ਸੱਤਾ ਦਾ ਨਸ਼ਾ ਸ਼ਰਾਬ, ਸਮੈਕ, ਭੁੱਕੀ ਤੇ ਉਨ੍ਹਾਂ ਹੋਰ ਸਭ ਨਸ਼ਿਆਂ ਨਾਲੋਂ ਵੱਧ ਹੱਡਾਂ ਵਿਚ ਰਚਦਾ ਹੈ ਜਿਹੜੇ ਸਾਡੇ ਇਨ੍ਹਾਂ ਹੀ ਨੇਤਾਵਾਂ ਦੀ ਕਿਰਪਾ ਨਾਲ ਹੁਣ ਪੰਜਾਬ ਵਿਚ ਘਰ ਘਰ ਪਹੁੰਚੇ ਹੋਏ ਹਨ। ਸਮੈਕ ਦਾ ਨਸ਼ਾ ਉਤਰੇ ਤੋਂ ਜਾਨ ਓਨੀ ਨਹੀਂ ਟੁਟਦੀ ਜਿੰਨੀ ਕੁਰਸੀ ਤੋਂ ਉਤਰੇ ਨੇਤਾ ਦੀ ਟੁਟਦੀ ਹੈ।

ਚੋਣਾਂ ਲੰਘੀਆਂ ਤੋਂ ਵੋਟਰਾਂ ਨੂੰ ਪਤਾ ਲਗਦਾ ਹੈ ਕਿ ਉਨ੍ਹਾਂ ਦੀ ਹਾਲਤ ਤਾਂ 'ਉਸ ਜਨ ਤੋਰੀ ਪ੍ਰੀਤ ਰਾਤ ਭਰ ਕੀ/ਭੋਰ ਭਈ ਤੂ ਕੌਨ, ਕੌਨ ਮੈਂ" ਵਾਲੀ ਹੋ ਗਈ ਹੈ। ਆਪਣੇ ਨੇਤਾਵਾਂ ਦਾ ਕਿਸੇ ਅਰਜ਼-ਫ਼ਰਿਆਦ ਵਾਸਤੇ ਮੇਲ ਤਾਂ ਕੀ, ਦਰਸ਼ਨ ਵੀ ਦੁਰਲੱਭ ਹੋ ਜਾਂਦਾ ਹੈ। ਜੇ ਚੰਡੀਗੜ੍ਹ ਮਿਲਣ ਜਾਓ, ਗੜਵਈ ਜਵਾਬ ਦਿੰਦੇ ਹਨ, ਉਹ ਬਾਹਰ ਗਏ ਹੋਏ ਹਨ। ਜੇ ਨੇਤਾ ਜੀ ਦੇ ਚੰਡੀਗੜ੍ਹ ਹੋਣ ਦੀ ਜਾਣਕਾਰੀ ਦੱਸ ਦਿਉ, ਨੇਤਾ ਜੀ ਚੰਡੀਗੜ੍ਹ ਤਾਂ ਹੁੰਦੇ ਹਨ ਪਰ ਕੋਠੀ ਵਿਚ ਨਹੀਂ ਹੁੰਦੇ। ਜੇ ਕਹੋ ਕਿ ਪਤਾ ਲਗਿਆ ਹੈ, ਉਹ ਕੋਠੀ ਵਿਚ ਹੀ ਹਨ, ਤਾਂ ਉਹ ਜ਼ਰੂਰੀ ਮੀਟਿੰਗ ਵਿਚ ਹੁੰਦੇ ਹਨ। ਤੇ ਜ਼ਰੂਰੀ ਮੀਟਿੰਗ ਦਾ ਇਹ ਹਿਸਾਬ ਹੁੰਦਾ ਹੈ ਕਿ ਮੁੱਕੇ ਤਾਂ ਮੁੱਕੇ, ਨਾ ਮੁੱਕੇ ਤਾਂ ਨਾ ਹੀ ਮੁੱਕੇ!

ਸਾਡੇ ਦੇਸ ਦੀ ਰਾਜਨੀਤੀ ਜਿੰਨੀ ਬੇਸ਼ਰਮ ਤੇ ਅਧਰਮੀ ਹੁਣ ਹੈ, ਸ਼ਾਇਦ ਪਹਿਲਾਂ ਕਦੀ ਵੀ ਨਹੀਂ ਸੀ। ਇਉਂ ਲਗਦਾ ਹੈ ਜਿਵੇਂ ਬਾਬਾ ਨਾਨਕ ਨੇ ਇਹ ਬੋਲ ਸਾਡੇ ਸਮੇਂ ਵਾਸਤੇ ਹੀ ਉਚਾਰੇ ਹੋਣ, "ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ॥" ਨੇਤਾ ਨਿਰਭੈ ਹੋ ਕੇ ਕੁਸੱਤ ਬੋਲਦੇ ਹਨ। ਕੁਰਸੀਧਾਰੀ ਨੇਤਾ ਨਿਧੜਕ ਹੋ ਕੇ ਪਿਛਲੀ ਵਾਰ ਵਾਲੇ ਵਾਅਦੇ ਹਿੱਕ ਥਾਪੜ



ਥਾਪੜ ਦੁਹਰਾਉਣ ਲਗਦੇ ਹਨ। ਉਹ ਇਸ ਗੱਲ ਦੀ ਕੋਈ ਸ਼ਰਮ ਨਹੀਂ ਮੰਨਦੇ ਕਿ ਲੋਕ ਏਨੇ ਮੂਰਖ ਤਾਂ ਨਹੀਂ, ਉਹੋ ਵਾਅਦੇ ਦੁਬਾਰਾ ਸੁਣ ਕੇ ਇਹ ਨਾ ਸੋਚਣ ਕਿ ਤੁਹਾਨੂੰ ਪਿਛਲੀ ਵਾਰ ਕੀਤੇ ਇਹ ਵਾਅਦੇ ਪੂਰੇ ਕਰਨ ਵਾਸਤੇ ਏਨੇ ਸਾਲ ਮਿਲੇ ਸਨ, ਪੂਰੇ ਕਿਉਂ ਨਾ ਕੀਤੇ! ਬੰਦੇ ਦਾ ਧਰਮ ਆਖਦਾ ਹੈ, ਪ੍ਰਾਣ ਜਾਏ ਪਰ ਵਚਨ ਨਾ ਜਾਈ। ਇਥੇ ਵਚਨ ਨੂੰ ਵਿਸਾਰ ਕੇ ਪ੍ਰਾਣਾਂ ਦੀ ਸੁੱਖ ਮੰਗੀ ਜਾਂਦੀ ਹੈ।

ਮਿਸਾਲ ਵਜੋਂ ਜਦੋਂ ਹੁਣ ਅਕਾਲੀ ਸੱਤਾਧਾਰੀ ਆਉਂਦੇ ਮਹੀਨਿਆਂ ਵਿਚ ਸਵਰਗ ਨੂੰ ਗੁੱਟ ਤੋਂ ਫੜ ਕੇ ਖਿਚਦੇ ਹੋਏ ਪੰਜਾਬੀਆਂ ਦੇ ਵਿਹੜੇ ਲਿਆ ਸੁੱਟਣ ਦੀਆਂ ਫੜ੍ਹਾਂ ਮਾਰਦੇ ਹਨ, ਲੋਕ ਉਨ੍ਹਾਂ ਨੂੰ ਇਹ ਪੁੱਛਣੋਂ ਕਿਉਂ ਝਿਜਕਦੇ ਹਨ, ਮਹਾਰਾਜ, ਇਹ ਸ਼ੁਭ ਕਾਰਜ ਤੁਸੀਂ ਪਿਛਲੇ ਨੌਂ ਵਰ੍ਹਿਆਂ ਵਿਚ ਕਿਉਂ ਨਾ ਕੀਤਾ? ਆਪਣੇ ਸਾਹਿਰ ਲੁਧਿਆਣਵੀ ਕਹਿੰਦੇ ਹਨ, "ਜ਼ਰਾ ਮੁਲਕ ਕੇ ਰਹਿਬਰੋਂ ਕੋ ਬੁਲਾਓ/ਯੇ ਕੂਚੇ, ਯੇ ਗਲੀਆਂ, ਯੇ ਮੰਜ਼ਰ ਦਿਖਾਓ/ਜਿਨ੍ਹੇਂ ਨਾਜ਼ ਹੈ ਹਿੰਦ ਪਰ ਉਨ ਕੋ ਲਾਓ/ਜਿਨ੍ਹੇਂ ਨਾਜ਼ ਹੈ ਹਿੰਦ ਪਰ ਵੁਹ ਕਹਾਂ ਹੈਂ?"

ਲੋਕਾਂ ਨੂੰ ਚਾਹੀਦਾ ਹੈ, ਅਕਾਲੀ ਰਹਿਬਰਾਂ ਨੂੰ ਬੁਲਾ ਕੇ ਆਪਣੇ ਗਲੀਆਂ-ਕੂਚਿਆਂ ਵਿਚ ਫਿਰਦੀ ਭੁੱਖ-ਨੰਗ, ਬੀਮਾਰੀ, ਅਨਪੜ੍ਹਤਾ, ਬੇਰੁਜ਼ਗਾਰੀ ਤੇ ਖ਼ੁਦਕੁਸ਼ੀ ਦਾ ਮੰਜ਼ਰ ਦਿਖਾਉਣ ਤੇ ਆਖਣ, "ਤੁਸੀਂ ਤਾਂ ਪੰਜਾਬ ਉਤੇ ਨਾਜ਼ ਹੋਣ ਦਾ ਦਾਅਵਾ ਕਰਦੇ ਨਹੀਂ ਥਕਦੇ, ਇਹ ਹੈ ਤੁਹਾਡਾ ਨਾਜ਼?"

ਇਸੇ ਤਰ੍ਹਾਂ ਵੋਟਰਾਂ ਨੂੰ ਚਾਹੀਦਾ ਹੈ ਕਿ ਕਾਂਗਰਸੀਆਂ ਨੂੰ ਕਹਿਣ, ਤੁਸੀਂ ਕਿਹੜਾ ਕੋਈ ਨਵੇਂ ਆਏ ਹੋ ਜੋ ਸਾਨੂੰ ਵਾਅਦਿਆ ਨਾਲ ਲੁਭਾਉਣ ਲੱਗੇ ਹੋ ਤੇ ਅਕਾਲੀਆਂ ਮਗਰ ਖੂੰਡਾ ਚੁੱਕੀ ਫਿਰਦੇ ਹੋ? ਇਹ ਤਾਂ 2012 ਵਿਚ ਤੁਹਾਡੇ ਆਪਣੇ ਕਾਟੋ-ਕਲੇਸ਼ ਨੇ ਅਕਾਲੀਆਂ ਦਾ ਦੁਬਾਰਾ ਦਾਅ ਲੁਆ ਦਿੱਤਾ, ਨਹੀਂ ਤਾਂ ਪੰਜਾਬ ਵਿਚ ਚਿਰਾਂ ਤੋਂ ਹਰ ਵਾਰ ਚਲਦੀ "ਉਤਰ ਕਾਟੋ ਮੈਂ ਚੜ੍ਹਾਂ, ਮੇਰੀ ਵਾਰੀ ਆਈ ਐ" ਦੀ ਰੀਤ ਅਨੁਸਾਰ ਰਾਜ ਤੁਹਾਡਾ ਹੀ ਆਉਣਾ ਸੀ। ਪਰ ਜੇ ਤੁਹਾਡੀ ਵਾਰੀ ਵੀ ਆ ਜਾਂਦੀ, ਤੁਸੀਂ ਕੀ ਕਰ ਦੇਣਾ ਸੀ? ਇਨ੍ਹਾਂ ਦੇ ਦੂਹਰੇ ਰਾਜ ਤੋਂ ਪਹਿਲਾਂ ਤੁਹਾਡਾ ਹੀ ਰਾਜ ਸੀ, ਉਦੋਂ ਤੁਸੀਂ ਕੀ ਰੱਬ ਨੂੰ ਟਾਕੀਆਂ ਲਾ ਦਿੱਤੀਆਂ ਸਨ?

ਪੰਜਾਬ ਦੇ ਵੋਟਰਾਂ ਦੀ ਮਜਬੂਰੀ ਰਹੀ ਹੈ ਕਿ ਉਹ ਅਕਾਲੀਆਂ ਦੇ ਰਾਜ ਤੋਂ ਅੱਕ ਜਾਂਦੇ ਹਨ ਤਾਂ ਕਾਂਗਰਸੀਆਂ ਦੇ ਲੜ ਲੱਗ ਜਾਂਦੇ ਹਨ ਤੇ ਜਦੋਂ ਉਹ ਵੀ ਕੁਝ ਨਹੀਂ ਕਰਦੇ, ਫੇਰ ਅਕਾਲੀਆਂ ਦੀ ਝੋਲੀ ਪੈ ਜਾਂਦੇ ਹਨ। ਕੋਈ ਤੀਜਾ ਬਦਲ ਹੁੰਦਾ ਹੀ ਨਹੀਂ ਸੀ। ਆਪਣੇ ਜ਼ਮਾਨੇ ਵਿਚ ਸ਼ਾਹ ਮੁਹੰਮਦ ਨੇ ਹਿੰਦੂਆਂ-ਸਿੱਖਾਂ ਤੇ ਮੁਸਲਮਾਨਾਂ ਨਾਲ ਚਿਰਾਂ ਤੋਂ ਵਸਦੇ ਪੰਜਾਬ ਵਿਚ ਅੰਗਰੇਜ਼ਾਂ ਨੂੰ ਆਏ ਦੇਖ ਕੇ ਕਿਹਾ ਸੀ, "ਸ਼ਾਹ ਮੁਹੰਮਦਾ ਵਿਚ ਪੰਜਾਬ ਦੇ ਜੀ, ਕੋਈ ਨਹੀਂ ਸੀ ਦੂਸਰੀ ਜ਼ਾਤ ਆਹੀ।" ਇਸ ਸਮੇਂ ਸਿਆਸੀ ਪਾਰਟੀਆਂ ਦੇ ਪੱਖੋਂ ਪੰਜਾਬ ਦਾ ਇਹੋ ਹਾਲ ਰਿਹਾ ਹੈ, ਪਰ ਇਸ ਵਾਰ ਅਕਾਲੀਆਂ ਤੇ ਕਾਂਗਰਸੀਆਂ ਤੋਂ ਬਿਨਾਂ ਸ਼ਾਹ ਮੁਹੰਮਦ ਦੇ ਕਹੇ ਵਾਲੀ ਇਕ ਹੋਰ ਜ਼ਾਤ ਆਮ ਆਦਮੀ ਪਾਰਟੀ ਦੇ ਰੂਪ ਵਿਚ ਆ ਗਈ ਹੈ।

ਪੰਜਾਬ ਦੇ ਆਮ ਲੋਕ ਜਿਸ ਉਤਸ਼ਾਹ ਨਾਲ 'ਆਮ ਆਦਮੀ ਪਾਰਟੀ' ਜਾਂ 'ਮੈਂ ਹਾਂ ਆਮ ਆਦਮੀ' ਲਿਖੇ ਵਾਲੀਆਂ ਪੱਟੀਆਂ ਪੱਗਾਂ ਉਤੇ ਸਜਾ ਰਹੇ ਹਨ ਜਾਂ ਟੋਪੀਆਂ ਪਾ ਰਹੇ ਹਨ, ਹੋ ਸਕਦਾ ਹੈ, ਉਹ ਸੋਚਣ, ਇਹ ਦੋਵੇਂ ਪਾਰਟੀਆਂ ਤਾਂ ਕਈ ਕਈ ਵਾਰ ਪਰਖ ਲਈਆਂ, ਇਸ ਅਣਪਰਖੇ ਨਵੇਂ ਨੂੰ ਵੀ ਸੁਣ ਲਈਏ, ਇਹਦਾ ਕੀ ਕਹਿਣਾ ਹੈ। ਜੇ ਅਜਿਹੀ ਅਲੋਕਾਰ ਗੱਲ ਹੋ ਜਾਵੇ, ਅਕਾਲੀ ਤੇ ਕਾਂਗਰਸੀ ਨੇਤਾ ਵੋਟਰ ਜਨਤਾ ਨੂੰ ਉਲਾਂਭੇ ਤਾਂ ਜ਼ਰੂਰ ਦੇਣਗੇ, "ਨਵਿਆਂ ਦੇ ਲੜ ਲੱਗ ਗਈ, ਛੱਡ ਕੇ ਯਾਰ ਪੁਰਾਣੇ!" ਅਜਿਹੀ ਸੂਰਤ ਵਿਚ ਜਨਤਾ ਨੂੰ ਝਿਜਕਣ ਦੀ ਲੋੜ ਨਹੀਂ ਕਿਉਂਕਿ ਉਸ ਕੋਲ ਵਧੀਆ ਜਵਾਬ ਹੈ। ਉਹ ਦੱਸ ਸਕਦੀ ਹੈ ਕਿ ਤੁਸੀਂ ਲਾਰੇ ਲਾਉਂਦੇ ਰਹੇ, ਸੰਵਾਰਿਆ ਕਦੀ ਕੁਝ ਨਹੀਂ, ਕਦੀ ਕਿਸੇ ਕੰਮ ਨਹੀਂ ਆਏ, ਆਖ਼ਰ ਮਨ ਇਸ ਹਾਲਤ ਤੋਂ ਏਨਾ ਅੱਕ ਗਿਆ ਕਿ "ਮਰਦੀ ਨੇ ਅੱਕ ਚੱਬਿਆ, ਹਾਰ ਕੇ ਜੇਠ ਨਾਲ ਲਾਈਆਂ!"

ਸਾਡੇ ਦੇਸ ਦਾ ਸੰਵਿਧਾਨ ਬਣਾਉਣ ਵਾਲਿਆਂ ਨੇ ਕਮਾਲ ਦੀ ਦੂਰ-ਦ੍ਰਿਸ਼ਟੀ ਦਿਖਾਉਂਦਿਆਂ ਲੋਕਾਂ ਨੂੰ ਏਨੀ ਤਾਕਤ ਦਿੱਤੀ ਹੈ ਅਤੇ ਇਸ ਗੱਲ ਦੇ ਸਮਰੱਥ ਬਣਾਇਆ ਹੈ ਕਿ ਉਹ ਕੋਈ ਸਰਕਾਰ ਨਿਕੰਮੀ ਸਿੱਧ ਹੋਣ ਦੀ ਸੂਰਤ ਵਿਚ ਅਗਲੀਆਂ ਚੋਣਾਂ ਸਮੇਂ ਉਹਦੇ ਹੇਠੋਂ ਕੁਰਸੀ ਖਿੱਚ ਕੇ ਕਿਸੇ ਨਵੇਂ ਦੇ ਹਵਾਲੇ ਕਰ ਦੇਣ। ਸੂਝ-ਸਮਝ ਮੰਗ ਕਰਦੀ ਹੈ ਕਿ ਇਕ ਵਾਰ, ਦੋ ਵਾਰ, ਤਿੰਨ ਵਾਰ ਠੱਗੇ ਜਾਣ ਮਗਰੋਂ ਵੋਟਰ ਏਨੇ ਅਨੁਭਵੀ ਹੋ ਜਾਣ ਕਿ ਚੰਗੇ-ਮੰਦੇ ਦਾ ਨਿਖੇੜਾ ਕਰ ਸਕਣ ਅਤੇ ਕੁਝ ਕਰ ਕੇ ਦਿਖਾਉਣ ਵਾਲੀ ਸਰਕਾਰ ਚੁਣ ਲੈਣ। ਜੇ ਵਾਰ ਵਾਰ ਪਰਖੀਆਂ ਦੋਵਾਂ ਰਵਾਇਤੀ ਪਾਰਟੀਆਂ ਦੇ ਨਾਲ ਹੁਣ ਇਕ ਹੋਰ ਪਾਰਟੀ ਦਾ ਨਵਾਂ ਵਾਧਾ ਹੋ ਜਾਣ ਦੇ ਬਾਵਜੂਦ ਲੋਕ ਕੋਈ ਕੰਮ ਨਾ ਕਰਨ ਵਾਲੀ ਤੇ ਫੋਕੀਆਂ ਫੜ੍ਹਾਂ ਮਾਰਨ ਵਾਲੀ ਸਰਕਾਰ ਚੁਣ ਲੈਂਦੇ ਹਨ, ਫੇਰ ਤਾਂ ਬਾਬਾ ਨਾਨਕ ਦੇ ਕਹੇ ਬੋਲਾਂ "ਕੂੜੁ ਰਾਜਾ ਕੂੜੁ ਪਰਜਾ" ਅਨੁਸਾਰ ਅਫ਼ਸੋਸ ਨਾਲ ਇਹ ਮੰਨਣਾ ਪਵੇਗਾ ਕਿ ਸਿਰਫ਼ ਰਾਜਾ ਹੀ ਕੂੜ ਨਹੀਂ ਜੋ ਜਨਤਾ ਦੇ ਭਲੇ ਲਈ ਕੁਝ ਨਹੀਂ ਕਰਦਾ ਸਗੋਂ ਪਰਜਾ ਵੀ ਕੂੜ ਹੈ ਜੋ ਕਸਵੱਟੀ ਉਤੇ ਮੁੜ ਮੁੜ ਪਰਖੇ ਤੋਂ ਖੋਟੇ ਨਿੱਕਲੇ ਰਾਜਿਆਂ ਵਿਚੋਂ ਹੀ ਕਿਸੇ ਨੂੰ ਫੇਰ ਚੁਣ ਲੈਂਦੀ ਹੈ!

# ਨੇਪਾਲ ਦੀ ਨਾਕਾਬੰਦੀ ਅਤੇ ਹਿੰਦੁਸਤਾਨ

25 ਅਪਰੈਲ ਨੂੰ ਭਾਰੀ ਤਬਾਹੀ ਬਣ ਕੇ ਆਏ ਭੁਚਾਲ ਦਾ ਝੰਬਿਆ ਨੇਪਾਲ ਅਜੇ ਪੈਰਾਂ ਸਿਰ ਖੜ੍ਹੇ ਹੋਣ ਦੇ ਯਤਨ ਹੀ ਕਰ ਰਿਹਾ ਸੀ ਕਿ ਗੁਆਂਢੀ ਮੁਲਕ ਦੇ ਇਸ਼ਾਰੇ 'ਤੇ ਮਧੇਸ਼ੀ ਗਰੁੱਪਾਂ ਵਲੋਂ ਕੀਤੀ ਆਰਥਿਕ ਨਾਕਾਬੰਦੀ ਨਾਲ ਇਸ ਉਪਰ ਮੁਸੀਬਤਾਂ ਦੇ ਨਵੇਂ ਪਹਾੜ ਟੁੱਟ ਪਏ। ਹਿੰਦੁਸਤਾਨੀ ਹੁਕਮਰਾਨਾਂ ਦੀ ਤਾਜ਼ਾ ਧੌਂਸ ਦੀ ਫ਼ੌਰੀ ਵਜ੍ਹਾ ਉਹ ਨਵਾਂ ਸੰਵਿਧਾਨ ਬਣਿਆ ਹੈ ਜੋ 20 ਸਤੰਬਰ ਨੂੰ ਅਪਨਾਇਆ ਗਿਆ ਜੋ ਨਾ ਮਧੇਸ਼ੀਆਂ ਨੂੰ ਮਨਜ਼ੂਰ ਹੈ ਨਾ ਹਿੰਦੁਸਤਾਨੀ ਪਸਾਰਵਾਦੀਆਂ ਨੂੰ। ਨੇਪਾਲ ਦੇ ਲੋਕ ਆਪਣੇ ਮੁਲਕ ਦਾ ਰਾਜ ਪ੍ਰਬੰਧ ਚਲਾਉਣ ਲਈ ਕਿਸ ਤਰ੍ਹਾਂ ਦੀ ਰਾਜ ਪ੍ਰਣਾਲੀ, ਕਿਸ ਤਰ੍ਹਾਂ ਦਾ ਸੰਵਿਧਾਨ ਅਤੇ ਕਿਹੜਾ ਨਿਜ਼ਾਮ ਚਾਹੁੰਦੇ ਹਨ, ਇਹ ਉਨ੍ਹਾਂ ਦਾ ਅੰਦਰੂਨੀ ਮਾਮਲਾ

**ਬੂਟਾ ਸਿੰਘ**
ਫੋਨ: +91-94634-74342

ਹੈ, ਪਰ ਹਿੰਦੁਸਤਾਨੀ ਹੁਕਮਰਾਨਾਂ ਦੀ ਹਮੇਸ਼ਾ ਇਹ ਕੋਸ਼ਿਸ਼ ਰਹੀ ਹੈ ਕਿ ਨੇਪਾਲ ਦੀ ਸੱਤਾ ਉਪਰ ਇਸ ਦੇ ਤਾਬਿਆਦਾਰ ਰਾਜਸੀ ਕੋੜਮੇ ਦਾ ਕਬਜ਼ਾ ਬਰਕਰਾਰ ਰਹੇ। ਹਾਲੀਆ ਘਟਨਾਕ੍ਰਮ ਵੀ ਇਸੇ ਪਸਾਰਵਾਦੀ ਮਨਸੂਬੇ 'ਤੇ ਮੋਹਰ ਲਾਉਂਦਾ ਹੈ।

ਜਦੋਂ ਮੋਦੀ ਹਕੂਮਤ ਦੀ ਮੰਗ ਨੂੰ ਦਰਕਿਨਾਰ ਕਰ ਕੇ ਸੰਵਿਧਾਨ ਪਾਸ ਕਰ ਲਿਆ ਗਿਆ ਤਾਂ ਅਗਲੇ ਦਿਨ ਹੀ ਹਿੰਦੂਤਵਵਾਦੀਆਂ ਨੇ ਆਪਣੇ ਸਫ਼ੀਰ ਰਣਜੀਤ ਰੇਅ ਨੂੰ ਦਿੱਲੀ ਬੁਲਾ ਲਿਆ ਅਤੇ ਸਰਹੱਦ ਉਪਰ ਨਾਕਾਬੰਦੀ ਸ਼ੁਰੂ ਹੋ ਗਈ। ਹਿੰਦੁਸਤਾਨ ਹਕੂਮਤ ਭਾਵੇਂ ਸਫ਼ਾਈਆਂ ਪੇਸ਼ ਕਰ ਰਹੀ ਹੈ, ਪਰ ਨੇਪਾਲ ਵਲੋਂ ਪਹਿਲਾਂ ਸੰਵਿਧਾਨ ਤੇ ਫਿਰ ਤਿੰਨ ਪਾਰਟੀ ਸਮਝੌਤੇ ਤਹਿਤ ਨਵੀਂ ਸਰਕਾਰ ਬਣਾਏ ਜਾਣ ਦੇ ਸਮੁੱਚੇ ਘਟਨਾਕ੍ਰਮ ਵਿਚ ਮੋਦੀ ਹਕੂਮਤ ਦੀ ਨਾਜਾਇਜ਼ ਦਖ਼ਲਅੰਦਾਜ਼ੀ ਅਤੇ ਸਿਲਸਿਲੇਵਾਰ ਬਾਂਹ-ਮਰੋੜ ਦਾਅਪੇਚ ਸਬੂਤ ਹਨ ਕਿ ਮਧੇਸ਼ੀਆਂ ਵਲੋਂ ਸਰਹੱਦ ਉਪਰ ਲਗਾਤਾਰ ਨਾਕਾਬੰਦੀ ਦਿੱਲੀ ਦੀ ਸਾਜ਼ਿਸ਼ ਤੋਂ ਬਿਨਾ ਸੰਭਵ ਨਹੀਂ। ਤੱਥ ਇਹ ਵੀ ਹੈ ਕਿ ਮਧੇਸ਼ੀਆਂ ਵਲੋਂ ਨਾਕਾਬੰਦੀ ਰਕਸੌਲ-ਬੀਰਗੰਜ ਲਾਂਘੇ ਉਪਰ ਹੀ ਹੈ। ਇਸ ਤੋਂ ਛੁੱਟ, ਜੇ ਬਾਕੀ ਸਰਹੱਦੀ ਲਾਂਘਿਆਂ ਉਪਰ ਢੋਆ-ਢੁਆਈ ਬੰਦ ਹੈ ਤਾਂ ਇਹ ਹਿੰਦੁਸਤਾਨੀ ਹਕੂਮਤ ਨੂੰ ਛੱਡ ਕੇ ਹੋਰ ਕਿਸ ਦੇ ਹੁਕਮਾਂ ਤਹਿਤ ਹੈ।

ਹਿੰਦੁਸਤਾਨ ਵਲੋਂ ਨੇਪਾਲ ਦੀ ਇਹ ਪਹਿਲੀ ਨਾਕਾਬੰਦੀ ਨਹੀਂ। 1980ਵਿਆਂ ਦੇ ਅਖ਼ੀਰ 'ਚ ਨੇਪਾਲ ਦੀ ਹਕੂਮਤ ਵਲੋਂ ਚੀਨ ਨਾਲ ਨੇੜਤਾ ਵਧਾਉਣ ਤੋਂ ਖ਼ਫ਼ਾ ਹੋਈ ਰਾਜੀਵ ਗਾਂਧੀ ਹਕੂਮਤ ਨੇ ਵਪਾਰਕ ਅਤੇ ਢੋਆ-ਢੁਆਈ ਸੰਧੀ ਦੀ ਮਿਆਦ ਲੰਘ ਜਾਣ ਦੀ ਇਜਾਜ਼ਤ ਦੇ ਕੇ ਇਸੇ ਤਰ੍ਹਾਂ ਹੀ ਅਣਐਲਾਨੀ ਨਾਕਾਬੰਦੀ ਥੋਪ ਦਿੱਤੀ ਸੀ ਜਿਸ ਨਾਲ ਉਹ ਨੇਪਾਲ ਦੀਆਂ ਗੋਡਣੀਆਂ ਲਵਾਉਣ ਵਿਚ ਕਾਮਯਾਬ ਰਹੀ ਸੀ। ਹੁਣ ਵੀ ਮੋਦੀ ਹਕੂਮਤ ਵਲੋਂ ਨੇਪਾਲ ਦੀ ਸਰਕਾਰ ਨੂੰ ਖ਼ੁਫ਼ੀਆ ਖ਼ਤ ਲਿਖ ਕੇ ਜਿਸ ਦੇ ਵੇਰਵੇ ਨਸ਼ਰ ਹੋ ਗਏ, ਦਬਾਅ ਪਾਇਆ ਗਿਆ ਕਿ ਸੰਵਿਧਾਨ ਪਾਸ ਕੀਤੇ ਜਾਣ ਤੋਂ ਪਹਿਲਾਂ ਮਧੇਸ਼ੀ ਸਰੋਕਾਰਾਂ ਨੂੰ ਨਜਿੱਠਿਆ ਜਾਵੇ।

ਬਾਹਰੋਂ ਦੇਖਣ ਨੂੰ ਇਹ ਮਧੇਸ਼ੀ ਮਸਲੇ ਪ੍ਰਤੀ ਦਿੱਲੀ ਹਕੂਮਤ ਦੀ ਫ਼ਿਕਰਮੰਦੀ ਜਾਪਦੀ ਹੈ ਪਰ ਇਸ ਪਿੱਛੇ ਅਸਲ ਮਨਸ਼ਾ ਇਹ ਲੁਕੀ ਹੋਈ ਸੀ ਕਿ ਨਵੇਂ ਸੰਵਿਧਾਨ ਦੀ ਥਾਂ ਨੇਪਾਲ ਵਿਚ ਪਹਿਲਾਂ ਵਾਲੀ ਹਿੰਦੂ ਰਜਵਾੜਾਸ਼ਾਹੀ ਬਹਾਲ ਹੋ ਜਾਵੇ। ਦਿੱਲੀ ਵਲੋਂ ਪੂਰਾ ਯਤਨ ਕੀਤਾ ਗਿਆ ਕਿ ਸੰਵਿਧਾਨਕ ਚਾਰਟਰ ਵਿਚ 'ਧਰਮ ਨਿਰਪੱਖ' ਲਫ਼ਜ਼ ਸ਼ਾਮਲ ਨਾ ਹੋਵੇ। ਦਰਅਸਲ ਮੋਦੀ ਦੇ ਸੱਤਾਧਾਰੀ ਹੋਣ ਨਾਲ ਹਿੰਦੁਸਤਾਨ ਅਤੇ ਨੇਪਾਲ ਦੀਆਂ ਹਿੰਦੂਤਵੀ ਤਾਕਤਾਂ ਨੂੰ ਪੂਰੀ ਉਮੀਦ ਸੀ ਕਿ ਇਸ ਸੰਵਿਧਾਨ ਜ਼ਰੀਏ ਨੇਪਾਲ ਨੂੰ ਹਿੰਦੂ ਰਾਸ਼ਟਰ ਐਲਾਨਿਆ ਜਾਵੇਗਾ, ਘੱਟੋ-ਘੱਟ ਇਸ ਨੂੰ 'ਧਰਮ ਨਿਰਪੱਖ' ਰਾਸ਼ਟਰ ਨਹੀਂ ਬਣਾਇਆ ਜਾਵੇਗਾ, ਪਰ ਉਨ੍ਹਾਂ ਦੀਆਂ ਉਮੀਦਾਂ ਨੂੰ ਬੂਰ ਨਹੀਂ ਪਿਆ।

ਨੇਪਾਲ ਦੇ ਕਾਨੂੰਨ-ਘਾੜਿਆਂ ਵਲੋਂ ਇਨ੍ਹਾਂ 'ਸੁਝਾਵਾਂ' ਨੂੰ ਨਾ ਮੰਨਣਾ ਪਸਾਰਵਾਦੀਆਂ ਨੂੰ ਕਿਵੇਂ ਹਜ਼ਮ ਹੋ ਜਾਂਦਾ? ਕਾਠਮੰਡੂ 'ਚੋਂ ਆਪਣੇ ਸਫ਼ੀਰ ਨੂੰ ਤੁਰੰਤ ਵਾਪਸ ਬੁਲਾ ਕੇ ਦਿੱਲੀ ਵਲੋਂ 24 ਘੰਟਿਆਂ ਦੇ ਵਿਚ-ਵਿਚ (20 ਤੇ 22 ਸਤੰਬਰ ਨੂੰ) ਦੋ ਸਖ਼ਤ ਪ੍ਰੈੱਸ ਬਿਆਨ ਜਾਰੀ ਕੀਤੇ ਗਏ। ਉਸੇ ਰਾਤ ਮਾਲ ਢੋਣ ਵਾਲੇ ਟਰੱਕਾਂ ਨੂੰ ਹਿੰਦੁਸਤਾਨ ਸਰਕਾਰ ਦੀ ਹਦਾਇਤ 'ਤੇ ਬੀ.ਐਸ.ਐਫ. ਵਲੋਂ ਸਰਹੱਦ ਉਪਰ ਰੋਕੇ ਜਾਣ ਦਾ ਸਿਲਸਿਲਾ ਸ਼ੁਰੂ ਹੋ ਗਿਆ। ਟਰੱਕਾਂ ਵਾਲਿਆਂ ਤੋਂ 'ਇਤਰਾਜ਼ ਨਹੀਂ' ਦੇ ਸਰਟੀਫ਼ਿਕੇਟ ਮੰਗੇ ਜਾਣ ਲੱਗੇ ਕਿ ਮਧੇਸ਼ੀ ਅੰਦੋਲਨ ਵਾਲੇ ਇਲਾਕੇ ਵਿਚ ਜੇ ਉਨ੍ਹਾਂ ਦਾ ਕੋਈ ਨੁਕਸਾਨ ਹੁੰਦਾ ਹੈ ਤਾਂ ਇਸ ਦੇ ਜ਼ਿੰਮੇਦਾਰ ਉਹ ਖ਼ੁਦ ਹੋਣਗੇ। ਜਦੋਂ ਇਸ ਧੱਕੇਸ਼ਾਹੀ ਨੂੰ ਲੈ ਕੇ ਦਿੱਲੀ ਦੀ ਬਦਨਾਮੀ ਹੋਣ ਲੱਗੀ ਤਾਂ ਮਧੇਸ਼ੀ ਆਗੂਆਂ ਜਿਨ੍ਹਾਂ ਨਾਲ ਹਿੰਦੁਸਤਾਨੀ ਸਟੇਟ ਅਤੇ ਖ਼ੁਫ਼ੀਆਤੰਤਰ ਦਾ ਲਗਾਤਾਰ ਤਾਲਮੇਲ ਰੱਖਦੇ ਹਨ, ਨੂੰ ਅੱਗੇ ਲਿਆ ਕੇ ਇਸ ਨੂੰ ਮਧੇਸ਼ੀ ਨਾਰਾਜ਼ਗੀ ਕਾਰਨ ਹੋਈ ਨਾਕਾਬੰਦੀ ਦਾ ਰੂਪ ਦੇ ਦਿੱਤਾ ਗਿਆ।

ਨਿਸ਼ਚੇ ਹੀ, ਹਿੰਦੁਸਤਾਨੀ ਮੂਲ ਦੇ ਮਧੇਸ਼ੀ, ਨੇਪਾਲ ਵਲੋਂ ਅਪਨਾਏ ਸੰਵਿਧਾਨ ਤੋਂ ਸੰਤੁਸ਼ਟ ਨਹੀਂ। ਸੰਵਿਧਾਨ ਨੂੰ ਅਪਨਾਏ ਜਾਣ ਤੋਂ ਬਾਅਦ ਉਨ੍ਹਾਂ ਨੇ ਹਿੰਦੁਸਤਾਨੀ ਸਰਹੱਦ ਨਾਲ ਲੱਗਦੇ ਤਰਾਈ ਖੇਤਰ ਵਿਚ ਰੋਸ ਵਿਖਾਵੇ ਸ਼ੁਰੂ ਕਰ ਦਿੱਤੇ ਅਤੇ ਫਿਰ ਸਰਹੱਦੀ ਲਾਂਘਿਆਂ ਉਪਰ ਦਿੱਲੀ ਵਲੋਂ ਕਰਵਾਈ ਨਾਕਾਬੰਦੀ ਦੇ ਫਰੰਟ ਚਿਹਰਿਆਂ ਦੀ ਭੂਮਿਕਾ ਨਿਭਾਉਣ ਲਈ ਸੰਯੁਕਤ ਜਨਤਾਂਤਰਿਕ ਮਧੇਸ਼ੀ ਮੋਰਚਾ ਦੇ ਆਗੂ ਮੰਚ ਉਪਰ ਨਮੂਦਾਰ ਹੋ ਗਏ। 21 ਸਤੰਬਰ ਤੋਂ ਲੈ ਕੇ ਹਿੰਦੁਸਤਾਨ ਤੋਂ ਹੋਣ ਵਾਲੀ ਜ਼ਰੂਰੀ ਚੀਜ਼ਾਂ ਦੀ ਸਪਲਾਈ ਪੂਰੀ ਤਰ੍ਹਾਂ ਠੱਪ ਹੈ। ਇਸ ਕਾਰਨ ਨਾ ਸਿਰਫ਼ ਨੇਪਾਲ ਵਿਚ ਪੈਟਰੋਲ, ਰਸੋਈ ਗੈਸ, ਦਵਾਈਆਂ, ਕਿਤਾਬਾਂ ਅਤੇ ਸਟੇਸ਼ਨਰੀ ਆਦਿ ਦੀ ਥੁੜ੍ਹ ਪੈਦਾ ਹੋ ਗਈ ਸਗੋਂ ਆਫ਼ਤ ਤੋਂ ਪ੍ਰਭਾਵਿਤ ਲੋਕਾਂ ਲਈ ਬਾਹਰੋਂ ਭੇਜੀ ਜਾ ਰਹੀ ਰਾਹਤ ਸਮੱਗਰੀ ਵੀ ਬੰਦ ਹੋ ਗਈ, ਕਿਉਂਕਿ ਨੇਪਾਲ ਕਿਸੇ ਪਾਸਿਓਂ ਵੀ ਸਮੁੰਦਰ ਨਾਲ ਨਾ ਲੱਗਦਾ ਹੋਣ ਕਾਰਨ ਸਪਲਾਈ ਦਾ ਸਮੁੱਚਾ ਦਾਰੋਮਦਾਰ ਸੜਕੀ ਢੋਆ-ਢੁਆਈ ਹੀ ਹੈ।

ਇਹ ਸੱਚ ਹੈ ਕਿ ਨੇਪਾਲ ਦੇ ਹੁਕਮਰਾਨ, ਮਧੇਸ਼ੀ ਮਸਲੇ ਦਾ ਕੋਈ ਤਰਕਸੰਗਤ ਹੱਲ ਕੱਢਣ 'ਚ ਅਸਫ਼ਲ ਰਹੇ ਹਨ। ਯਾਦ ਰਹੇ ਕਿ ਦੱਖਣੀ ਨੇਪਾਲ ਵਿਚ ਵਸੇ ਮਧੇਸ਼ੀ ਅਵਾਮ ਕੁਲ ਵਸੋਂ ਦੇ ਅੱਧ ਦੇ ਕਰੀਬ ਹਨ। ਨਵੇਂ ਸੰਵਿਧਾਨ ਦੁਆਰਾ ਉਨ੍ਹਾਂ ਨਾਗਰਿਕਾਂ ਨੂੰ (ਨਿਊਟਰਲਾਈਜ਼ਡ ਸਿਟੀਜ਼ਨਸ਼ਿਪ ਦੀ ਵਿਵਸਥਾ ਤਹਿਤ) ਗਣਰਾਜ ਦੇ ਆਹਲਾ ਮਿਆਰੀ ਅਹੁਦਿਆਂ ਤਕ ਪਹੁੰਚਣ ਦੀ ਮਨਾਹੀ ਕਰ ਦਿੱਤੀ ਗਈ ਹੈ ਜਿਨ੍ਹਾਂ ਦੇ ਮਾਪੇ ਜਾਂ ਦਾਦੇ-ਪੜਦਾਦੇ ਹਿੰਦੁਸਤਾਨ ਤੋਂ ਨੇਪਾਲ ਆ ਕੇ ਵਸੇ ਸਨ (ਅਜੇ ਵੀ ਕਈਆਂ ਦੀਆਂ ਸਰਹੱਦ ਦੇ ਇਸ ਪਾਰ ਰਿਸ਼ਤੇਦਾਰੀਆਂ ਅਤੇ ਪਰਿਵਾਰਕ ਸਾਂਝਾਂ ਹਨ)। ਨਾਲ ਹੀ ਸੂਬਿਆਂ ਅਤੇ ਚੋਣ ਹਲਕਿਆਂ ਦੀ ਨਿਸ਼ਾਨਦੇਹੀ ਇਸ ਤਰ੍ਹਾਂ ਕੀਤੀ ਗਈ ਹੈ ਕਿ ਮਧੇਸ਼ੀ ਵਸੋਂ ਪ੍ਰਸ਼ਾਸਨਿਕ ਹੱਦਾਂ ਰਾਹੀਂ ਵੱਖ-ਵੱਖ ਕਰ ਦਿੱਤੀ ਗਈ ਹੈ। ਮਧੇਸ਼ੀ ਗਰੁੱਪਾਂ ਦਾ ਇਲਜ਼ਾਮ ਹੈ ਕਿ ਇਹ ਸੰਵਿਧਾਨਕ ਵਿਵਸਥਾ ਨੇਪਾਲ ਉਪਰ ਰਵਾਇਤੀ ਪਹਾੜੀ ਨਸਲੀ ਗ਼ਲਬਾ ਬਣਾਈ ਰੱਖਣ ਦੀ ਮਨਸ਼ਾ ਨਾਲ ਥੋਪੀ ਗਈ ਹੈ ਅਤੇ ਇਹ ਸੰਵਿਧਾਨ ਬਣਾਏ ਜਾਣ ਦੇ ਅਮਲ ਨਾਲ ਵਿਸ਼ਵਾਸਘਾਤ ਤੇ ਖ਼ੁਦ ਸੰਵਿਧਾਨ-ਘਾੜਨੀ ਸਭਾ ਦੇ ਅਧਿਕਾਰਾਂ ਦਾ ਉਲੰਘਣ ਹੈ। ਨਾਕਾਬੰਦੀ ਦੇ ਸਖ਼ਤ ਦਬਾਅ ਹੇਠ ਨੇਪਾਲ ਸਰਕਾਰ ਨੇ ਮਧੇਸ਼ੀਆਂ ਦੇ ਇਤਰਾਜ਼ਾਂ ਨੂੰ ਮੁੱਖ ਰੱਖਦੇ ਹੋਏ ਸੰਵਿਧਾਨ ਵਿਚ ਤਰਮੀਮਾਂ ਕਰਨ ਦੀ ਗੱਲ ਮੰਨ ਲਈ ਹੈ। ਤਰਮੀਮਾਂ ਮਧੇਸ਼ੀ ਸਵਾਲ ਨੂੰ ਹੱਲ ਕਰਨ ਵਿਚ ਕਿਥੋਂ ਤਕ ਕਾਮਯਾਬ ਹੁੰਦੀਆਂ ਹਨ, ਇਹ ਤਾਂ ਵਕਤ ਦੱਸੇਗਾ ਪਰ ਹਿੰਦੁਸਤਾਨ ਸਰਕਾਰ ਵਲੋਂ ਇਸ ਬਾਰੇ ਦਿੱਤਾ ਬਿਆਨ ਸਪਸ਼ਟ ਕਰਦਾ ਹੈ ਕਿ ਅੰਦਰੋਂ-ਅੰਦਰੀ ਦੋਹਾਂ ਸਰਕਾਰਾਂ ਦਾ ਗੁਪਤ ਸਮਝੌਤਾ ਹੋ ਗਿਆ ਹੈ।

ਉਂਜ, ਮਧੇਸ਼ੀ ਸਵਾਲ ਪ੍ਰਤੀ ਨੇਪਾਲੀ ਸਟੇਟ ਦੀ ਨਾਕਾਮੀ ਨਾਲ ਹਿੰਦੁਸਤਾਨੀ ਹੁਕਮਰਾਨ ਆਪਣੀ ਪਸਾਰਵਾਦੀ ਧੌਂਸ ਦੇ ਕਲੰਕ ਤੋਂ ਬਰੀ ਨਹੀਂ ਹੋ ਜਾਂਦੇ। 23 ਸਤੰਬਰ ਨੂੰ 'ਇੰਡੀਅਨ ਐਕਸਪ੍ਰੈੱਸ' ਦੇ ਪਹਿਲੇ ਸਫ਼ੇ ਉਪਰ ਜੋ ਖ਼ਬਰ ਛਪੀ ਸੀ, ਉਹ ਹਿੰਦੁਸਤਾਨ ਦੇ ਮਨਸੂਬਿਆਂ ਦੀ ਤਸਦੀਕ ਕਰਦੀ ਸੀ। ਖ਼ਬਰ ਦੀ ਸੁਰਖ਼ੀ ਸੀ- 'ਹਿੰਦੁਸਤਾਨ ਨੇ ਨੇਪਾਲ ਨੂੰ ਕਿਹਾ, ਆਪਣੇ ਸੰਵਿਧਾਨ ਵਿਚ ਸੱਤ ਤਬਦੀਲੀਆਂ ਕਰੋ ਤੇ ਮਧੇਸ਼ੀ ਸਰੋਕਾਰਾਂ ਨੂੰ ਮੁਖ਼ਾਤਬ ਹੋਵੋ'। ਦਿੱਲੀ ਨੇ ਬਿਆਨ ਦੇ ਕੇ ਸਫ਼ਾਈ ਪੇਸ਼ ਕੀਤੀ ਕਿ ਇਸ ਦਾ ਇਸ ਖ਼ਬਰ ਨਾਲ ਕੋਈ ਸਬੰਧ ਨਹੀਂ। ਜ਼ਾਹਿਰ ਹੈ, ਵਿਦੇਸ਼ ਮੰਤਰਾਲੇ ਦੇ ਹਵਾਲੇ ਨਾਲ ਲੱਗੀ ਇਹ ਖ਼ਬਰ ਖ਼ਾਸ ਮਨੋਰਥ ਤਹਿਤ ਨਸ਼ਰ ਕਰਵਾਈ ਗਈ ਸੀ ਤਾਂ ਜੋ ਸੰਵਿਧਾਨ ਤੋਂ ਨਾਰਾਜ਼ ਤਾਕਤਾਂ ਦੇ ਵਿਰੋਧ ਨੂੰ ਹਵਾ ਦਿੱਤੀ ਜਾ ਸਕੇ। ਇਸ ਖ਼ਬਰ ਨਾਲ ਸਗੋਂ ਨੇਪਾਲ ਵਿਚ ਉਲਟਾ ਤਿੱਖਾ ਪ੍ਰਤੀਕਰਮ ਸਾਹਮਣੇ ਆਇਆ ਅਤੇ ਨਾਕਾਬੰਦੀ ਨਾਲ ਮਧੇਸ਼ ਖੇਤਰ ਨੂੰ ਛੱਡ ਕੇ ਬਾਕੀ ਨੇਪਾਲ ਵਿਚ ਹਿੰਦੁਸਤਾਨੀ ਧੌਂਸ ਵਿਰੁੱਧ

*(ਬਾਕੀ ਅਗਲੇ ਸਫ਼ੇ 'ਤੇ)*

# ਸਦਭਾਵਨਾ ਨੂੰ ਸੱਟ ਮਾਰੇ ਕੱਟੜਤਾ

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

ਫੋਨ: 408-915-1268

ਆਮ ਨਾਂਵਾਂ ਨਾਲੋਂ ਹਟ ਕੇ, ਅਜੀਬ ਜਿਹੇ ਨਾਂ ਵਾਲੇ ਸੱਜਣ ਨਾਲ ਫੇਸਬੁੱਕ 'ਤੇ ਬਹਿਸ ਚੱਲ ਰਹੀ ਸੀ। ਮੇਰੀਆਂ ਆਸਤਿਕ ਦਲੀਲਾਂ ਨੂੰ ਉਹ ਨਾਸਤਿਕ ਵਿਚਾਰਾਂ ਦੀ ਤਿੱਖੀ ਕੈਂਚੀ ਨਾਲ ਕੱਟ ਰਿਹਾ ਸੀ। ਚੱਲਦੀ ਬਹਿਸ ਵਿਚ ਉਸ ਦੀ ਸੁਰ ਨਾਲ ਸੁਰ ਮਿਲਾਉਂਦਾ ਹੋਇਆ ਲਖਵਿੰਦਰ 'ਤਰਕਸ਼ੀਲ' ਨਾਂ ਦਾ ਇਕ ਹੋਰ ਸ਼ਖਸ ਵੀ ਆਪਣੇ ਵਿਚਾਰ ਲਿਖਣ ਲੱਗ ਪਿਆ। 'ਹਮ ਕੋ ਹਮਾਰਾ ਖੂਬ, ਤੁਮ ਕੋ ਤੁਮਾਰਾ ਖੂਬ' ਦੀ ਪਾਲਣਾ ਕਰਦਿਆਂ ਭਾਵੇਂ ਮੈਂ ਬਹਿਸ ਵਿਚ ਖੰਡਨ-ਮੰਡਨ ਕਰਨ ਤੋਂ ਗੁਰੇਜ਼ ਕਰ ਲਿਆ, ਪਰ ਲਖਵਿੰਦਰ ਦੇ ਕਈ ਵਜ਼ਨਦਾਰ ਨੁਕਤਿਆਂ ਤੋਂ ਮਹਿਸੂਸ ਹੋਇਆ ਕਿ ਇਹ ਭਰਾ ਆਪਣੇ ਨਾਂ ਪਿੱਛੇ ਐਵੇਂ ਨਹੀਂ 'ਤਰਕਸ਼ੀਲ' ਦਾ ਲੇਬਲ ਚਿਪਕਾਈ ਫਿਰਦਾ; ਸਗੋਂ ਇਹ ਵਾਕਿਆ ਹੀ ਪੜ੍ਹਿਆ-ਗੁੜ੍ਹਿਆ ਜਾਪਦਾ ਹੈ। ਅੱਗਾ-ਪਿੱਛਾ ਪੁੱਛਿਆ ਤਾਂ ਮੈਨੂੰ ਕੈਲੀਫੋਰਨੀਆ ਬੈਠੇ ਨੂੰ ਹੋਰ ਖੁਸ਼ੀ ਹੋਈ, ਕਿਉਂਕਿ ਇਹ ਨੌਜਵਾਨ ਮੇਰੇ ਇਲਾਕੇ ਦੇ ਪ੍ਰਸਿੱਧ ਕਸਬੇ ਰਾਹੋਂ ਦਾ ਵਸਨੀਕ ਨਿਕਲਿਆ।


ਫੋਨ 'ਤੇ ਗੱਲਬਾਤ ਕਰਦਿਆਂ ਉਸ ਨੇ ਸੰਖੇਪ ਜਿਹਾ ਦੱਸਿਆ ਕਿ ਉਹਨੇ ਪਲੱਸ-2 ਕਰਨ ਮਗਰੋਂ ਵੈਬ-ਡਿਜ਼ਾਈਨਿੰਗ ਦਾ ਕੰਪਿਊਟਰ ਕੋਰਸ ਵੀ ਕੀਤਾ ਹੋਇਆ ਹੈ। ਚੇਤਨਾ ਜਗਾਉਣ ਵਾਲਾ ਅਗਾਂਹਵਧੂ ਸਾਹਿਤ ਪੜ੍ਹਨਾ ਉਹਦਾ ਸ਼ੌਕ ਹੈ। ਜਦ ਪੁੱਛਿਆ ਕਿ ਅੱਜ ਕੱਲ੍ਹ ਕੀ ਕਰਦੇ ਹੋ? ਤਾਂ ਉਸ ਨੇ ਬੇਝਿਜਕ ਦੱਸਿਆ ਕਿ ਉਹਦਾ ਬਾਪੂ ਰਾਹੋਂ ਦੇ ਬੱਸ ਅੱਡੇ ਵਿਚ ਜੁੱਤੀਆਂ ਗੰਢਣ ਦਾ ਕੰਮ ਕਰਦਾ ਹੁੰਦਾ ਸੀ, ਸੰਨ 1999 ਵਿਚ ਉਸ ਦੀ ਮੌਤ ਹੋ ਗਈ ਤਾਂ ਉਸੇ ਥਾਂ ਮੈਂ ਮੋਚੀ ਬਣ ਕੇ ਬਹਿ ਗਿਆ। ਇੰਜ ਘਰ ਦਾ ਰੋਟੀ-ਪਾਣੀ ਚਲਾ ਰਿਹਾ ਹਾਂ।

ਇਹ ਗੱਲ 2014 ਦੇ ਨਵੰਬਰ-ਦਸੰਬਰ ਦੀ ਹੈ, ਜਦੋਂ ਮੈਂ ਪੰਜਾਬ ਜਾਣ ਦਾ ਪ੍ਰੋਗਰਾਮ ਬਣਾ ਰਿਹਾ ਸਾਂ। ਮੈਂ ਉਸ ਨੂੰ ਇਹ ਜਾਣਕਾਰੀ ਦਿੱਤੀ ਤਾਂ ਉਸ ਨੇ ਖੁਸ਼ ਹੁੰਦਿਆਂ ਮੈਨੂੰ ਨਿਮਰਤਾ ਨਾਲ ਪੁੱਛਿਆ ਕਿ ਤੁਸੀਂ ਮੇਰੇ ਵਿਆਹ 'ਤੇ ਆਉਣਾ ਪਸੰਦ ਕਰੋਗੇ ਜੋ ਜਨਵਰੀ-ਫਰਵਰੀ ਵਿਚ ਹੋਣਾ ਹੈ। ਮੈਂ ਵੀ ਖੁਸ਼ੀ ਨਾਲ ਉਸ ਨੂੰ 'ਹਾਂ' ਕਰ ਦਿੱਤੀ।

ਦਸੰਬਰ ਮਹੀਨੇ ਮੈਂ ਪਿੰਡ ਪਹੁੰਚ ਗਿਆ। ਉਸ ਦੇ ਵਿਆਹ ਤੋਂ ਕੁਝ ਹਫਤੇ ਪਹਿਲਾਂ ਹੀ ਬਿਨਾ ਅਗਾਊਂ ਸੂਚਿਤ ਕੀਤਿਆਂ 'ਸਰਪ੍ਰਾਈਜ਼' ਦੇਣ ਲਈ ਮੈਂ ਇਕ ਦੁਪਹਿਰ ਆਪਣਾ ਸਕੂਟਰ ਚੁੱਕਿਆ ਤੇ ਰਾਹੋਂ ਬੱਸ ਅੱਡੇ 'ਤੇ ਜਾ ਖੜ੍ਹਾ ਹੋਇਆ। ਫੇਸਬੁੱਕ ਉਤੇ ਫੋਟੋ ਦੇਖੀ ਹੋਣ ਕਰ ਕੇ ਅਸੀਂ ਦੋਹਾਂ ਨੇ ਇਕ-ਦੂਜੇ ਨੂੰ ਪਛਾਣ ਲਿਆ। ਹਥਲੇ ਬੂਟ ਨੂੰ ਟਾਂਕੇ ਲਾਉਣੇ ਛੱਡ ਕੇ ਉਹ ਮੇਰੇ ਸਤਿਕਾਰ ਵਜੋਂ ਇਕਦਮ ਹੱਥ ਜੋੜ ਕੇ ਖੜ੍ਹ ਗਿਆ। ਉਸ ਮੌਕੇ ਦਾ ਦ੍ਰਿਸ਼-ਚਿਤਰਨ ਉਸ ਦੇ ਆਪਣੇ ਹੀ ਸ਼ਬਦਾਂ ਵਿਚ ਬਿਆਨ ਕੀਤਾ ਹੋਇਆ ਪੜ੍ਹੋ ਜੋ ਉਸ ਨੇ ਫੇਸਬੁੱਕ 'ਤੇ ਪੋਸਟ ਦੇ ਰੂਪ 'ਚ ਪਾਇਆ ਹੋਇਆ ਹੈ: "...ਕੱਲ੍ਹ ਮੇਰੇ ਖੋਂਸੜੇ ਗੰਢਣ ਵਾਲੇ 'ਦਫਤਰ' ਵਿਚ...(ਮੇਰਾ ਨਾਂ) ਨੇ ਆਉਣ ਕੀਤਾ। ਸਾਡੀ ਕੋਈ ਰਿਸ਼ਤੇਦਾਰੀ ਨਹੀਂ, ਨਾ ਹੀ ਅਸੀਂ ਪਹਿਲਾਂ ਕਦੀ ਮਿਲੇ ਸੀ, ਸਿਰਫ ਅਖਬਾਰੀ ਲਿਖਤਾਂ ਤੇ ਫੇਸਬੁੱਕ ਰਾਹੀਂ ਹੀ ਸਾਂਝ ਸੀ ਸਾਡੀ, ਤੇ ਦੂਜਾ ਇਨਸਾਨੀਅਤ ਦਾ ਜਜ਼ਬਾ ਸੀ। ਮੇਰਾ ਉਨ੍ਹਾਂ ਨਾਲ ਫੇਸਬੁੱਕ 'ਤੇ ਹੋਇਆ ਪਹਿਲਾ ਰਾਬਤਾ ਕੋਈ ਬਹੁਤਾ ਹਾਂ-ਪੱਖੀ ਨਹੀਂ ਸੀ, ਪਰ ਉਨ੍ਹਾਂ ਦੀਆਂ ਲਿਖਤਾਂ ਜੋ ਅਲੱਗ-ਅਲੱਗ ਅਖਬਾਰਾਂ ਵਿਚ ਛਪਦੀਆਂ ਰਹਿੰਦੀਆਂ ਨੇ, ਜੋ ਮੈਂ ਅਕਸਰ ਬੜੇ ਧਿਆਨ ਨਾਲ ਪੜ੍ਹਦਾ ਸੀ, ਤੇ ਹੁਣ ਵੀ ਬੜੀ ਰੀਝ ਨਾਲ ਪੜ੍ਹੀਦੀਆਂ ਨੇ, ਕਾਫੀ ਕੁਝ ਸਿੱਖਿਆ ਹੈ, ਮੈਂ ਇਨ੍ਹਾਂ ਤੋਂ। ਇਨ੍ਹਾਂ ਨੂੰ ਮਿਲਣ ਦੀ ਤਮੰਨਾ ਵੀ ਸੀ, ਪਰ ਮੈਂ ਕਦੇ ਵੀ ਇਹ ਨਹੀਂ ਸੋਚਿਆ ਸੀ ਕਿ ਉਹ ਮੈਨੂੰ ਇਸ ਤਰ੍ਹਾਂ ਮਿਲਣ ਆਉਣਗੇ। ਇਸ ਤਰ੍ਹਾਂ ਕਦੇ ਮੇਰੇ ਅਖੌਤੀ ਆਪਣਿਆਂ ਨੇ ਨ੍ਹੀਂ ਗਲੇ ਲਗਾਇਆ, ਜਿਵੇਂ ਦੁਪਾਲਪੁਰੀ ਜੀ ਨੇ ਖੋਂਸੜੇ ਗੰਢਦੇ ਨੂੰ ਲਗਾਇਆ। ਨਹੀਂ ਤਾਂ ਬਹੁਤਿਆਂ ਨੂੰ ਸ਼ਰਮ ਮਹਿਸੂਸ ਹੋਣ ਲੱਗ ਪੈਂਦੀ ਏ ਮੇਰੇ ਵਰਗੇ ਕਿਰਤੀਆਂ ਕੋਲ ਖੜ੍ਹਨ ਲੱਗਿਆਂ! ਬਰੋਬਰ ਬਹਿ ਕੇ ਚਾਹ ਦੀ ਪਿਆਲੀ ਪੀਤੀ, ਤੇ ਹੋਰ ਦੁੱਖ-ਸੁੱਖ ਦੀਆਂ ਗੱਲਾਂ ਸਾਂਝੀਆਂ ਕੀਤੀਆਂ। ਸਭ ਤੋਂ ਵੱਡੀ ਗੱਲ ਜੋ ਉਨ੍ਹਾਂ ਕੀਤੀ, ਉਹ ਮੇਰੇ ਦਿਲ ਵਿਚ ਵੀ ਨਹੀਂ ਸੀ-ਉਨ੍ਹਾਂ ਵੱਲੋਂ ਲਿਆਂਦਾ ਅਣਮੁੱਲਾ ਤੋਹਫਾ ਤੇ ਇਹ ਮਿਲਣੀ ਹਮੇਸ਼ਾ ਯਾਦ ਰਵੇਗੀ। ਅੰਤ ਵਿਚ ਮੈਂ ਸਲਾਮ ਕਰਦਾਂ...ਜੀ ਨੂੰ।"

ਹਰ ਤਰ੍ਹਾਂ ਦੇ ਨਸ਼ੇ-ਪੱਤੇ ਤੋਂ ਰਹਿਤ ਲਖਵਿੰਦਰ ਨੂੰ ਜਦੋਂ ਮੈਂ ਗਲਵੱਕੜੀ ਪਾ ਕੇ ਮਿਲ ਰਿਹਾ ਸਾਂ ਤਾਂ ਪਿਛਿਓਂ ਲੁਧਿਆਣਾ ਤੋਂ ਨਵਾਂ ਸ਼ਹਿਰ ਆ ਰਹੀ ਬੱਸ ਲੰਘੀ ਜਿਸ ਵਿਚ ਸਫਰ ਕਰ ਰਹੇ ਸਾਡੇ ਪਿੰਡ ਦੇ ਕਿਸੇ ਸੱਜਣ ਅਤੇ ਉਸ ਦੀ ਘਰਵਾਲੀ ਨੇ ਮੈਨੂੰ ਦੇਖਿਆ ਹੋਵੇਗਾ। ਰਾਹੋਂ ਵਾਲੀ ਮਿਲਣੀ ਤੋਂ ਦੂਜੇ ਦਿਨ ਸ਼ਾਮ ਨੂੰ ਜਦ ਮੈਂ ਸੈਰ ਕਰਨ ਦਰਿਆ ਵੱਲ ਨਿਕਲਿਆ, ਤਾਂ ਰਾਹ ਵਿਚ ਉਹ ਅੰਮ੍ਰਿਤਧਾਰੀ ਸੱਜਣ ਮੇਰੇ ਨਾਲ ਬਹਿਸਣ ਲੱਗ ਪਿਆ; ਅਖੇ, ਇਕ ਸਿੱਖ ਅਤੇ ਸ਼੍ਰੋਮਣੀ ਕਮੇਟੀ ਦੇ ਸਾਬਕਾ ਮੈਂਬਰ ਨੂੰ ਅਜਿਹੇ ਬੰਦਿਆਂ ਨਾਲ ਮੇਲ-ਮਿਲਾਪ ਸ਼ੋਭਾ ਨਹੀਂ ਦਿੰਦਾ। ਉਸ ਨੂੰ ਸਮਝਾਉਣ ਦੀ ਕੋਸ਼ਿਸ਼ ਵਜੋਂ ਮੈਂ ਕਿਹਾ ਕਿ ਜੇ ਸਾਡਾ ਗੁਰੂ ਚਮੜੇ ਦਾ ਕੰਮ ਕਰਨ ਵਾਲੇ, ਕੱਪੜੇ ਬੁਣਨ ਜਾਂ ਰੰਗਣ ਤੇ ਕਸਾਈ ਦਾ ਕਿੱਤਾ ਕਰਨ ਵਾਲੇ ਕਿਰਤੀਆਂ ਨੂੰ ਆਪਣੇ ਬਰਾਬਰ ਬਹਾ ਕੇ ਉਨ੍ਹਾਂ ਦੀ ਲਿਖੀ ਹੋਈ ਬਾਣੀ ਨੂੰ ਪੂਜਣਯੋਗ ਬਣਾ ਸਕਦਾ ਹੈ ਤਾਂ ਉਸ ਗੁਰੂ ਦੇ ਪੈਰੋਕਾਰ ਹੁੰਦਿਆਂ 'ਸਭ ਕੋ ਮੀਤ ਹਮ ਆਪਨ ਕੀਨਾ' ਦੇ ਮਾਰਗ 'ਤੇ ਕਿਉਂ ਨਾ ਤੁਰੀਏ? ਪਰ ਉਹ ਹੁਠਮਤੀਆ ਸੱਜਣ ਮੇਰੀਆਂ ਸਾਰੀਆਂ ਦਲੀਲਾਂ 'ਤੇ ਕਾਟਾ ਫੇਰਦਿਆਂ ਇਹ ਢੁੱਚਰ ਡਾਹ ਕੇ ਤੁਰਦਾ ਬਣਿਆ, 'ਗੁਰੂਆਂ ਦੀ ਰੀਸ ਅਸੀਂ ਥੋੜ੍ਹੀ ਕਰ ਸਕਦੇ ਆਂ?'

ਖੈਰ! ਲਖਵਿੰਦਰ ਨੇ ਫੋਨ 'ਤੇ ਦੱਸਿਆ ਕਿ ਉਹਦੀ ਬਰਾਤ ਵਿਚ ਤਾਂ ਪੰਜ-ਸੱਤ ਕੁ ਬੰਦੇ ਹੀ ਜਾਣਗੇ, ਤੁਸੀਂ ਇਕ ਦਿਨ ਪਹਿਲਾਂ ਚਾਹ-ਪਾਣੀ ਛਕ ਜਾਇਓ 'ਦਾਸ' ਦੇ ਘਰੇ। ਕਈ ਰੁਝੇਵੇਂ ਹੋਣ ਦੇ ਬਾਵਜੂਦ ਮੈਂ ਵਿਆਹ ਤੋਂ ਇਕ ਦਿਨ ਪਹਿਲਾਂ ਉਸ ਦੇ ਘਰੇ ਗਿਆ। ਘਰ ਦੀ ਛੱਤ ਉਪਰ ਲੱਗੇ



*ਲਖਵਿੰਦਰ 'ਤਰਕਸ਼ੀਲ' ਨਾਲ ਪਹਿਲੀ ਮੁਲਾਕਾਤ ਵੇਲੇ ਲੇਖਕ ਨਾਲ (ਖੱਬਿਉਂ) ਲਖਵਿੰਦਰ, ਨਾਵਲਕਾਰ ਹਰਚੰਦ ਗਿੱਲ ਮਿਆਣੀ ਅਤੇ ਕਾਮਰੇਡ ਜਸਵੀਰ ਜੱਸਾ*

ਸ਼ਾਮਿਆਨੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੋ ਰਿਹਾ ਦੇਖ ਕੇ ਮੈਂ ਹੈਰਾਨ ਜਿਹਾ ਹੋਇਆ। ਮੈਨੂੰ ਪਤਾ ਸੀ ਕਿ ਤਰਕਸ਼ੀਲ ਹੋਣ ਦੇ ਨਾਤੇ ਲਖਵਿੰਦਰ ਦਾ ਰੱਬ ਜਾਂ ਧਰਮ ਵਿਚ ਕੋਈ ਵਿਸ਼ਵਾਸ ਨਹੀਂ ਹੈ। ਫਿਰ ਇਹ ਸਭ ਕਿਵੇਂ ਹੋ ਰਿਹਾ ਹੋਵੇਗਾ? ਪਰ ਉਦੋਂ ਮੈਂ ਹੋਰ ਹੈਰਾਨ ਹੋ ਗਿਆ, ਜਦ ਉਸ ਨੇ ਚਾਹ ਪਿਲਾਉਣ ਵੇਲੇ ਮੇਰੀਆਂ ਅੱਖਾਂ ਵਿਚ ਤੈਰ ਰਹੇ ਸਵਾਲ ਦਾ ਆਪੇ ਉਤਰ ਦਿੰਦਿਆਂ ਦੱਸਿਆ, "ਮੇਰੀ ਬੀਬੀ (ਮਾਂ) ਦੀ ਰੀਝ ਸੀ ਸੁਖਮਨੀ ਸਾਹਿਬ ਦਾ ਪਾਠ ਕਰਾਉਣ ਦੀ।" ਬਿਨਾਂ ਕਿਸੇ ਲੁਕ-ਲੁਕਾ ਜਾਂ ਲਿਫਾਫੇਬਾਜ਼ੀ ਦੇ ਉਹਦੇ ਮੂੰਹੋਂ ਸੱਚ ਸੁਣ ਕੇ ਮੈਂ ਉਸ ਤੋਂ ਹੋਰ ਪ੍ਰਭਾਵਿਤ ਹੋਇਆ।

ਅੱਧਾ ਕੁ ਘੰਟਾ ਮੈਂ ਸੁਖਮਨੀ ਸਾਹਿਬ ਦਾ ਪਾਠ ਕਰ ਕੇ, ਆਪਣੇ ਘਰਦਿਆਂ ਵੱਲੋਂ ਭੇਜਿਆ ਨਿਕ-ਸੁਕ ਉਸ ਨੂੰ ਅਤੇ ਉਸ ਦੀ ਭੈਣ ਹੱਥ ਫੜਾਇਆ। ਥੋੜ੍ਹਾ ਚਿਰ ਹੋਰ ਹਾਜ਼ਰੀ ਭਰ ਕੇ ਮੈਂ ਉਥੋਂ ਕਿਸੇ ਹੋਰ ਪ੍ਰੋਗਰਾਮ 'ਤੇ ਚਲਾ ਗਿਆ।

ਹੁਣ ਸੁਣੋ ਸਦਭਾਵਨਾ ਨੂੰ ਸਾੜਨ ਵਾਲੀ ਕੱਟੜਤਾ ਦਾ ਅਗਲਾ ਦਿਲਚਸਪ ਕਿੱਸਾ-ਸੱਤ ਦਸੰਬਰ 2015 ਵਾਲੇ ਦਿਨ ਲਖਵਿੰਦਰ ਨੇ ਮੈਨੂੰ ਫੋਨ 'ਤੇ ਖੁਸ਼ਖਬਰੀ ਦਿੱਤੀ ਕਿ ਉਸ ਘਰ ਪੁੱਤਰ ਨੇ ਜਨਮ ਲਿਆ ਹੈ। ਵਧਾਈਆਂ ਦੇ ਆਦਾਨ-ਪ੍ਰਦਾਨ ਪਿਛੋਂ ਮੈਂ ਆਪਣੀ ਆਦਤ ਮੁਤਾਬਕ ਕਾਕੇ ਦਾ ਕੋਈ ਸੋਹਣਾ ਜਿਹਾ ਨਾਂ ਰੱਖਣ ਲਈ ਕਿਹਾ। ਖੁਸ਼ ਹੁੰਦਿਆਂ ਉਸ ਨੇ ਮੈਨੂੰ ਹੀ ਕੋਈ ਵਧੀਆ ਨਾਂ ਸੁਝਾਉਣ ਲਈ ਕਿਹਾ ਤੇ ਨਾਲੇ ਮਾਣ ਨਾਲ ਦੱਸਿਆ ਕਿ ਸਾਡੇ ਘਰ ਦੇ ਬਜ਼ੁਰਗ ਤਾਇਆ ਜੀ ਗੁਰੂ ਗ੍ਰੰਥ ਸਾਹਿਬ 'ਚੋਂ ਇਕ ਸ਼ਬਦ ਲੈ ਕੇ ਆਏ ਨੇ।

'ਵਟਸਐਪ' ਜ਼ਰੀਏ ਸ਼ਬਦ ਦੀਆਂ ਪਹਿਲੀਆਂ ਤੁਕਾਂ ਮੈਨੂੰ ਭੇਜ ਕੇ ਲਖਵਿੰਦਰ ਨੇ ਕਿਹਾ ਕਿ 'ਪੱਪੇ' ਅੱਖਰ ਤੋਂ ਸ਼ੁਰੂ ਹੁੰਦਾ ਕੋਈ ਪਾਪੂਲਰ ਜਿਹਾ ਨਾਂ ਲਿਖ ਭੇਜੋ। 'ਪ੍ਰਦੀਪ-ਪ੍ਰਤੀਕ-ਪਰਮਜੀਤ' ਵਗੈਰਾ ਕੁਝ ਨਾਂ ਲਿਖ ਕੇ ਉਸ ਨੂੰ ਭੇਜ ਦਿੱਤੇ, ਪਰ ਕੁਝ ਘੰਟਿਆਂ ਬਾਅਦ ਉਸ ਨੇ ਮੈਨੂੰ ਫੋਨ 'ਤੇ ਦੱਸਿਆ ਕਿ ਸਾਡੇ ਤਾਇਆ ਜੀ ਨੇ ਲਿਖਾ-ਪੜ੍ਹੀ ਕਰਦਿਆਂ ਬਾਬੇ, ਤਾਏ, ਚਾਚੇ ਅਤੇ ਦਾਦੀ ਦੇ ਨਾਵਾਂ ਦਾ ਪਹਿਲਾ ਇਕ-ਇਕ ਅੱਖਰ ਲੈ ਕੇ ਨਾਲ ਜੋੜ ਲਿਆ, ਲਖਵਿੰਦਰ ਦਾ ਪਹਿਲਾ ਅੱਖਰ 'ਲੱਲਾ'...ਇੰਜ ਨਵ-ਜੰਮੇ ਬੱਚੇ ਦਾ ਨਾਂ ਰੱਖਿਆ 'ਪ੍ਰਭਜੋਤ ਕਮਲਾ।'

ਇਹ ਸਾਰਾ ਵੇਰਵਾ ਸੁਣ ਕੇ ਮੈਂ ਵਿਸਮਾਦਿਤ ਹੋ ਉਠਿਆ। ਮੈਂ ਅਜਿਹਾ ਪਹਿਲੀ ਵਾਰ ਸੁਣਿਆ ਸੀ ਕਿ ਕਿਸੇ ਨਵ-ਜੰਮੇ ਬਾਲ ਦਾ ਨਾਂ ਪੁਰਖਿਆਂ ਦੇ ਨਾਵਾਂ ਵਿਚੋਂ ਅੱਖਰ ਚੁਣ-ਚੁਣ ਕੇ ਰੱਖਿਆ ਗਿਆ ਹੋਵੇ। ਇਹ ਗੱਲ ਵੀ ਨੋਟ ਕਰਨ ਵਾਲੀ ਸੀ ਕਿ ਧਾਰਮਿਕ ਰਹੁ-ਰੀਤਾਂ ਵਿਚ ਆਪਣਾ ਕੋਈ ਵਿਸ਼ਵਾਸ ਨਾ ਹੋਣ ਦੇ ਬਾਵਜੂਦ ਲਖਵਿੰਦਰ ਨੇ ਆਪਣੇ ਤਾਇਆ ਜੀ ਦਾ ਮਾਣ ਰੱਖਿਆ। ਪਰਿਵਾਰਕ ਸਦਭਾਵਨਾ ਕਾਇਮ ਰੱਖੀ ਅਤੇ ਆਪਣਾ ਕੋਈ 'ਫਲਸਫਾ' ਨਹੀਂ ਘੋਟਿਆ।

ਵੱਡੀ ਪ੍ਰਸੰਨਤਾ ਨਾਲ ਮੈਂ ਇਸ ਸਾਰੇ ਬਿਰਤਾਂਤ ਦੀ ਸੰਖੇਪ ਜਿਹੀ ਖਬਰ ਬਣਾ ਕੇ 'ਲਖਵਿੰਦਰ ਤਰਕਸ਼ੀਲ ਨੂੰ ਵਧਾਈਆਂ' ਦੀ ਸੁਰਖੀ ਹੇਠ ਦੇਸ਼-ਵਿਦੇਸ਼ ਦੀਆਂ ਕਈ ਅਖਬਾਰਾਂ ਵਿਚ ਛਪਵਾ ਦਿੱਤੀ। ਇਸ ਪ੍ਰਚਾਰ ਪਿਛੇ ਮੇਰੀ ਭਾਵਨਾ ਇਹੀ ਸੀ ਕਿ ਅਜੋਕੇ ਯੁਗ ਵਿਚ ਜਦੋਂ ਕਈ ਅਮੀਰਜ਼ਾਦੇ ਆਪਣੇ ਮਾਪਿਆਂ ਦਾ ਤ੍ਰਿਸਕਾਰ ਕਰਦੇ ਨੇ ਤੇ ਉਨ੍ਹਾਂ ਨੂੰ ਬੁਢਾਪਾ ਰੋਲਣ ਲਈ ਬਿਰਧ ਆਸ਼ਰਮਾਂ ਵਿਚ ਧੱਕ ਰਹੇ ਹਨ, ਤਾਂ ਅਜਿਹੇ ਨਿਰਦਈ ਦੌਰ ਵਿਚ ਇਕ ਗਰੀਬ ਨੌਜਵਾਨ ਦੀ ਕਹਾਣੀ ਦਾ ਵੀ ਲੋਕਾਂ ਨੂੰ ਪਤਾ ਲੱਗੇ, ਜੋ ਇਸ ਕਦਰ ਵਡੇਰਿਆਂ ਦਾ ਮਾਣ-ਸਨਮਾਨ ਕਰਦਾ ਹੈ!


ਜਲੰਧਰੋਂ ਛਪਦੀ ਇਕ ਅਖਬਾਰ ਵਿਚ ਇਹ ਖਬਰ ਦੇਖ ਕੇ ਲਖਵਿੰਦਰ ਤੇ ਉਸ ਦਾ ਪਰਿਵਾਰ ਬਹੁਤ ਖੁਸ਼ ਹੋਏ। ਉਸ ਨੇ ਬੜੇ ਭਾਵ-ਪੂਰਤ ਸ਼ਬਦਾਂ ਵਿਚ ਮੇਰਾ ਧੰਨਵਾਦ ਵੀ ਕੀਤਾ, ਪਰ ਇਸ ਧੰਨਵਾਦੀ ਸੁਨੇਹੇ ਤੋਂ ਥੋੜ੍ਹਾ ਚਿਰ ਬਾਅਦ ਹੀ ਉਹਦਾ ਮੈਨੂੰ ਧੁੜਕੂ ਲਾਉਂਦਾ ਸੁਨੇਹਾ ਆ ਗਿਆ; ਅਖੇ, ਭਾਅ ਜੀ ਇਕ ਹੋਰ ਹੀ ਪੰਗਾ ਪੈ ਗਿਐ! ਕਈ ਤਰਕਸ਼ੀਲ ਦੋਸਤ ਨਾਰਾਜ਼ ਹੋ ਗਏ ਨੇ...ਉਹ ਕਹਿੰਦੇ ਕਿ ਤੂੰ ਨਾਂ ਰੱਖਣ ਲਈ ਗੁਰੂ ਗ੍ਰੰਥ ਸਾਹਿਬ ਦਾ ਸ਼ਬਦ ਕਿਉਂ ਵਰਤਿਆ?... ਕੋਈ ਉਸ ਨੂੰ ਕਹਿ ਰਿਹਾ ਸੀ ਕਿ ਤੂੰ ਖਬਰ ਦੀ ਤਰਦੀਦ ਕਰ।...ਕੋਈ ਤਰਕਸ਼ੀਲ ਲਹਿਰ ਤੋਂ ਅਲਹਿਦਾ ਹੋ ਜਾਣ ਦੇ ਆਦੇਸ਼ ਦੇਣ ਡਿਹਾ ਸੀ।

ਸੁਣ ਕੇ ਮੈਂ ਮੱਥਾ ਫੜ ਕੇ ਬਹਿ ਗਿਆ। ਵਾਹ! ਹੁਣ ਤੱਕ ਧਾਰਮਿਕ ਲੋਕਾਂ ਦੀ ਕੱਟੜਤਾ ਬਾਰੇ ਸੁਣਿਆ ਸੀ, ਪਰ ਆਹ ਸਾਡੇ ਨਾਸਤਿਕ ਭਰਾਵਾਂ ਦੀ ਕੱਟੜਤਾ, ਧਰਮੀਆਂ ਨਾਲੋਂ ਵੀ ਕਿਤੇ ਵੱਧ ਦੇਖੀ। ਲਖਵਿੰਦਰ ਨੂੰ ਧਰਵਾਸ ਦਿੰਦਿਆਂ ਮੈਂ ਕਿਹਾ ਕਿ ਜਿਹੜੇ 'ਦੁਖੀ ਤਰਕਸ਼ੀਲ' ਤੈਨੂੰ ਫੋਨ ਕਰ ਰਹੇ ਨੇ, ਉਨ੍ਹਾਂ ਨੂੰ ਮੇਰਾ ਫੋਨ ਨੰਬਰ ਦੇਈ ਜਾਹ। ਇਸ ਮਾਮਲੇ ਬਾਰੇ ਮੈਂ ਤਰਕਸ਼ੀਲ ਲਹਿਰ ਦੇ ਪੁਰਾਣੇ ਪ੍ਰਚਾਰਕ ਮੇਘ ਰਾਜ ਮਿੱਤਰ ਨੂੰ ਫੋਨ ਮਿਲਾਇਆ। ਉਨ੍ਹਾਂ ਬੜੀ ਸੁਹਿਰਦਤਾ ਨਾਲ ਜਵਾਬ ਦਿੱਤਾ ਕਿ ਇਹ ਕੋਈ ਐਡਾ ਗੰਭੀਰ ਮਸਲਾ ਨਹੀਂ; ਨਾਲੇ ਤਰਕਸ਼ੀਲਤਾ ਤਾਂ ਵਿਗਿਆਨਕ ਸੋਚ ਹੈ। ਇਹ ਕੋਈ ਸਿਆਸੀ ਪਾਰਟੀ ਨਹੀਂ ਜੋ ਕਿਸੇ ਨੂੰ ਕਿਹਾ ਜਾਵੇ ਕਿ ਫਲਾਣਿਆਂ, ਤੂੰ ਇਸ ਤੋਂ ਬਾਹਰ ਹੋ ਜਾਹ।

ਸ੍ਰੀ ਮੇਘ ਰਾਜ ਮਿੱਤਰ ਨੂੰ ਮੈਂ ਤਰਕਸ਼ੀਲ ਜਥੇਬੰਦੀ ਦਾ ਸਰਵੇ-ਸਰਵਾ ਸਮਝਦਾ ਸਾਂ, ਪਰ ਜਦੋਂ ਮੈਂ ਉਨ੍ਹਾਂ ਨਾਲ ਹੋਈ ਸਾਰੀ ਗੱਲ ਬਾਰੇ ਲਖਵਿੰਦਰ ਨੂੰ ਜਾਣਕਾਰੀ ਦਿੱਤੀ ਤਾਂ ਉਸ ਤੋਂ ਪਤਾ ਲੱਗਾ ਕਿ ਇਹ ਲੋਕ ਵੀ ਸਿਆਸੀ ਦਲਾਂ ਵਾਂਗ ਦੋਫਾੜ ਹੋਏ ਪਏ ਨੇ। ਉਹ ਦੱਸ ਰਿਹਾ ਸੀ ਕਿ ਮੇਘ ਰਾਜ ਹੁਰਾਂ ਵਾਲੇ ਤਰਕਸ਼ੀਲ ਹੋਰ ਨੇ; ਜਿਹੜੇ ਉਹਦੇ ਮਗਰ ਪਏ ਹੋਏ ਨੇ, ਇਹ ਅਲੱਗ ਹਨ।

ਸਦਭਾਵਨਾ ਵਿਚਾਰੀ ਕਿਵੇਂ ਵਧੇ-ਫੁੱਲੇ ਜਦ ਉਸ ਨੂੰ ਕੱਟੜਤਾ ਹੀ ਸਾੜੀ-ਫੂਕੀ ਜਾਂਦੀ ਹੈ!

# ਰਣਜੀਤ ਰਾਹੀ ਦਾ ਵਿਛੋੜਾ



ਰਣਜੀਤ ਰਾਹੀ ਬੜਾ ਸਿਰੜੀ ਤੇ ਮਿਹਨਤੀ ਮਨੁੱਖ ਸੀ। ਉਸ ਨੇ ਘਾਲਣਾ ਘਾਲ ਕੇ ਪਹਿਲਾਂ ਤਾਂ ਪੜ੍ਹਾਈ ਕੀਤੀ ਅਤੇ ਨਾਲ-ਨਾਲ ਕੋਈ ਨਾ ਕੋਈ ਕੰਮ ਵੀ ਕਰਦਾ ਰਿਹਾ। ਵਿਸ਼ੇਸ਼ ਗੱਲ ਇਹ ਵੀ ਕੀਤੀ ਕਿ ਇਸ ਸਭ ਕੁਝ ਦੇ ਨਾਲ-ਨਾਲ ਪੰਜਾਬੀ ਸਾਹਿਤ ਨੂੰ ਆਪਣੀਆਂ ਲਿਖਤਾਂ ਨਾਲ ਭਰਪੂਰ ਵੀ ਕੀਤਾ। ਉਸ ਨੇ ਪੰਜਾਬੀ ਸਾਹਿਤ ਵਿਚ ਤਿੰਨ ਨਾਵਲ 'ਜੈ ਬੰਗਲਾ ਦੇਸ਼', 'ਰੁੱਤਾਂ ਦੇ ਨਿਸ਼ਾਨ' ਤੇ 'ਮਾਧਵੀ' ਅਤੇ ਤਿੰਨ ਕਹਾਣੀ ਸੰਗ੍ਰਹਿ 'ਕਾਲਾ ਇਲਮ', 'ਟੁੱਟੇ ਹੋਏ ਪੁਲ' ਤੇ 'ਦੋ ਘੁੱਟਾਂ ਸੀਰ' ਰਾਹੀਂ ਵਡਮੁੱਲਾ ਹਿੱਸਾ ਪਾਇਆ। ਆਪਣਾ ਚੌਥਾ ਕਹਾਣੀ ਸੰਗ੍ਰਹਿ ਤੇ ਇਕ ਨਵਾਂ ਨਾਵਲ ਵੀ ਉਹ ਅਜੇ ਤਿਆਰ ਕਰ ਰਿਹਾ ਸੀ ਕਿ ਉਸ ਦੀ ਜ਼ਿੰਦਗੀ ਦੀ ਘੜੀ ਅਚਨਚੇਤ ਰੁਕ ਗਈ।

ਰਾਹੀ ਨੇ ਜਿੰਨੀਆਂ ਵੀ ਕਹਾਣੀਆਂ ਹੁਣ ਤੱਕ ਲਿਖੀਆਂ, ਉਨ੍ਹਾਂ ਵਿਚ ਸਮਾਜ ਦੇ ਪਿਛੜੇ ਵਰਗ ਦੀਆਂ ਸਮੱਸਿਆਵਾਂ ਨੂੰ ਮੁੱਖ ਤੌਰ 'ਤੇ ਉਜਾਗਰ ਕੀਤਾ। ਉਸ ਦੀਆਂ ਕਹਾਣੀਆਂ ਦਾ ਮੁੱਖ ਵਿਸ਼ਾ ਆਮ ਤੌਰ 'ਤੇ ਮਨੋਵਿਗਿਆਨਕ ਵਿਸ਼ਲੇਸ਼ਣ ਰਾਹੀਂ ਸਮੱਸਿਆਵਾਂ ਨੂੰ ਹੱਲ ਕਰਨ ਦਾ ਉਪਾਅ ਹੁੰਦਾ। ਰਾਹੀ ਨੇ ਆਪਣੀਆਂ ਕਹਾਣੀਆਂ ਵਿਚ ਕਿਰਤੀਆਂ ਦੀਆਂ ਮੁਸ਼ਕਿਲਾਂ ਨੂੰ ਮੁੱਖ ਤੌਰ 'ਤੇ ਉਜਾਗਰ ਕੀਤਾ ਹੈ। ਉਸ ਦੇ ਪਾਠਕਾਂ ਦਾ ਘੇਰਾ ਕਾਫੀ ਵਿਸ਼ਾਲ ਸੀ।

ਰਣਜੀਤ ਰਾਹੀ ਨੇ 1979 ਵਿਚ 'ਪੰਜਾਬੀ ਟ੍ਰਿਬਿਊਨ' ਵਿਚ ਬਤੌਰ ਪਰੂਫ ਰੀਡਰ ਨੌਕਰੀ ਸ਼ੁਰੂ ਕੀਤੀ। ਲੰਮੀ ਨੌਕਰੀ ਕਰ ਕੇ ਉਹ 2010 ਵਿਚ ਚੀਫ ਸਬ ਐਡੀਟਰ ਦੀ ਪੋਸਟ ਤੋਂ ਸੇਵਾਮੁਕਤ ਹੋਇਆ। ਜ਼ਿਕਰਯੋਗ ਹੈ ਕਿ ਰਾਹੀ ਪੰਜਾਬ ਸਰਕਾਰ ਦੀ ਨੌਕਰੀ ਛੱਡ ਕੇ 'ਪੰਜਾਬੀ ਟ੍ਰਿਬਿਊਨ' ਵਿਚ ਆਇਆ ਸੀ।

ਉਸ ਨੇ ਡਬਲ ਐਮ.ਏ. ਕੀਤੀ ਹੋਈ ਸੀ, ਪੰਜਾਬੀ ਅਤੇ ਅੰਗਰੇਜ਼ੀ ਦੀ। ਪੰਜਾਬੀ ਵਿਚ ਕਹਾਣੀ, ਨਾਵਲ ਲਿਖਣ ਦੇ ਨਾਲ-ਨਾਲ ਉਸ ਨੇ ਅੰਗਰੇਜ਼ੀ ਤੇ ਹਿੰਦੀ ਵਿਚੋਂ ਪ੍ਰਸਿੱਧ ਲੇਖਕਾਂ ਦੀਆਂ ਰਚਨਾਵਾਂ ਦਾ ਅਨੁਵਾਦ ਵੀ ਕੀਤਾ। ਸਾਹਿਤ ਦੇ ਨਾਲ-ਨਾਲ ਬੁੱਤ-ਤਰਾਸ਼ੀ ਦਾ ਵੀ ਬਹੁਤ ਸ਼ੌਕ ਸੀ। ਉਸ ਨੇ ਕਈ ਮਹਾਨ ਸ਼ਖਸੀਅਤਾਂ ਦੇ ਬੁੱਤ ਬਣਾਏ।

ਰਣਜੀਤ ਰਾਹੀ ਦਾ ਜੱਦੀ ਪਿੰਡ ਜ਼ਿਲ੍ਹਾ ਲੁਧਿਆਣਾ ਵਿਚ ਮਹਿਮਾ ਸਿੰਘ ਵਾਲਾ ਸੀ। ਉਸ ਦੇ ਪਿਤਾ ਕਰਤਾਰ ਸਿੰਘ ਖਰ੍ਹੇ ਜਦੋਂ ਪਰਿਵਾਰ ਨੂੰ ਵਿਛੋੜਾ ਦੇ ਗਏ ਤਾਂ ਉਹ ਸਿਰਫ 15 ਵਰ੍ਹਿਆਂ ਦਾ ਸੀ। ਉਸ ਦੇ ਦੋ ਬੱਚੇ ਹਨ-ਬੇਟਾ ਮਹੀਪਾਲ ਸਿੰਘ ਤੇ ਬੇਟੀ ਬਿਨੇ ਪਾਲ ਕੌਰ।

ਰਣਜੀਤ ਰਾਹੀ ਕੁਝ ਦਿਨ ਢਿੱਲਾ ਰਿਹਾ ਤੇ 10 ਦਸੰਬਰ ਨੂੰ ਵਿਛੋੜਾ ਦੇ ਗਿਆ।

**-ਪ੍ਰੇਮ ਗੋਰਖੀ**

# ਨੇਪਾਲ ਦੀ ਨਾਕਾਬੰਦੀ ਅਤੇ ਹਿੰਦੁਸਤਾਨ

**(ਪਿਛਲੇ ਸਫੇ ਦੀ ਬਾਕੀ)**

ਭਾਵਨਾ ਨੂੰ ਹੀ ਤਾਕਤ ਮਿਲੀ ਹੈ। ਦਿੱਲੀ ਦੀਆਂ ਤਾਬਿਆਦਾਰ ਮੰਨੀਆਂ ਜਾਂਦੀਆਂ ਪਾਰਲੀਮੈਂਟਰੀ ਪਾਰਟੀਆਂ ਵੀ ਨਾਕਾਬੰਦੀ ਲਈ ਹਿੰਦੁਸਤਾਨੀ ਪਸਾਰਵਾਦੀਆਂ ਦੀ ਨਿਖੇਧੀ ਕਰਨ ਲਈ ਮਜਬੂਰ ਹੋ ਗਈਆਂ।

ਸੰਵਿਧਾਨ ਦੇ ਐਲਾਨ ਪਿਛੋਂ ਨਵੀਂ ਸਰਕਾਰ ਬਣਾਉਣ ਦਾ ਜੋ ਅਮਲ ਚੱਲਿਆ, ਉਸ ਦੌਰਾਨ ਵੀ ਮੋਦੀ ਹਕੂਮਤ ਨੇ ਪੂਰੀ ਵਾਹ ਲਾਈ ਕਿ ਪ੍ਰਧਾਨ ਮੰਤਰੀ ਦਿੱਲੀ ਦੀ ਪਸੰਦ ਦਾ ਬਣੇ। ਤਿੰਨ ਪਾਰਟੀਆਂ- ਨੇਪਾਲੀ ਕਾਂਗਰਸ, ਨੇਪਾਲੀ ਕਮਿਊਨਿਸਟ ਪਾਰਟੀ (ਯੂ.ਐਮ.ਐਲ.) ਅਤੇ ਯੂਨਾਈਟਿਡ ਨੇਪਾਲੀ ਕਮਿਊਨਿਸਟ ਪਾਰਟੀ (ਮਾਓਵਾਦੀ), ਦਰਮਿਆਨ ਲੈ-ਦੇ ਪਿਛੋਂ ਸੋਲਾਂ ਨੁਕਾਤੀ ਸਮਝੌਤੇ ਤਹਿਤ ਇਹ ਸਹਿਮਤੀ ਬਣੀ ਸੀ ਕਿ ਸੰਵਿਧਾਨ ਦੇ ਐਲਾਨ ਤੋਂ ਇਕ ਹਫਤੇ ਦੇ ਅੰਦਰ ਤੱਤਕਾਲੀ ਪ੍ਰਧਾਨ ਮੰਤਰੀ ਸੁਸ਼ੀਲ ਕੋਇਰਾਲਾ ਅਸਤੀਫਾ ਦੇਣਗੇ ਅਤੇ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਯੂ.ਐਮ.ਐਲ. ਦੇ ਆਗੂਆਂ ਨੂੰ ਮੌਕਾ ਦਿੱਤਾ ਜਾਵੇਗਾ। ਮੋਦੀ ਹਕੂਮਤ ਨਹੀਂ ਸੀ ਚਾਹੁੰਦੀ ਕਿ ਮੁੱਖ ਯੂ.ਐਮ.ਐਲ. ਆਗੂ ਖੜਗ ਪ੍ਰਸਾਦ ਓਲੀ ਪ੍ਰਧਾਨ ਮੰਤਰੀ ਬਣੇ। ਪ੍ਰਧਾਨ ਮੰਤਰੀ ਦੀ ਚੋਣ ਮੌਕੇ ਸ੍ਰੀ ਕੋਇਰਾਲਾ ਸਮਝੌਤੇ ਦੀ ਉਲੰਘਣਾ ਕਰ ਕੇ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਉਮੀਦਵਾਰ ਬਣ ਗਿਆ ਜੋ ਕੋਇਰਾਲਾ ਅਤੇ ਕੁਝ ਮਧੇਸ਼ੀ ਆਗੂਆਂ ਦੀ ਖੁਫੀਆ ਮੀਟਿੰਗ ਦਾ ਸਿੱਟਾ ਸੀ। ਉਹ ਮਧੇਸ਼ ਸੰਸਦ ਮੈਂਬਰ ਵੀ ਕੋਇਰਾਲਾ ਨੂੰ ਵੋਟ ਦੇਣ ਲਈ ਹਾਊਸ ਵਿਚ ਆ ਹਾਜ਼ਰ ਹੋਏ ਜਿਨ੍ਹਾਂ ਨੇ ਉਂਜ ਸੰਵਿਧਾਨ ਦਾ ਬਾਈਕਾਟ ਕੀਤਾ ਸੀ ਅਤੇ ਇਸ ਦੀਆਂ ਕਾਪੀਆਂ ਸਾੜੀਆਂ ਸਨ। ਸਿਆਸੀ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਇਹ ਦਿੱਲੀ ਦੇ ਕਹਿਣ 'ਤੇ ਹੋਇਆ ਜੋ ਇਸ ਸਵਾਲ 'ਤੇ ਨੇਪਾਲੀ ਕਾਂਗਰਸ ਨੂੰ ਵੰਡਣ ਵਿਚ ਕਾਮਯਾਬ ਰਹੀ, ਪਰ 597 ਸੰਸਦ ਮੈਂਬਰਾਂ ਵਿਚੋਂ 338 ਨੇ ਸ੍ਰੀ ਓਲੀ ਦੇ ਹੱਕ ਵਿਚ ਵੋਟ ਦੇ ਕੇ ਉਸ ਨੂੰ ਪ੍ਰਧਾਨ ਮੰਤਰੀ ਬਣਾ ਦਿੱਤਾ। ਹਿੰਦੁਸਤਾਨੀ ਪਸਾਰਵਾਦੀਆਂ ਲਈ ਹੋਰ ਵੀ ਨਮੋਸ਼ੀ ਇਹ ਹੋਈ ਕਿ ਨਵੇਂ ਸੰਵਿਧਾਨ ਤਹਿਤ ਰਾਸ਼ਟਰਪਤੀ, ਉਪ ਰਾਸ਼ਟਰਪਤੀ, ਪ੍ਰਧਾਨ ਮੰਤਰੀ, ਸੰਸਦ ਦੇ ਸਪੀਕਰ, ਚਾਰੇ ਵੱਡੇ ਅਹੁਦਿਆਂ ਉਪਰ ਕਮਿਊਨਿਸਟ ਕਾਬਜ਼ ਹੋ ਗਏ।

ਇਹ ਤੈਅ ਹੈ ਕਿ ਸੰਵਿਧਾਨ ਲਾਗੂ ਹੋਣ ਅਤੇ ਪਾਰਲੀਮੈਂਟਰੀ ਕਮਿਊਨਿਸਟਾਂ ਦੇ ਪ੍ਰਧਾਨ ਮੰਤਰੀ ਜਾਂ ਰਾਸ਼ਟਰਪਤੀ ਬਣਨ ਨਾਲ ਨੇਪਾਲੀ ਅਵਾਮ ਦੀ ਜ਼ਿੰਦਗੀ ਦੀ ਕਾਇਆਕਲਪ ਨਹੀਂ ਹੋਣ ਲੱਗੀ, ਪਰ ਰਜਵਾੜਾਸ਼ਾਹੀ ਜਾਂ ਹਿੰਦੂ ਰਾਜ ਨੂੰ ਮੁੜ ਲਿਆਉਣ ਦੇ ਮਨਸੂਬੇ ਵਾਲੀਆਂ ਤਾਕਤਾਂ ਨੂੰ ਹਾਲੀਆ ਪਛਾੜ ਹਾਂਪੱਖੀ ਪੇਸ਼ਕਦਮੀ ਮੰਨੀ ਜਾਣੀ ਚਾਹੀਦੀ ਹੈ, ਪਰ ਨੇਪਾਲ ਦੇ ਨਵੇਂ ਹਕੂਮਤੀ ਚਿਹਰੇ ਆਪਣੇ ਵਾਅਦਿਆਂ ਉਪਰ ਕਿੰਨਾ ਕੁ ਖਰੇ ਉਤਰਦੇ ਹਨ, ਇਸ ਨੂੰ ਸਾਹਮਣੇ ਆਉਣ ਲਈ ਅਜੇ ਵਕਤ ਲੱਗੇਗਾ।

# ਜੇਤਲੀ ਦੁਆਲੇ ਦੋਸ਼ਾਂ ਦਾ ਘੇਰਾ ਮੋਦੀ ਲਈ ਪਰਖ ਦੀ ਘੜੀ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਗੋਲ਼ ਤਾਂ ਸ਼ਾਇਦ ਉਂਜ ਵੀ ਹੋ ਜਾਣਾ ਸੀ, ਪਰ ਦਿੱਲੀ ਦੇ ਮੁੱਖ ਮੰਤਰੀ ਦਫਤਰ 'ਤੇ ਛਾਪਾ ਮਰਵਾਉਣ ਦੀ ਕਾਹਲੀ ਨੇ ਅਰੁਣ ਜੇਤਲੀ ਕੋਲੋਂ ਵੇਲੇ ਤੋਂ ਪਹਿਲਾਂ ਆਪੂੰ-ਗੋਲ (ਅੰਗਰੇਜ਼ੀ ਵਿਚ ਸੈਲਫ-ਗੋਲ) ਕਰਵਾ ਦਿੱਤਾ ਹੈ। ਉਸ ਵੱਲੋਂ ਦਿੱਤੀ ਗਈ ਹਰ ਸਫਾਈ ਉਸ ਨੂੰ ਹੋਰ ਤੋਂ ਹੋਰ ਫਸਾਉਣ ਵਾਲੀ ਬਣਦੀ ਜਾ ਰਹੀ ਹੈ ਤੇ ਹੁਣ ਅਰੁਣ ਜੇਤਲੀ ਦੀ ਹਾਲਤ ਇਹ ਬਣੀ ਜਾਪਦੀ ਹੈ ਕਿ 'ਮੈਂ ਤਾਂ ਕੰਬਲ ਨੂੰ ਛੱਡਦਾਂ, ਕੰਬਲ ਮੈਨੂੰ ਨਹੀਂ ਛੱਡ ਰਿਹਾ'।

ਪੰਜਾਬ ਦੇ ਕਾਲੇ ਦੌਰ ਵੇਲੇ ਦਿੱਲੀ ਵਿਚ ਹੋਈ ਇੱਕ ਵਿਚਾਰ-ਚਰਚਾ ਮੌਕੇ ਮੈਂ ਅਰੁਣ ਜੇਤਲੀ ਨੂੰ ਪਹਿਲੀ ਵਾਰ ਵੇਖਿਆ ਸੀ ਤੇ ਇੱਕ-ਅੱਧ ਵਾਰ ਹੋਰ ਮਿਲਿਆ ਹੋਵਾਂਗਾ। ਉਸ ਦੇ ਪੱਖ ਵਿਚ ਵੀ ਬੜਾ ਕੁਝ ਸੁਣਿਆ ਤੇ ਖਿਲਾਫ ਵੀ। ਉਂਜ ਬਹੁਤਾ ਕੁਝ ਉਸ ਦੀ ਪਾਰਟੀ ਦੇ ਅੰਦਰੋਂ ਸੁਣਦਾ ਸੀ। ਇਨ੍ਹਾਂ ਛੱਬੀ ਸਾਲਾਂ ਵਿਚ ਫਿਰ ਵੀ ਉਸ ਨੂੰ ਇੰਨੇ ਗੰਭੀਰ ਦੋਸ਼ਾਂ ਵਿਚ ਘਿਰਿਆ ਕਦੇ ਨਹੀਂ ਸੀ ਵੇਖਿਆ, ਜਿੰਨਾ ਇਸ ਵੇਲੇ ਵੇਖਿਆ ਗਿਆ ਹੈ। ਇਸ ਦੇ ਬਾਵਜੂਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਉਸ ਨੂੰ ਬਚਾਉਣ ਲਈ ਕੋਈ ਰਾਹ ਕੱਢ ਸਕਦਾ ਹੈ। ਉਨ੍ਹਾਂ ਲਈ ਇਹ ਕੰਮ ਔਖਾ ਨਹੀਂ।

ਕੁਝ ਮਹੀਨੇ ਪਹਿਲਾਂ ਜਦੋਂ ਸੁਸ਼ਮਾ ਸਵਰਾਜ ਦੇ ਖਿਲਾਫ ਲਲਿਤ ਮੋਦੀ ਵਾਲਾ ਰੌਲਾ ਪਿਆ ਸੀ, ਇੱਕ ਮੀਡੀਆ ਚੈਨਲ ਦੀ ਬਹਿਸ ਵਿਚ ਭਾਜਪਾ ਦਾ ਇੱਕ ਬੁਲਾਰਾ ਬੜੀ ਦੇਰ ਤੱਕ ਡਟ ਕੇ ਜਵਾਬ ਦਿੰਦਾ ਰਿਹਾ, ਪਰ ਜਦੋਂ ਘਿਰ ਗਿਆ ਤਾਂ ਆਖਰੀ ਗੋਲ਼ਾ ਉਸ ਨੇ ਇਹ ਦਾਗਿਆ ਸੀ ਕਿ 'ਤੁਹਾਡੇ ਕੋਲ ਹੋਰ ਵੀ ਕੁਝ ਹੈ ਤਾਂ ਕੱਢ ਲਿਆਓ, ਸਾਨੂੰ ਕੋਈ ਫਰਕ ਨਹੀਂ ਪੈਣਾ, ਸਾਡੇ ਕੋਲ ਲੋਕ ਸਭਾ ਵਿਚ 282 ਮੈਂਬਰ ਹਨ, ਸਰਕਾਰ ਉਨ੍ਹਾਂ ਨਾਲ ਚੱਲਣੀ ਹੈ, ਮੀਡੀਏ ਦੀ ਬਹਿਸ ਨਾਲ ਨਹੀਂ'। ਦੋ ਸੌ ਬਿਆਸੀ ਮੈਂਬਰਾਂ ਦੀ ਉਦੋਂ ਵਾਲੀ ਤਾਕਤ ਹੁਣ ਵੀ ਨਰਿੰਦਰ ਮੋਦੀ ਸਰਕਾਰ ਦੇ ਕੋਲ ਹੈ ਤੇ ਸਰਕਾਰ ਦਾ ਦੂਸਰੇ ਨੰਬਰ ਦਾ ਵਜ਼ੀਰ ਉਸ ਤਾਕਤ ਦੇ ਕਾਰਨ ਇਸ ਸੰਕਟ ਵਿਚੋਂ ਨਿਕਲ ਸਕਦਾ ਹੈ। ਰਹੀ ਗੱਲ ਚਰਚਾ ਦੀ, ਇਸ ਦੀ ਉਹ 'ਪ੍ਰਵਾਹ ਨਹੀਂ' ਕਰਦੇ।

ਬਿਨਾਂ ਸ਼ੱਕ ਨਰਿੰਦਰ ਮੋਦੀ ਦੀ ਅਗਵਾਈ ਵਿਚ ਯਕੀਨ ਰੱਖਣ ਵਾਲੇ ਭਾਜਪਾ ਆਗੂ ਇਸ ਦੀ ਪ੍ਰਵਾਹ ਕਰਨਾ ਛੱਡ ਚੁੱਕੇ ਹੋਣਗੇ, ਪਰ ਦੇਸ਼ ਦੇ ਲੋਕਾਂ ਨੇ ਇਹ ਨਹੀਂ ਛੱਡਣੀ। ਉਨ੍ਹਾਂ ਨੇ ਭਾਜਪਾ ਆਗੂਆਂ ਦੀ ਗੱਲ ਵੀ ਸੁਣਨੀ ਹੈ ਤੇ ਆਮ ਆਦਮੀ ਪਾਰਟੀ ਦੇ ਆਗੂਆਂ ਦੀ ਵੀ। ਫਿਰ ਉਨ੍ਹਾਂ ਨੇ ਧਾਰਨਾ ਬਣਾਉਣੀ ਹੈ। 'ਆਵਾਜ਼ੇ ਖਲਕਤ ਨਗਾਰਾ-ਏ-ਖੁਦਾ' ਦਾ ਕੀ ਮਤਲਬ ਹੁੰਦਾ ਹੈ, ਇਸ ਦਾ ਚੇਤਾ ਭਾਜਪਾ ਆਗੂਆਂ ਨੂੰ ਜ਼ਰੂਰ ਰੱਖ ਲੈਣਾ ਚਾਹੀਦਾ ਹੈ।

ਦਿੱਲੀ ਸਰਕਾਰ ਦੇ ਪ੍ਰਿੰਸੀਪਲ ਸੈਕਟਰੀ ਦੇ ਦਫਤਰ ਉਤੇ ਇਸ ਹਫਤੇ ਛਾਪਾ ਮਾਰਿਆ ਗਿਆ ਤਾਂ ਦੋਸ਼ ਇਹ ਲਾਇਆ ਗਿਆ ਕਿ ਉਸ ਨੇ ਭ੍ਰਿਸ਼ਟਾਚਾਰ ਕੀਤਾ ਹੈ। ਪਿਛਲੇ ਪੰਝੀ-ਤੀਹ ਸਾਲ ਉਹ ਅਫਸਰ ਜਿਨ੍ਹਾਂ ਲੀਡਰਾਂ ਨਾਲ ਰਿਹਾ ਹੈ, ਉਨ੍ਹਾਂ ਦੀ ਸੰਗਤ ਕਾਰਨ ਭ੍ਰਿਸ਼ਟ ਹੋਇਆ ਹੋਵੇ ਤਾਂ ਹੈਰਾਨੀ ਕੋਈ ਨਹੀਂ। ਹੈਰਾਨੀ ਇਸ ਗੱਲ ਦੀ ਹੈ ਕਿ ਉਸ ਦੇ ਖਿਲਾਫ ਜਾਂਚ ਕਰਨ ਆਈ ਕੇਂਦਰੀ ਜਾਂਚ ਏਜੰਸੀ ਦੇ ਅਧਿਕਾਰੀ ਉਥੋਂ ਮੁੱਖ ਮੰਤਰੀ ਦਫਤਰ ਦਾ ਅਜੋਕਾ ਫਾਈਲਾਂ ਦੀ ਮੂਵਮੈਂਟ ਦਾ ਰਜਿਸਟਰ ਲੈ ਗਏ ਸਨ, ਜਿਸ ਨਾਲ ਉਸ ਕੇਸ ਦਾ ਕੋਈ ਸਬੰਧ ਬਣਦਾ ਹੀ ਨਹੀਂ। ਹੋਰ ਹੈਰਾਨੀ ਦੀ ਗੱਲ ਇਹ ਹੈ ਕਿ ਅਧਿਕਾਰਤ ਤੌਰ ਉਤੇ ਕਿਹਾ ਗਿਆ ਹੈ ਕਿ ਜਿਹੜਾ ਭ੍ਰਿਸ਼ਟਾਚਾਰ ਉਸ ਅਫਸਰ ਨੇ ਕੀਤਾ ਹੈ, ਉਹ ਸਾਲ 2004 ਤੋਂ 2014 ਦੇ ਦੌਰਾਨ ਕੀਤਾ ਗਿਆ ਹੈ। ਉਦੋਂ ਕੇਜਰੀਵਾਲ ਦੀ ਸਰਕਾਰ ਨਹੀਂ ਸੀ, ਕਾਂਗਰਸ ਪਾਰਟੀ ਦੀ ਸ਼ੀਲਾ ਦੀਕਸ਼ਤ ਦੀ ਸਰਕਾਰ ਸੀ, ਕੇਜਰੀਵਾਲ ਦਾ ਕੋਈ ਵਾਸਤਾ ਹੀ ਨਹੀਂ ਬਣਦਾ।

ਹੁਣ ਇਸ ਛਾਪੇ ਪਿੱਛੋਂ ਵਾਸਤਾ ਬਣ ਗਿਆ ਹੈ, ਪਰ ਵਾਸਤਾ ਕੇਜਰੀਵਾਲ ਦਾ ਨਹੀਂ, ਕੇਂਦਰੀ ਖਜ਼ਾਨਾ ਮੰਤਰੀ ਅਰੁਣ ਜੇਤਲੀ ਦਾ ਨਿਕਲ ਆਇਆ ਹੈ। ਅਰੁਣ ਜੇਤਲੀ ਦਿੱਲੀ ਦੀ ਕ੍ਰਿਕਟ ਐਸੋਸੀਏਸ਼ਨ ਦਾ ਮੁਖੀ ਹੁੰਦਾ ਸੀ ਤੇ ਉਸ ਦੇ ਮੁਖੀ ਹੋਣ ਦੌਰਾਨ ਉਥੇ ਇੱਕ ਸਟੇਡੀਅਮ ਬਣਿਆ ਸੀ, ਜਿਸ ਦੀ ਜਾਂਚ ਰਿਪੋਰਟ ਦਿੱਲੀ ਸਰਕਾਰ ਦੇ ਉਸ ਅਫਸਰ ਦੇ ਦਫਤਰ ਵਿਚ ਸੀ, ਜਿੱਥੇ ਛਾਪਾ ਮਾਰਿਆ ਗਿਆ ਹੈ। ਅਰੁਣ ਜੇਤਲੀ ਨੇ ਪਹਿਲੇ ਦਿਨ ਇਨ੍ਹਾਂ ਦੋਸ਼ਾਂ ਬਾਰੇ ਹਿੰਦੀ ਦਾ ਸ਼ਬਦ 'ਅਨਰਗਲ' ਵਰਤਿਆ, ਜਿਸ ਦਾ ਅਰਥ ਹੈ ਕਿ ਐਵੇਂ ਊਟ-ਪਟਾਂਗ ਬੋਲੀ ਜਾ ਰਹੇ ਹਨ। ਫਿਰ ਦੋਸ਼ਾਂ ਦੀ ਲੜੀ ਬੱਝਣ ਲੱਗ ਪਈ। ਅਰੁਣ ਜੇਤਲੀ ਨੇ ਇਹ ਕਿਹਾ ਕਿ ਕੇਜਰੀਵਾਲ ਇੱਕ ਭ੍ਰਿਸ਼ਟਾਚਾਰੀ ਅਫਸਰ ਨੂੰ ਬਚਾਉਂਦਾ ਰੰਗੇ ਹੱਥੀਂ ਫੜੇ ਜਾਣ ਪਿੱਛੋਂ ਮੇਰੇ ਵਰਗੇ ਈਮਾਨਦਾਰ ਆਗੂ ਉਤੇ ਅਨਰਗਲ ਦੋਸ਼ ਲਾ ਰਿਹਾ ਹੈ।

ਆਮ ਆਦਮੀ ਪਾਰਟੀ (ਆਪ) ਨੇ ਦੋਸ਼ਾਂ ਦੇ ਵੇਰਵੇ ਵੀ ਲੋਕਾਂ ਸਾਹਮਣੇ ਰੱਖ ਦਿੱਤੇ, ਜਿਨ੍ਹਾਂ ਵਿਚ ਵੱਡਾ ਇਹ ਸੀ ਕਿ ਜਿਸ ਸਟੇਡੀਅਮ ਦੀ ਉਸਾਰੀ ਚੌਵੀ ਕਰੋੜ ਵਿਚ ਹੋਣ ਦਾ ਐਸਟੀਮੇਟ ਸੀ, ਅਰੁਣ ਜੇਤਲੀ ਦੇ ਅਧੀਨ ਉਸ ਦੀ ਉਸਾਰੀ ਇੱਕ ਸੌ ਚੌਦਾਂ ਕਰੋੜ ਰੁਪਏ ਨਾਲ ਹੋਈ ਤੇ ਇਸ ਵਿਚ ਭ੍ਰਿਸ਼ਟਾਚਾਰ ਹੋਇਆ ਹੈ। ਅਰੁਣ ਜੇਤਲੀ ਨੇ ਕਿਹਾ ਕਿ ਸਟੇਡੀਅਮ ਦੀ ਉਸਾਰੀ ਦੌਰਾਨ ਹਰ ਚੀਜ਼ ਦੇ ਮੁੱਲ ਵਧਣ ਨਾਲ ਖਰਚਾ ਵੱਧ ਹੋ ਗਿਆ, ਇਹ ਹਰ ਥਾਂ ਹੁੰਦਾ ਹੈ ਤੇ ਏਥੇ ਵੀ ਹੋ ਗਿਆ। ਇਹ ਦਲੀਲ ਹੋਰ ਥਾਂ ਵਰਤੇ ਜਾਣ ਦੀ ਗੁੰਜਾਇਸ਼ ਸੀ, ਦਿੱਲੀ ਦੇ ਵਿਚ ਨਹੀਂ। ਦਿੱਲੀ ਵਿਚ ਪਿਛਲੇ ਮਹੀਨੇ ਇੱਕ ਫਲਾਈ ਓਵਰ ਦੇ ਉਦਘਾਟਨ ਵੇਲੇ ਜੇਤਲੀ ਦੀ ਪਾਰਟੀ ਭਾਜਪਾ ਦੇ ਦੋ ਕੇਂਦਰੀ ਮੰਤਰੀ ਵੀ ਹਾਜ਼ਰ ਸਨ। ਮੁੱਖ ਮੰਤਰੀ ਕੇਜਰੀਵਾਲ ਨੇ ਉਥੇ ਕਿਹਾ ਸੀ ਕਿ ਇਸ ਫਲਾਈ-ਓਵਰ ਦਾ ਮੁੱਢਲਾ ਬੱਜਟ 247 ਕਰੋੜ ਰੁਪਏ ਮਿੱਥਿਆ ਗਿਆ ਸੀ, ਸਾਡੀ ਸਰਕਾਰ ਹੱਥ ਕਮਾਨ ਆਉਣ ਪਿੱਛੋਂ ਭ੍ਰਿਸ਼ਟਾਚਾਰ ਰੋਕ ਦਿੱਤਾ ਤਾਂ ਸਿਰਫ 143 ਕਰੋੜ ਵਿਚ ਪੂਰਾ ਹੋ ਗਿਆ ਹੈ। ਭਾਜਪਾ ਦੇ ਆਗੂ ਨਾ ਉਥੇ ਇਹ ਗੱਲ ਕੱਟ ਸਕੇ ਸਨ ਤੇ ਨਾ ਬਾਅਦ ਵਿਚ ਅੱਜ ਤੱਕ ਇਸ ਨੂੰ ਗਲਤ ਕਹਿ ਸਕੇ ਹਨ।

ਪਿਛਲੀ ਕਾਂਗਰਸੀ ਸਰਕਾਰ ਦੇ ਵਕਤ ਛੋਹੇ ਗਏ ਇਸ ਪ੍ਰਾਜੈਕਟ ਵਿਚੋਂ ਕੇਜਰੀਵਾਲ ਦੇ ਹੇਠ ਇੱਕ ਸੌ ਚਾਰ ਕਰੋੜ ਬਚ ਗਏ ਤੇ ਅਰੁਣ ਜੇਤਲੀ ਦੀ ਪ੍ਰਧਾਨਗੀ ਹੇਠ ਬਣੇ ਸਟੇਡੀਅਮ ਦਾ ਮੁੱਢਲੇ ਚੌਵੀ ਕਰੋੜ ਦਾ ਬੱਜਟ ਚੌਗੁਣੇ ਤੋਂ ਵੱਧ ਇੱਕ ਸੌ ਚੌਦਾਂ ਕਰੋੜ ਹੋ ਗਿਆ। ਇਹ ਹੈਰਾਨੀ ਦੀ ਗੱਲ ਹੈ। ਜੇਤਲੀ ਸਾਹਿਬ ਦੇ ਮੁਤਾਬਕ ਸਟੇਡੀਅਮ ਵਰਲਡ ਕਲਾਸ ਬਣਿਆ ਹੈ। ਖਿਡਾਰੀ ਕਹਿੰਦੇ ਹਨ ਕਿ ਜੇਤਲੀ ਦੇ ਬਣਾਏ ਇਸ ਵਰਲਡ ਕਲਾਸ ਸਟੇਡੀਅਮ ਵਿਚ ਦੋ ਵਾਰੀ ਵਿਦੇਸ਼ੀ ਟੀਮਾਂ ਖੇਡਣ ਤੋਂ ਨਾਂਹ ਕਰ ਗਈਆਂ ਸਨ ਤੇ ਭਾਰਤ ਦੇ ਸਿਖਰਲੇ ਖਿਡਾਰੀਆਂ ਵਰਿੰਦਰ ਸਹਿਵਾਗ ਤੇ ਗੌਤਮ ਗੰਭੀਰ ਨੇ ਸਾਫ ਕਹਿ ਰੱਖਿਆ ਹੈ ਕਿ ਉਹ ਇਸ ਸਟੇਡੀਅਮ ਵਿਚ ਪ੍ਰੈਕਟਿਸ ਨਹੀਂ ਕਰ ਸਕਦੇ। ਕਾਰਨ ਇਹ ਹੈ ਕਿ ਪੈਸਾ ਸਟੇਡੀਅਮ ਉਤੇ ਲੱਗਣ ਦੀ ਥਾਂ ਪੰਜ ਕੰਪਨੀਆਂ ਰਾਹੀਂ ਲੁੱਟਿਆ ਗਿਆ, ਜਿਨ੍ਹਾਂ ਦੇ ਈਮੇਲ ਐਡਰੈਸ ਵੀ ਇੱਕੋ ਸਨ, ਡਾਇਰੈਕਟਰ ਵੀ ਇੱਕੋ ਸੀ, ਦਫਤਰ ਵੀ ਇੱਕੋ ਤੇ ਫੋਨ ਨੰਬਰ ਵੀ ਇੱਕੋ ਸਨ। ਇਸ ਤਰ੍ਹਾਂ ਭ੍ਰਿਸ਼ਟ ਤਰੀਕੇ ਨਾਲ ਇੱਕ ਦਲਾਲ ਖੜਾ ਕਰ ਕੇ ਉਸ ਦੇ ਰਾਹੀਂ ਪੈਸਾ ਹੜੱਪਿਆ ਗਿਆ ਜਾਪਦਾ ਹੈ ਤੇ ਇਹ ਗੱਲ ਰਾਜਸੀ ਵਿਰੋਧੀਆਂ ਨੇ ਨਹੀਂ ਉਠਾਈ, ਭਾਰਤ ਦੇ ਸੰਸਾਰ ਪੱਧਰ ਦੇ ਸਾਬਕਾ ਕ੍ਰਿਕਟ ਖਿਡਾਰੀਆਂ ਨੇ ਦੁਹਾਈ ਪਾ ਕੇ ਉਠਾਈ ਹੈ।


ਭਾਰਤ ਦੇ ਬਹੁਤੇ ਲੋਕ ਅਜੇ ਤੱਕ ਇਸ ਨੂੰ ਕੇਜਰੀਵਾਲ ਅਤੇ ਜੇਤਲੀ ਦੀ ਲੜਾਈ ਸਮਝ ਰਹੇ ਹਨ, ਪਰ ਇਹ ਇਥੋਂ ਤੱਕ ਪਹੁੰਚੀ ਕਿਵੇਂ, ਇਹ ਸਮਝਣ ਦੀ ਲੋੜ ਹੈ। ਨਾਮਣੇ ਵਾਲਾ ਸਾਬਕਾ ਕ੍ਰਿਕਟ ਖਿਡਾਰੀ ਕੀਰਤੀ ਆਜ਼ਾਦ ਇਸ ਵੇਲੇ ਭਾਜਪਾ ਦਾ ਪਾਰਲੀਮੈਂਟ ਮੈਂਬਰ ਹੈ। ਪਿਛਲੇ ਸਾਲ ਮਈ ਵਿਚ ਜਦੋਂ ਨਰਿੰਦਰ ਮੋਦੀ ਸਰਕਾਰ ਬਣੀ, ਉਸ ਤੋਂ ਚਾਰ ਮਹੀਨੇ ਬਾਅਦ ਪਾਰਲੀਮੈਂਟ ਵਿਚ ਦਿੱਲੀ ਦੇ ਕ੍ਰਿਕਟ ਸਟੇਡੀਅਮ ਦੇ ਭ੍ਰਿਸ਼ਟਾਚਾਰ ਦਾ ਮੁੱਦਾ ਉਸੇ ਭਾਜਪਾ ਮੈਂਬਰ ਕੀਰਤੀ ਆਜ਼ਾਦ ਨੇ ਚੁੱਕਿਆ ਸੀ। ਉਥੋਂ ਇਹ ਮੁੱਦਾ ਗ੍ਰਹਿ ਮੰਤਰੀ ਕੋਲ ਭੇਜ ਦਿੱਤਾ ਗਿਆ। ਅੱਠ ਮਹੀਨੇ ਰੱਖਣ ਪਿੱਛੋਂ ਫਾਈਲ ਗ੍ਰਹਿ ਮੰਤਰੀ ਨੇ ਖੇਡ ਮੰਤਰਾਲੇ ਨੂੰ ਭਿਜਵਾ ਦਿੱਤੀ। ਖੇਡ ਮੰਤਰਾਲੇ ਨੇ ਦਿੱਲੀ ਸਰਕਾਰ ਨੂੰ ਜਾਂਚ ਕਰਨ ਲਈ ਕਹਿ ਦਿੱਤਾ। ਇਸ ਪਿੱਛੋਂ ਜਦੋਂ ਦਿੱਲੀ ਸਰਕਾਰ ਨੇ ਜਾਂਚ ਕਰਵਾਈ, ਜਿਹੜੀ ਕਰਨੀ ਹੀ ਪੈਣੀ ਸੀ, ਏਨਾ ਕੁਝ ਬਾਹਰ ਆ ਗਿਆ ਕਿ ਖਜ਼ਾਨਾ ਮੰਤਰੀ ਅਰੁਣ ਜੇਤਲੀ ਬਾਰੇ ਚੁਤਰਫੀ ਚਰਚਾ ਚੱਲ ਪਈ। ਉਦੋਂ ਦਿੱਲੀ ਸਰਕਾਰ ਉਤੇ ਸੀ ਬੀ ਆਈ ਦਾ ਉਹ ਛਾਪਾ ਵੱਜ ਗਿਆ, ਜਿਸ ਨੂੰ ਪੁਆੜੇ ਦੀ ਜੜ੍ਹ ਕਿਹਾ ਜਾ ਰਿਹਾ ਹੈ। ਇਹ ਚਾਲ ਉਲਟੀ ਪਈ ਜਾਪਦੀ ਹੈ। ਹੁਣ ਕ੍ਰਿਕਟ ਐਸੋਸੀਏਸ਼ਨ ਦੇ ਭ੍ਰਿਸ਼ਟਾਚਾਰੀ ਖਿੱਦੋ ਵਿਚਲੀਆਂ ਲੀਰਾਂ ਖਿੱਲਰ ਗਈਆਂ ਹਨ।

ਇੱਕ ਕੇਸ ਸਾਡੇ ਲੋਕਾਂ ਨੂੰ ਯਾਦ ਹੋਵੇਗਾ, ਜਿਹੜਾ ਆਮ ਆਦਮੀ ਪਾਰਟੀ ਨੂੰ ਵਿਦੇਸ਼ਾਂ ਤੋਂ ਮਿਲੇ ਫੰਡਾਂ ਦੇ ਮੁੱਦੇ ਨੂੰ ਚੁੱਕ ਕੇ ਅਦਾਲਤ ਵਿਚ ਵੀ ਕੀਤਾ ਗਿਆ ਸੀ। ਇਸ ਹਫਤੇ ਜਦੋਂ ਕੇਜਰੀਵਾਲ ਤੇ ਜੇਤਲੀ ਵਿਚਾਲੇ ਦੋਸ਼ਾਂ ਦੀ ਭਾਜੀ ਦਿੱਤੀ ਤੇ ਲਈ ਜਾ ਰਹੀ ਸੀ, ਉਸ ਦਿਨ ਉਸ ਕੇਸ ਦਾ ਅਦਾਲਤੀ ਫੈਸਲਾ ਆ ਗਿਆ। ਫੈਸਲਾ ਇਹ ਆਇਆ ਕਿ ਉਨ੍ਹਾਂ ਫੰਡਾਂ ਦੇ ਵਿਚ ਗਲਤ ਕੁਝ ਨਹੀਂ ਹੋਇਆ। ਪਿਛਲੀ ਕਾਂਗਰਸ ਦੀ ਅਗਵਾਈ ਵਾਲੀ ਯੂ ਪੀ ਏ ਸਰਕਾਰ ਨੇ ਵੀ ਇਹ ਜਾਂਚ ਕਰਵਾਈ ਤੇ ਫਿਰ ਭਾਜਪਾ ਦੀ ਐਨ ਡੀ ਏ ਸਰਕਾਰ ਨੇ ਵੀ ਆਣ ਕੇ ਕਰਵਾ ਲਈ, ਤੇ ਦੋਵਾਂ ਨੂੰ ਮੰਨਣਾ ਪਿਆ ਕਿ ਇਹ ਪੈਸਾ ਭੇਜਣ ਵਾਲੇ ਵਿਦੇਸ਼ ਬੈਠੇ ਭਾਰਤੀ ਨਾਗਰਿਕ ਹਨ, ਉਨ੍ਹਾਂ ਦੇ ਪਾਸਪੋਰਟ ਭਾਰਤੀ ਹਨ ਤੇ ਉਨ੍ਹਾਂ ਨੇ ਏਦਾਂ ਪੈਸੇ ਭੇਜਣ ਵਿਚ ਕੋਈ ਕਾਨੂੰਨ ਨਹੀਂ ਤੋੜਿਆ। ਜਿਸ ਬੰਦੇ ਨੂੰ ਅਦਾਲਤ ਸਾਫ ਛੱਡਦੀ ਹੈ, ਉਸ ਨੂੰ ਜੇਤਲੀ ਨੇ ਅਫਸਰ ਦੀ ਮਦਦ ਕਰਦਾ 'ਰੰਗੇ-ਹੱਥੀਂ ਫੜਿਆ ਗਿਆ' ਕਿਹਾ ਹੈ। ਇਸੇ ਨੂੰ ਰਾਜਨੀਤੀ ਕਹਿੰਦੇ ਹਨ।

ਜਿਹੜੀ ਗੱਲ ਇਸ ਕੇਸ ਵਿਚ ਸਭ ਤੋਂ ਵੱਡੀ ਧਿਆਨ ਦੇਣ ਵਾਲੀ ਹੈ, ਉਹ ਇਹ ਕਿ ਮਾਮਲਾ ਕੇਜਰੀਵਾਲ ਤੇ ਜੇਤਲੀ ਵਿਚਾਲੇ ਬਣ ਗਿਆ ਹੈ, ਅਸਲ ਲੜਾਈ ਉਨ੍ਹਾਂ ਦੋਵਾਂ ਦੀ ਨਹੀਂ, ਭਾਜਪਾ ਦੇ ਅੰਦਰਲੀ ਹੈ। ਪਿਛਲੇ ਪੰਜਾਂ ਸਾਲਾਂ ਦੌਰਾਨ ਪਾਰਲੀਮੈਂਟ ਦੇ ਇੱਕ ਸਦਨ ਲੋਕ ਸਭਾ ਦੀ ਵਿਰੋਧੀ ਧਿਰ ਦੀ ਆਗੂ ਸੁਸ਼ਮਾ ਸਵਰਾਜ ਤੇ ਦੂਸਰੇ ਸਦਨ ਰਾਜ ਸਭਾ ਵਿਚ ਵਿਰੋਧੀ ਧਿਰ ਦਾ ਆਗੂ ਅਰੁਣ ਜੇਤਲੀ ਹੁੰਦਾ ਸੀ। ਉਦੋਂ ਇਹ ਕਿਹਾ ਜਾਣ ਲੱਗਾ ਸੀ ਕਿ ਲਾਲ ਕ੍ਰਿਸ਼ਨ ਅਡਵਾਨੀ ਅਗਲੀ ਲੋਕ ਸਭਾ ਚੋਣ ਮੌਕੇ ਪ੍ਰਧਾਨ ਮੰਤਰੀ ਦੇ ਅਹੁਦੇ ਦੇ ਉਮੀਦਵਾਰ ਨਹੀਂ ਹੋਣਗੇ। ਇਸ ਤੋਂ ਪਿੱਛੋਂ ਭਾਜਪਾ ਵਿਚ ਚਰਚਾ ਛਿੜ ਪਈ ਕਿ ਸੁਸ਼ਮਾ ਸਵਰਾਜ ਅਤੇ ਅਰੁਣ ਜੇਤਲੀ ਵਿਚੋਂ ਹੀ ਇੱਕ ਜਣਾ ਉਮੀਦਵਾਰ ਬਣ ਸਕਦਾ ਹੈ ਤੇ ਇਸੇ ਕਾਰਨ ਇਨ੍ਹਾਂ ਦੋਵਾਂ ਦੀ ਖਿੱਚੋਤਾਣ ਚੱਲ ਪਈ। ਆਪਣੀ ਪਕੜ ਕਮਜ਼ੋਰ ਵੇਖਣ ਬਾਅਦ ਜੇਤਲੀ ਨੇ ਨਰਿੰਦਰ ਮੋਦੀ ਦਾ ਨਾਂ ਲੈਣਾ ਸ਼ੁਰੂ ਕਰ ਦਿੱਤਾ ਅਤੇ ਸੁਸ਼ਮਾ ਪਿੱਛੇ ਹਟਦੀ ਗਈ।

ਪਿਛਲੇ ਸਾਲ ਹਰਿਆਣੇ ਦੀਆਂ ਵਿਧਾਨ ਸਭਾ ਚੋਣਾਂ ਵਿਚ ਜਦੋਂ ਭਾਜਪਾ ਨੇ ਆਸ ਤੋਂ ਵੱਧ ਸੀਟਾਂ ਜਿੱਤੀਆਂ ਸਨ, ਉਦੋਂ ਭਾਜਪਾ ਦੀ ਇੱਕ ਮਜ਼ਬੂਤ ਸੀਟ ਤੋਂ ਸੁਸ਼ਮਾ ਸਵਰਾਜ ਦੀ ਭੈਣ ਨੂੰ ਟਿਕਟ ਮਿਲਣ ਦੇ ਬਾਵਜੂਦ ਉਹ ਜਿੱਤ ਨਹੀਂ ਸਕੀ ਸੀ ਤੇ ਬਹੁਤ ਸਾਰੇ ਲੋਕ ਕਹਿੰਦੇ ਸਨ ਕਿ ਉਹ ਚੋਣਾਂ ਵਿਚ ਨਹੀਂ ਹਾਰੀ, ਪਾਰਟੀ ਦੇ ਅੰਦਰੋਂ ਹਾਰ ਗਈ ਹੈ। ਫਿਰ ਜਦੋਂ ਲੰਡਨ ਵਿਚ ਬੈਠੇ ਕ੍ਰਿਕਟ ਦੀ ਸਕੈਂਡਲਬਾਜ਼ੀ ਲਈ ਅਦਾਲਤ ਤੋਂ ਭਗੌੜੇ ਹੋਏ ਲਲਿਤ ਮੋਦੀ ਦਾ ਮੁੱਦਾ ਉਠਿਆ ਤਾਂ ਸੁਸ਼ਮਾ ਸਵਰਾਜ ਕਟਹਿਰੇ ਵਿਚ ਖੜੀ ਜਾਪਦੀ ਸੀ, ਉਦੋਂ ਭਾਜਪਾ ਦੇ ਇੱਕ ਐਮ ਪੀ ਨੇ ਇਹ ਦੋਸ਼ ਲਾ ਦਿੱਤਾ ਸੀ ਕਿ ਇਸ ਚੱਕਰ ਦੇ ਪਿੱਛੇ ਭਾਜਪਾ ਦੇ ਅੰਦਰਲੀ ਸੁਸ਼ਮਾ ਵਿਰੋਧੀ ਲਾਬੀ ਕੰਮ ਕਰ ਰਹੀ ਹੈ। ਹੁਣ ਇਹ ਕਿਹਾ ਜਾਂਦਾ ਹੈ ਕਿ ਉਦੋਂ ਭਾਜਪਾ ਅੰਦਰਲੀ ਸੁਸ਼ਮਾ ਵਿਰੋਧੀ ਲਾਬੀ ਮੁੱਦਾ ਉਛਾਲ ਰਹੀ ਸੀ, ਹੁਣ ਜੇਤਲੀ ਵਿਰੋਧੀ ਲਾਬੀ ਆਪਣਾ ਕ੍ਰਿਸ਼ਮਾ ਵਿਖਾ ਰਹੀ ਹੈ। ਇਸ ਦਾ ਇਹ ਅਰਥ ਬਿਲਕੁਲ ਨਹੀਂ ਨਿਕਲਦਾ ਕਿ ਉਦੋਂ ਸੁਸ਼ਮਾ ਬੇਗੁਨਾਹ ਸੀ ਜਾਂ ਹੁਣ ਅਰੁਣ ਜੇਤਲੀ ਬੇਗੁਨਾਹ ਹੈ।

ਜਿੱਡਾ ਵੱਡਾ ਮੁੱਦਾ ਬਣ ਗਿਆ ਹੈ, ਇਸ ਪਿੱਛੋਂ ਖਜ਼ਾਨਾ ਮੰਤਰੀ ਅਰੁਣ ਜੇਤਲੀ ਨੂੰ ਭਾਰਤ ਦੇ ਲੋਕਾਂ ਸਾਹਮਣੇ ਆਪਣੇ ਬੇਦਾਗ ਹੋਣ ਨੂੰ ਸਾਬਤ ਵੀ ਕਰਨਾ ਹੋਵੇਗਾ। ਇਹ ਮੌਕਾ ਇੱਕ ਵੱਡੀ ਪਰਖ ਦਾ ਹੈ ਤੇ ਪਰਖ ਦਾ ਮੌਕਾ ਸਿਰਫ ਅਰੁਣ ਜੇਤਲੀ ਵਾਸਤੇ ਨਹੀਂ, ਉਸ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਾਸਤੇ ਵੀ ਹੈ, ਜਿਹੜਾ ਭ੍ਰਿਸ਼ਟਾਚਾਰ ਹਟਾਉਣ ਦੇ ਦਾਅਵੇ ਨਾਲ ਇਹ ਕਹਿੰਦਾ ਹੁੰਦਾ ਸੀ ਕਿ 'ਮੈਂ ਨਾ ਖਾਊਂਗਾ, ਨਾ ਕਿਸੀ ਕੋ ਖਾਨੇ ਦੂੰਗਾ'।




***ਆਮ ਆਦਮੀ ਪਾਰਟੀ (ਆਪ) ਨੇ ਦੋਸ਼ਾਂ ਦੇ ਵੇਰਵੇ ਵੀ ਲੋਕਾਂ ਸਾਹਮਣੇ ਰੱਖ ਦਿੱਤੇ, ਜਿਨ੍ਹਾਂ ਵਿਚ ਵੱਡਾ ਇਹ ਸੀ ਕਿ ਜਿਸ ਸਟੇਡੀਅਮ ਦੀ ਉਸਾਰੀ ਚੌਵੀ ਕਰੋੜ ਵਿਚ ਹੋਣ ਦਾ ਐਸਟੀਮੇਟ ਸੀ, ਅਰੁਣ ਜੇਤਲੀ ਦੇ ਅਧੀਨ ਉਸ ਦੀ ਉਸਾਰੀ ਇੱਕ ਸੌ ਚੌਦਾਂ ਕਰੋੜ ਰੁਪਏ ਨਾਲ ਹੋਈ ਤੇ ਇਸ ਵਿਚ ਭ੍ਰਿਸ਼ਟਾਚਾਰ ਹੋਇਆ ਹੈ। ਅਰੁਣ ਜੇਤਲੀ ਨੇ ਕਿਹਾ ਕਿ ਸਟੇਡੀਅਮ ਦੀ ਉਸਾਰੀ ਦੌਰਾਨ ਹਰ ਚੀਜ਼ ਦੇ ਮੁੱਲ ਵਧਣ ਨਾਲ ਖਰਚਾ ਵੱਧ ਹੋ ਗਿਆ, ਇਹ ਹਰ ਥਾਂ ਹੁੰਦਾ ਹੈ ਤੇ ਏਥੇ ਵੀ ਹੋ ਗਿਆ। ਇਹ ਦਲੀਲ ਹੋਰ ਥਾਂ ਵਰਤੇ ਜਾਣ ਦੀ ਗੁੰਜਾਇਸ਼ ਸੀ, ਦਿੱਲੀ ਦੇ ਵਿਚ ਨਹੀਂ।***

**Flat Rate Funding Group**

**Are you tired of waiting to get paid on your outstanding freight invoices?**

**Get your $$$ now!**

***Call Goldy Dhillon*** **734-444-9625**

**sales@flatratefunding.com**

**At Flat Rate Funding Group, we offer the lowest fixed factoring rate in the transportation industry-**

*****1.5%!*****

**ਕੀ ਤੁਸੀਂ ਆਪਣੀਆਂ ਫਰੇਟ ਇਨਵਾਇਸਾਂ ਦੀ ਬੇਸਬਰੀ ਨਾਲ ਉਡੀਕ ਕਰ ਰਹੇ ਹੋ?**

**ਅੱਜ ਹੀ ਲੋੜੀਂਦਾ ਪੈਸਾ ਲਓ**

**ਫਲੈਟ ਰੇਟ ਫੰਡਿੰਗ ਗਰੁਪ ਵਲੋਂ ਟਰਾਂਸਪੋਰਟੇਸ਼ਨ ਇੰਡਸਟਰੀ ਵਿਚ ਸਭ ਤੋਂ ਘੱਟ ਤੇ ਨਿਸ਼ਚਤ ਦਰਾਂ ਉਤੇ ਪੈਸਾ ਦਿੱਤਾ ਜਾਂਦਾ ਹੈ**

**ਅੱਜ ਹੀ ਸੰਪਰਕ ਕਰੋ**

**ਗੋਲਡੀ ਢਿੱਲੋਂ, ਫੋਨ:734-444-9625**



***We also guarantee The Best Fuel Discount $.20 off per gallon at all Flying J and Pilot stations!***

# ਭਾਰਤੀ ਹਾਕੀ ਕਪਤਾਨ ਸਰਦਾਰਾ ਸਿੰਘ ਕੈਲੀਫੋਰਨੀਆ 'ਚ

## ਸਖਤ ਮਿਹਨਤ ਅਤੇ ਨਿਸ਼ਠਾ ਹੀ ਕਾਮਯਾਬੀ ਦਾ ਰਾਜ





**ਫਰੀਮਾਂਟ (ਬਿਊਰੋ):** ਸਖਤ ਮਿਹਨਤ ਅਤੇ ਨਿਸ਼ਠਾ ਕਿਸੇ ਵੀ ਹੋਰ ਖੇਤਰ ਵਾਂਗ ਖੇਡਾਂ ਵਿਚ ਵੀ ਕਾਮਯਾਬੀ ਦਾ ਰਾਜ ਹੈ। ਬੱਚਿਆਂ ਨੂੰ ਆਪਣਾ ਧਿਆਨ ਖੇਡਾਂ ਅਤੇ ਪੜ੍ਹਾਈ ਵਲ ਲਾਉਣਾ ਚਾਹੀਦਾ ਹੈ ਅਤੇ ਨਸ਼ਿਆਂ ਤੋਂ ਕੋਹਾਂ ਦੂਰ ਰਹਿਣਾ ਚਾਹੀਦਾ ਹੈ। ਮਾਪੇ ਇਸ ਮਾਮਲੇ ਵਿਚ ਅਹਿਮ ਰੋਲ ਨਿਭਾ ਸਕਦੇ ਹਨ ਅਤੇ ਉਨ੍ਹਾਂ ਨੂੰ ਆਪਣੇ ਬੱਚਿਆਂ ਵਲ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ।



ਇਹ ਵਿਚਾਰ ਭਾਰਤੀ ਹਾਕੀ ਟੀਮ ਦੇ ਕਪਤਾਨ ਸਰਦਾਰਾ ਸਿੰਘ ਨੇ ਇਥੇ ਹਾਕੀ ਖਿਡਾਰੀਆਂ ਨੂੰ ਸੰਬੋਧਨ ਕਰਦਿਆਂ ਪ੍ਰਗਟਾਏ। ਸਰਦਾਰਾ ਸਿੰਘ ਸਥਾਨਕ ਬਿਜਨਸਮੈਨ ਅਤੇ ਖੁਦ ਹਾਕੀ ਖਿਡਾਰੀ ਰਹਿ ਚੁਕੇ ਸ. ਕਸ਼ਮੀਰ ਸਿੰਘ ਧੁੱਗਾ (ਕੈਸ਼ ਫੈਬਰਿਕਸ) ਦੇ ਸੱਦੇ 'ਤੇ ਕੈਲੀਫੋਰਨੀਆ ਆਏ ਸਨ।

ਸਰਦਾਰਾ ਸਿੰਘ ਇਥੇ ਛੋਟੀ ਤੇ ਵਡੀ ਉਮਰ ਦੇ ਸਥਾਨਕ ਹਾਕੀ ਖਿਡਾਰੀਆਂ ਨੂੰ ਮਿਲੇ ਅਤੇ ਉਨ੍ਹਾਂ ਨਾਲ ਹਾਕੀ ਦੀ ਖੇਡ ਦੇ ਆਪਣੇ ਤਜਰਬੇ ਸਾਂਝੇ ਕੀਤੇ ਅਤੇ ਉਨ੍ਹਾਂ ਨੂੰ ਕਾਮਯਾਬੀ ਦੇ ਨੁਕਤੇ ਦੱਸੇ। ਉਨ੍ਹਾਂ ਕਿਹਾ ਕਿ ਸਖਤ ਮਿਹਨਤ ਅਤੇ ਮਨ ਦੀ ਇਕਾਗਰਤਾ ਹੀ ਕਾਮਯਾਬੀ ਦਾ ਰਾਹ ਖੋਲ੍ਹਦੀ ਹੈ।

ਕਸ਼ਮੀਰ ਸਿੰਘ ਧੁੱਗਾ ਨੇ ਮਹਿਮਾਨ ਹਾਕੀ ਕਪਤਾਨ ਦੇ ਮਾਣ ਵਿਚ ਰਾਤ ਦੇ ਖਾਣੇ ਦੀ ਦਾਅਵਤ ਵੀ ਦਿਤੀ, ਜਿਥੇ ਬੇ-ਏਰੀਏ ਦੇ ਉਘੇ ਖਿਡਾਰੀ, ਭਾਈਚਾਰਕ ਆਗੂ ਅਤੇ ਪਤਵੰਤੇ ਸੱਜਣ ਪਹੁੰਚੇ।







ਇਸ ਮੌਕੇ ਬੋਲਦਿਆਂ ਬੁਲਾਰਿਆਂ ਨੇ ਸਰਦਾਰਾ ਸਿੰਘ ਵਲੋਂ ਕੌਮਾਂਤਰੀ ਖੇਡ ਟੂਰਨਾਮੈਂਟਾਂ ਵਿਚ ਖੇਡਦਿਆਂ ਦਿਖਾਈ ਗਈ ਸ਼ਾਨਦਾਰ ਖੇਡ ਦਾ ਜ਼ਿਕਰ ਕੀਤਾ ਅਤੇ ਭਾਰਤੀ ਹਾਕੀ ਦਾ ਨਾਂ ਉਚਾ ਕਰਨ ਲਈ ਨਿਭਾਏ ਗਏ ਉਨ੍ਹਾਂ ਦੇ ਰੋਲ ਦੀ ਉਚੇਚੀ ਪ੍ਰਸ਼ੰਸਾ ਕੀਤੀ।

ਸਰਦਾਰਾ ਸਿੰਘ ਗੁਰਦੁਆਰਾ ਫਰੀਮਾਂਟ ਵੀ ਗਏ, ਜਿਥੇ ਪ੍ਰਬੰਧਕਾਂ ਨੇ ਗੁਰੂ ਮਹਾਰਾਜ ਦੀ ਬਖਸ਼ਿਸ਼ ਸਿਰੋਪਾਓ ਦੇ ਕੇ ਉਨ੍ਹਾਂ ਦਾ ਮਾਣ-ਸਤਿਕਾਰ ਕੀਤਾ। ਕਸ਼ਮੀਰ ਸਿੰਘ ਧੁੱਗਾ ਮਹਿਮਾਨ ਹਾਕੀ ਕਪਤਾਨ ਨੂੰ ਸੈਕਰਾਮੈਂਟੋ ਵੀ ਲੈ ਕੇ ਗਏ ਜਿਥੇ ਉਨ੍ਹਾਂ ਦੇ ਮਾਣ ਵਿਚ ਸ. ਬੂਟਾ ਸਿੰਘ ਵਲੋਂ ਇਕ ਡਿਨਰ ਦਿਤਾ ਗਿਆ ਜਿਸ ਵਿਚ ਸ਼ਹਿਰ ਦੇ ਭਾਈਚਾਰਕ ਆਗੂ ਅਤੇ ਹਾਕੀ ਦੇ ਨੌਜਵਾਨ ਖਿਡਾਰੀ ਪਹੁੰਚੇ।







# ਖਾੜਕੂ ਪੰਮਾ ਦੀ ਹਵਾਲਗੀ ਬਾਰੇ ਸਬੂਤ ਦੇਣ ਦਾ ਆਦੇਸ਼

**ਲਿਸਬਨ (ਪੁਰਤਗਾਲ):** ਖਾੜਕੂ ਪਰਮਜੀਤ ਸਿੰਘ ਪੰਮਾ ਦੀ ਹਵਾਲਗੀ ਦੇ ਕੇਸ ਵਿਚ ਇਵੋਰਾ (ਪੁਰਤਗਾਲ) ਦੀ ਅਦਾਲਤ ਦੇ ਜੱਜ ਨੇ ਭਾਰਤ ਸਰਕਾਰ ਨੂੰ ਕਿਹਾ ਹੈ ਕਿ ਇੰਗਲੈਂਡ ਵਾਸੀ ਸਿੱਖ ਕਾਰਕੁਨ ਖਿਲਾਫ ਅਤਿਵਾਦ ਸਬੰਧੀ ਲਗਾਏ ਗਏ ਦੋਸ਼ਾਂ ਦੇ ਸਬੂਤ 4 ਜਨਵਰੀ ਤੱਕ ਪੇਸ਼ ਕੀਤੇ ਜਾਣ। ਦੱਸਣਯੋਗ ਹੈ ਕਿ ਪੰਮਾ ਨੂੰ ਕਤਲ ਤੇ ਬੰਬ ਧਮਾਕੇ ਨਾਲ ਸਬੰਧਤ ਕੇਸਾਂ ਵਿਚ ਪੁਰਤਗਾਲ ਵਿਚ ਗ੍ਰਿਫਤਾਰ ਕੀਤਾ ਗਿਆ ਹੈ।




ਮਨੁੱਖੀ ਅਧਿਕਾਰ ਸੰਸਥਾ 'ਸਿਖਸ ਫਾਰ ਜਸਟਿਸ' ਨੇ ਪੁਰਤਗਾਲ ਅਦਾਲਤ ਵਿਚ ਹਵਾਲਗੀ ਦੀ ਕਾਰਵਾਈ ਵਿਚ ਪੰਮਾ ਦੀ ਪੈਰਵਾਈ ਕਰਨ ਲਈ ਵਕੀਲ ਮੈਨੁਅਲ ਲੁਇਸ ਫਰੇਰਾ ਨੂੰ ਵਕੀਲ ਨਿਯੁਕਤ ਕੀਤਾ ਹੈ। ਇਸੇ ਦੌਰਾਨ 'ਸਿਖਸ ਫਾਰ ਜਸਟਿਸ' ਦੇ ਕਾਨੂੰਨੀ ਸਲਾਹਕਾਰ ਅਟਾਰਨੀ ਗੁਰਪਤਵੰਤ ਸਿੰਘ ਪੰਨੂ ਜੋ ਪੰਮਾ ਦੇ ਬਚਾਅ ਪੱਖ ਦੀ ਪੈਰਵਾਈ ਕਰਨ ਲਈ ਇਸ ਵੇਲੇ ਲਿਸਬਨ ਪੁਰਤਗਾਲ ਵਿਚ ਹਨ, ਨੇ ਕਿਹਾ ਕਿ ਪੁਰਤਗਾਲ ਨੂੰ ਸਿੱਖ ਕਾਰਕੁਨ ਨੂੰ ਭਾਰਤ ਹਵਾਲੇ ਨਹੀਂ ਕਰਨਾ ਚਾਹੀਦਾ ਹੈ ਜਿਥੇ ਉਸ ਨੂੰ ਤਸ਼ੱਦਦ, ਉਮਰ ਕੈਦ ਜਾਂ ਮੌਤ ਦੀ ਸਜ਼ਾ ਦਾ ਸਾਹਮਣਾ ਕਰਨਾ ਪਵੇਗਾ। ਯਾਦ ਰਹੇ ਕਿ ਪੰਮਾ ਨੂੰ 2009 ਦੇ ਰਾਸ਼ਟਰੀ ਸਿੱਖ ਸੰਗਤ ਦੇ ਮੁਖੀ ਰੁਲਦਾ ਸਿੰਘ ਦੇ ਕਤਲ ਅਤੇ 2010 ਵਿਚ ਪਟਿਆਲਾ ਅਤੇ ਅੰਬਾਲਾ ਵਿਚ ਬੰਬ ਧਮਾਕਿਆਂ ਦੇ ਦੋਸ਼ਾਂ ਤਹਿਤ 18 ਦਸੰਬਰ ਨੂੰ ਅਲਗਰਵ ਵਿਚ ਪੁਰਤਗਾਲ ਦੀ ਫਾਰੇਨਰਜ਼ ਐਂਡ ਬਾਰਡਰ ਸਰਵਿਸ ਨੇ ਗ੍ਰਿਫਤਾਰ ਕੀਤਾ ਸੀ ਜੋ ਭਾਰਤ ਸਰਕਾਰ ਵਲੋਂ ਜਾਰੀ ਕਰਵਾਏ ਗਏ ਇੰਟਰਪੋਲ ਵਾਰੰਟ ਤਹਿਤ ਕਾਰਵਾਈ ਕੀਤੀ ਗਈ ਸੀ।

Jammu Chiropractic

ਕੀ ਤੁਹਾਨੂੰ ਲਗਾਤਾਰ ਕਮਰ, ਗਰਦਨ, ਗੋਡਿਆਂ, ਸਿਰ ਦਰਦ ਜਾਂ ਕਿਸੇ ਵੀ ਕਿਸਮ ਦੇ ਜੋੜਾਂ ਦੇ ਦਰਦ ਜਾਂ ਪੱਠਿਆਂ ਦੇ ਦਰਦ ਨੇ ਸਤਾਇਆ ਹੋਇਆ ਹੈ?

ਅਸੀਂ ਤੁਹਾਨੂੰ ਇਸ ਦਰਦ ਤੋਂ ਛੁਟਕਾਰਾ ਦਿਵਾ ਸਕਦੇ ਹਾਂ।



*We Accept Personal Injury (PI) Cases*

Medicare & Most Private Insurances Accepted



*Contact:* **Dr. Baljit Jammu**

*Doctor of Chiropractic*

**Ph: 510-940-8236**

**1090 La Playa Dr., Hayward CA 94545**

# ਗੁਰਦੁਆਰਾ ਗੁਰੂ ਨਾਨਕ ਦਰਬਾਰ

## ਸਾਊਥਿੰਗਟਨ, ਕੁਨੈਕਟੀਕਟ

1610 West Street, Southington, CT 06489-1054, Ph: (860) 621-3015

**ਗ੍ਰੰਥੀ ਸਿੰਘ ਦੀ ਲੋੜ ਹੈ**



**ਯੋਗਤਾਵਾਂ**

*ਉਮੀਦਵਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ, ਗੁਰਮਤਿ ਅਨੁਸਾਰ ਵਿਆਖਿਆ ਅਤੇ ਸ਼ਬਦ ਕੀਰਤਨ ਕਰ ਸਕਦਾ ਹੋਵੇ।
*ਅੰਗਰੇਜ਼ੀ ਪੜ੍ਹ ਤੇ ਬੋਲ ਸਕਦਾ ਹੋਵੇ ਤਾਂ ਜੋ ਬੱਚਿਆਂ ਨੂੰ ਗੁਰਬਾਣੀ ਸਮਝਾ ਸਕੇ।
*ਸ੍ਰੀ ਅਕਾਲ ਤਖਤ ਸਾਹਿਬ ਨੂੰ ਸਮਰਪਿਤ ਹੋਵੇ ਅਤੇ ਰਹਿਤ ਮਰਿਆਦਾ ਅਨੁਸਾਰ ਚੱਲਣ ਵਾਲਾ ਹੋਵੇ।
*ਸਾਧ ਸੰਗਤ ਵਿਚ ਏਕਤਾ ਬਣਾਈ ਰੱਖਣ ਵਾਲਾ ਸੁਭਾਅ ਹੋਵੇ ਅਤੇ ਲੋੜ ਪੈਣ 'ਤੇ ਪੰਥ ਨਾਲ ਖੜਾ ਹੋਵੇ।

**ਚਾਹਵਾਨ ਸਿੰਘ ਹੇਠ ਲਿਖੇ ਫੋਨ 'ਤੇ ਸੰਪਰਕ ਕਰਨ:**

ਸ. ਕੰਵਲਪ੍ਰੀਤ ਸਿੰਘ (860) 478-0800
ਸ. ਬ੍ਰਹਮ ਸਿੰਘ (203) 246-5405

*The Clock is Ticking...*
**Dental Benefits Expire December 31st**



THE AVERAGE ADULT IS
Missing at Least 2 Teeth.
*You're Not Alone. We Can Help.*

PANNU DENTAL GROUP

*Call now for a*
**FREE**
Private Implant Consultation!
1-800-360-9250


was ~~$3990~~
**$985** Dental Implant SURGERY

Crown, denture and abutment not included, conditions and restriction apply. Must present this ad at time of service. Call for details.
Coupon Expires Dec. 31st, 2016

5 CONVENIENT LOCATIONS!
San Jose (Evergreen Area), San Jose (Jackson Avenue), Fremont, Cupertino & Dublin
1-800-360-9250 • PannuDental.com

# H K TRANSPORT INC

*Division of HK Incorporated*
1401 West Ray St, Indianapolis, IN 46221
Ph: 317-408-3211, web: www.hktransportinc.com



**ਓਨਰ ਅਪਰੇਟਰਾਂ ਅਤੇ ਡਰਾਈਵਰਾਂ ਦੀ ਲੋੜ ਹੈ**

ਸਾਰੀਆਂ 48 ਸਟੇਟਾਂ ਲਈ, ਡਰਾਈ ਫਰੇਟ, 100% ਨੋ ਟੱਚ, ਬਰੈਂਡ ਨਿਊ ਟਰੱਕ/ਟਰੇਲਰ, ਡਾਇਰੈਕਟ ਡਿਪੋਜ਼ਿਟ, ਮੈਡੀਕਲ ਸਹੂਲਤਾਂ ਅਤੇ 5000 ਡਾਲਰ ਸਾਈਨ-ਇਨ ਬੋਨਸ

| ਓਨਰ ਅਪਰੇਟਰਾਂ ਲਈ | ਡਰਾਈਵਰਾਂ ਲਈ |
|---|---|
| *92% ਫਲੈਟ ਡਿਸਪੈਚ<br>*30 ਸੈਂਟ/ਗੈਲਨ ਤੱਕ ਫਿਊਲ ਡਿਸਕਾਊਂਟ<br>*ਬਰੈਂਡ ਨਿਊ ਟਰੇਲਰ<br>*ਨੈਸ਼ਨਲ ਟਾਇਰ ਰਿਬੇਟ ਪ੍ਰੋਗਰਾਮ | *48 ਸੈਂਟ ਤੱਕ ਪ੍ਰਤੀ ਮੀਲ<br>*95% ਲੋਡ ਯਾਰਡ 'ਚ ਹੁੱਕ ਐਂਡ ਡਰਾਪ<br>*ਵਧੀਆ ਅਤੇ ਸਾਫ ਸੁਥਰੇ ਟਰੱਕ |

*ਡਰਾਈਵਰਾਂ ਅਤੇ ਓਨਰ ਅਪਰੇਟਰਾਂ ਲਈ ਡਾਇਰੈਕਟ ਡਿਪਾਜ਼ਿਟ ਅਤੇ ਵੀਕਲੀ ਪੇਅ*

*ਲੋੜੀਂਦੀ ਯੋਗਤਾ:*
■ਕਲਾਸ ਏ ਸੀ ਡੀ ਐਲ ਅਤੇ ਸਾਫ-ਸੁਥਰਾ ਰਿਕਾਰਡ ਹੋਵੇ ■ਉਮਰ ਘੱਟੋ ਘੱਟ 23 ਸਾਲ ■ਘੱਟੋ ਘੱਟ 2 ਸਾਲ ਦਾ ਓ ਟੀ ਆਰ ਅਤੇ ਕੁਲ 5 ਸਾਲ ਦਾ ਤਸਦੀਕਯੋਗ ਤਜ਼ਰਬਾ ਹੋਵੇ।

*ਤੁਸੀਂ ਸਾਡੇ 'ਲੀਜ਼ ਟੂ ਬਾਈ' ਪ੍ਰੋਗਰਾਮ ਦਾ ਲਾਭ ਵੀ ਉਠਾ ਸਕਦੇ ਹੋ*
*ਡਾਇਰੈਕਟ ਡਿਪਾਜ਼ਿਟ ਅਤੇ ਪੰਪ 'ਤੇ ਫਿਊਲ ਰਿਬੇਟ*

**ਸੰਪਰਕ ਕਰੋ: ਫੋਨ 317-408-3211**
ਜਾਂ ਵੈਬ ਸਾਈਟ www.hktransportinc.com 'ਤੇ ਅਰਜੀ ਭਰੋ

# AFJ
## TRUCK DRIVING SCHOOL

ਏਅਰਪੋਰਟ ਤੋਂ ਪਿਕਅੱਪ ਤੇ ਡਰੌਪ ਆਫ ਦਾ ਵੀ ਖਾਸ ਪ੍ਰਬੰਧ ਹੈ।
deep@jfsinc.us



ਵਾਜ਼ਿਬ ਰੇਟ, ਫਾਸਟ ਸਰਵਿਸ, ਸਰਟੀਫਾਈਡ, ਤਜ਼ਰਬੇਕਾਰ ਇੰਸਟਰੱਕਟਰ, ਰਿਹਾਇਸ਼ ਦਾ ਬਹੁਤ ਵਧੀਆ ਪ੍ਰਬੰਧ ਹੈ।
ਅਸੀਂ ਲਾਗ ਬੁੱਕ ਅਤੇ ਸੇਫਟੀ ਦੀ ਟ੍ਰੇਨਿੰਗ ਵੀ ਦਿੰਦੇ ਹਾਂ
ਲਾਇਸੰਸ ਦੀ ਗਾਰੰਟੀ • Experienced Instructors
3506 W. Nielsen Ave. Fresno CA 93706
Tel.: 559.266.4000 Cell : 559.217.5986

# ਬਾਲ ਅਪਰਾਧੀਆਂ ਦੀ ਗਿਣਤੀ ਵਧੀ

**ਲੁਧਿਆਣਾ:** ਹੁਣ ਜਦੋਂ ਦਿੱਲੀ ਦੇ ਬਹੁਚਰਚਿਤ ਸਮੂਹਿਕ ਜਬਰ ਜਨਾਹ ਤੇ ਕਤਲ ਕਾਂਡ ਦੇ ਦੋਸ਼ੀ ਨਾਬਾਲਗ ਲੜਕੇ ਦੀ ਰਿਹਾਈ ਵਿਰੁੱਧ ਸਮਾਜ ਦੇ ਹਰ ਵਰਗ ਵੱਲੋਂ ਆਵਾਜ਼ ਉਠਾਈ ਜਾ ਰਹੀ ਹੈ ਤਾਂ ਇਹ ਗੱਲ ਵੀ ਸਮਾਜ ਲਈ ਚਿੰਤਾ ਦਾ ਵਿਸ਼ਾ ਹੈ ਕਿ ਪਿਛਲੇ ਸਾਲਾਂ ਦੌਰਾਨ ਦੇਸ਼ ਵਿਚ ਨਾਬਾਲਗ ਅਪਰਾਧੀਆਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ।

ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ ਵੱਲੋਂ ਜਾਰੀ ਅੰਕੜਿਆਂ ਮੁਤਾਬਕ 2012 ਵਿਚ 39822 ਨਾਬਾਲਗ ਅਪਰਾਧੀ ਗ੍ਰਿਫਤਾਰ ਕੀਤੇ ਗਏ, 2013 ਵਿਚ ਇਹ ਗਿਣਤੀ ਵਧ ਕੇ 43506 ਹੋ ਗਈ ਜਦਕਿ 2014 ਵਿਚ ਇਨ੍ਹਾਂ ਅਪਰਾਧੀਆਂ ਦੀ ਗ੍ਰਿਫਤਾਰੀ ਦਾ ਅੰਕੜਾ 48230 ਤੱਕ ਪਹੁੰਚ ਗਿਆ। ਇਨ੍ਹਾਂ ਗ੍ਰਿਫਤਾਰੀਆਂ ਦੇ ਮਾਮਲੇ ਵਿਚ ਮੱਧ ਪ੍ਰਦੇਸ਼ ਦੇਸ਼ ਭਰ ਵਿਚੋਂ ਚੋਟੀ ਉਤੇ ਹੈ ਜਿਥੇ 2014 ਦੌਰਾਨ ਕੁੱਲ 7607 ਨਾਬਾਲਗ ਬੱਚਿਆਂ ਨੂੰ ਵੱਖ-ਵੱਖ ਅਪਰਾਧਾਂ ਵਿਚ ਗ੍ਰਿਫਤਾਰ ਕੀਤਾ ਗਿਆ।

ਦੂਜਾ ਸਥਾਨ ਮਹਾਂਰਾਸ਼ਟਰ ਦਾ ਹੈ ਜਿਥੇ ਗ੍ਰਿਫਤਾਰ ਕੀਤੇ ਗਏ ਨਾਬਾਲਗ ਅਪਰਾਧੀਆਂ ਦੀ ਗਿਣਤੀ 6947 ਜਦਕਿ ਤੀਜਾ ਸਥਾਨ ਬਿਹਾਰ ਦਾ ਹੈ ਜਿਥੇ ਪਿਛਲੇ ਵਰ੍ਹੇ 5800 ਨਾਬਾਲਗ ਅਪਰਾਧੀ ਗ੍ਰਿਫਤਾਰ ਕੀਤੇ ਗਏ ਹਨ।



## ਪੰਜਾਬ ਦੀ ਹਾਲਾਤ ਗੁਆਂਢੀ ਸੂਬਿਆਂ ਨਾਲੋਂ ਚੰਗੇ

**ਚੰਡੀਗੜ੍ਹ:** ਨਾਬਾਲਗ ਅਪਰਾਧੀਆਂ ਦੇ ਮਾਮਲੇ ਵਿਚ ਪੰਜਾਬ ਦੀ ਸਥਿਤੀ ਗੁਆਂਢੀ ਸੂਬਿਆਂ ਨਾਲੋਂ ਚੰਗੀ ਹੈ। ਹਰਿਆਣਾ ਵਿਚ 1123 ਤੇ ਰਾਜਸਥਾਨ ਵਿਚ 2871 ਨਾਬਾਲਗ ਅਪਰਾਧੀਆਂ ਨੂੰ ਸਾਲ 2014 ਵਿਚ ਗ੍ਰਿਫਤਾਰ ਕੀਤੇ ਜਾਣ ਦੇ ਮਾਮਲੇ ਦਰਜ ਹਨ ਜਦਕਿ ਪੰਜਾਬ ਵਿਚ ਇਹ ਗਿਣਤੀ ਸਿਰਫ 332 ਹੈ। ਕੌਮੀ ਰਾਜਧਾਨੀ ਦਿੱਲੀ ਦੀ ਸਥਿਤੀ ਵੀ ਨਾਬਾਲਗ ਅਪਰਾਧੀਆਂ ਦੇ ਮਾਮਲੇ ਵਿਚ ਬੇਹੱਦ ਚਿੰਤਾਜਨਕ ਹੈ ਜਿਥੇ ਪਿਛਲੇ ਵਰ੍ਹੇ 2523 ਨਾਬਾਲਗਾਂ ਨੂੰ ਵੱਖ-ਵੱਖ ਜੁਰਮਾਂ ਵਿਚ ਗ੍ਰਿਫਤਾਰ ਕੀਤਾ ਗਿਆ।

## ਨਿਰਭਯਾ ਕਾਂਡ ਦਾ ਨਾਬਾਲਗ ਦੋਸ਼ੀ ਰਿਹਾਅ

**ਨਵੀਂ ਦਿੱਲੀ:** ਨਿਰਭਯਾ ਕਾਂਡ ਦੇ ਨਾਬਾਲਗ ਦੋਸ਼ੀ ਨੂੰ ਰਿਹਾਅ ਕਰ ਦਿੱਤਾ ਗਿਆ, ਪਰ ਉਸ ਨੂੰ ਇਕ ਸਵੈ-ਸੇਵੀ ਸੰਸਥਾ ਦੀ ਨਿਗਰਾਨੀ ਹੇਠ ਰੱਖਿਆ ਜਾਵੇਗਾ। ਉਧਰ ਵੀਹ ਸਾਲਾਂ ਦੇ ਹੋ ਚੁੱਕੇ ਇਸ ਦੋਸ਼ੀ ਦੀ ਰਿਹਾਈ ਖਿਲਾਫ ਦਿੱਲੀ ਵਿਚ ਪ੍ਰਦਰਸ਼ਨ ਹੋ ਰਹੇ ਹਨ ਤੇ ਨਿਰਭੈ ਦੇ ਮਾਪੇ ਤੇ ਸਮਾਜਸੇਵੀ ਸੰਸਥਾਵਾਂ ਇਸ ਰਿਹਾਈ ਦਾ ਵਿਰੋਧ ਕਰ ਰਹੀਆਂ ਹਨ। ਦਿੱਲੀ ਸਰਕਾਰ ਦੇ ਦਿੱਲੀ ਮਹਿਲਾ ਕਮਿਸ਼ਨ ਵੱਲੋਂ ਆਖਰੀ ਵਕਤ ਤੱਕ ਕਾਨੂੰਨੀ ਚਾਰਾਜੋਈ ਕੀਤੀ ਗਈ। ਨਿਰਭੈ ਦੀ ਮਾਂ ਨੇ ਕਾਨੂੰਨ ਵਿਚ ਹੋਰ ਤਬਦੀਲੀ ਕਰਕੇ ਦੋਸ਼ੀ ਨੂੰ ਫਾਂਸੀ ਲਾਉਣ ਦੀ ਮੰਗ ਵੀ ਕੀਤੀ। ਉਨ੍ਹਾਂ ਕਿਹਾ ਕਿ ਇਹ ਦੁੱਖ ਦੀ ਗੱਲ ਹੈ ਕਿ ਦੋਸ਼ੀ ਰਿਹਾਅ ਹੋ ਜਾਵੇਗਾ।

# ਸਰਬਜੀਤ ਬਾਰੇ ਫਿਲਮ ਸ਼ੁਰੂ

## ਪਾਕਿ ਦੀ ਕੋਟ ਲੱਖਪਤ ਜੇਲ੍ਹ ਵਿਚ ਹੋਈ ਸੀ ਮੌਤ

**ਤਰਨਤਾਰਨ:** ਪਾਕਿਸਤਾਨ ਦੀ ਕੋਟ ਲੱਖਪਤ ਜੇਲ੍ਹ ਵਿਚ ਰਿਹਾਈ ਤੋਂ ਕੁਝ ਦਿਨ ਪਹਿਲਾਂ ਕੈਦੀਆਂ ਵੱਲੋਂ ਕੁੱਟਮਾਰ ਕਾਰਨ ਮਾਰੇ ਗਏ ਸਰਬਜੀਤ ਸਿੰਘ ਦੀ ਜੀਵਨੀ ਉਤੇ ਬਣਨ ਵਾਲੀ ਫਿਲਮ ਦੀ ਸ਼ੂਟਿੰਗ ਮੁੰਬਈ ਵਿਖੇ ਸ਼ੁਰੂ ਹੋ ਗਈ ਹੈ। ਫਿਲਮ ਦੇ ਡਾਇਰੈਕਟਰ ਉਮੰਗ ਕੁਮਾਰ ਨੇ ਭਿੱਖੀਵਿੰਡ ਰਹਿੰਦੇ ਸਰਬਜੀਤ ਸਿੰਘ ਦੇ ਪੂਰੇ ਪਰਿਵਾਰ, ਉਸ ਦੇ ਵਕੀਲ ਅਵੈਸ਼ ਸ਼ੇਖ ਨਾਲ ਮੁਲਾਕਾਤ ਕੀਤੀ ਤੇ ਭਿੱਖੀਵਿੰਡ ਸਥਿਤ ਉਸ ਦੇ ਘਰ ਆ ਕੇ ਬਾਰੀਕੀ ਨਾਲ ਉਹ ਹਰ ਜਾਣਕਾਰੀ ਹਾਸਲ ਕੀਤੀ, ਜੋ ਉਨ੍ਹਾਂ ਨਾਲ ਵਾਪਰੀ। ਇਸ ਫਿਲਮ ਵਿਚ ਪ੍ਰਸਿੱਧ ਅਭਿਨੇਤਰੀ ਐਸ਼ਵਰੀਆ ਰਾਏ, ਸਰਬਜੀਤ ਸਿੰਘ ਦੀ ਭੈਣ ਦਲਬੀਰ ਕੌਰ ਦਾ ਕਿਰਦਾਰ ਨਿਭਾਅ ਰਹੀ ਹੈ।




ਅਭਿਨੇਤਰੀ ਰਿਚਾ ਚੱਡਾ ਸਰਬਜੀਤ ਸਿੰਘ ਦੀ ਪਤਨੀ ਸੁਖਪ੍ਰੀਤ ਕੌਰ ਦਾ ਕਿਰਦਾਰ ਨਿਭਾਏਗੀ ਤੇ ਰਣਦੀਪ ਹੁੱਡਾ ਸਰਬਜੀਤ ਸਿੰਘ ਦੀ ਭੂਮਿਕਾ ਵਜੋਂ ਇਸ ਫਿਲਮ ਵਿਚ ਸ਼ਾਮਲ ਕੀਤੇ ਗਏ ਹਨ। ਐਡਵੋਕੇਟ ਅਵੈਸ਼ ਸ਼ੇਖ ਜੋਕਿ ਪਾਕਿਸਤਾਨੀ ਵਕੀਲ ਸਨ, ਦੀ ਭੂਮਿਕਾ ਅਦਾਕਾਰ ਦਰਸ਼ਨ ਕੁਮਾਰ ਵੱਲੋਂ ਨਿਭਾਈ ਜਾ ਰਹੀ ਹੈ। ਅਵੈਸ਼ ਸ਼ੇਖ ਅਨੁਸਾਰ ਸਰਬਜੀਤ ਸਿੰਘ ਦੀ ਰਿਹਾਈ 30 ਅਪਰੈਲ 2013 ਨੂੰ ਹੋਣ ਜਾ ਰਹੀ ਸੀ, ਜਿਸ ਤੋਂ ਕੁਝ ਦਿਨ ਪਹਿਲਾਂ 26 ਅਪਰੈਲ 2013 ਨੂੰ ਲਾਹੌਰ ਦੀ ਕੋਟ ਲੱਖਪਤ ਜੇਲ੍ਹ ਵਿਚ ਪਾਕਿਸਤਾਨੀ ਕੱਟੜਪੰਥੀਆਂ ਵੱਲੋਂ ਉਸ ਉਪਰ ਹਮਲਾ ਕਰਕੇ ਜ਼ਖ਼ਮੀ ਕਰ ਦਿੱਤਾ ਤੇ ਦੋ ਮਈ ਨੂੰ ਉਸ ਨੂੰ ਮ੍ਰਿਤਕ ਕਰਾਰ ਦਿੱਤਾ ਗਿਆ ਸੀ।

ਸਰਬਜੀਤ ਦੇ ਨਾਂ ਉਪਰ ਬਣ ਰਹੀ ਇਸ ਫਿਲਮ ਵਿਚ ਸਰਬਜੀਤ ਸਿੰਘ ਕਿਸ ਹਾਲਾਤ ਵਿਚ ਪਾਕਿਸਤਾਨ ਦਾਖਲ ਹੋਇਆ, ਪਾਕਿ ਪੁਲਿਸ ਵੱਲੋਂ ਹਿਰਾਸਤ ਵਿਚ ਲੈਣ, ਉਸ ਦੀ ਪੈਰਵੀ ਲਈ ਕੋਈ ਵਕੀਲ ਪੇਸ਼ ਨਾ ਹੋਣ, ਕੈਨੇਡਾ ਦੀ ਮਾਨਵ ਅਧਿਕਾਰ ਸੰਸਥਾ ਵੱਲੋਂ ਪਹੁੰਚ ਕਰਕੇ ਲਾਹੌਰ ਜੇਲ੍ਹ ਵਿਚ ਸਰਬਜੀਤ ਸਿੰਘ ਦੀ ਬੇਟੀਆਂ ਖੁੱਲ੍ਹਵਾਉਣ, ਭਾਰਤ ਰਹਿੰਦੇ ਉਸ ਦੇ ਪਰਿਵਾਰ ਦੀ ਆਰਥਿਕ ਹਾਲਤ ਤੇ ਉਸ ਦੀ ਜੇਲ੍ਹ ਵਿਚ ਹੋਈ ਮੌਤ ਤੋਂ ਬਾਅਦ ਪੰਜਾਬ ਸਰਕਾਰ ਵੱਲੋਂ ਉਸ ਨੂੰ ਸ਼ਹੀਦ ਦਾ ਦਰਜਾ ਦੇਣ ਦੇ ਨਾਲ ਉਸ ਦੇ ਪਰਿਵਾਰਕ ਮੈਂਬਰਾਂ ਨੂੰ ਮਾਨ-ਸਨਮਾਨ ਦੇਣਾ ਫਿਲਮਾਇਆ ਜਾ ਰਿਹਾ ਹੈ। ਇਹ ਫਿਲਮ ਮਈ ਮਹੀਨੇ ਵਿਚ ਪੂਰੀ ਕਰਨ ਦਾ ਟੀਚਾ ਰੱਖਿਆ ਗਿਆ ਹੈ, ਕਿਉਂਕਿ ਸਰਬਜੀਤ ਸਿੰਘ ਦੀ ਮੌਤ ਵੀ ਇਸੇ ਮਹੀਨੇ ਹੋਈ ਸੀ।

# ਹਰੀਕੇ ਝੀਲ 'ਚ ਮਹਿਮਾਨ ਪੰਛੀਆਂ ਨੇ ਲਾਈਆਂ ਰੌਣਕਾਂ

**ਮਖੂ:** ਸਰਦ ਰੁੱਤ ਦੇ ਮਹਿਮਾਨ ਪਰਵਾਸੀ ਪੰਛੀਆਂ ਦੀ ਹਰੀਕੇ ਪੰਛੀ ਰੱਖ ਵਿਚ ਆਮਦ ਪੂਰੇ ਜ਼ੋਰਾਂ ਉਤੇ ਹੈ। ਹੁਣ ਤੱਕ ਇਥੇ ਤਕਰੀਬਨ 60 ਤੋਂ 65 ਹਜ਼ਾਰ ਪਰਵਾਸੀ ਪੰਛੀ ਪਹੁੰਚ ਚੁੱਕੇ ਹਨ ਤੇ ਇਨ੍ਹਾਂ ਦੀ ਗਿਣਤੀ ਵਿਚ ਲਗਾਤਾਰ ਵਾਧਾ ਦਰਜ ਕੀਤਾ ਜਾ ਰਿਹਾ ਹੈ। ਵਿਭਾਗ ਵੱਲੋਂ ਲੋੜੀਂਦੇ ਪ੍ਰਬੰਧਾਂ ਦਾ ਵੀ ਦਾਅਵਾ ਕੀਤਾ ਜਾ ਰਿਹਾ ਹੈ।

ਯੂਰਪੀਅਨ ਦੇਸ਼ਾਂ ਵਿਚ ਪੈਂਦੀ ਠੰਢ ਦੇ ਚਲਦਿਆਂ ਝੀਲਾਂ ਦਾ ਪਾਣੀ ਜੰਮ ਜਾਣ ਕਾਰਨ ਹਜ਼ਾਰਾਂ ਮੀਲਾਂ ਦਾ ਸਫਰ ਤੈਅ ਕਰਕੇ ਪਹੁੰਚੇ ਸੈਂਕੜੇ ਕਿਸਮ ਦੇ ਪੰਛੀ ਸੈਲਾਨੀਆਂ ਦੀ ਖਿੱਚ ਦਾ ਕੇਂਦਰ ਬਣਦੇ ਹਨ। ਇਸ ਵਰ੍ਹੇ ਸਰਦੀ ਦਾ ਮੌਸਮ ਸ਼ੁਰੂ ਹੁੰਦੇ ਸਾਰ ਦਰਜਨਾਂ ਕਿਸਮ ਦੇ ਪੰਛੀ ਜਿਵੇਂ ਨਾਰਦਰਨ ਪੈਂਨਟੇਲ, ਲਿਟਲ ਗ੍ਰੇਬ, ਇੰਡੀਅਨ ਗੋਗ ਹਾਰਨਬਿੱਲ, ਗ੍ਰੇਟਰ ਕੁਕਾਲ, ਸਪੂਨਬਿੱਲ, ਲਿਟਲ ਕਾਰਮੋਰੈਂਟ, ਰੁਡੀਸ਼ੈੱਲਡੱਕ, ਸ਼ਾਵਲਰ, ਸੀਗਰਲਜ਼, ਕੂਟ, ਕੂਟਸ, ਲਿਟਲ ਐਗਰੇਟ, ਬਾਰ ਹੈਡਿਡ ਗੀਕ, ਵ੍ਹਾਈਟਬਰੈਸਟਿਡ ਵਾਟਰ ਹੈਨ, ਕਾਮਨ ਮੋਰਹੈਨ, ਗਰੇਟਰ ਫਲੇਮਿੰਗੋ, ਪੇਂਟਿਡ ਸਟ੍ਰੋਕ, ਪਰਪਲ ਹੇਰੋਨ, ਮੈਲੋਰਡ, ਕੋਟਨਟੀਲ, ਕਾਮਨ ਟੀਲ, ਰੈੱਡ ਕਰੈਸਟਿਡ ਪੋਚਾਰਡ, ਨਾਰਦਰਨ ਸ਼ੋਵਲਰ, ਗਾਰਗੈਨੀ, ਸਪੋਟ ਬਿਲ ਡੱਕ, ਗ੍ਰੇਲੈਗ ਗੂਸ, ਕਾਮਨ ਪੋਚਾਰਡ ਤੇ ਨਾਈਟ ਹੇਰੋਨ ਆਦਿ ਹੁਣ ਤੱਕ ਇਥੇ ਪਹੁੰਚ ਚੁੱਕੇ ਹਨ। ਇਨ੍ਹਾਂ ਪੰਛੀਆਂ ਨੂੰ ਕਲੋਲਾਂ ਕਰਦੇ ਦੇਖਣ ਦੀ ਤਾਂਘ ਲਈ ਵੱਡੀ ਗਿਣਤੀ ਪਰਿਵਾਰਾਂ ਦਾ ਰੋਜ਼ਾਨਾ ਤਾਂਤਾ ਲੱਗਣਾ ਸ਼ੁਰੂ ਹੋ ਗਿਆ ਹੈ। ਭਾਵੇਂ ਕੁਝ ਸਾਲਾਂ ਤੋਂ ਰੱਖ ਦੇ ਗੰਦੇ ਪਾਣੀ ਦੇ ਅਸਰ ਕਾਰਨ ਕੁਝ ਪ੍ਰਜਾਤੀਆਂ ਦੇ ਪੰਛੀ ਇਥੇ ਨਹੀਂ ਆ ਰਹੇ, ਪਰ ਅਧਿਕਾਰੀਆਂ ਵੱਲੋਂ ਇਸ ਵਾਰ ਵੀ ਵੱਡਾ ਵਾਧਾ ਦਰਜ ਕੀਤੇ ਜਾਣ ਦੀ ਸੰਭਾਵਨਾ ਜਤਾਈ ਜਾ ਰਹੀ ਹੈ। ਪੰਛੀ ਰੱਖ ਦੇ ਨੇੜਲੇ ਕਿਸਾਨਾਂ ਦਾ ਕਹਿਣਾ ਹੈ ਕਿ ਪੰਛੀ ਉਨ੍ਹਾਂ ਦੀਆਂ ਫਸਲਾਂ ਦਾ ਭਾਰੀ ਨੁਕਸਾਨ ਕਰਦੇ ਹਨ, ਜਿਸ ਕਾਰਨ ਉਨ੍ਹਾਂ ਨੂੰ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸੇ ਤਰ੍ਹਾਂ ਲਾਲਚੀ ਕਿਸਮ ਦੇ ਲੋਕ ਕੁਝ ਪੈਸਿਆਂ ਖਾਤਰ ਇਨ੍ਹਾਂ ਮਹਿਮਾਨ ਪੰਛੀਆਂ ਦਾ ਗੈਰਕਾਨੂੰਨੀ ਤੌਰ 'ਤੇ ਸ਼ਿਕਾਰ ਵੀ ਕਰ ਲੈਂਦੇ ਹਨ।



# ਆਸਟਰੇਲੀਆ 'ਚ ਪਤਨੀ ਦੇ ਕਾਤਲ ਪੰਜਾਬੀ ਨੂੰ 30 ਸਾਲ ਕੈਦ

**ਮੈਲਬਰਨ:** ਆਸਟਰੇਲੀਆ ਦੇ ਸ਼ਹਿਰ ਮੈਲਬਰਨ ਵਿਚ ਰਹਿਣ ਵਾਲੇ 30 ਸਾਲ ਦੇ ਪੰਜਾਬੀ ਪਰਮਿੰਦਰ ਸਿੰਘ ਨੂੰ ਅਦਾਲਤ ਨੇ ਪਤਨੀ ਦੀ ਹੱਤਿਆ ਦੇ ਦੋਸ਼ ਵਿਚ 22 ਸਾਲ ਦੀ ਸਜ਼ਾ ਸੁਣਾਈ ਹੈ। ਪਰਮਿੰਦਰ ਨੂੰ 17 ਸਾਲ ਤੱਕ ਜ਼ਮਾਨਤ ਵੀ ਨਹੀਂ ਮਿਲ ਸਕੇਗੀ। ਪਰਮਿੰਦਰ ਨੇ ਸ਼ੱਕ ਦੇ ਆਧਾਰ ਉਤੇ ਆਪਣੀ ਪਤਨੀ ਦੀ ਚਾਕੂ ਮਾਰ ਕੇ ਹੱਤਿਆ ਕਰ ਦਿੱਤੀ ਸੀ। ਪਰਮਿੰਦਰ ਸਿੰਘ ਦਾ ਵਿਆਹ ਨਿਕਿਤਾ ਚਾਵਲਾ ਨਾਲ 2011 ਵਿਚ ਹੋਇਆ ਸੀ, ਪਰ ਵਿਆਹ ਤੋਂ ਕੁਝ ਦੇਰ ਪਿੱਛੋਂ ਉਸ ਦੀ ਪਤਨੀ ਨਾਲ ਅਣਬਣ ਰਹਿਣ ਲੱਗੀ ਗਈ। ਪਰਮਿੰਦਰ ਨੂੰ ਸ਼ੱਕ ਸੀ ਕਿ ਨਿਕਿਤਾ ਦੇ ਕਿਸੇ ਹੋਰ ਵਿਅਕਤੀ ਨਾਲ ਸਬੰਧ ਹਨ। ਪੁਲਿਸ ਅਨੁਸਾਰ ਵਿਆਹ ਤੋਂ ਕੁਝ ਦੇਰ ਬਾਅਦ ਪਰਮਿੰਦਰ ਭਾਰਤ ਗਿਆ ਸੀ। ਉਸ ਤੋਂ ਬਾਅਦ ਉਹ ਸੱਤ ਜਨਵਰੀ ਨੂੰ ਵਾਪਸ ਆਸਟਰੇਲੀਆ ਆਇਆ। ਦੋ ਦਿਨ ਬਾਅਦ ਪਰਮਿੰਦਰ ਨੇ ਆਪਣੀ ਪਤਨੀ ਦਾ ਚਾਕੂ ਮਾਰ ਕੇ ਕਤਲ ਕਰ ਦਿੱਤਾ। ਕਤਲ ਦੀ ਜਾਣਕਾਰੀ ਉਸ ਨੇ ਫੋਨ ਉਤੇ ਪੁਲਿਸ ਨੂੰ ਆਪ ਦਿੱਤੀ ਸੀ। ਕੇਸ ਦੀ ਸੁਣਵਾਈ ਦੌਰਾਨ ਪਰਮਿੰਦਰ ਨੇ ਅਦਾਲਤ ਵਿਚ ਆਪਣੇ ਉਤੇ ਲੱਗੇ ਦੋਸ਼ ਕਬੂਲ ਵੀ ਕਰ ਲਏ ਸਨ।

# ਪੁਲਿਸ ਉਤੇ ਗੋਲੀ ਚਲਾਉਣ ਦੇ ਕੇਸ ਵਿਚ ਭਿਓਰਾ ਬਰੀ

**ਚੰਡੀਗੜ੍ਹ:** ਅਦਾਲਤ ਨੇ ਪਰਮਜੀਤ ਸਿੰਘ ਭਿਓਰਾ ਨੂੰ 2006 ਵਿਚ ਪੁਲਿਸ ਪਾਰਟੀ ਉਤੇ ਗੋਲੀ ਚਲਾਉਣ ਤੇ ਧਮਾਕਾਖੇਜ਼ ਸਮੱਗਰੀ ਬਰਾਮਦ ਕਰਨ ਦੇ ਦੋਸ਼ਾਂ ਵਿਚੋਂ ਬਰੀ ਕਰ ਦਿੱਤਾ ਹੈ। ਭਿਓਰਾ ਜਿਸ ਨੂੰ ਜਗਤਾਰ ਸਿੰਘ ਹਵਾਰਾ ਤੋਂ ਬਾਅਦ ਭਾਰਤ ਵਿਚ ਬੱਬਰ ਖਾਲਸਾ ਇੰਟਰਨੈਸ਼ਨਲ ਦੀਆਂ ਗਤੀਵਿਧੀਆਂ ਚਲਾਉਣ ਲਈ ਪੁਲਿਸ ਵੱਲੋਂ ਜਥੇਬੰਦੀ ਦਾ ਮੁਖੀ ਦੱਸਿਆ ਜਾ ਰਿਹਾ ਸੀ, ਨੂੰ ਸ਼ੱਕ ਦਾ ਲਾਭ ਦਿੰਦਿਆਂ ਅਦਾਲਤ ਨੇ ਬਰੀ ਕੀਤਾ ਹੈ।




ਭਿਓਰਾ ਨਾਲ ਫੜੇ ਦੋ ਹੋਰ ਨੌਜਵਾਨ ਭੁਪਿੰਦਰ ਸਿੰਘ ਤੇ ਜਸਵੀਰ ਸਿੰਘ ਇਸ ਮਾਮਲੇ ਵਿਚ ਪਹਿਲਾਂ ਹੀ ਬਰੀ ਕੀਤੇ ਜਾ ਚੁੱਕੇ ਹਨ। ਅਦਾਲਤ ਨੇ ਕਿਹਾ ਕਿ ਪੁਲਿਸ ਵੱਲੋਂ ਘੜੀ ਕਹਾਣੀ ਵਿਚ ਬਹੁਤ ਸਾਰੀਆਂ ਊਣਤਾਈਆਂ ਹਨ। ਇਸ ਲਈ ਮੁਲਜ਼ਮ ਨੂੰ ਸ਼ੱਕ ਦੇ ਆਧਾਰ ਉਤੇ ਬਰੀ ਕੀਤਾ ਜਾਂਦਾ ਹੈ।

# ਜਸਵਿੰਦਰ ਸਿੰਘ ਦੇ 'ਮਾਤ ਲੋਕ' ਨੂੰ ਅਕਾਦਮੀ ਪੁਰਸਕਾਰ

## ਭਾਰਤੀ ਸਾਹਿਤ ਅਕਾਦਮੀ ਵੱਲੋਂ ਪੁਰਸਕਾਰਾਂ ਦਾ ਐਲਾਨ

**ਨਵੀਂ ਦਿੱਲੀ:** ਸਾਹਿਤ ਅਕਾਦਮੀ ਦੇ ਵਕਾਰੀ ਪੁਰਸਕਾਰਾਂ ਦੇ ਕੀਤੇ ਐਲਾਨ ਵਿਚ ਅੰਗਰੇਜ਼ੀ ਭਾਸ਼ਾ ਦੇ ਨਾਵਲਕਾਰ ਤੇ ਨਾਟਕਕਾਰ ਸਾਇਰਸ ਮਿਸਤਰੀ ਦੇ ਨਾਵਲ 'ਕਰੋਨੀਕਲ ਆਫ ਏ ਕੋਰਪਸ ਬੀਅਰਰ', ਮਲਿਆਲਮ ਭਾਸ਼ਾ ਵਿਚੋਂ ਕੇ.ਆਰ. ਮੀਰਾ ਦੇ 'ਆਰਾਚਾਰ' ਅਤੇ ਪੰਜਾਬੀ ਭਾਸ਼ਾ ਵਿਚੋਂ ਡਾਕਟਰ ਜਸਵਿੰਦਰ ਦੇ ਨਾਵਲ 'ਮਾਤ ਲੋਕ' ਪੁਰਸਕਾਰਾਂ ਲਈ ਚੁਣੀਆਂ ਰਚਨਾਵਾਂ ਵਿਚ ਸ਼ਾਮਲ ਹਨ। ਪੁਰਸਕਾਰ ਹਾਸਲ ਕਰਨ ਵਾਲੀਆਂ ਰਚਨਾਵਾਂ ਵਿਚ ਛੇ ਕਵਿਤਾ ਸੰਗ੍ਰਹਿ, ਛੇ ਕਹਾਣੀਆਂ ਦੀਆਂ ਪੁਸਤਕਾਂ, ਚਾਰ ਨਾਵਲ, ਦੋ ਲੇਖ-ਸੰਗ੍ਰਹਿ, ਦੋ ਨਾਟਕ, ਦੋ ਸਮਾਲੋਚਨਾ ਤੇ ਇਕ ਯਾਦਾਂ ਦੀ ਲਿਖੀ ਕਿਤਾਬ ਸਮੇਤ 23 ਕਿਤਾਬਾਂ ਸ਼ਾਮਲ ਹਨ। ਪੁਰਸਕਾਰਾਂ ਦੀ ਸਿਫਾਰਸ਼ 23 ਭਾਰਤੀ ਭਾਸ਼ਾਵਾਂ ਦੇ ਨੁਮਾਇੰਦਿਆਂ ਉਤੇ ਆਧਾਰਤ ਕਮੇਟੀ ਨੇ ਕੀਤੀ ਹੈ ਤੇ ਨਾਵਾਂ ਨੂੰ ਅਕਾਦਮੀ ਦੇ ਪ੍ਰਧਾਨ ਡਾਕਟਰ ਵਿਸ਼ਵਨਾਥ ਪ੍ਰਸਾਦ ਤਿਵਾੜੀ ਦੀ ਅਗਵਾਈ ਵਿਚ ਅਕੈਡਮੀ ਦੇ ਕਾਰਜਕਾਰੀ ਬੋਰਡ ਨੇ ਪ੍ਰਵਾਨਗੀ ਦਿੱਤੀ ਹੈ। ਪੁਰਸਕਾਰ ਵਿਚ ਇਕ ਸਨਮਾਨ ਚਿੰਨ੍ਹ, ਸ਼ਾਲ ਤੇ ਇਕ ਲੱਖ ਰੁਪਏ ਦੀ ਰਾਸ਼ੀ ਸ਼ਾਮਲ ਹੈ। ਇਹ ਪੁਰਸਕਾਰ ਅਗਲੇ ਸਾਲ 16 ਫਰਵਰੀ ਨੂੰ ਸਾਹਿਤ ਅਕਾਦਮੀ ਦੇ ਵਿਸ਼ੇਸ਼ ਸਮਾਰੋਹ ਦੌਰਾਨ ਦਿੱਤੇ ਜਾਣਗੇ। ਇਸ ਤੋਂ ਇਲਾਵਾ ਭਾਸ਼ਾ ਸਨਮਾਨ ਪੁਰਸਕਾਰ ਲੇਖਕ ਤੇ ਬੁੱਧੀਜੀਵੀ ਸ੍ਰੀਕਾਂਤ ਬਹੁਲਕਰ ਨੂੰ ਦਿੱਤਾ ਗਿਆ ਹੈ। ਬੰਗਾਲੀ ਭਾਸ਼ਾ ਵਿਚ ਪੁਰਸਕਾਰ ਦਾ ਐਲਾਨ ਬਾਅਦ ਵਿਚ ਕੀਤਾ ਜਾਵੇਗਾ। ਪੰਜਾਬੀ ਭਾਸ਼ਾ ਦੇ ਸਾਹਿਤ ਅਕਾਦਮੀ ਦੇ ਕਨਵੀਨਰ ਡਾ. ਰਵੇਲ ਸਿੰਘ ਨੇ ਦੱਸਿਆ ਕਿ ਪੰਜਾਬੀ ਵਿਚ ਇਨਾਮ ਦੇਣ ਵਾਲੀ ਜਿਊਰੀ ਵਿਚ ਪ੍ਰੋਫੈਸਰ ਮਨਜੀਤ ਸਿੰਘ, ਸ਼ਾਇਰ ਸੁਰਜੀਤ ਪਾਤਰ ਤੇ ਪ੍ਰੋਫੈਸਰ ਆਰ.ਐਸ. ਭੱਟੀ ਸ਼ਾਮਲ ਸਨ। ਰਾਮ ਦਰਸ਼ ਨੂੰ ਹਿੰਦੀ ਕਵਿਤਾ ਸੰਗ੍ਰਹਿ 'ਆਗ ਕੀ ਹੰਸੀ' ਲਈ, ਉਰਦੂ ਵਿਚ ਸ਼ਮੀਮ ਤਾਰਿਕ ਦੀ ਸਮਾਲੋਚਨਾ ਦੀ ਕਿਤਾਬ 'ਤਸਬੂਫ ਔਰ ਭਗਤੀ' ਲਈ, ਅੰਗਰੇਜ਼ੀ ਲਈ ਸਾਇਰਸ ਮਿਸਤਰੀ ਦੀ 'ਕਰਾਨੀਕਲ ਆਫ ਏ ਕਾਰਪਸ ਬੀਅਰਰ' ਨੂੰ ਸਾਲਾਨਾ ਇਨਾਮ ਦੇਣ ਦਾ ਐਲਾਨ ਕੀਤਾ ਗਿਆ ਹੈ।




## 2011 ਵਿਚ ਪ੍ਰਕਾਸ਼ਿਤ ਹੋਇਆ ਸੀ 'ਮਾਤ ਲੋਕ'

**ਚੰਡੀਗੜ੍ਹ:** ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪੰਜਾਬੀ ਵਿਭਾਗ ਦੇ ਡਾ. ਜਸਵਿੰਦਰ ਸਿੰਘ ਦਾ ਨਾਵਲ 'ਮਾਤ ਲੋਕ' 2011 ਵਿਚ ਪ੍ਰਕਾਸ਼ਿਤ ਹੋਇਆ ਸੀ।

ਪੰਜਾਬੀ ਸਾਹਿਤ ਜਗਤ ਵਿਚ ਡਾਕਟਰ ਜਸਵਿੰਦਰ ਸਿੰਘ ਆਲੋਚਕ ਵਜੋਂ ਵਧੇਰੇ ਜਾਣੇ ਜਾਂਦੇ ਹਨ।

ਜਦੋਂ ਡਾਕਟਰ ਜਸਵਿੰਦਰ ਨੂੰ ਸਵਾਲ ਕੀਤਾ ਕਿ ਪੁਰਸਕਾਰ ਉਦੋਂ ਮਿਲ ਰਿਹਾ ਹੈ ਜਦੋਂ ਪੰਜਾਬੀ ਸਾਹਿਤਕਾਰਾਂ ਵੱਲੋਂ ਪੁਰਸਕਾਰ ਵਾਪਸੀ ਦੀ ਲਹਿਰ ਆਰੰਭੀ ਗਈ ਹੈ ਤਾਂ ਉਨ੍ਹਾਂ ਨੇ ਕਿਹਾ ਕਿ ਉਹ ਇਸ ਬਾਰੇ ਜਲਦੀ ਹੀ ਲਿਖਣਗੇ, ਪਰ ਇਸ ਮੌਕੇ ਇਹ ਮਾਮਲਾ ਵਿਚਾਰਨ ਦਾ ਢੁਕਵਾਂ ਸਮਾਂ ਨਹੀਂ ਹੈ।

## ਚੈੱਕ ਵਾਪਸ ਨਹੀਂ ਲਏਗੀ ਸਾਹਿਤ ਅਕਾਦਮੀ

**ਨਵੀਂ ਦਿੱਲੀ:** ਭਾਰਤੀ ਸਾਹਿਤ ਅਕਾਦਮੀ ਦੇ ਸਕੱਤਰ ਰਾਓ ਦਾ ਕਹਿਣਾ ਹੈ ਕਿ ਅਕਾਦਮੀ ਨੂੰ 35 ਸਾਹਿਤਕਾਰਾਂ ਦੇ ਚੈੱਕ ਮਿਲੇ ਸਨ ਜੋ ਅਕਾਦਮੀ ਨੇ ਵਾਪਸ ਨਾ ਲੈਣ ਦਾ ਫੈਸਲਾ ਕੀਤਾ ਹੈ। ਜ਼ਿਕਰਯੋਗ ਹੈ ਕਿ 39 ਸਾਹਿਤਕਾਰਾਂ ਨੇ ਸਾਹਿਤ ਅਕਾਦਮੀ ਬੋਰਡ ਦੇ ਮੈਂਬਰ ਐਮ.ਐਮ. ਕਾਲਬੁਰਗੀ ਦੀ ਹੱਤਿਆ ਬਾਰੇ ਅਕਾਡਮੀ ਵੱਲੋਂ ਧਾਰੀ ਚੁੱਪ ਤੇ ਦਾਦਰੀ ਕਾਂਡ ਤੋਂ ਬਾਅਦ ਦੇਸ਼ ਵਿਚ ਅਸਹਿਣਸ਼ੀਲਤਾ ਦੇ ਰੋਸ ਵਜੋਂ ਪੁਰਸਕਾਰ ਮੋੜ ਦਿੱਤੇ ਸਨ।


REGULAR
2.09 9/10
Diesel
EC Unleaded
888 9/10
2.09 9/10
GAS SIGN
MESSAGE BOARD
Box & Channel Letters SIGNS
We Install any where in California
ELECTRIC
SIGN
COMPANY
Call For More Info:
1-661-586-5080



HIGH QUALITY PICTURE
HD
TVI, SDI, IP
We install anywhere in California
NEW TREND IN SECURITY SYSTEM
ULTRA HIGH DEFINITION
MOTORIZED LENS
Call Sukhpal for your next security solution purchase
2 YEAR WARRANTY
Vista
CCTV TECHNOLOGY
SOLUTION PROVIDER COMPANY
661-586-5080
commvision@sbcglobal.net


Need Water? Tired of waiting in Line?
Are you looking for a drilling company to drill water well at your farm?
Hydrotech Solutions do best deep water drilling in shortest time and no one can beat our price.
Hydrotech convert pumps to solar too
Hydrotech Solutions LLC
One Stop Shop
844-486-9355
www.hydrotech4u.com
Meet us at C Street in C21 at Ag Show
Hydrotech Solutions LLC

# ਪ੍ਰਿਯਾ ਦੀ ਜੁਗਨੀ




## ਕਲਾ ਪਰਿਕਰਮਾ









ਪ੍ਰਿਯਾ ਕੌਰ ਦੇ ਵੱਖ-ਵੱਖ ਅੰਦਾਜ਼

ਪ੍ਰਿਯਾ ਕੌਰ ਨਿੱਝਰ-ਢਿੱਲੋਂ ਨੇ ਕੌਮਾਂਤਰੀ ਮਨੁੱਖੀ ਅਧਿਕਾਰ ਦਿਵਸ (10 ਦਸੰਬਰ) ਨੂੰ ਆਪਣਾ ਨਵਾਂ ਗੀਤ 'ਰੱਬਾ ਤੇਰੀ ਜੁਗਨੀ' ਰਿਲੀਜ਼ ਕੀਤਾ ਹੈ। ਰੋਮੀ ਬੈਂਸ ਵੱਲੋਂ ਲਿਖੇ ਇਸ ਗੀਤ ਵਿਚ ਧੀਆਂ ਦਾ ਦਰਦ ਬਿਆਨ ਕੀਤਾ ਗਿਆ ਹੈ ਜੋ ਭਰੂਣ ਹੱਤਿਆ, ਦਹੇਜ ਅਤੇ ਘਰੇਲੂ ਹਿੰਸਾ ਵਰਗੀਆਂ ਅਲਾਮਤਾਂ ਨਾਲ ਦੋ-ਚਾਰ ਹੋ ਰਹੀਆਂ

**ਰੌਸ਼ਨੀ ਖੇਤਲ**

ਹਨ। ਐਚ. ਗੁੱਡੂ ਦੇ ਸੰਗੀਤ ਨਿਰਦੇਸ਼ਨ ਵਿਚ ਤਿਆਰ ਇਸ ਗੀਤ ਲਈ ਸੁਰਜੀਤ ਪਾਤਰ, ਡਾ. ਹਰਸ਼ਿੰਦਰ ਕੌਰ, ਭਗਵੰਤ ਮਾਨ ਅਤੇ ਪੱਤਰਕਾਰ ਸੁਰਿੰਦਰ ਸਿੰਘ ਨੇ ਆਪਣੀ ਆਵਾਜ਼ ਦਿੱਤੀ ਹੈ।

ਪ੍ਰਿਯਾ ਕੌਰ ਅੱਜ ਕੱਲ੍ਹ ਕੈਨੇਡਾ ਵੱਸਦੀ ਹੈ। ਉਸ ਦੀ ਪਹਿਲੀ ਐਲਬਮ ਮਹਿੰਦੀ ਵਾਲੇ ਪੈਰ ਲੁਧਿਆਣਾ ਵਿਚ 1992 ਨੂੰ ਰਿਲੀਜ਼ ਹੋਈ ਸੀ। ਆਪਣੀ ਪੁਰਸੋਜ਼ ਆਵਾਜ਼ ਅਤੇ ਅੰਦਾਜ਼ ਨਾਲ ਉਹ ਤੁਰੰਤ ਸੰਗੀਤ ਦੀ ਦੁਨੀਆਂ ਵਿਚ ਪਹਿਲੀ ਕਤਾਰ ਵਿਚ ਆਣ ਖਲੋਤੀ ਅਤੇ ਅਗਲੇ ਹੀ ਸਾਲ ਉਸ ਨੇ ਸੁਰਜੀਤ ਬਿੰਦਰੱਖੀਆ ਤੇ ਦਿਲਸ਼ਾਦ ਅਖਤਰ ਨਾਲ ਉਤਰੀ ਅਮਰੀਕਾ ਦਾ ਸਫਲ ਦੌਰਾ ਕੀਤਾ। ਇਸ ਤੋਂ ਬਾਅਦ ਤਾਂ ਫਿਰ ਚੱਲ ਸੋ ਚੱਲ! ਉਸ ਨੇ ਹੰਸ ਰਾਜ ਹੰਸ, ਹਰਭਜਨ ਮਾਨ, ਸਰਦੂਲ ਸਿਕੰਦਰ, ਦੇਬੀ ਮਖਸੂਸਪੁਰੀ ਅਤੇ ਕਈ ਹੋਰ ਗਾਇਕਾਂ ਨਾਲ ਸਟੇਜ ਸਾਂਝੀ ਕੀਤੀ। ਇਹੀ ਨਹੀਂ, ਉਸ ਨੇ ਫਿਲਮਾਂ ਲਈ ਵੀ ਗੀਤ ਗਾਏ। ਪਿਛੇ ਜਿਹੇ ਉਸ ਦੀ ਸਾਹਿਤਕ ਨਜ਼ਮਾਂ ਨਾਲ ਸਜੀ ਐਲਬਮ 'ਨਜ਼ਮਾਂ' ਨੇ ਸਭ ਦਾ ਧਿਆਨ ਖਿੱਚਿਆ ਸੀ। ਇਸ ਐਲਬਮ ਦੇ ਗੀਤ ਮਸ਼ਹੂਰ ਸ਼ਾਇਰ ਰਵਿੰਦਰ ਸਹਿਰਾਅ ਅਤੇ ਸਾਧੂ ਬਿਨਿੰਗ ਨੇ ਲਿਖੇ ਹੋਏ ਹਨ। ਇਸ ਤੋਂ ਇਲਾਵਾ ਉਸ ਦੀਆਂ 'ਦਿਨ ਸ਼ਗਨਾਂ ਦਾ' ਅਤੇ 'ਨਿਸ਼ਾਨੀ' ਐਲਬਮਾਂ ਵੀ ਰਿਲੀਜ਼ ਹੋਈਆਂ। ਸੰਗੀਤ ਦੀ ਦੁਨੀਆਂ ਵਿਚ ਪ੍ਰਿਯਾ ਕੌਰ ਪੱਕੇ ਪੈਰੀਂ ਆਈ ਸੀ। ਇਸ ਖੇਤਰ ਵਿਚ ਪੈਰ ਪਾਉਣ ਲਈ ਉਸ ਨੇ ਕਲਾਸੀਕਲ ਸੰਗੀਤ ਵਿਚ ਮੁਹਾਰਤ ਹਾਸਲ ਕੀਤੀ ਅਤੇ ਹੁਣ ਉਹ ਆਗਰਾ ਘਰਾਣੇ ਦੇ ਉਸਤਾਦ ਐਲ.ਡੀ. ਪਰਦੇਸੀ ਦੀ ਵਿਰਾਸਤ ਨੂੰ ਅਗਾਂਹ ਤੋਰ ਰਹੀ ਹੈ। ਉਸ ਦੇ ਕਰੀਅਰ ਨੂੰ ਚਾਰ ਚੰਨ ਲਗਾਉਣ ਵਿਚ ਉਸ ਦੇ ਖਾਵੰਦ ਡਾ. ਹਰਬਿੰਦਰ ਸਿੰਘ ਢਿੱਲੋਂ ਦਾ ਵੱਡਾ ਯੋਗਦਾਨ ਹੈ। ਉਹ ਅਮਰੀਕਾ ਦੀ ਡੈਲ ਸਟੇਟ ਯੂਨੀਵਰਸਿਟੀ (ਡੇਵਰ) ਵਿਖੇ ਨਿਊਰੋ-ਸਾਇੰਟਿਸਟ ਹੈ। ਇਸੇ ਯੂਨੀਵਰਸਿਟੀ ਵਿਚ ਪ੍ਰਿਯਾ ਕੌਰ ਵੀ ਸੰਗੀਤ ਦੀ ਸਹਾਇਕ ਪ੍ਰੋਫੈਸਰ ਨਿਯੁਕਤ ਹੈ।

1993 ਵਿਚ ਵੈਨਕੂਵਰ ਤੇ ਟੋਰਾਂਟੋ (ਕੈਨੇਡਾ) ਤੋਂ ਲੈ ਕੇ 2015 ਵਿਚ ਬਾਲਟੀਮੋਰ (ਅਮਰੀਕਾ) ਤੱਕ ਪ੍ਰਿਯਾ ਕੌਰ ਨੇ ਕਈ ਲਾਈਵ ਸ਼ੋਅ ਕੀਤੇ ਹਨ ਅਤੇ ਇਨ੍ਹਾਂ ਸ਼ੋਅਜ਼ ਦੌਰਾਨ ਉਸ ਨੇ ਆਪਣੇ ਵਿਲੱਖਣ ਗਾਇਨ, ਅਦਾ ਅਤੇ ਆਵਾਜ਼ ਦਾ ਲੋਹਾ ਮਨਵਾਇਆ ਹੈ। ਪ੍ਰਿਯਾ ਕੌਰ ਕੈਨੇਡਾ ਅਤੇ ਅਮਰੀਕਾ ਤੋਂ ਇਲਾਵਾ ਇੰਗਲੈਂਡ, ਸਪੇਨ ਅਤੇ ਕਈ ਹੋਰ ਮੁਲਕਾਂ ਵਿਚ ਆਪਣੇ ਫਨ ਦਾ ਮੁਜ਼ਾਹਰਾ ਕਰ ਚੁੱਕੀ ਹੈ। ਉਹ ਆਖਦੀ ਹੈ ਕਿ ਸਮਾਜਕ ਸਰੋਕਾਰਾਂ ਨਾਲ ਜੁੜੇ ਸੁਨੇਹੇ ਨੂੰ ਸੰਗੀਤ ਵਿਚ ਪਰੋ ਕੇ ਲੋਕਾਂ ਤੱਕ ਅਪੜਾਉਣ ਨਾਲ ਉਸ ਨੂੰ ਜੋ ਖੁਸ਼ੀ ਮਿਲਦੀ ਹੈ, ਉਸ ਦਾ ਕੋਈ ਪਾਰਾਵਾਰ ਨਹੀਂ ਹੈ।



# ਆਖ ਤਸਵੀਰਾਂ ਬੋਲਦੀਆਂ


*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 2 ਜਨਵਰੀ 2016 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-201



*ਇਹ ਕਿੱਦਾਂ ਖੇਤਾਂ ਦੀ ਰਾਖੀ, ਕਿੱਦਾਂ ਸ਼ਾਹ-ਅਸਵਾਰੀ ਹੈ।
ਦੇਖ ਕੇ ਆਵੇ ਮੂੰਹ ਵਿਚ ਉਂਗਲ, ਮੱਤ ਬਾਬੇ ਦੀ ਮਾਰੀ ਹੈ।
ਧੁੱਪਾਂ ਦੇ ਵਿਚ ਬੰਨੇ-ਬੰਨੇ, ਕੀ ਕਰਦਾ ਸਰਦਾਰੀ ਹੈ?
ਨਾ ਕੋਈ ਕੰਮ, ਨਾ ਕੋਈ ਧੰਦਾ, ਨਾ ਲਗਦੀ ਕੋਈ ਤਿਆਰੀ ਹੈ।*

## ਕੈਪਸ਼ਨ ਮੁਕਾਬਲਾ-199



ਕਦੇ ਸੀ ਊਠ ਗੱਡੀ ਜੋੜੀ ਦਾ
ਮੇਲਿਆਂ ਦਾ ਸ਼ਿੰਗਾਰ ਸੀ ਹੁੰਦਾ
ਢੋਆ-ਢੁਆਈ ਸਭ ਊਠਾਂ ਉਤੇ
ਜਿਣਸਾਂ ਦਾ ਵਪਾਰ ਸੀ ਹੁੰਦਾ
ਪੱਕੀਆਂ ਸੜਕਾਂ ਸਫਰ ਲਮੇਰਾ
ਪੈਰ ਲਾਉਣ ਕੀ ਥੱਲੇ
ਗੱਡੀਆਂ ਵਿਚ ਚੜ੍ਹਾ ਕੇ ਲਗਦੈ
ਫਿਲਮ ਬਣਾਉਣ ਕੋਈ ਚੱਲੇ।

***-ਗੁਰਦਿਆਲ ਸਿੰਘ ਨੂਰਪੁਰੀ***

---

ਫੋਟੋ ਤੁਰਤ ਲਗਦਾ ਏ ਲਾਹੀ,
ਦੇਖ ਕੇ ਬੋਤਾ-ਗੱਡੀ।
ਫਿਰ ਵੀ ਚਿਤ ਨਾ ਹੋਇਆ ਪੂਰਾ,
ਛਾਪਣ ਦੇ ਲਈ ਛੱਡੀ।
ਛਾਪਣ ਦੇ ਲਈ ਛੱਡੀ,
ਹਰ ਇਕ ਮਨ ਨੂੰ ਭਾਵੇ।
ਦੇਖਣ ਸਾਰ ਹੀ ਲੱਗੇ ਚੰਗੀ,
ਡੂੰਘੀ ਉਤਰਦੀ ਮਨ ਵਿਚ ਜਾਵੇ।

***-ਮਹੀਪਾਲ ਸਿੰਘ ਨਿੱਝਰ।***

---

ਮਾਰੂਥਲ ਦਾ ਜਹਾਜ ਸੀ ਕਹਿੰਦੇ,
ਕਦੇ ਵਿਚ ਰੇਤਿਆਂ ਨਹੀਂ ਅੜਿਆ।
ਸ਼ਾਇਦ ਲੰਬਾ ਸਫਰ ਹੈ ਜਾਂ ਕਾਹਲੀ,
ਜਾਂ ਫਿਰ ਕਿਸੇ ਰੋਗ ਨੇ ਫੜਿਆ।
ਜਿਸ ਰੇੜੇ ਨੂੰ ਰਿਹਾ ਖਿਚਦਾ,
ਲਾ ਕਾਰ ਅਗੇ ਉਸ 'ਤੇ ਹੀ ਚੜਿਆ।
ਸੱਸੀ ਪੁਨੂੰ ਦੀ ਡਾਚੀ ਕਦੇ ਬਣਿਆ,
ਅੱਜ ਮੇਲਿਆਂ ਵਿਚ ਲੈ ਵੜਿਆ।
ਸਮਾਂ ਬਦਲਿਆ ਢੰਗ ਬਦਲੇ ਨੇ,
ਹੁਣ ਬਦਲ ਗਏ ਨੇ ਧੰਦੇ।
ਭਾਰ ਢੋਂਦਿਆਂ ਕਮਰ ਹੈ ਟੁੱਟੀ,
ਫਿਰ ਵੀ ਸਬਰ ਨਹੀਂ ਇਸ ਬੰਦੇ।

***-ਸੇਵਾ ਸਿੰਘ ਨੂਰਪੁਰੀ***

---

ਐਸੀਆਂ ਝਲਕੀਆਂ ਕਦੇ ਕਦਾਈਂ,
ਅੱਖੀਆਂ ਅੱਗੇ ਲੰਘਦੀਆਂ,
ਧਿਆਨ ਪਈਆਂ ਮੰਗਦੀਆਂ।
ਸੋਚਾਂ ਦੀ ਫਿਰ ਦੁੜਕੀ ਲੱਗੇ,
ਕੁਤਕੁਤਾੜੀਆਂ ਖੰਘਦੀਆਂ,
ਕਦੇ ਨਾ ਸੰਗਦੀਆਂ।
ਇਹ ਝਾਕੀ ਮੇਰੇ ਦਿਲ 'ਚ ਵੱਸ ਗਈ,
ਹਾਕਾਂ ਮਾਰੇ ਨੱਚਣ ਨੂੰ।
ਦਿਲ ਵਿਚ ਹਾਸਾ ਠਾਠਾਂ ਮਾਰੇ,
ਅੱਡੀ ਟੱਪਾ ਟੱਪਣ ਨੂੰ।

***-ਗੁਰਮੀਤ ਕੌਰ, ਸਟਾਕਟਨ।***

---

ਕਦੇ ਹੁੰਦੀ ਸੀ ਇਸ ਦੀ ਸਰਦਾਰੀ
ਅੱਜ ਬਣਿਆ ਆਪ ਇੱਕ ਸਵਾਰੀ।
ਲੋਕੀਂ ਕਰ ਗਏ ਨੇ ਬਹੁਤ ਤਰੱਕੀ
ਦੁਨੀਆਂ ਤੇਜੀ ਨੇ ਹਰ ਪਾਸੇ ਪੱਟੀ।
ਕਦੇ ਤੁਰਦਾ ਕਹਿੰਦੇ ਸੀ ਜਹਾਜ
ਸਮੇਂ ਪੁਰਾਣੇ ਦੇ ਸਾਂਭੀਂ ਬੈਠਾ ਰਾਜ਼।

***-ਸਤਵਿੰਦਰ ਥਾਂਦੀ ਦੌਲਤਪੁਰੀ***

---

ਜਿਥੇ ਹੈ ਜ਼ਰੂਰਤ ਭਾਈ,
ਉਥੇ ਲਿਜਾਇਆ ਜਾ ਰਿਹੈ।
ਕਦੇ ਜੁੜਦਾ ਰਿਹਾ ਖੁਦ ਗੱਡੇ ਨੂੰ
ਹੁਣ ਬਣ ਬਾਦਸ਼ਾਹ ਜਾ ਰਿਹੈ,
ਧੌਣ ਉਚੀ ਕਰ ਖੜ੍ਹਾ
ਕਾਰ ਦੇ ਮਗਰ ਟਰਾਲੇ 'ਤੇ।
ਕਾਰ ਜਾਵੇਗੀ ਧੂੜਾਂ ਫੱਕਦੀ
ਪਹੁੰਚਾ ਦੇਵੇਗੀ ਮੰਜ਼ਿਲ।
ਫਿਰ ਜੋੜ ਕੇ ਖੂਨ ਪੀਣਗੇ ਉਸ ਦਾ
ਰੇਗਿਸਤਾਨ ਹੀ ਬਣ ਜਾਵੇਗਾ ਦਲਦਲ।

***-ਦਰਸ਼ਨ ਪਾਲ ਦੋਸਾਂਝ***

ਖੁੱਸ਼ਖੱਬਰੀ ਖੁੱਸ਼ਖੱਬਰੀ ਖੁੱਸ਼ਖੱਬਰੀ

ਰੇਡੀਓ ਦੀ ਦੁਨੀਆਂ ਵਿੱਚ ਨਵਾ ਧਮਾਕਾ

ਰੇਡੀਓ ਪੰਜਾਬ
Radio Punjab

ਹਫਤੇ ਦੇ ਸੱਤੇ ਦਿਨ 24 ਘੰਟੇ
ਆਪ ਦੀ ਸੇਵਾ ਵਿੱਚ ਤਿੰਨ AM ਸਟੇਸ਼ਨ

AM 620 Coverage
ਬੇਕਰਜਫੀਲਡ, ਡਲੈਨੋ ਟੁਲੈਰੀ
ਸੈਲਮਾ ਫਰੇਜਨੋ ਮਰਸੈਡ
ਮੋਡੈਸਟੋ ਮਨਟੀਕਾ ਸਟਾਕਟਨ

AM 1210 Coverage
Stockton Lodi
Sacramento Roseville
Yuba City, Liveoke
Chico Red Bluff
Fairfield Woodland

AM 1310 Coverage
San Francisco, Santa Rosa
El Sobrante, Fairfield
Berkeley, Oakland
Hayward ,Fremont
Union City, San Jose , Gilroy
Sunnyvale to San Francisco
all cites on 101

To Participate in Programes Please Call

| | | |
|---|---|---|
| Bay Area | AM 1310 | 408 934 1310 |
| Sacramento | AM 1210 | 916 335 1210 |
| Fresno | AM 620 | 559 558 6200 |

For Advertisement Call

| | |
|---|---|
| S. P. Singh | 408 543 9200 |
| Sukhdev Dhillon | 559 558 6204 |
| Balraj S. Brar | 559 347 7272 |
| Ramanjit kaur | 559 558 6393 |

ਪ੍ਰੋਗਰਾਮ: ਤਾਜੀਆ ਖਬਰਾਂ, ਟਾਕ ਸ਼ੋਅ, ਗੀਤ-ਸੰਗੀਤ, ਗੁਰਬਾਣੀ ਵਿਚਾਰ ਅਤੇ ਅਨੇਕਾ ਹੋਰ ਦਿਲਚਸਪ ਪ੍ਰੋਗਰਾਮ ਪੇਸ਼ ਕੀਤੇ ਜਾਂਦੇ ਹਨ।

ਕੋਈ ਸਪੈਸ਼ਲ ਰੇਡੀਓ ਖਰੀਦਨ ਦੀ ਜਰੂਰਤ ਨਹੀ। ਕਿਸੇ ਵੀ ਰੈਗੂਲਰ ਰੇਡੀਓ ਤੇ ਸਾਰੇ ਸਟੇਸ਼ਨ ਟਿਊਨਇਨ ਕਰੋ। ਕਾਰਾਂ ਟਰੱਕਾਂ ਟੈਕਸੀਆਂ ਸੱਭ ਜਗਹ ਚਲਦੇ ਹਨ।

ਟੈਲੀਫੋਨ ਤੇ ਸੁਨਣ ਲਈ ਡਾਇਲ ਕਰੋ
From USA 605 475 8060, UK 03030 3326462, Australia 028 072 5177

Download
FREE APP
RADIOPUNJAB

For More Information Call:-
Sukhdev S Dhillon 559 558 6204, S. P. Singh 408 543 9200, Balraj S. Brar 559 347 7272

ਵੈਬਸਾਇਟ ਤੇ ਸੁਣੋ:- www.radiopunjab.com

# ਪੰਜਾਬ ਵਿਚ ਸਿਹਤ ਸਹੂਲਤਾਂ ਵਾਲੀ ਗੱਡੀ ਲੀਹੋਂ ਲੱਥੀ

**ਬਠਿੰਡਾ:** ਪੰਜਾਬ ਵਿਚ ਸਿਹਤ ਸਹੂਲਤਾਂ ਦਾ ਮੰਦਾ ਹਾਲ ਹੈ। ਸੂਬੇ ਵਿਚ 1.19 ਲੱਖ ਲੋਕਾਂ ਪਿੱਛੇ ਇਕ ਸਰਕਾਰੀ ਹਸਪਤਾਲ ਹੈ। ਇਨ੍ਹਾਂ ਸਰਕਾਰੀ ਹਸਪਤਾਲਾਂ ਵਿਚ ਬੈੱਡਾਂ ਦੀ ਗਿਣਤੀ 11804 ਹੈ ਤੇ 2420 ਲੋਕਾਂ ਪਿੱਛੇ ਇਕ ਬੈੱਡ ਹੈ। ਸਰਕਾਰੀ ਹਸਪਤਾਲਾਂ ਵਿਚ ਵੱਡੀ ਕਮੀ ਡਾਕਟਰਾਂ ਦੀ ਹੈ। ਪੰਜਾਬ ਦੇ ਸਰਕਾਰੀ ਹਸਪਤਾਲਾਂ ਦਾ ਮਰੀਜ਼ਾਂ ਦੇ ਬੋਝ ਨੇ ਦਮ ਘੁੱਟ ਦਿੱਤਾ ਹੈ। ਸਰਕਾਰੀ ਹਸਪਤਾਲਾਂ ਵਿਚ ਮਰੀਜ਼ਾਂ ਦੇ ਓਵਰਲੋਡ ਦੇ ਮਾਮਲੇ ਵਿਚ ਪੰਜਾਬ ਦੇਸ਼ ਦਾ ਸਤਵਾਂ ਸੂਬਾ ਬਣ ਗਿਆ ਹੈ। ਬਹੁਤੇ ਸਰਕਾਰੀ ਹਸਪਤਾਲ ਤਾਂ ਮਰੀਜ਼ਾਂ ਨੂੰ ਰੈਫਰ ਕਰਨ ਵਾਲੇ ਹਸਪਤਾਲ ਹੀ ਬਣ ਗਏ ਹਨ। ਅਜਿਹੇ ਵਿਚ ਲੋਕ ਪ੍ਰਾਈਵੇਟ ਹਸਪਤਾਲਾਂ ਤੋਂ ਮਹਿੰਗਾ ਇਲਾਜ ਕਰਵਾਉਣ ਲਈ ਮਜਬੂਰ ਹਨ।

ਸੈਂਟਰਲ ਬਿਊਰੋ ਆਫ ਹੈਲਥ ਇੰਟੈਲੀਜੈਂਸ ਨੇ ਕੇਂਦਰੀ ਸਿਹਤ ਮੰਤਰਾਲੇ ਨੂੰ ਜੋ ਰਿਪੋਰਟ ਦਿੱਤੀ ਹੈ, ਉਸ ਅਨੁਸਾਰ ਮਰੀਜ਼ਾਂ ਦੇ ਓਵਰਲੋਡ ਦੇ ਮਾਮਲੇ ਵਿਚ ਪਹਿਲਾ ਨੰਬਰ ਬਿਹਾਰ ਦਾ ਹੈ, ਜਿਥੇ 70,701 ਲੋਕਾਂ ਪਿੱਛੇ ਇਕ ਸਰਕਾਰੀ ਹਸਪਤਾਲ ਹੈ ਤੇ 8789 ਲੋਕਾਂ ਪਿੱਛੇ ਇਕ ਬੈੱਡ ਹੈ। ਦੂਸਰੇ ਨੰਬਰ ਉਤੇ ਮੱਧ ਪ੍ਰਦੇਸ਼ ਤੇ ਤੀਸਰੇ ਨੰਬਰ ਉਤੇ ਆਂਧਰਾ ਪ੍ਰਦੇਸ਼ ਹੈ।

ਪੰਜਾਬ ਦਾ ਨੰਬਰ ਸਤਵਾਂ ਹੈ, ਜਿਥੇ 1.19 ਲੱਖ ਲੋਕਾਂ ਪਿੱਛੇ ਇਕ ਸਰਕਾਰੀ ਹਸਪਤਾਲ ਹੈ। ਇਨ੍ਹਾਂ ਸਰਕਾਰੀ ਹਸਪਤਾਲਾਂ ਵਿਚ ਬੈੱਡਾਂ ਦੀ ਗਿਣਤੀ 11804 ਹੈ ਤੇ 2420 ਲੋਕਾਂ ਪਿੱਛੇ ਇਕ ਬੈੱਡ ਹੈ। ਸਰਕਾਰੀ ਰਿਕਾਰਡ ਦੱਸਦਾ ਹੈ ਕਿ ਫਰੀਦਕੋਟ ਜ਼ਿਲ੍ਹੇ ਵਿਚ 100 ਬਿਸਤਰਿਆਂ ਵਾਲਾ ਹਸਪਤਾਲ ਮੌਜੂਦ ਹੈ ਪਰ ਇਥੇ ਬਿਸਤਰਿਆਂ ਦੀ ਗਿਣਤੀ 60 ਤੋਂ 70 ਹੀ ਹੈ। ਮੁਹਾਲੀ ਦੇ ਹਸਪਤਾਲ ਵਿਚ 200 ਵਿਚੋਂ 150 ਬਿਸਤਰ ਹਨ। ਇਸੇ ਤਰ੍ਹਾਂ ਬਰਨਾਲੇ ਵਿਚ 100 ਵਿਚੋਂ 70, ਪਟਿਆਲੇ ਦੇ 200 ਦੀ ਥਾਂ 120, ਲੁਧਿਆਣੇ ਵਿਚ 200 ਦੀ ਥਾਂ 100, ਹੁਸ਼ਿਆਰਪੁਰ ਜ਼ਿਲ੍ਹੇ ਵਿਚ 200 ਵਿਚੋਂ 100, ਨਵਾਂ ਸ਼ਹਿਰ ਵਿਚ 100 ਵਿਚੋਂ 80 ਤੋਂ 90, ਤਰਨਤਾਰਨ 100 ਵਿਚੋਂ 70-80, ਫਾਜ਼ਿਲਕਾ ਵਿਚ 100 ਵਿਚੋਂ 50 ਤੋਂ 60 ਬਿਸਤਰੇ ਹੀ ਮੌਜੂਦ ਹਨ। ਸਰਕਾਰੀ ਹਸਪਤਾਲਾਂ ਵਿਚ ਵੱਡੀ ਕਮੀ ਡਾਕਟਰਾਂ ਦੀ ਹੈ।

ਪੰਜਾਬ ਦੇ ਕਮਿਊਨਿਟੀ ਹੈਲਥ ਸੈਂਟਰਾਂ ਵਿਚ ਇਸ ਵੇਲੇ 600 ਸਪੈਸ਼ਲਿਸਟ ਡਾਕਟਰਾਂ ਦੀ ਲੋੜ ਹੈ ਜਦੋਂਕਿ ਹਸਪਤਾਲਾਂ ਵਿਚ ਸਿਰਫ 202 ਡਾਕਟਰ ਤਾਇਨਾਤ ਹਨ। ਜ਼ਿਲ੍ਹਾ ਪੱਧਰ ਦੇ ਸਰਕਾਰੀ ਹਸਪਤਾਲਾਂ ਵਿਚ 684 ਡਾਕਟਰਾਂ ਦੀ ਲੋੜ ਹੈ। ਸਬ ਡਿਵੀਜ਼ਨ ਪੱਧਰ ਦੇ ਸਰਕਾਰੀ ਹਸਪਤਾਲਾਂ ਵਿਚ 718 ਸਪੈਸ਼ਲਿਸਟ ਡਾਕਟਰਾਂ ਦੀ ਲੋੜ ਹੈ ਤੇ 202 ਡਾਕਟਰਾਂ ਦੀ ਘਾਟ ਹੈ। ਇਵੇਂ ਹੀ ਸਟਾਫ ਨਰਸਾਂ ਦੀ ਕਮੀ ਹੈ। ਪੰਜਾਬ ਵਿਚ ਕੁੱਲ 42013 ਡਾਕਟਰ ਰਜਿਸਟਰਡ ਹਨ, 23029 ਏ.ਐਨ.ਐਮਜ਼. ਤੇ 41533 ਫਾਰਮਾਸਿਸਟ ਰਜਿਸਟਰਡ ਹਨ। ਇਸ ਦੇ ਬਾਵਜੂਦ ਸਰਕਾਰੀ ਹਸਪਤਾਲਾਂ ਵਿਚ ਡਾਕਟਰਾਂ ਤੋਂ ਇਲਾਵਾ ਪੈਰਾ ਮੈਡੀਕਲ ਸਟਾਫ ਦੀ ਵੀ ਕਮੀ ਹੈ।

ਪੈਰਾ ਮੈਡੀਕਲ ਫਰੰਟ ਦੇ ਸੂਬਾ ਪ੍ਰਧਾਨ ਸਵਰਨਜੀਤ ਸਿੰਘ ਦਾ ਕਹਿਣਾ ਹੈ ਕਿ ਪੰਜਾਬ ਦੇ ਸਰਕਾਰੀ ਹਸਪਤਾਲ ਹੁਣ ਸਿਰਫ ਮਰੀਜ਼ਾਂ ਨੂੰ ਰੈਫਰ ਕਰਨ ਜੋਗੇ ਰਹਿ ਗਏ ਹਨ। ਹਸਪਤਾਲਾਂ ਲਈ ਇਮਾਰਤਾਂ ਤਾਂ ਹਨ, ਪਰ ਸਟਾਫ ਤੇ ਦਵਾਈਆਂ ਨਹੀਂ ਹਨ। ਬਹੁਤੇ ਗਰੀਬ ਮਰੀਜ਼ ਇਲਾਜ ਖੁਣੋਂ ਮਰ ਜਾਂਦੇ ਹਨ। ਉਨ੍ਹਾਂ ਮਿਸਾਲ ਦਿੱਤੀ ਕਿ ਪੰਜਾਬ ਵਿਚ ਕਿਸੇ ਵੀ ਸਰਕਾਰੀ ਹਸਪਤਾਲ ਵਿਚ ਸਿਰ ਦੀ ਸੱਟ ਦਾ ਇਲਾਜ ਨਹੀਂ ਹੈ।

ਵੇਰਵਿਆਂ ਅਨੁਸਾਰ ਮੁੱਖ ਮੰਤਰੀ ਦੇ ਹਲਕਾ ਲੰਬੀ ਵਿਚ ਡਾਕਟਰਾਂ ਦੀਆਂ ਪੰਜਾਹ ਫੀਸਦੀ ਅਸਾਮੀਆਂ ਖਾਲੀ ਹਨ। ਪਿੰਡ ਬਾਦਲ ਵਿਚ ਸਬ ਡਿਵੀਜ਼ਨ ਪੱਧਰ ਦਾ ਸਰਕਾਰੀ ਹਸਪਤਾਲ ਹੈ, ਜਿਸ ਵਿਚ ਸਾਰੀਆਂ ਅਸਾਮੀਆਂ ਭਰੀਆਂ ਹੋਈਆਂ ਹਨ। ਦੂਸਰੀ ਤਰਫ ਪੰਜਾਬੀ ਸੂਬੇ ਦੇ ਬਾਨੀ ਸੰਤ ਬਾਬਾ ਫਤਿਹ ਸਿੰਘ ਦੀ ਯਾਦ ਵਿਚ ਉਨ੍ਹਾਂ ਦੇ ਪਿੰਡ ਬਦਿਆਲਾ ਵਿਚ ਬਣਿਆ ਸਰਕਾਰੀ ਹਸਪਤਾਲ ਮੰਦੇ ਹਾਲ ਵਿਚ ਹੈ। ਇਮਾਰਤ ਦਾ ਬੁਰਾ ਹਾਲ ਹੈ ਅਤੇ ਸਟਾਫ ਦੀ ਵੱਡੀ ਕਮੀ ਹੈ। ਸਿਹਤ ਮੰਤਰੀ ਸੁਰਜੀਤ ਕੁਮਾਰ ਜਿਆਣੀ ਦਾ ਕਹਿਣਾ ਹੈ ਕਿ ਉਹ ਓ.ਪੀ.ਡੀ. ਦਾ ਸਰਵੇ ਕਰਾ ਕੇ ਬੈੱਡਾਂ ਦੀ ਗਿਣਤੀ ਵਧਾਉਣਗੇ ਤੇ ਜੱਚਾ ਬੱਚਾ ਹਸਪਤਾਲ ਹੁਣ ਜ਼ਿਲ੍ਹਾ ਪੱਧਰ 'ਤੇ ਵੱਖਰੇ ਬਣਾਏ ਜਾ ਰਹੇ ਹਨ। ਉਨ੍ਹਾਂ ਆਖਿਆ ਕਿ ਸਰਕਾਰੀ ਹਸਪਤਾਲਾਂ ਵਿਚ ਮਰੀਜ਼ਾਂ ਦੀ ਓ.ਪੀ.ਡੀ. ਦਾ ਲੋਡ ਵਧਿਆ ਹੈ। ਇਮਾਰਤਾਂ ਤੇ ਸਾਜ਼ੋ ਸਾਮਾਨ ਦੀ ਕਮੀ ਤਾਂ ਕੋਈ ਨਹੀਂ ਪਰ ਸਟਾਫ ਦੀ ਘਾਟ ਹੈ, ਜਿਸ ਨੂੰ ਉਹ ਪੂਰਾ ਕਰਨ ਵਿਚ ਜੁਟੇ ਹੋਏ ਹਨ।

### ਸਵਾ ਲੱਖ ਲੋਕਾਂ ਪਿੱਛੇ ਇਕ ਹਸਪਤਾਲ



### ਬਾਦਲ ਦੇ ਪਿੰਡ ਸਭ ਕੁਝ ਠੀਕ

**ਲੰਬੀ:** ਪਿੰਡ ਬਾਦਲ ਵਿਚ ਸਬ ਡਿਵੀਜ਼ਨ ਪੱਧਰ ਦਾ ਸਰਕਾਰੀ ਹਸਪਤਾਲ ਹੈ, ਜਿਸ ਵਿਚ ਸਾਰੀਆਂ ਅਸਾਮੀਆਂ ਭਰੀਆਂ ਹੋਈਆਂ ਹਨ। ਮੁੱਖ ਮੰਤਰੀ ਦੇ ਪੁਰਖਿਆਂ ਦੇ ਪਿੰਡ ਘੁੱਦਾ ਵਿਚ ਹੁਣ ਸਬ ਡਿਵੀਜ਼ਨ ਪੱਧਰ ਦਾ ਹਸਪਤਾਲ ਬਣਾਇਆ ਗਿਆ ਹੈ, ਜੋ ਕਿ ਪਹਿਲਾਂ ਸੰਗਤ ਵਿਚ ਸੀ। ਇਥੇ ਵੀ ਡੈਪੂਟੇਸ਼ਨ ਉਤੇ ਕਾਫੀ ਸਟਾਫ ਲਾਇਆ ਹੋਇਆ ਹੈ।

## ਪ੍ਰਦੂਸ਼ਣ ਦੇ ਮਾਰੇ ਚੀਨ ਵਿਚ ਤਾਜ਼ੀ ਹਵਾ ਦੀ ਆਨਲਾਈਨ ਵਿਕਰੀ

**ਬੀਜਿੰਗ:** ਪ੍ਰਦੂਸ਼ਣ ਦੀ ਮਾਰ ਝੱਲ ਰਹੇ ਚੀਨ ਵਿਚ ਸ਼ੁੱਧ ਹਵਾ ਵੀ ਮੁੱਲ ਮਿਲਣ ਲੱਗੀ ਹੈ। ਕੈਨੇਡਾ ਦੀ ਇਕ ਕੰਪਨੀ ਨੇ ਚੀਨ ਵਿਚ ਹਵਾ ਵੇਚਣੀ ਸ਼ੁਰੂ ਕੀਤੀ ਹੈ। ਕੈਨੇਡੀਅਨ ਕੰਪਨੀ ਸ਼ੁੱਧ ਪਹਾੜੀ ਹਵਾ ਨੂੰ ਬੋਤਲਾਂ ਵਿਚ ਬੰਦ ਕਰ ਕੇ ਵੇਚ ਰਹੀ ਹੈ। ਹਰ ਬੋਤਲ ਦੀ ਕੀਮਤ 18.50 ਪੌਂਡ ਰੱਖੀ ਗਈ ਹੈ। ਪ੍ਰਦੂਸ਼ਣ ਦੇ ਵਧਦੇ ਪੱਧਰ ਨੂੰ ਦੇਖ ਕੇ ਚੀਨ ਨੇ ਕੁਝ ਦਿਨ ਪਹਿਲਾਂ ਪਹਿਲੀ ਵਾਰ ਰੈੱਡ ਅਲਰਟ ਜਾਰੀ ਕੀਤਾ ਸੀ। ਕੈਨੇਡਾ ਦੀ ਕੰਪਨੀ ਵਿਟੈਲਿਟੀ ਦੀਆਂ ਹਵਾ ਦੀਆਂ ਬੋਤਲਾਂ ਦੀ ਮੰਗ ਚੀਨ ਵਿਚ ਤੇਜ਼ੀ ਨਾਲ ਵਧ ਰਹੀ ਹੈ।

ਬੋਤਲ ਵਿਚ ਪਹਾੜੀ ਹਵਾ ਬੰਦ ਹੈ। ਕੰਪਨੀ ਦੀ ਪ੍ਰੀਮੀਅਮ ਆਕਸੀਜਨ ਦੀ ਬੋਤਲ ਤਕਰੀਬਨ 1850 ਰੁਪਏ ਹੈ। ਉਥੇ ਹੀ ਬਾਨਫ ਏਅਰ ਦੀ ਬੋਤਲ ਦੀ ਕੀਮਤ ਤਕਰੀਬਨ 1585 ਰੁਪਏ ਹੈ। ਹਵਾ ਦੀਆਂ ਬੋਤਲਾਂ ਦੀ ਵਿਕਰੀ ਚੀਨ ਵਿਚ ਆਨ ਲਾਈਨ ਕੰਪਨੀ ਤਾਓਬਾਓ ਰਾਹੀਂ ਕੀਤੀ ਜਾ ਰਹੀ ਹੈ। ਇਨ੍ਹਾਂ ਬੋਤਲਾਂ ਦੀ ਚੀਨ ਵਿਚ ਕਾਫੀ ਮੰਗ ਹੈ। 500 ਬੋਤਲਾਂ ਦੀ ਪਹਿਲੀ ਖੇਪ ਹੱਥੋਂ ਹੱਥ ਵਿਕ ਗਈ। ਸਰਕਾਰ ਨੇ ਖਰਾਬ ਹਵਾ ਨੂੰ ਦੇਖਦੇ ਹੋਏ ਬੀਜਿੰਗ ਵਿਚ ਸਕੂਲ ਤੇ ਹੋਰ ਵਿੱਦਿਅਕ ਅਦਾਰੇ ਕੁਝ ਸਮੇਂ ਲਈ ਬੰਦ ਕਰ ਦਿੱਤੇ ਗਏ ਸਨ। ਇਸ ਦੇ ਨਾਲ ਹੀ ਸ਼ਹਿਰਾਂ ਵਿਚ ਕਾਰਾਂ ਦੀ ਗਿਣਤੀ ਘੱਟ ਕਰਨ ਦੀ ਕੋਸ਼ਿਸ਼ ਦੇ ਨਾਲ ਹੀ ਲੋਕਾਂ ਨੂੰ ਘਰਾਂ ਦੇ ਅੰਦਰ ਰਹਿਣ ਲਈ ਵੀ ਆਖਿਆ ਗਿਆ ਸੀ।



### ਦੂਜੀ ਵਾਰ ਹਵਾ ਪ੍ਰਦੂਸ਼ਣ ਲਈ ਰੈਡ ਅਲਰਟ

**ਬੀਜਿੰਗ:** ਚੀਨ ਦੀ ਰਾਜਧਾਨੀ ਬੀਜਿੰਗ ਵਿਚ ਸਥਾਨਕ ਪ੍ਰਸ਼ਾਸਨ ਨੇ ਦਸੰਬਰ ਵਿਚ ਦੂਜੀ ਵਾਰ ਹਵਾ ਪ੍ਰਦੂਸ਼ਣ ਲਈ ਰੈੱਡ ਅਲਰਟ ਜਾਰੀ ਕੀਤਾ ਹੈ। ਇਥੇ ਹਵਾ ਪ੍ਰਦੂਸ਼ਣ ਦੇ ਸਭ ਤੋਂ ਗੰਭੀਰ ਪੱਧਰ ਲਈ ਰੈੱਡ ਅਲਰਟ ਜਾਰੀ ਕੀਤਾ ਜਾਂਦਾ ਹੈ।

## ਸਿੱਖ ਬੰਦੀ ਵਰਿਆਮ ਸਿੰਘ ਬਰੇਲੀ ਜੇਲ੍ਹ 'ਚੋਂ ਰਿਹਾ

**ਨਵੀਂ ਦਿੱਲੀ:** ਪਿਛਲੇ 25 ਸਾਲਾਂ ਤੋਂ ਬਰੇਲੀ ਜੇਲ੍ਹ ਵਿੱਚ ਬੰਦ ਵਰਿਆਮ ਸਿੰਘ ਨੂੰ ਅੱਜ ਰਿਹਾਅ ਕਰ ਦਿੱਤਾ ਗਿਆ। ਉਨ੍ਹਾਂ ਪਿਛਲੇ ਕਈ ਸਾਲਾਂ ਤੋਂ ਪੈਰੋਲ ਤੱਕ ਨਹੀਂ ਲਈ ਸੀ। ਦੇਰ ਸ਼ਾਮ ਜੇਲ੍ਹ ਵਿੱਚੋਂ ਰਿਹਾਅ ਹੋਣ ਬਾਅਦ ਪੱਤਰਕਾਰਾਂ ਤੇ ਪਰਿਵਾਰਕ ਮੈਂਬਰਾਂ ਨੂੰ ਵਰਿਆਮ ਸਿੰਘ ਨੇ ਕਿਹਾ ਕਿ ਉਹ ਪੰਜਾਬ ਸਮੇਤ ਦੇਸ਼-ਵਿਦੇਸ਼ ਦੇ ਉਨ੍ਹਾਂ ਹਮਦਰਦਾਂ ਦਾ ਧੰਨਵਾਦ ਕਰਦਾ ਹੈ, ਜਿਨ੍ਹਾਂ ਸਿੱਖ ਬੰਦੀਆਂ ਦੀ ਸੂਚੀ ਵਿੱਚ ਉਸ ਦਾ ਨਾਮ ਸ਼ਾਮਲ ਕੀਤਾ।

ਸੂਤਰਾਂ ਮੁਤਾਬਕ ਵਰਿਆਮ ਸਿੰਘ ਦੇ ਪੁੱਤਰ ਨੇ ਦਿੱਲੀ ਵਿੱਚ ਸੀਨੀਅਰ ਵਕੀਲ ਤੇ ਰਾਜ ਸਭਾ ਮੈਂਬਰ ਕੇ.ਟੀ. ਐਸ ਤੁਲਸੀ ਤੋਂ ਉਨ੍ਹਾਂ ਦੀ ਰਿਹਾਈ ਬਾਰੇ ਰਾਇ ਲਈ ਸੀ। ਬਾਅਦ ਵਿੱਚ ਉੱਤਰ ਪ੍ਰਦੇਸ਼ ਦੇ ਜੇਲ੍ਹ ਮੰਤਰੀ ਬਲਵੰਤ ਸਿੰਘ ਰਾਮੂਵਾਲੀਆ ਦੇ ਯਤਨਾਂ ਨਾਲ ਵਰਿਆਮ ਸਿੰਘ ਨੂੰ ਧਾਰਾ 161 ਤਹਿਤ ਰਿਹਾਅ ਕੀਤਾ ਗਿਆ। ਉਸ ਨੇ 25 ਸਾਲ 7 ਮਹੀਨੇ ਬਾਅਦ ਜੇਲ੍ਹ ਵਿੱਚੋਂ ਬਾਹਰ ਦੀ ਹਵਾ ਵਿੱਚ ਸਾਹ ਲਿਆ। ਇਸ ਮੌਕੇ ਵਰਿਆਮ ਸਿੰਘ ਨੇ ਕਿਹਾ ਕਿ ਉਹ ਹੁਣ ਆਪਣੇ ਪਰਿਵਾਰ ਨਾਲ ਸਮਾਂ ਬਿਤਾਉਣਾ ਚਾਹੁੰਦਾ ਹੈ ਕਿਉਂਕਿ ਉਹ ਆਪਣੇ ਬੱਚਿਆਂ ਨੂੰ ਗਲੇ ਨਹੀਂ ਲਾ ਸਕਿਆ ਸੀ ਤੇ ਸਾਰਾ ਕੁਝ ਤਬਾਹ ਹੋ ਗਿਆ।

### 25 ਸਾਲ 7 ਮਹੀਨੇ ਬਾਅਦ ਹੋਈ ਰਿਹਾਈ



### ਬੰਦੀਆਂ ਦੀ ਰਿਹਾਈ ਤੱਕ ਸੰਘਰਸ਼ ਜਾਰੀ ਰਹੇਗਾ: ਖਾਲਸਾ

**ਲੁਧਿਆਣਾ:** ਸਿੱਖ ਬੰਦੀਆਂ ਦੀ ਰਿਹਾਈ ਲਈ 16 ਜਨਵਰੀ 2015 ਤੋਂ ਸੰਘਰਸ਼ ਕਰ ਰਹੇ ਬਾਪੂ ਸੂਰਤ ਸਿੰਘ ਖਾਲਸਾ ਨੇ ਕਿਹਾ ਹੈ ਕਿ ਸਿੱਖ ਬੰਦੀਆਂ ਦੀ ਰਿਹਾਈ ਤੱਕ ਉਨ੍ਹਾਂ ਦਾ ਸੰਘਰਸ਼ ਜਾਰੀ ਰਹੇਗਾ ਤੇ ਉਹ ਭੁੱਖ ਹੜਤਾਲ ਖਤਮ ਨਹੀਂ ਕਰਨਗੇ। ਉਨ੍ਹਾਂ ਕਿਹਾ ਕਿ ਸਿੱਖਿਆ ਮੰਤਰੀ ਡਾ. ਦਲਜੀਤ ਸਿੰਘ ਚੀਮਾ ਨਾਲ ਸੰਘਰਸ਼ ਕਮੇਟੀ ਦੀ ਹੋਈ ਮੀਟਿੰਗ ਵਿਚ ਉਨ੍ਹਾਂ ਸਿੱਖ ਬੰਦੀਆਂ ਸਬੰਧੀ ਵਿਸਥਾਰਤ ਚਰਚਾ ਕੀਤੀ ਹੈ।

## ਜੰਗੀ ਅਪਰਾਧੀਆਂ ਦੀ ਜਾਇਦਾਦ ਹੋਏਗੀ ਜ਼ਬਤ

**ਢਾਕਾ:** ਸਰਕਾਰ ਯੁੱਧ ਅਪਰਾਧੀਆਂ ਦੀ ਜਾਇਦਾਦ ਜ਼ਬਤ ਕਰਨ ਦੀ ਤਿਆਰੀ ਵਿਚ ਹੈ। ਬੰਗਲਾਦੇਸ਼ ਦੇ ਮੁਕਤੀ ਸੰਗਰਾਮ ਮਾਮਲਿਆਂ ਦੇ ਮੰਤਰੀ ਏ.ਕੇ.ਐਮ. ਮੁਜ਼ੰਮਲ ਹੱਕ ਨੇ ਕਿਹਾ ਹੈ ਕਿ ਸਰਕਾਰ 1971 ਦੇ ਯੁੱਧ ਅਪਰਾਧੀਆਂ ਦੀ ਜਾਇਦਾਦ ਜ਼ਬਤ ਕਰਨ ਲਈ ਲੋੜ ਪੈਣ 'ਤੇ ਕਾਨੂੰਨ ਵਿਚ ਬਦਲਾਵ ਕਰ ਸਕਦੀ ਹੈ।

ਹੱਕ ਨੇ ਕਿਹਾ ਕਿ 1971 ਦੀ ਲੜਾਈ ਵਿਚ ਪਾਕਿਸਤਾਨੀ ਸੈਨਾ ਦਾ ਸਾਥ ਦੇਣ ਤੇ ਬੰਗਲਾਦੇਸ਼ ਦੀ ਆਜ਼ਾਦੀ ਦਾ ਵਿਰੋਧ ਕਰਨ ਵਾਲੇ ਜਮਾਤ-ਏ-ਇਸਲਾਮੀ ਉਤੇ ਯੁੱਧ ਅਪਰਾਧਾਂ ਕਾਰਨ ਰੋਕ ਵੀ ਲਗਾਈ ਜਾਵੇਗੀ। ਮੁਜ਼ੰਮਲ ਹੱਕ ਦਾ ਬਿਆਨ ਵਿਜੇ ਦਿਵਸ ਤੋਂ ਬਿਲਕੁਲ ਪਹਿਲਾਂ ਅਜਿਹੇ ਸਮੇਂ ਆਇਆ ਹੈ ਜਦ ਆਜ਼ਾਦੀ ਦਾ ਸਮਰਥਨ ਕਰਨ ਵਾਲੀਆਂ ਤਾਕਤਾਂ ਮਜ਼ਬੂਤ ਹੋ ਰਹੀਆਂ ਹਨ।

## ਨਫਰਤੀ ਹਿੰਸਾ ਖਿਲਾਫ ਸਿੱਖ-ਹਿੰਦੂ ਸੰਗਠਨਾਂ ਵੱਲੋਂ ਸਾਂਝਾ ਮੰਚ

**ਵਾਸ਼ਿੰਗਟਨ:** ਕੈਲੇਫੋਰਨੀਆ ਵਿਚ ਹੋਏ ਅਤਿਵਾਦੀ ਹਮਲੇ ਤੋਂ ਬਾਅਦ ਨਸਲੀ ਹਮਲਿਆਂ ਦੇ ਮੱਦੇਨਜ਼ਰ ਧਰਮ ਦੇ ਬਹੁਲਤਾਵਾਦ ਦੀ ਸੁਰੱਖਿਆ ਲਈ ਅਮਰੀਕਾ ਦੇ ਹਿੰਦੂ-ਸਿੱਖ ਸੰਗਠਨਾਂ ਨੇ ਵਾਈਟ ਹਾਊਸ ਵਿਖੇ ਇਕੱਠ ਕਰਕੇ ਇਕ ਆਪਸੀ ਵਿਸ਼ਵਾਸ ਵਾਲਾ ਗਠਜੋੜ ਬਣਾਇਆ।

ਕੈਲੇਫੋਰਨੀਆ ਅਤਿਵਾਦੀ ਹਮਲੇ ਜਿਸ ਵਿਚ ਕੱਟੜਵਾਦੀ ਪਾਕਿਸਤਾਨ ਮੂਲ ਦੇ ਅਮਰੀਕੀ ਜੋੜੇ ਨੇ 14 ਲੋਕਾਂ ਨੂੰ ਮਾਰ ਦਿੱਤਾ ਸੀ, ਇਸ ਤੋਂ ਬਾਅਦ ਘੱਟ ਗਿਣਤੀ ਧਰਮਾਂ ਮੁਸਲਿਮ ਤੇ ਸਿੱਖਾਂ ਖਿਲਾਫ ਹੋਈ ਤਿੱਖੀ ਪ੍ਰਤੀਕ੍ਰਿਆ ਦੇ ਸਿੱਟੇ ਵਜੋਂ ਇਹ ਸਾਂਝਾ ਗਠਜੋੜ ਬਣਿਆ। ਇਸ ਮੌਕੇ ਹਿੰਦੂ ਅਮਰੀਕਨ ਸੇਵਾ ਕਮਿਊਨਿਟੀ, ਨੈਸ਼ਨਲ ਸਿੱਖ ਕੰਪੇਨ ਤੇ ਸਿੱਖ ਕੋਲੀਸ਼ਨ ਸਮੇਤ ਇੰਟਰਫੇਦ ਅਲਾਈਂਸ, ਇੰਟਰਫੇਦ ਯੂਥ ਕੋਰ, ਇਸਲਾਮਿਕ ਨੈਟਵਰਕ ਗਰੁੱਪ, ਮੁਸਲਿਮ ਐਡਵੋਕੇਟਸ, ਨੈਸ਼ਨਲ ਕਾਂਸਲ ਆਫ ਚਰਚ, ਰਿਲੀਜਸ ਐਕਸ਼ਨ ਸੈਂਟਰ ਆਦਿ ਸ਼ਾਮਲ ਸਨ।

ਸਿਵਲ ਰਾਈਟਜ਼ ਡਵੀਜ਼ਨ ਦੇ ਮੁਖੀ ਵਨੀਤਾ ਗੁਪਤਾ ਨੇ ਸੰਗਠਨਾਂ ਦੇ ਮੈਂਬਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਇਕ ਸਭਿਅਕ ਸਮਾਜ ਵਿਚ ਨਫਰਤ ਭਰੀ ਹਿੰਸਾ ਤੇ ਵਿਤਕਰੇ ਲਈ ਕੋਈ ਥਾਂ ਨਹੀਂ, ਇਹ ਸਾਡੇ ਸੰਘੀ ਅਧਿਕਾਰਾਂ ਤੇ ਨਿਯਮਾਂ ਦੀ ਉਲੰਘਣਾ ਹੈ।

### ਸਿੱਖ ਉਤੇ ਹਮਲਾ ਕਰਨ ਵਾਲਾ ਨੌਜਵਾਨ ਜਾਵੇਗਾ ਜੇਲ੍ਹ

**ਸ਼ਿਕਾਗੋ:** ਅਮਰੀਕਾ ਵਿਚ ਸਿੱਖ ਵਿਅਕਤੀ ਉਤੇ ਨਸਲੀ ਹਮਲਾ ਕਰਨ ਵਾਲੇ ਅਮਰੀਕੀ ਨੌਜਵਾਨ ਨੂੰ ਅਦਾਲਤ ਨੇ ਦੋਸ਼ੀ ਐਲਾਨ ਦਿੱਤਾ ਹੈ। ਅਮਰੀਕੀ ਨੌਜਵਾਨ ਨੇ ਇੰਦਰਜੀਤ ਮੱਕੜ ਨਾਲ ਕੁੱਟਮਾਰ ਤੇ ਨਸਲੀ ਟਿੱਪਣੀਆਂ ਕੀਤੀਆਂ ਸਨ। ਨੌਜਵਾਨ ਨੇ ਮੱਕੜ ਨੂੰ ਓਸਾਮਾ ਬਿਨ ਲਾਦੇਨ ਵੀ ਆਖਿਆ ਸੀ। ਜਿਸ ਨੌਜਵਾਨ ਨੇ ਇੰਦਰਜੀਤ ਸਿੰਘ ਮੱਕੜ ਉਤੇ ਹਮਲਾ ਕੀਤਾ ਸੀ, ਉਹ ਨਾਬਾਲਗ ਹੈ ਤੇ ਉਸ ਨੂੰ ਸਜ਼ਾ ਅਗਲੇ ਸਾਲ ਫਰਵਰੀ ਵਿਚ ਸੁਣਾਈ ਜਾਵੇਗੀ। 53 ਸਾਲ ਦਾ ਅਮਰੀਕੀ ਨਾਗਰਿਕ ਇੰਦਰਜੀਤ ਸਿੰਘ ਅੱਠ ਸਤੰਬਰ ਨੂੰ ਜਦੋਂ ਕਾਰ ਰਾਹੀਂ ਖਰੀਦਦਾਰੀ ਕਰਨ ਲਈ ਜਾ ਰਿਹਾ ਸੀ ਤਾਂ ਇਕ ਨੌਜਵਾਨ ਨੇ ਉਸ 'ਤੇ ਹਮਲਾ ਕਰ ਦਿੱਤਾ ਸੀ। ਹਮਲੇ ਕਾਰਨ ਇੰਦਰਜੀਤ ਸਿੰਘ ਦੇ ਨੱਕ ਦੀ ਹੱਡੀ ਟੁੱਟ ਗਈ ਸੀ। ਇਸ ਮੁੱਦੇ ਉਤੇ ਪੁਲਿਸ ਨੇ ਨੌਜਵਾਨ ਖਿਲਾਫ ਮਾਮਲਾ ਦਰਜ ਕੀਤਾ ਸੀ। 'ਦਿ ਸਿੱਖ ਕੁਲੀਸ਼ਨ' ਦੇ ਲੀਗਲ ਡਾਇਰੈਕਟਰ ਇੰਦਰਜੀਤ ਤੇ ਅਟਾਰਨੀ ਹਰਸਿਮਰਨ ਕੌਰ ਨੇ ਦੱਸਿਆ ਕਿ ਮੁਲਜ਼ਮ ਦੀ ਪਛਾਣ ਉਸ ਦੀ ਲਾਇਸੈਂਸ ਨੰਬਰ ਪਲੇਟ ਤੋਂ ਹੋਈ ਸੀ।



### ਸ਼੍ਰੋਮਣੀ ਕਮੇਟੀ ਵੱਲੋਂ ਓਬਾਮਾ ਨੂੰ ਪੱਤਰ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਨੇ ਅਮਰੀਕਾ ਵਿਚ ਵੱਖ-ਵੱਖ ਥਾਈਂ ਸਿੱਖਾਂ ਉਤੇ ਹੋਏ ਨਸਲੀ ਹਮਲਿਆਂ ਸਬੰਧੀ ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ, ਭਾਰਤ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਤੇ ਨਵੀਂ ਦਿੱਲੀ ਵਿਚ ਅਮਰੀਕੀ ਰਾਜਦੂਤ ਰਿਚਰਡ ਆਰ ਵਰਮਾ ਨੂੰ ਪੱਤਰ ਭੇਜ ਕੇ ਯੋਗ ਕਾਰਵਾਈ ਕਰਨ ਦੀ ਮੰਗ ਕੀਤੀ ਹੈ। ਸ਼੍ਰੋਮਣੀ ਕਮੇਟੀ ਦੇ ਬੁਲਾਰੇ ਦਿਲਜੀਤ ਸਿੰਘ ਬੇਦੀ ਨੇ ਦੱਸਿਆ ਕਿ ਬਰਾਕ ਓਬਾਮਾ ਨੂੰ ਲਿਖੇ ਪੱਤਰ ਵਿਚ ਪ੍ਰਧਾਨ ਅਵਤਾਰ ਸਿੰਘ ਨੇ ਕਿਹਾ ਕਿ ਛੇ ਦਸੰਬਰ ਨੂੰ ਅਮਰੀਕਾ ਦੇ ਲਾਸ ਏਂਜਲਸ ਇਲਾਕੇ ਵਿਚ ਗੁਰਦੁਆਰੇ ਦੀ ਭੰਨ-ਤੋੜ ਕਰਨ ਅਤੇ ਸਿੱਖਾਂ ਨੂੰ ਮੁਸਲਮਾਨ ਸਮਝ ਕੇ ਆਈ.ਐਸ. ਵਿਰੁੱਧ ਨਾਅਰੇ ਲਿਖਣ ਦੀ ਘਟਨਾ ਚਿੰਤਾ ਦਾ ਵਿਸ਼ਾ ਹੈ।

# ਅਤਿਵਾਦ ਪੱਖੋਂ ਪੱਛਮੀ ਮੁਲਕਾਂ ਉਤੇ ਭਾਰੂ ਰਿਹਾ 2015 ਦਾ ਵਰ੍ਹਾ

**ਨਵੀਂ ਦਿੱਲੀ:** ਅਤਿਵਾਦੀ ਕਾਰਵਾਈਆਂ ਪੱਖੋਂ 2015 ਦਾ ਵਰ੍ਹਾ ਸਭ ਤੋਂ ਦਹਿਸ਼ਤ ਵਾਲਾ ਰਿਹਾ। ਇਸ ਵਰ੍ਹੇ ਪੱਛਮੀ ਮੁਲਕਾਂ ਨੂੰ ਵੀ ਅਤਿਵਾਦ ਦਾ ਸਾਹਮਣਾ ਕਰਨਾ ਪਿਆ। ਸਾਲ ਦੀ ਸ਼ੁਰੂਆਤ ਵਿਚ ਹੀ ਸੱਤ ਜਨਵਰੀ ਨੂੰ ਪੈਰਿਸ ਦੇ ਹਫਤਾਵਾਰੀ ਵਿਅੰਗ ਰਸਾਲੇ ਚਾਰਲੀ ਹੈਬਦੋ ਦੇ ਦਫਤਰ ਉਤੇ ਹਮਲਾ ਕਰਕੇ ਆਈ.ਐਸ.ਆਈ.ਐਸ. ਨੇ ਇਸ ਮੈਗਜ਼ੀਨ ਦੇ ਸੰਪਾਦਕ ਸਮੇਤ 10 ਪੱਤਰਕਾਰਾਂ ਨੂੰ ਸਿਰਫ ਇਸ ਲਈ ਮਾਰ ਮੁਕਾਇਆ ਕਿਉਂਕਿ ਇਸ ਮੈਗਜ਼ੀਨ ਨੇ ਆਈ.ਐਸ. ਦੇ ਆਗੂ ਅਬੂ ਬਕਰ ਅਲ ਬਗਦਾਦੀ 'ਤੇ ਕਾਰਟੂਨ ਛਾਪਿਆ ਸੀ।

ਇਸ ਹਮਲੇ ਦੇ ਅਗਲੇ ਹੀ ਦਿਨ ਫਰਾਂਸ ਦੇ ਦੱਖਣੀ ਹਿੱਸੇ ਵਿਚ ਇਕ ਰੈਸਟੋਰੈਂਟ ਵਿਚ ਮੁੜ ਹੋਏ ਧਮਾਕੇ ਨੇ ਇਕ ਮਹਿਲਾ ਪੁਲਿਸ ਅਧਿਕਾਰੀ ਦੀ ਜਾਨ ਲਈ, ਜਿਸ ਦੇ ਅਗਲੇ ਦਿਨ ਪੈਰਿਸ ਵਿਚ ਦੋ ਅਤਿਵਾਦੀ ਭਰਾਵਾਂ ਨੇ ਆਮ ਨਾਗਰਿਕਾਂ ਨੂੰ ਬੰਦੀ ਬਣਾ ਲਿਆ ਤੇ ਨਤੀਜੇ ਵਜੋਂ ਸੁਰੱਖਿਆ ਬਲਾਂ ਦੀ ਕਾਰਵਾਈ ਦੌਰਾਨ ਇਹ ਅਤਿਵਾਦੀ ਮਾਰੇ ਗਏ। ਪਾਕਿਸਤਾਨ ਦੇ ਗੁਆਂਢੀ ਦੇਸ਼ ਅਫਗਾਨਿਸਤਾਨ ਦੀ ਸਰਹੱਦ ਨੇੜੇ ਪਾਕਿਸਤਾਨ ਹਵਾਈ ਫੌਜ ਦੀ ਕਾਰਵਾਈ ਵਿਚ 53 ਅਤਿਵਾਦੀ ਮਾਰੇ ਗਏ।

30 ਜਨਵਰੀ ਨੂੰ ਪਾਕਿਸਤਾਨ ਦੇ ਸਿੰਧ ਰਾਜ ਵਿਚ ਇਕ ਸ਼ੀਆ ਮਸਜਿਦ ਵਿਚ ਹਫਤਾਵਾਰੀ ਨਮਾਜ਼ ਦੌਰਾਨ ਹੋਏ ਸ਼ਕਤੀਸ਼ਾਲੀ ਬੰਬ ਧਮਾਕੇ ਨੇ 51 ਵਿਅਕਤੀਆਂ ਦੀ ਜਾਨ ਲਈ। ਇਸ ਉਪਰੰਤ ਮੁੜ 13 ਫਰਵਰੀ ਨੂੰ ਪਿਸ਼ਾਵਰ ਸ਼ਹਿਰ ਦੀ ਸ਼ੀਆ ਮਸਜਿਦ ਵਿਚ ਅਤਿਵਾਦੀ ਹਮਲੇ ਦੌਰਾਨ 20 ਲੋਕ ਤੇ ਸੱਤ ਅਤਿਵਾਦੀ ਮਾਰੇ ਗਏ। 16 ਫਰਵਰੀ ਨੂੰ ਅਤਿਵਾਦੀ ਸੰਗਠਨ ਆਈ.ਐਸ.ਆਈ.ਐਸ. ਵੱਲੋਂ 21 ਇਸਾਈਆਂ ਦਾ ਸਿਰ ਕਲਮ ਕਰਕੇ ਜਾਰੀ ਕੀਤੀ ਵੀਡੀਓ ਨੇ ਵੀ ਅਤਿਵਾਦ ਦੀ ਦਹਿਸ਼ਤ ਵਿਚ ਵਾਧਾ ਕੀਤਾ ਤੇ ਮਿਸਰ ਵੱਲੋਂ ਆਈ.ਐਸ. ਦੇ ਠਿਕਾਣਿਆਂ ਉਤੇ ਕੀਤੀ ਬੰਬਾਰੀ ਵਿਚ 64 ਅਤਿਵਾਦੀ ਮਾਰੇ ਗਏ। 17 ਫਰਵਰੀ ਨੂੰ ਲਾਹੌਰ ਦੇ ਪੁਲਿਸ ਹੈਡਕੁਆਰਟਰ ਦੇ ਬਾਹਰ ਆਤਮਘਾਤੀ ਹਮਲੇ ਵਿਚ ਅੱਠ ਵਿਅਕਤੀਆਂ ਦੀ ਮੌਤ ਹੋਈ। ਇਸੇ ਤਰ੍ਹਾਂ 18 ਫਰਵਰੀ ਨੂੰ ਇਰਾਕ ਦੇ ਅਲ-ਬਗਦਾਦੀ ਇਲਾਕੇ ਵਿਚ ਇਸਲਾਮਿਕ ਸਟੇਟ ਦੇ ਕੱਟੜਪੰਥੀਆਂ ਨੇ 45 ਲੋਕਾਂ ਨੂੰ ਜਿਉਂਦਾ ਸਾੜਨ ਦੀ ਵਹਿਸ਼ੀਆਨਾ ਕਾਰਵਾਈ ਨੂੰ ਅੰਜਾਮ ਦਿੱਤਾ। 15 ਮਾਰਚ ਨੂੰ ਪਾਕਿਸਤਾਨੀ ਪੰਜਾਬ ਦੀ ਰਾਜਧਾਨੀ ਲਾਹੌਰ ਵਿਚ ਦੇਸ਼ ਦੀ ਸਭ ਤੋਂ ਵੱਡੀ ਇਸਾਈ ਕਾਲੋਨੀ ਦੇ ਗਿਰਜਾ ਘਰਾਂ ਵਿਚ ਆਤਮਘਾਤੀ ਹਮਲਿਆਂ ਦੌਰਾਨ 15 ਵਿਅਕਤੀ ਮਾਰੇ ਗਏ।

ਕੀਨੀਆ ਵਿਚ ਸੋਮਾਲੀਆਈ ਅਤਿਵਾਦੀ ਸੰਗਠਨ ਅਲਸ਼ਬਾਬ ਦੇ ਬੰਦੂਕਧਾਰੀਆਂ ਵੱਲੋਂ ਗਾਰੇਸਾ ਯੂਨੀਵਰਸਿਟੀ ਕਾਲਜ ਦੇ ਕੈਂਪਸ ਵਿਚ ਗੋਲੀਬਾਰੀ ਕਰਕੇ 70 ਲੋਕਾਂ ਨੂੰ ਮੌਤ ਦੇ ਘਾਟ ਉਤਾਰਿਆ ਗਿਆ। 18 ਅਪਰੈਲ ਨੂੰ ਅਫ਼ਗਾਨਿਸਤਾਨ ਦੇ ਪੂਰਬੀ ਸ਼ਹਿਰ ਜਲਾਲਬਾਦ ਵਿਚ ਇਕ ਬੈਂਕ ਦੇ ਬਾਹਰ ਹੋਏ ਆਤਮਘਾਤੀ ਹਮਲੇ ਵਿਚ 33 ਲੋਕ ਮਾਰੇ ਗਏ। 13 ਮਈ ਨੂੰ ਕਰਾਚੀ ਸ਼ਹਿਰ ਵਿਚ ਪੁਲਿਸ ਵਰਦੀ ਵਿਚ ਆਏ ਅਤਿਵਾਦੀਆਂ ਨੇ ਸ਼ੀਆ ਮੁਸਲਮਾਨਾਂ ਨੂੰ ਲਿਜਾ ਰਹੀ ਬੱਸ 'ਤੇ ਹਮਲਾ ਕਰਕੇ 47 ਮੁਸਲਮਾਨਾਂ ਨੂੰ ਮੌਤ ਦੇ ਘਾਟ ਉਤਾਰਿਆ। ਜਿਸ ਦੇ ਅਗਲੇ ਦਿਨ ਅਫ਼ਗਾਨਿਸਤਾਨ ਦੀ ਰਾਜਧਾਨੀ ਕਾਬੁਲ ਵਿਚ ਤਾਲਿਬਾਨ ਅਤਿਵਾਦੀਆਂ ਨੇ ਰੈਸਟ ਹਾਊਸ ਉਤੇ ਹਮਲਾ ਕਰਕੇ ਚਾਰ ਭਾਰਤੀਆਂ ਸਮੇਤ 14 ਲੋਕਾਂ ਨੂੰ ਮਾਰ ਮੁਕਾਇਆ।

ਇਸੇ ਤਰ੍ਹਾਂ 20 ਮਈ ਨੂੰ ਪਾਕਿਸਤਾਨ ਦੇ ਗੱਦਾਫੀ ਸਟੇਡੀਅਮ ਬਾਹਰ ਆਤਮਘਾਤੀ ਹਮਲੇ ਵਿਚ ਦੋ ਵਿਅਕਤੀ, ਅਫ਼ਗਾਨਿਸਤਾਨ ਦੇ ਦੱਖਣੀ ਸੂਬੇ ਹੇਲਵੰਡ ਵਿਚ ਤਾਲਿਬਾਨ ਬਾਗੀਆਂ ਵੱਲੋਂ ਪੁਲਿਸ ਚੌਂਕੀ 'ਤੇ ਕੀਤੇ ਹਮਲੇ ਦੌਰਾਨ 20 ਪੁਲਿਸ ਮੁਲਾਜ਼ਮ, ਅਮਰੀਕਾ ਵਿਚ 18 ਜੂਨ ਨੂੰ ਗਿਰਜਾ ਘਰ ਵਿਚ ਹੋਈ ਗੋਲਾਬਾਰੀ ਵਿਚ ਨੌਂ ਲੋਕ, 22 ਜੂਨ ਨੂੰ ਅਫਗਾਨ ਸੰਸਦ 'ਤੇ ਹਮਲੇ ਦੌਰਾਨ ਸੱਤ ਅਤਿਵਾਦੀ ਤੇ ਦੋ ਨਾਗਰਿਕ, 16 ਅਗਸਤ ਨੂੰ ਲਾਹੌਰ ਵਿਚ ਆਤਮਘਾਤੀ ਹਮਲੇ ਦੌਰਾਨ ਪਾਕਿਸਤਾਨੀ ਪੰਜਾਬ ਦੇ ਗ੍ਰਹਿ ਮੰਤਰੀ ਸੂਜਾ ਖਾਨਜ਼ਾਦਾ ਸਮੇਤ 19 ਵਿਅਕਤੀ, 17 ਅਗਸਤ ਨੂੰ ਬੈਂਕਾਕ ਵਿਚ ਹੋਏ ਦੋ ਬੰਬ ਧਮਾਕਿਆਂ ਵਿਚ 27 ਵਿਅਕਤੀ, ਅੱਠ ਸਤੰਬਰ ਨੂੰ ਯਮਨ ਦੇ ਅਲਹੁਦੈਦਾ ਸ਼ਹਿਰ ਵਿਚ ਸਾਊਦੀ ਅਰਬ ਦੀ ਅਗਵਾਈ ਵਾਲੀ ਗਠਜੋੜ ਸੈਨਾ ਵੱਲੋਂ ਕੀਤੇ ਗਏ ਹਮਲੇ ਦੌਰਾਨ 20 ਭਾਰਤੀ, ਪਿਸ਼ਾਵਰ ਵਿਚ ਤਾਲਿਬਾਨੀ ਅਤਿਵਾਦੀਆਂ ਵੱਲੋਂ ਕੀਤੇ ਹਮਲੇ ਵਿਚ 29 ਵਿਅਕਤੀ ਤੇ 13 ਅਤਿਵਾਦੀ ਮਾਰੇ ਗਏ।

ਪਹਿਲੀ ਨਵੰਬਰ ਨੂੰ ਇਸਲਾਮਿਕ ਸਟੇਟ ਨੇ ਰੂਸੀ ਜਹਾਜ਼ ਡੇਗਿਆ, ਨਤੀਜੇ ਵਜੋਂ 224 ਲੋਕਾਂ ਦੀ ਮੌਤ ਹੋਈ। ਜਦੋਂ ਕਿ 14 ਨਵੰਬਰ ਨੂੰ ਫਰਾਂਸ ਦੀ ਰਾਜਧਾਨੀ ਪੈਰਿਸ ਵਿਚ ਹੋਏ ਆਤਮਘਾਤੀ ਬੰਬ ਧਮਾਕਿਆਂ ਤੇ ਗੋਲੀਬਾਰੀ ਦੌਰਾਨ 150 ਤੋਂ ਵੀ ਜ਼ਿਆਦਾ ਵਿਅਕਤੀਆਂ ਦੀ ਮੌਤ ਹੋਈ।




## ਆਈ.ਐਸ. ਖਿਲਾਫ 34 ਅਰਬ ਦੇਸ਼ਾਂ ਦਾ ਏਕਾ

**ਰਿਆਧ:** ਸਾਊਦੀ ਅਰਬ ਨੇ ਅਤਿਵਾਦ ਨਾਲ ਲੜਨ ਲਈ 34 ਮੁਸਲਿਮ ਦੇਸ਼ਾਂ ਦੇ ਗੱਠਜੋੜ ਦਾ ਐਲਾਨ ਕੀਤਾ ਹੈ। ਕੱਟੜਪੰਥੀ ਇਸਲਾਮਿਕ ਜਥੇਬੰਦੀ ਇਸਲਾਮਿਕ ਸਟੇਟ ਦਾ ਮੁਕਾਬਲਾ ਕਰਨ ਲਈ ਖਾੜੀ ਦੇਸ਼ਾਂ 'ਤੇ ਲਗਾਤਾਰ ਵਧ ਰਹੇ ਦਬਾਅ ਦੌਰਾਨ ਇਹ ਗੱਠਜੋੜ ਬਣਾਇਆ ਗਿਆ ਹੈ। ਸਰਕਾਰੀ ਮੀਡੀਆ ਮੁਤਾਬਕ ਰਾਜਧਾਨੀ ਰਿਆਦ ਵਿਚ ਸਾਂਝਾ ਅਪ੍ਰੇਸ਼ਨ ਸੈਂਟਰ ਸਥਾਪਤ ਕੀਤਾ ਗਿਆ ਹੈ। ਇਸ ਗੱਠਜੋੜ ਵਿਚ ਦੱਖਣ ਏਸ਼ੀਆਈ, ਅਫਰੀਕੀ ਤੇ ਅਰਬ ਦੇਸ਼ ਸ਼ਾਮਲ ਹਨ, ਪਰ ਅੰਤਰਰਾਸ਼ਟਰੀ ਮਾਮਲਿਆਂ ਵਿਚ ਸਾਊਦੀ ਅਰਬ ਦਾ ਲੰਬੇ ਸਮੇਂ ਤੋਂ ਵਿਰੋਧੀ ਰਿਹਾ ਈਰਾਨ ਸ਼ਾਮਲ ਨਹੀਂ ਹੈ। ਸਾਊਦੀ ਅਰਬ ਦੇ ਰੱਖਿਆ ਮੰਤਰੀ ਮੁਹੰਮਦ ਬਿਨ ਸਲਮਾਨ ਨੇ ਕਿਹਾ ਹੈ ਕਿ ਨਵਾਂ ਗੱਠਜੋੜ ਇਰਾਕ, ਸੀਰੀਆ, ਲੀਬੀਆ, ਮਿਸਰ ਤੇ ਅਫ਼ਗਾਨਿਸਤਾਨ ਵਿਚ ਵੱਖਵਾਦੀਆਂ ਖਿਲਾਫ ਲੜੇਗਾ। ਇਸ ਗੱਠਜੋੜ ਵਿਚ ਅਫ਼ਗਾਨਿਸਤਾਨ, ਇਰਾਕ ਤੇ ਸੀਰੀਆ ਸ਼ਾਮਲ ਨਹੀਂ ਹਨ। ਮੁਹੰਮਦ ਬਿਨ ਨੇ ਕਿਹਾ ਕਿ''ਹੁਣ ਸਾਰੇ ਮੁਸਲਿਮ ਦੇਸ਼ ਵੱਖਵਾਦੀਆਂ ਖਿਲਾਫ ਇਕੱਲੇ ਆਪਣੇ ਦਮ 'ਤੇ ਲੜ ਰਹੇ ਹਨ, ਇਸ ਲਈ ਕੋਸ਼ਿਸ਼ਾਂ ਵਿਚ ਸਮਾਨਤਾ ਹੋਣੀ ਬਹੁਤ ਜ਼ਰੂਰੀ ਹੈ।

## ਭਾਰਤ ਨੂੰ ਵੀ ਲੱਗਾ ਅਤਿਵਾਦ ਦਾ ਸੇਕ

**ਨਵੀਂ ਦਿੱਲੀ:** ਭਾਰਤ ਵਿਚ ਵੀ ਸਮੁੱਚੇ ਵਰ੍ਹੇ ਦੌਰਾਨ ਅਤਿਵਾਦੀਆਂ ਦੇ ਹਮਲੇ ਤੇ ਪਾਕਿਸਤਾਨ ਵਾਲੇ ਪਾਸਿਓਂ ਘੁਸਪੈਠ ਦਾ ਸਿਲਸਿਲਾ ਜਾਰੀ ਰਿਹਾ। ਪੂਰਾ ਸਾਲ ਜਿਥੇ ਜੰਮੂ ਅਤੇ ਕਸ਼ਮੀਰ ਵਿਚ ਘੁਸਪੈਠ ਤੇ ਅਤਿਵਾਦੀਆਂ ਦੇ ਹਮਲਿਆਂ ਦੀਆਂ ਦਰਜਨਾਂ ਘਟਨਾਵਾਂ ਵਾਪਰੀਆਂ, ਉਥੇ ਪੰਜਾਬ ਵਿਚ ਵੀ ਪਾਕਿਸਤਾਨੀ ਅਤਿਵਾਦੀਆਂ ਨੇ 27 ਜੁਲਾਈ ਨੂੰ ਦੀਨਾਨਗਰ ਵਿਖੇ ਵੱਡਾ ਹਮਲਾ ਕੀਤਾ। ਇਸ ਹਮਲੇ ਦੌਰਾਨ ਐਸ.ਪੀ. ਸਮੇਤ ਚਾਰ ਪੁਲਿਸ ਕਰਮੀ, ਤਿੰਨ ਅਤਿਵਾਦੀ ਤੇ ਚਾਰ ਆਮ ਨਾਗਰਿਕ ਮਾਰੇ ਗਏ। ਇਸ ਤੋਂ ਪਹਿਲਾਂ ਜਨਵਰੀ ਵਿਚ ਜੰਮੂ-ਕਸ਼ਮੀਰ ਦੇ ਛੋਪੀਆਂ ਜ਼ਿਲ੍ਹੇ ਵਿਚ ਜੈਸ਼-ਏ-ਮੁਹੰਮਦ ਤੇ ਹਿਜਬੁਲ ਮੁਜਾਹਦੀਨ ਦੇ ਅਤਿਵਾਦੀਆਂ ਤੇ ਸੁਰੱਖਿਆ ਬਲਾਂ ਦਰਮਿਆਨ ਦੋ ਦਿਨ ਚੱਲੇ ਮੁਕਾਬਲੇ ਵਿਚ ਪੰਜ ਅਤਿਵਾਦੀ ਮਾਰੇ ਗਏ। ਅਪਰੈਲ ਮਹੀਨੇ ਵਿਚ ਬਾਰਾਮੂੱਲਾ ਜ਼ਿਲ੍ਹੇ ਵਿਚ ਦੋ ਜਵਾਨ ਤੇ ਇਕ ਨਾਗਰਿਕ ਮਾਰੇ ਗਏ।



ਸ਼ੋਪੀਆਂ ਜ਼ਿਲ੍ਹੇ ਵਿਚ ਅਤਿਵਾਦੀਆਂ ਦੀ ਗੋਲੀ ਨਾਲ ਤਿੰਨ ਸੁਰੱਖਿਆ ਕਰਮੀਆਂ ਤੇ ਬਾਰਾਮੁੱਲਾ ਜ਼ਿਲ੍ਹੇ ਵਿਚ ਪੁਲਿਸ ਅਧਿਕਾਰੀ ਦੀ ਜਾਨ ਗਈ। 27 ਅਗਸਤ ਨੂੰ ਕਸ਼ਮੀਰ ਵਿਚ ਫੌਜ ਨਾਲ ਰਾਤ ਭਰ ਚੱਲੇ ਮੁਕਾਬਲੇ ਦੌਰਾਨ ਇਕ ਅਤਿਵਾਦੀ ਜਿਉਂਦਾ ਫੜਿਆ ਜਦੋਂ ਕਿ ਚਾਰ ਮਾਰੇ ਗਏ। ਇਸੇ ਤਰ੍ਹਾਂ ਮਨੀਪੁਰ ਵਿਚ ਫੌਜੀਆਂ ਦੇ ਕਾਫਲੇ 'ਤੇ ਹੋਏ ਹਮਲੇ ਉਪਰੰਤ 10 ਜੂਨ ਨੂੰ ਭਾਰਤ ਦੇ ਕਰੀਬ 100 ਕਮਾਂਡੋਜ਼ ਨੇ ਮੀਆਂਮਾਰ ਵਿਚ ਤਕਰੀਬਨ 40 ਮਿੰਟਾਂ ਦਾ ਅਪ੍ਰੇਸ਼ਨ ਕਰਕੇ 100 ਤੋਂ ਵੀ ਵੱਧ ਬਾਗੀਆਂ ਨੂੰ ਮਾਰ ਮੁਕਾਇਆ।

## ਅਤਿਵਾਦ ਘਟਣ ਦੇ ਦਾਅਵੇ?

**ਕਰਾਚੀ:** ਦਸੰਬਰ 2014 ਵਿਚ ਪਿਸ਼ਾਵਰ ਦੇ ਆਰਮੀ ਸਕੂਲ ਵਿਚ ਹੋਏ ਹਮਲੇ ਨੂੰ ਇਕ ਸਾਲ ਹੋ ਗਿਆ ਹੈ। ਅਜਿਹੇ ਵਿਚ ਅਤਿਵਾਦੀ ਕਾਰਵਾਈਆਂ 'ਤੇ ਰੋਕ ਲਗਾਉਣ ਲਈ ਇਸ ਇਕ ਸਾਲ ਦੌਰਾਨ ਕੀ ਕਦਮ ਚੁੱਕੇ ਗਏ, ਮੀਡੀਆ ਵੱਲੋਂ ਲਗਾਤਾਰ ਇਸ ਦੀ ਸਮੀਖਿਆ ਕੀਤੀ ਜਾ ਰਹੀ ਹੈ। ਇਸ ਦਰਦਨਾਕ ਹਮਲੇ ਤੋਂ ਬਾਅਦ ਸਰਕਾਰ ਨੇ ਕਈ ਅਹਿਮ ਫੈਸਲੇ ਲਏ, ਦੇਸ਼ ਵਿਚ ਫਾਂਸੀ ਉਤੇ ਲੱਗੀ ਰੋਕ ਨੂੰ ਹਟਾ ਦਿੱਤਾ ਗਿਆ ਤੇ ਫੌਜੀ ਅਦਾਲਤਾਂ ਸਥਾਪਤ ਕੀਤੀਆਂ ਗਈਆਂ। ਮਾਹਿਰਾਂ ਮੁਤਾਬਕ ਸਰਕਾਰ ਦੀ ਇਸ ਸਖਤੀ ਤੋਂ ਬਾਅਦ ਕਾਫੀ ਹੱਦ ਤੱਕ ਵਾਰਦਾਤਾਂ 'ਤੇ ਰੋਕ ਲੱਗੀ ਹੈ ਤੇ ਦੇਸ਼ ਵਿਚ ਸੁਰੱਖਿਆ ਵਿਚ ਸੁਧਾਰ ਹੋਇਆ ਹੈ। ਹਾਲਾਂਕਿ ਕੁਝ ਅਖਬਾਰਾਂ ਦਾ ਕਹਿਣਾ ਹੈ ਕਿ 2014 ਤੋਂ ਬਾਅਦ ਵੀ ਹਮਲੇ ਨਹੀਂ ਰੁਕੇ। ਬੇਸ਼ੱਕ ਹਮਲੇ ਘਟੇ ਜ਼ਰੂਰ ਹੋ ਹੋਣ, ਪਰ ਇਸ ਨੂੰ ਲੈ ਕੇ ਜ਼ਿਆਦਾ ਸੁਧਾਰ ਕਰਨ ਦੀ ਲੋੜ ਹੈ। ਆਰਮੀ ਸਕੂਲ ਉਤੇ ਹੋਏ ਹਮਲੇ ਵਿਚ 140 ਮੌਤਾਂ ਹੋਈਆਂ ਸਨ।

# ਸੀਰੀਆ ਵਿਚ ਅਮਨ ਬਹਾਲੀ ਲਈ ਤਜਵੀਜ਼ ਮਨਜ਼ੂਰ



**ਸੰਯੁਕਤ ਰਾਸ਼ਟਰ:** ਸੰਯੁਕਤ ਰਾਸ਼ਟਰ ਸੁਰੱਖਿਆ ਕੌਂਸਲ ਨੇ ਪੰਜ ਸਾਲਾਂ ਤੋਂ ਜੰਗ ਨਾਲ ਜੂਝ ਰਹੇ ਸੀਰੀਆ ਵਿਚ ਸ਼ਾਂਤੀ ਬਹਾਲੀ ਲਈ ਸਰਕਾਰ ਤੇ ਵਿਦਰੋਹੀਆਂ ਵਿਚਾਲੇ ਗੱਲਬਾਤ ਦਾ ਦੌਰ ਸ਼ੁਰੂ ਕਰਨ ਵਾਲੇ ਇਕ ਪ੍ਰਸਤਾਵ ਨੂੰ ਸਰਬਸੰਮਤੀ ਨਾਲ ਸਵੀਕਾਰ ਕਰ ਲਿਆ ਹੈ, ਪਰ ਇਹ ਖਰੜਾ ਇਸ ਸਿਆਸੀ ਪਰਿਵਰਤਨ ਵਿਚ ਰਾਸ਼ਟਰਪਤੀ ਬਸ਼ਰ ਅਸਦ ਦੀ ਭੂਮਿਕਾ ਬਾਰੇ ਚੁੱਪ ਹੈ। 15 ਮੈਂਬਰੀ ਕੌਂਸਲ ਦੀ ਵਿਦੇਸ਼ ਮੰਤਰੀ ਪੱਧਰ ਦੀ ਬੈਠਕ ਵਿਚ ਸੰਯੁਕਤ ਰਾਸ਼ਟਰ ਦੇ ਮੁਖੀ ਬਾਨ ਕੀ-ਮੂਨ ਨੂੰ ਬੇਨਤੀ ਕੀਤੀ ਗਈ ਹੈ ਕਿ ਉਹ ਸਾਲ 2012 ਦੇ ਜਨੇਵਾ ਐਲਾਨਨਾਮੇ ਮੁਤਾਬਕ ਅਗਲੇ ਮਹੀਨੇ ਸੀਰੀਅਨ ਸਰਕਾਰ ਤੇ ਵਿਰੋਧੀ ਧਿਰ ਦੇ ਨੁਮਾਇੰਦਿਆਂ ਵਿਚਾਲੇ ਰਾਜਸੀ ਪਰਿਵਰਤਨ ਦੇ ਮੁੱਦੇ ਉਤੇ ਰਸਮੀ ਗੱਲਬਾਤ ਸ਼ੁਰੂ ਕਰਨ।

ਇਹ ਪਰਿਵਰਤਨ ਸਥਾਈ ਸ਼ਾਂਤੀ ਦੀ ਦਿਸ਼ਾ ਵੱਲ ਇਕ ਕਦਮ ਹੋਵੇਗਾ। ਇਹ ਪ੍ਰਸਤਾਵ ਨਵਾਂ ਸੰਵਿਧਾਨ ਘੜਨ ਤੇ ਸੰਯੁਕਤ ਰਾਸ਼ਟਰ ਦੀ ਨਿਗਰਾਨੀ ਵਿਚ 18 ਮਹੀਨਿਆਂ ਅੰਦਰ ਸੁਤੰਤਰ ਤੇ ਨਿਰਪੱਖ ਚੋਣਾਂ ਕਰਾਉਣ ਦੀ ਗੱਲ ਕਰਦਾ ਹੈ, ਜਿਸ ਤਹਿਤ ਪਰਵਾਸੀਆਂ ਸਮੇਤ ਸਾਰੇ ਸੀਰੀਆਈ ਲੋਕਾਂ ਨੂੰ ਮਤਦਾਨ ਦਾ ਅਧਿਕਾਰ ਹੋਵੇਗਾ।

# ਸੀਰੀਆ ਵਿਚ ਹਵਾਈ ਹਮਲਾ, 43 ਆਮ ਲੋਕਾਂ ਦੀ ਗਈ ਜਾਨ

**ਬੇਰੂਤ:** ਸੀਰੀਆ ਦੇ ਉੱਤਰ ਪੂਰਬੀ ਸ਼ਹਿਰ ਇਦਲੀਬ ਵਿਚ ਕੀਤੇ ਗਏ ਹਵਾਈ ਹਮਲੇ ਵਿਚ 43 ਲੋਕਾਂ ਦੀ ਮੌਤ ਹੋ ਗਈ। ਸਥਾਨਕ ਲੋਕਾਂ ਅਨੁਸਾਰ ਇਹ ਹਮਲਾ ਰੂਸੀ ਜਹਾਜ਼ਾਂ ਵੱਲੋਂ ਕੀਤਾ ਗਿਆ ਹੈ। ਮੀਡੀਆ ਰਿਪੋਰਟਾਂ ਅਨੁਸਾਰ ਲੜਾਕੂ ਜਹਾਜ਼ਾਂ ਨੇ ਬਾਜ਼ਾਰ, ਲੋਕਾਂ ਦੇ ਘਰਾਂ ਅਤੇ ਹੋਰ ਇਮਾਰਤਾਂ ਉੱਤੇ ਹਮਲੇ ਕੀਤੇ।

ਕਈ ਲੋਕਾਂ ਦੇ ਅਜੇ ਵੀ ਮਲਬੇ ਵਿਚ ਹੋਣ ਦੀ ਸੰਭਾਵਨਾ ਹੈ। ਰੂਸ ਨੇ ਸਤੰਬਰ ਮਹੀਨੇ ਵਿਚ ਸੀਰੀਆ ਦੇ ਰਾਸ਼ਟਰਪਤੀ ਬਸ਼ਰ ਅੱਲ ਅਸਦ ਦੇ ਸਮਰਥਨ ਵਿਚ ਹਵਾਈ ਹਮਲੇ ਕੀਤੇ ਸਨ। ਬਸ਼ਰ ਵਿਰੋਧੀ ਗੁੱਟਾਂ ਨੇ ਇਸੀ ਸਾਲ ਇਦਲੀਬ ਸ਼ਹਿਰ ਉੱਤੇ ਕਬਜ਼ਾ ਕੀਤਾ ਸੀ। ਇਸ ਕਰ ਕੇ ਰੂਸ ਦੇ ਜਹਾਜ਼ਾਂ ਵੱਲੋਂ ਇਥੇ ਬੰਬਾਰੀ ਕੀਤੀ ਗਈ ਹੈ। ਰੱਕਾ ਤੋਂ ਬਾਅਦ ਇਦਲੀਬ ਦੂਜਾ ਵੱਡਾ ਸ਼ਹਿਰ ਹੈ ਜਿਥੇ ਵਿਰੋਧੀ ਗੁੱਟਾਂ ਨੇ ਕਬਜ਼ਾ ਕਰ ਲਿਆ ਹੈ।

# ਨਾਰਵੇ ਤੇ ਆਸਟਰੇਲੀਆ ਸਰਵੋਤਮ ਮੁਲਕ

**ਸਿਡਨੀ:** ਸੰਯੁਕਤ ਰਾਸ਼ਟਰ ਦੀ ਰਿਪੋਰਟ ਵਿਚ ਸਰਵੋਤਮ ਮੁਲਕਾਂ ਵਿਚ ਨਾਰਵੇ ਨੂੰ ਪਹਿਲਾ ਤੇ ਆਸਟਰੇਲੀਆ ਨੂੰ ਦੂਜਾ ਦਰਜਾ ਮਿਲਿਆ ਹੈ। ਇਹ ਦਰਜਾ ਤਿੰਨ ਵਿਆਪਕ ਖੇਤਰਾਂ ਵਿਚ ਜੀਵਨ ਪੱਧਰ ਦੇ ਮਾਪਦੰਡਾਂ ਅਨੁਸਾਰ ਤੈਅ ਕੀਤਾ ਗਿਆ ਹੈ।

ਕੁੱਲ 188 ਦੇਸ਼ਾਂ ਦੀ ਮਨੁੱਖੀ ਵਿਕਾਸ ਅੰਕੜਾ ਰਿਪੋਰਟ ਵਿਚ ਆਸਟਰੇਲੀਆ ਦੇ ਇਕ ਅੰਕ ਵਿਚ ਵੱਧ ਤੋਂ ਵੱਧ 0.935 ਅੰਕ ਮਾਪੇ ਗਏ ਹੈ, ਜੋ ਨਾਰਵੇ ਤੋਂ ਪਿੱਛੇ ਤੇ ਸਵਿਟਜ਼ਰਲੈਂਡ ਤੋਂ ਅੱਗੇ ਹੈ। ਭਾਰਤ 130ਵੇਂ ਸਥਾਨ ਉਤੇ ਹੈ, ਜਿਸ ਦਾ ਮਨੁੱਖੀ ਵਿਕਾਸ ਅੰਕੜਾ 0.609 ਹੈ। ਪਾਕਿਸਤਾਨ 147ਵੇਂ ਨੰਬਰ ਉਤੇ ਆਇਆ ਹੈ, ਜਿਸ ਦਾ ਮਨੁੱਖੀ ਵਿਕਾਸ ਅੰਕੜਾ 0.538 ਹੈ।

ਸੰਯੁਕਤ ਰਾਸ਼ਟਰ ਨੇ ਸੰਸਾਰ ਦੇ ਵੱਖ-ਵੱਖ ਦੇਸ਼ਾਂ ਦੀ ਆਰਥਿਕਤਾ, ਸਿੱਖਿਆ ਤੇ ਜੀਵਨ ਕਾਲ ਦਾ ਡਾਟਾ ਤਿਆਰ ਕੀਤਾ ਹੈ। ਇਸ ਵਿਚ ਆਸਟਰੇਲੀਆ ਨੂੰ ਦੂਜਾ ਵਧੀਆ ਦੇਸ਼ ਹੋਣ ਦਾ ਮਾਣ ਮਿਲਿਆ ਹੈ। ਆਸਟਰੇਲੀਆ ਵਿਚ 13 ਸਾਲ ਦੀ ਸਕੂਲੀ ਪੜ੍ਹਾਈ ਬਾਅਦ ਪ੍ਰਤੀ ਵਿਅਕਤੀ ਕੁੱਲ ਕੌਮੀ ਆਮਦਨ 58618 ਡਾਲਰ ਹੈ। ਉਹ ਔਸਤਨ 82.5 ਸਾਲ ਉਮਰ ਭੋਗਦੇ ਹਨ।

ਇਹ ਵੀ ਪਾਇਆ ਗਿਆ ਕਿ ਔਸਤਨ ਔਰਤਾਂ ਚਾਰ ਸਾਲ ਵਧੇਰੇ ਉਮਰ ਭੋਗਦੀਆਂ ਹਨ। ਉਨ੍ਹਾਂ ਦੀ ਕੁੱਲ ਕੌਮੀ ਆਮਦਨ 46727 ਡਾਲਰ ਹੈ। ਉਹ ਪੁਰਸ਼ਾਂ ਨਾਲੋਂ ਜ਼ਿਆਦਾ ਪੜ੍ਹਦੀਆਂ ਹਨ ਪਰ ਪੁਰਸ਼ਾਂ ਦੀ ਕੌਮੀ ਆਮਦਨ ਔਰਤਾਂ ਦੇ ਮੁਕਾਬਲੇ ਕਾਫੀ ਜ਼ਿਆਦਾ 70620 ਡਾਲਰ ਹੈ। ਨਾਰਵੇ ਜੋ ਆਸਟਰੇਲੀਆ ਨਾਲੋਂ ਅੱਗੇ ਹੈ, ਵਿਚ ਸਕੂਲੀ ਪੜ੍ਹਾਈ 12.6 ਸਾਲ ਹੈ ਤੇ ਔਸਤਨ ਉਮਰ 81.6 ਹੈ, ਜੋ ਦੋਵੇਂ ਆਸਟਰੇਲੀਆ ਨਾਲੋਂ ਘੱਟ ਹੈ ਪਰ ਨਾਰਵੇ ਦੀ ਪ੍ਰਤੀ ਕੌਮੀ ਆਮਦਨ 90148 ਡਾਲਰ ਹੈ, ਜੋ ਆਸਟਰੇਲੀਆ ਨਾਲੋਂ ਕਾਫੀ ਜ਼ਿਆਦਾ ਹੈ। ਆਸਟਰੇਲੀਆ ਪਿਛਲੇ ਸਾਲ ਵੀ ਦੂਜੇ ਨੰਬਰ 'ਤੇ ਆਇਆ ਸੀ। ਸਾਲ 1990 ਤੋਂ 2014 ਤੱਕ ਆਸਟਰੇਲੀਆ ਨੇ 32 ਅੰਕਾਂ ਦਾ ਵਾਧਾ ਕੀਤਾ ਹੈ। ਇਸ ਦਾ ਗੁਆਂਢੀ ਮੁਲਕ ਨਿਊਜ਼ੀਲੈਂਡ 7ਵੇਂ ਸਥਾਨ ਤੋਂ ਖਿਸਕ ਕੇ 9ਵੇਂ ਸਥਾਨ ਉਤੇ ਪਹੁੰਚ ਗਿਆ ਹੈ ਜਦੋਂ ਕਿ ਇੰਗਲੈਂਡ 14ਵੇਂ ਸਥਾਨ ਉਤੇ ਹੈ।



## ਭਾਰਤ ਦਾ ਆਇਆ 130ਵਾਂ ਨੰਬਰ

**ਨਵੀਂ ਦਿੱਲੀ:** ਭਾਰਤ 130ਵੇਂ ਸਥਾਨ ਉਤੇ ਹੈ, ਜਿਸ ਦਾ ਮਨੁੱਖੀ ਵਿਕਾਸ ਅੰਕੜਾ 0.609 ਹੈ। ਪਾਕਿਸਤਾਨ 147ਵੇਂ ਨੰਬਰ ਉਤੇ ਆਇਆ ਹੈ, ਜਿਸ ਦਾ ਮਨੁੱਖੀ ਵਿਕਾਸ ਅੰਕੜਾ 0.538 ਹੈ। ਭਾਰਤ ਵਿਚ ਸਕੂਲੀ ਪੜ੍ਹਾਈ ਵਿਚ 11.7, ਔਸਤਨ ਉਮਰ 68 ਸਾਲ ਤੇ ਕੌਮੀ ਆਮਦਨ ਪ੍ਰਤੀ ਵਿਅਕਤੀ ਸਾਲਾਨਾ 5497 ਡਾਲਰ ਹੈ। ਮਨੁੱਖੀ ਵਿਕਾਸ ਦਰ ਵਿਚ ਹੇਠਲੇ ਨੰਬਰ ਉਤੇ ਸੈਂਟਰਲ ਅਫਰੀਕਨ ਰਿਪਬਲਿਕ, ਰਿਪਬਲਿਕ ਆਫ ਕਾਂਗੋ ਅਤੇ ਹੋਰ ਦੇਸ਼ ਸ਼ਾਮਲ ਹਨ।

# ਮਾਓਵਾਦੀ ਆਤਮ-ਸਮਰਪਣਾਂ ਦਾ ਕੱਚ-ਸੱਚ

***ਅਖ਼ਬਾਰਾਂ ਨੇ ਸੁਰਖ਼ੀਆਂ ਨਾਲ ਰਿਪੋਰਟ ਛਾਪੀ ਸੀ ਕਿ ਮਾਓਵਾਦੀਆਂ ਦੇ ਗੜ੍ਹ ਬਸਤਰ ਦੇ ਸੁਕਮਾ ਜ਼ਿਲ੍ਹੇ ਅੰਦਰ 26 ਮਾਓਵਾਦੀਆਂ ਨੇ ਹਿੰਸਾ ਦੀ ਵਿਚਾਰਧਾਰਾ ਤੋਂ ਤੌਬਾ ਕਰ ਕੇ ਪੁਲਿਸ ਅੱਗੇ ਆਤਮ-ਸਮਰਪਣ ਕਰ ਦਿੱਤਾ ਹੈ। ਇਸ ਨੂੰ ਬਸਤਰ ਵਿਚ ਨਕਸਲਵਾਦ ਵਿਰੁੱਧ ਹਿੰਦੁਸਤਾਨੀ ਰਾਜ ਵਲੋਂ ਲੜੀ ਜਾ ਰਹੀ ਫ਼ੈਸਲਾਕੁਨ ਲੜਾਈ ਦੀ ਵੱਡੀ ਕਾਮਯਾਬੀ ਬਣਾ ਕੇ ਵਡਿਆਇਆ ਗਿਆ ਅਤੇ ਆਦਿਵਾਸੀਆਂ ਦਾ ਮਾਓਵਾਦੀ ਹਿੰਸਾ ਤੋਂ ਮੋਹ-ਭੰਗ ਹੋਣ ਦਾ ਸਬੂਤ ਬਣਾ ਕੇ ਪੇਸ਼ ਕੀਤਾ ਗਿਆ, ਪਰ ਜ਼ਮੀਨੀ ਹਕੀਕਤ ਕੁਝ ਹੋਰ ਹੀ ਹੈ। ਜਿਵੇਂ ਮਸ਼ਹੂਰ ਪੱਤਰਕਾਰ ਕਿਸ਼ਾਲੇ ਭੱਟਾਚਾਰਜੀ ਨੇ ਆਪਣੀ ਕਿਤਾਬ 'ਖ਼ੂਨ ਨਾਲ ਲਿੱਬੜੇ ਮੇਰੇ ਹੱਥ' ਵਿਚ ਇਕ ਗੁੰਮਨਾਮ ਫ਼ੌਜੀ ਅਧਿਕਾਰੀ ਦੀ ਜ਼ਬਾਨੀ ਕਸ਼ਮੀਰ ਅਤੇ ਉਤਰ-ਪੂਰਬੀ ਰਾਜਾਂ ਵਿਚ ਹਿੰਦੁਸਤਾਨੀ ਫ਼ੌਜ ਵਲੋਂ ਬਣਾਏ ਜਾ ਰਹੇ ਅਖੌਤੀ ਮੁਕਾਬਲਿਆਂ ਅਤੇ ਆਤਮ-ਸਮਰਪਣਾਂ ਦੇ 'ਕਮਾਈ ਵਾਲੇ ਕਾਰੋਬਾਰ' ਦਾ ਸੱਚ ਸਾਹਮਣੇ ਲਿਆ ਕੇ ਹਿੰਦੁਸਤਾਨੀ ਸਟੇਟ ਦੀ ਚਾਣਕੀਆ ਨੀਤੀ ਦਾ ਖ਼ੁਲਾਸਾ ਕੀਤਾ ਹੈ, ਉਸੇ ਤਰ੍ਹਾਂ ਮਾਓਵਾਦੀ ਗੜ੍ਹਾਂ- ਛੱਤੀਸਗੜ੍ਹ, ਝਾਰਖੰਡ, ਉੜੀਸਾ ਆਦਿ, ਅੰਦਰ ਚਲ ਰਹੇ ਅਖੌਤੀ ਆਤਮ-ਸਮਰਪਣ ਦੇ ਵੱਡੇ ਸਕੈਂਡਲਾਂ ਦਾ ਪਹਿਲਾਂ ਵੀ ਕਈ ਵਾਰ ਪਰਦਾਫਾਸ਼ ਹੋ ਚੁੱਕਾ ਹੈ। ਵੈੱਬ ਮੈਗਜ਼ੀਨ 'ਸਕਰੌਲ' ਦੀ ਹੱਥਲੀ ਰਿਪੋਰਟ ਵਿਚ ਸੋਸ਼ਲ ਮੀਡੀਆ ਪੱਤਰਕਾਰ ਮਾਲਿਨੀ ਸੁਬਰਾਮਨੀਅਮ ਨੇ ਹਾਲੀਆ ਆਤਮ-ਸਮਰਪਣ ਦੀ ਅਸਲ ਕਹਾਣੀ ਬਿਆਨ ਕੀਤੀ ਹੈ। ਇਸ ਦਾ ਤਰਜਮਾ ਤੇ ਪੇਸ਼ਕਸ਼ ਸਾਡੇ ਕਾਲਮਨਵੀਸ ਬੂਟਾ ਸਿੰਘ ਦੀ ਹੈ।***

ਜਦੋਂ 8 ਦਸੰਬਰ ਨੂੰ ਬਦਰੂ ਨੇ ਦੋਰਨਾਪਾਲ ਥਾਣੇ ਵਿਚ ਜਾ ਕੇ ਆਪਣੀ ਹਾਜ਼ਰੀ ਲਵਾਈ, ਉਸ ਨੂੰ ਪਤਾ ਲੱਗਿਆ ਕਿ ਉਸ ਦੇ ਗ੍ਰਿਫ਼ਤਾਰੀ ਵਾਰੰਟ ਕੱਢੇ ਗਏ ਸਨ।

ਇਕ ਦਿਨ ਪਹਿਲਾਂ, ਐੱਸ.ਐੱਚ.ਓ. ਨੇ ਚਿੰਤਲਨਾਰ ਪਿੰਡ ਵਿਚ ਸੁਨੇਹਾ ਘੱਲ ਕੇ, ਜਿਥੇ ਇਹ 25 ਸਾਲਾ ਨਲਕਿਆਂ ਦਾ ਮਿਸਤਰੀ ਰਹਿ ਰਿਹਾ ਸੀ, ਉਸ ਨੂੰ ਦੋਰਨਾਪਾਲ ਥਾਣੇ ਹਾਜ਼ਰ ਹੋਣ ਦੀ ਹਦਾਇਤ ਕੀਤੀ ਸੀ। ਇਹ ਕਸਬਾ ਛੱਤੀਸਗੜ੍ਹ ਦੇ ਬਸਤਰ ਖੇਤਰ ਵਿਚ ਸੁਕਮਾ ਜ਼ਿਲ੍ਹੇ ਵਿਚ ਹੈ, ਜਿਥੇ ਲੰਮੇ ਸਮੇਂ ਤੋਂ ਮਾਓਵਾਦੀ ਬਗ਼ਾਵਤ ਚੱਲ ਰਹੀ ਹੈ।

ਟੁੱਟੀ ਹੋਈ ਸੜਕ ਉੱਪਰ 14 ਕਿਲੋਮੀਟਰ ਪੈਂਡਾ ਗਾਹ ਕੇ ਬਦਰੂ ਨੂੰ ਇਹੋ ਪਤਾ ਲੱਗਿਆ ਕਿ ਪੁਲਿਸ ਨੇ ਉਸ ਦੇ ਖ਼ਿਲਾਫ਼ 2010 ਦਾ ਬਲਾਤਕਾਰ ਦਾ ਮਾਮਲਾ ਕੱਢ ਲਿਆ ਸੀ। ਉਸ ਨੇ ਗ੍ਰਿਫ਼ਤਾਰੀ ਦੇਣ ਲਈ ਮਨ ਕਰੜਾ ਕਰ ਲਿਆ ਸੀ, ਪਰ ਇਸ ਦੀ ਬਜਾਏ ਉਸ ਨੂੰ ਦੱਸਿਆ ਗਿਆ ਕਿ ਉਹ ਮਾਓਵਾਦੀ ਵਜੋਂ 'ਆਤਮ-ਸਮਰਪਣ' ਕਰ ਸਕਦਾ ਸੀ। ਇਉਂ ਕਰ ਕੇ ਉਹ ਮਾਮਲੇ ਤੋਂ ਸੁਰਖ਼ਰੂ ਹੋ ਸਕਦਾ ਸੀ ਅਤੇ ਇਨਾਮ ਵੀ ਲੈ ਸਕਦਾ ਸੀ।

ਚੌਵੀ ਸਾਲਾ ਰਮੇਸ਼ ਜੋ ਚਿੰਤਲਨਾਰ ਵਿਚ ਦੁਕਾਨ ਕਰਦਾ ਹੈ, ਵੀ ਇਸੇ ਕੁੜਿੱਕੀ ਵਿਚ ਆਇਆ ਹੋਇਆ ਸੀ। ਚਿੰਤਲਨਾਰ ਦੇ ਇਕ ਐੱਸ.ਪੀ.ਓ. (ਸਪੈਸ਼ਲ ਪੁਲਿਸ ਆਫ਼ੀਸਰ) ਨਾਗੇਸ਼ ਦੇ ਕਤਲ ਵਿਚ ਸ਼ਾਮਲ ਹੋਣ ਦੇ ਇਲਜ਼ਾਮ ਤਹਿਤ ਉਸ ਦੇ ਵਾਰੰਟ ਕੱਢੇ ਗਏ ਸਨ ਜਿਸ ਨੂੰ ਕਥਿਤ ਤੌਰ 'ਤੇ ਮਾਰਨ ਦਾ ਇਲਜ਼ਾਮ ਮਾਓਵਾਦੀਆਂ ਉਪਰ ਲਾਇਆ ਗਿਆ ਸੀ।

ਇਸੇ ਤਰ੍ਹਾਂ ਦਾ ਮਾਮਲਾ ਇਕ ਹੋਰ ਦੁਕਾਨਦਾਰ ਗੋਵਿੰਦ ਦੇ ਖ਼ਿਲਾਫ਼ ਦਰਜ ਸੀ ਜੋ ਕਹਿੰਦਾ ਹੈ ਕਿ ਉਸ ਨੇ ਉਹ ਕਤਲ ਹੁੰਦਾ ਤਾਂ ਦੇਖਿਆ ਸੀ ਜੋ ਉਸ ਦੀ ਦੁਕਾਨ ਅੱਗੇ ਹੋਇਆ ਸੀ, ਪਰ ਉਸ ਦਾ ਕਤਲ ਨਾਲ ਕੋਈ ਲਾਗਾ-ਦੇਗਾ ਨਹੀਂ। ਉਸ ਨੂੰ ਦੋ ਵਿਚੋਂ ਇਕ ਚੁਣਨ ਲਈ ਕਿਹਾ ਗਿਆ: ਜਾਂ ਤਾਂ ਆਤਮ-ਸਮਰਪਣ ਕੀਤਾ ਨਕਸਲੀ ਬਣ ਜਾ, ਤੇ ਜਾਂ ਗ੍ਰਿਫ਼ਤਾਰੀ ਦਾ ਸਾਹਮਣਾ ਕਰ।

ਬਦਰੂ, ਰਮੇਸ਼ ਅਤੇ ਗੋਵਿੰਦ ਨੇ ਪਹਿਲਾ ਰਾਹ ਚੁਣਿਆ। ਹਦਾਇਤ ਅਨੁਸਾਰ, ਅਗਲੇ ਦਿਨ ਉਹ ਦੋਰਨਾਪਾਲ ਅਤੇ ਚਿੰਤਲਨਾਰ ਦਰਮਿਆਨ ਪੈਂਦੇ ਥਾਣੇ ਪੋਲਮਪਲੀ ਵਿਚ ਜਾ ਹਾਜ਼ਰ ਹੋਏ ਜਿਥੇ ਉਨ੍ਹਾਂ ਦੀ ਤਰ੍ਹਾਂ ਹੀ ਹੋਰ 23 ਜਣੇ 'ਆਤਮ-ਸਮਰਪਣ ਕੀਤੇ ਮਾਓਵਾਦੀਆਂ'' ਵਜੋਂ ਕਤਾਰ ਬਣਾਈ ਖੜ੍ਹੇ ਸਨ।

ਅਗਲੀ ਸਵੇਰ ਮੁਕਾਮੀ ਅਖ਼ਬਾਰਾਂ ਵਿਚ ਆਤਮ-ਸਮਰਪਣ ਦੀਆਂ ਸੁਰਖ਼ੀਆਂ ਸਨ। ਅਖ਼ਬਾਰਾਂ ਨੇ ਰਿਪੋਰਟ ਦਿੱਤੀ ਕਿ ਪੰਜ 'ਵਾਰੰਟਡ' ਮਾਓਵਾਦੀਆਂ ਸਮੇਤ 26 ਮਾਓਵਾਦੀਆਂ ਨੇ ਹੋਰ ਪੁਲਿਸ ਅਧਿਕਾਰੀਆਂ ਅਤੇ ਸਿਵਲ ਪ੍ਰਸ਼ਾਸਨ ਸਮੇਤ ਬਸਤਰ ਦੇ ਇੰਸਪੈਕਟਰ ਜਨਰਲ ਐੱਸ.ਆਰ.ਪੀ. ਕਲੂਰੀ ਦੀ ਮੌਜੂਦਗੀ ਵਿਚ ਆਤਮ-ਸਮਰਪਣ ਕੀਤਾ ਸੀ। 'ਟਾਈਮਜ਼ ਆਫ ਇੰਡੀਆ' ਨੇ ਆਤਮ-ਸਮਰਪਣ ਨੂੰ 'ਬਸਤਰ ਖੇਤਰ ਵਿਚ ਨਕਸਲਵਾਦ ਵਿਰੁੱਧ ਛੱਤੀਸਗੜ੍ਹ ਪੁਲਿਸ ਦੀ ਲੜਾਈ ਵਿਚ ਇਸ ਦੀ ਵੱਡੀ ਕਾਮਯਾਬੀ' ਕਰਾਰ ਦਿੱਤਾ।

ਸੁਕਮਾ ਦੇ ਐੱਸ.ਪੀ. ਸ੍ਰੀ ਡੀ. ਸਰਵਣ ਦਾ ਬਿਆਨ ਹੈ- "ਇਹ ਪਹਿਲੀ ਦਫ਼ਾ ਹੈ ਕਿ ਇਥੇ ਐਸੇ ਆਤਮ-ਸਮਰਪਣ ਹੋਏ ਹਨ... ਜੋ ਸੀ.ਪੀ.ਆਈ. (ਮਾਓਵਾਦੀ) ਦੀ ਵਿਚਾਰਧਾਰਾ ਨੂੰ ਤਿਲਾਂਜਲੀ ਦੇ ਕੇ ਆ ਰਹੇ ਹਨ ਅਤੇ ਮੁੱਖਧਾਰਾ ਜਮਹੂਰੀਅਤ ਵਿਚ ਸ਼ਾਮਲ ਹੋਣ ਦੇ ਚਾਹਵਾਨ ਹਨ, ਪੁਲਿਸ ਉਨ੍ਹਾਂ ਨੂੰ ਜੀ ਆਇਆਂ ਨੂੰ ਕਹੇਗੀ। ਇਹ ਜ਼ਰੂਰੀ ਨਹੀਂ ਉਹ ਆਪਣੇ ਹਥਿਆਰਾਂ ਸਮੇਤ ਆਉਣ।"



### ਲੜਾਈ ਦਾ ਖੇਤਰ

ਚਿੰਤਲਨਾਰ ਸੁਕਮਾ ਦੇ ਜ਼ਿਲ੍ਹਾ ਸਦਰ ਮੁਕਾਮ ਤੋਂ ਲਗਭਗ ਅੱਸੀ ਕਿਲੋਮੀਟਰ ਦੂਰ ਮਾਓਵਾਦੀ ਕਬਜ਼ੇ ਵਾਲੇ ਖੇਤਰ ਅੰਦਰ ਪੈਂਦਾ ਹੈ ਜੋ ਬਸਤਰ ਖਿੱਤੇ ਵਿਚ ਹੈ। ਇਹ ਪਿੰਡ ਕਦੇ ਚਹਿਲ-ਪਹਿਲ ਵਾਲੀ ਮੰਡੀ ਹੁੰਦਾ ਸੀ ਜਿਥੇ ਵਪਾਰੀ ਲੱਕੜੀ ਤੇ ਜੰਗਲੀ ਉਪਜਾਂ ਦੀ ਖ਼ਰੀਦੋ-ਫ਼ਰੋਖ਼ਤ ਕਰਦੇ ਸਨ ਜੋ ਗੁਆਂਢੀ ਆਂਧਰਾ ਪ੍ਰਦੇਸ਼ ਅਤੇ ਮਹਾਂਰਾਸ਼ਟਰ ਵਿਚ ਭੇਜੀਆਂ ਜਾਂਦੀਆਂ ਹਨ। ਇਹ ਪਿੰਡ 2010 ਦੇ ਹੁਨਾਲ ਵਿਚ ਉਦੋਂ ਮਸ਼ਹੂਰ ਹੋਇਆ ਜਦੋਂ ਇਥੇ ਮਾਓਵਾਦੀਆਂ ਨੇ ਸਵੇਰੇ ਸਾਝਰੇ ਘਾਤ ਲਗਾ ਕੇ ਲਾਗੇ ਦੇ ਪਿੰਡ ਵਿਚ ਸੁੱਤੇ ਪਏ ਸਰਕਾਰੀ ਸੁਰੱਖਿਆ ਤਾਕਤਾਂ ਦੇ 76 ਜਵਾਨਾਂ ਨੂੰ ਮਾਰ ਮੁਕਾਇਆ। ਉਦੋਂ ਤੋਂ ਹੀ, ਸਟੇਟ ਨੇ ਇਲਾਕੇ ਵਿਚ ਵਧੇਰੇ ਸੁਰੱਖਿਆ ਕੈਂਪ ਬਣਾ ਦਿੱਤੇ ਹਨ ਅਤੇ ਸ਼ਾਇਦ ਹੀ ਕੋਈ ਮਹੀਨਾ ਐਸਾ ਗੁਜ਼ਰਦਾ ਹੈ ਜਦੋਂ ਚਿੰਤਲਨਾਰ ਦੇ 20-25 ਕਿਲੋਮੀਟਰ ਦੇ ਘੇਰੇ ਵਿਚ ਪੈਂਦੇ ਪਿੰਡਾਂ ਤੋਂ ਮੁਕਾਬਲਿਆਂ, ਬੰਬ ਧਮਾਕਿਆਂ, ਗ੍ਰਿਫ਼ਤਾਰੀਆਂ ਦੀ ਖ਼ਬਰ ਨਾ ਆਉਂਦੀ ਹੋਵੇ।

2011 ਵਿਚ, ਸੁਰੱਖਿਆ ਬਲਾਂ ਵਲੋਂ ਮਾਓਵਾਦੀਆਂ ਵਿਰੁੱਧ ਮੁਹਿੰਮ ਦੌਰਾਨ ਕਥਿਤ ਤੌਰ 'ਤੇ ਤਿੰਨ ਪਿੰਡ ਸਾੜ ਦਿੱਤੇ ਗਏ ਸਨ। ਇਨ੍ਹਾਂ ਪਿੰਡ ਵਾਲਿਆਂ ਦੀ ਸ਼ਿਕਾਇਤ ਦੇ ਆਧਾਰ 'ਤੇ ਸੀ.ਬੀ.ਆਈ. ਦੀ ਜਾਂਚ ਅਜੇ ਵੀ ਕਿਸੇ ਤਣ-ਪੱਤਣ ਨਹੀਂ ਲੱਗੀ।

ਨਵੇਂ ਬਣਾਏ ਸੁਰੱਖਿਆ ਤਾਕਤਾਂ ਦੇ ਕੈਂਪਾਂ ਵਿਚ ਘਿਰੇ ਚਿੰਤਲਨਾਰ ਅਤੇ ਲਾਗੇ ਦੇ ਪਿੰਡਾਂ ਦਾ ਹਰ ਬੰਦਾ ਸਟੇਟ ਦੀਆਂ ਨਜ਼ਰਾਂ ਵਿਚ ਸ਼ੱਕੀ ਹੈ- ਸਥਾਨਕ ਆਦਿਵਾਸੀ, ਯੂ.ਪੀ. ਤੇ ਬਿਹਾਰ ਦੇ ਵਪਾਰੀ ਭਾਈਚਾਰੇ ਦੇ ਗ਼ੈਰ-ਆਦਿਵਾਸੀ, 70ਵਿਆਂ ਤੋਂ ਇਥੇ ਰਹਿ ਰਿਹਾ ਬੰਗਾਲੀ ਭਾਈਚਾਰਾ, ਅਤੇ ਬਾਕੀ ਦੇ ਸਾਰੇ। ਪਿੰਡਾਂ ਦੇ ਲੋਕਾਂ ਨੂੰ ਅਕਸਰ ਥਾਣੇ ਬੁਲਾਇਆ ਜਾਂਦਾ ਹੈ ਅਤੇ ਮਾਓਵਾਦੀਆਂ ਬਾਰੇ ਜਾਣਕਾਰੀ ਦੇਣ ਲਈ ਕਿਹਾ ਜਾਂਦਾ ਹੈ, ਇਹ ਪੁਲਿਸ ਵਲੋਂ ਸੱਦੇ ਗਏ ਪੰਦਰਾਂ ਨੌਜਵਾਨਾਂ ਵਿਚੋਂ ਇਕ ਭੂਸ਼ਨ ਦਾ ਕਹਿਣਾ ਹੈ।

### ਪੁਲਿਸ ਦੇ ਸੰਮਨ

ਚਿੰਤਲਨਾਰ ਦੇ ਬਾਸ਼ਿੰਦਿਆਂ ਅਨੁਸਾਰ, 7 ਦਸੰਬਰ ਨੂੰ ਮੁਕਾਮੀ ਥਾਣੇ ਦੇ ਐੱਸ.ਐੱਚ.ਓ. ਨੇ 15 ਨੌਜਵਾਨਾਂ ਨੂੰ ਜ਼ਬਾਨੀ ਹੁਕਮ ਭੇਜ ਕੇ ਅਗਲੇ ਦਿਨ ਦੋਰਨਾਪਾਲ ਥਾਣੇ ਹਾਜ਼ਰ ਹੋਣ ਲਈ ਕਿਹਾ।

ਇਨ੍ਹਾਂ ਵਿਚੋਂ ਜ਼ਿਆਦਾਤਰ ਨੌਜਵਾਨ ਸਥਾਨਕ ਕਾਰੋਬਾਰੀ ਭਾਈਚਾਰੇ ਨਾਲ ਸਬੰਧਤ ਹਨ ਜਿਨ੍ਹਾਂ ਦਾ ਪਿਛੋਕੜ ਉੱਤਰ ਪ੍ਰਦੇਸ਼ ਅਤੇ ਬਿਹਾਰ ਹੈ। ਇਹ ਪਰਵਾਸੀ ਪਰਿਵਾਰ ਜਾਂ ਤਾਂ ਚਿੰਤਲਨਾਰ ਵਿਚ ਦੁਕਾਨਾਂ ਕਰਦੇ ਸਨ, ਜਾਂ ਦੋਰਨਾਪਾਲ ਤੋਂ ਚਿੰਤਲਨਾਰ ਤਕ ਸਵਾਰੀਆਂ ਢੋਣ ਦਾ ਟਰਾਂਸਪੋਰਟ ਦਾ ਕਾਰੋਬਾਰ ਕਰਦੇ ਸਨ ਜੋ ਇਨ੍ਹਾਂ ਇਲਾਕਿਆਂ ਵਿਚ ਕਮਾਈ ਵਾਲਾ ਕਾਰੋਬਾਰ ਹੈ।

ਜਿਨ੍ਹਾਂ ਨੂੰ ਸੱਦਿਆ ਗਿਆ ਸੀ, ਉਨ੍ਹਾਂ ਵਿਚੋਂ ਸੁਨੀਲ, ਅਰਵਿੰਦ, ਬਦਰੂ, ਗੋਵਿੰਦ, ਭੂਸ਼ਨ, ਰਵੀ ਅਤੇ ਹੋਰ ਕਈਆਂ ਨੇ ਆਗਿਆਕਾਰ ਹੋ ਕੇ ਹੁਕਮਾਂ ਦੀ ਤਾਮੀਲ ਕੀਤੀ। ਥਾਣੇ ਵਿਚ ਕੁਝ ਘੰਟੇ ਪੁੱਛਗਿੱਛ ਕਰਨ ਤੋਂ ਬਾਅਦ ਪੁਲਿਸ ਨੇ ਬਦਰੂ, ਗੋਵਿੰਦ ਅਤੇ ਸੁਨੀਲ ਨੂੰ ਛੱਡ ਕੇ ਬਾਕੀਆਂ ਨੂੰ ਛੱਡ ਦਿੱਤਾ। ਉਨ੍ਹਾਂ ਤਿੰਨਾਂ ਨੂੰ 'ਆਤਮ-ਸਮਰਪਣ' ਵਿਚ ਸ਼ਾਮਲ ਹੋਣ ਵਾਸਤੇ ਦੁਬਾਰਾ ਹਾਜ਼ਰ ਹੋਣ ਲਈ ਕਿਹਾ ਗਿਆ, ਕਿਉਂਕਿ ਉਨ੍ਹਾਂ ਦੇ ਵਾਰੰਟ ਕੱਢੇ ਗਏ ਸਨ। ਭੂਸ਼ਨ ਨੂੰ ਭਾਵੇਂ ਇਹ ਰਾਹਤ ਤਾਂ ਸੀ ਕਿ ਪੁਲਿਸ ਨੇ ਉਸ ਨੂੰ ਘਰ ਜਾਣ ਦੀ ਇਜਾਜ਼ਤ ਦੇ ਦਿੱਤੀ ਸੀ, ਫਿਰ ਵੀ ਉਸ ਨੂੰ ਡਰ ਸੀ ਕਿ ਇਹ ਮੁਸੀਬਤਾਂ ਦਾ ਅੰਤ ਨਹੀਂ।

ਸਥਾਨਕ ਦੁਕਾਨਦਾਰ ਗੋਵਿੰਦ ਅਗਲੇ ਦਿਨ ਆਤਮ-ਸਮਰਪਣ ਦੇ ਨਾਟਕ ਤੋਂ ਬਾਅਦ ਘਰ ਮੁੜਿਆ, ਪਰ ਉਹ ਐਨਾ ਸਦਮੇ ਵਿਚ ਸੀ ਕਿ ਕਿਸੇ ਦੇ ਮੱਥੇ ਲੱਗਣ ਤੋਂ ਕਤਰਾ ਰਿਹਾ ਸੀ। "ਗੋਵਿੰਦ ਜਦੋਂ ਤੋਂ ਇਲਾਕੇ ਵਿਚ ਰੋਟੀ-ਰੋਜ਼ੀ ਕਮਾਉਣ ਲਈ ਇਥੇ ਆਇਆ ਹੈ, ਪੰਦਰਾਂ ਸਾਲ ਤੋਂ ਉਹ ਇਹ ਦੁਕਾਨ ਕਰ ਰਿਹਾ ਹੈ", ਇਕ ਪਿੰਡ ਵਾਲੇ ਨੇ ਦੱਸਿਆ। "ਉਹ ਕਦੇ ਵੀ ਦੁਕਾਨ ਛੱਡ ਕੇ ਇਧਰ-ਉਧਰ ਨਹੀਂ ਗਿਆ। ਉਹ ਤਾਂ ਅੱਧਾ ਕਿਲੋਮੀਟਰ ਵੀ ਦੌੜ ਨਹੀਂ ਸਕਦਾ, ਉਹ ਕਿਵੇਂ ਕਹਿ ਸਕਦੇ ਹਨ ਉਹ ਨਕਸਲੀ ਹੈ?"

ਬਦਰੂ ਦੀ ਭੈਣ ਉਸ ਬਾਬਤ ਕਹਿੰਦੀ ਹੈ: "ਉਹ ਐਨੀ ਜ਼ਿਆਦਾ ਪੀਂਦਾ ਹੈ, ਉਹ ਤਾਂ ਸਿੱਧਾ ਹੋ ਕੇ ਖੜ੍ਹ ਵੀ ਨਹੀਂ ਸਕਦਾ। ਪੁਲਿਸ ਨੇ ਕਿਵੇਂ ਸੋਚ ਲਿਆ ਉਹ ਨਕਸਲੀ ਹੈ?"

ਜਦੋਂ ਲੋਕ ਜਬਰੀ ਆਤਮ-ਸਮਰਪਣਾਂ ਬਾਰੇ ਚਰਚਾ ਕਰਨ ਲਈ ਸਿਰ ਜੋੜ ਕੇ ਬੈਠੇ, ਕਈ ਨੇ ਦੁੱਖ ਜ਼ਾਹਿਰ ਕੀਤਾ, ਬਾਕੀਆਂ ਨੇ ਆਪਣੀ ਘ੍ਰਿਣਾ ਦਾ ਗੁੱਭ-ਗੁਭਾਟ ਕੱਢਿਆ। "ਪੁਲਿਸ ਡਰਾਵਾ ਦੇਣ ਲਈ ਬੇਕਸੂਰ ਲੋਕਾਂ ਨੂੰ ਟੋਲ੍ਹ ਲਿਆਉਂਦੀ ਹੈ ਅਤੇ ਉਨ੍ਹਾਂ ਤੋਂ ਆਪਣੀ ਮਰਜ਼ੀ ਮੁਤਾਬਕ ਕੰਮ ਲੈਣ ਲਈ ਆਪਣੇ ਜਾਲ ਵਿਚ ਫਸਾ ਲੈਂਦੀ ਹੈ।" ਇਕ ਪਿੰਡ ਵਾਲਾ ਕਹਿੰਦਾ ਹੈ।

ਜਿਨ੍ਹਾਂ ਨੂੰ ਦੋਰਨਾਪਾਲ ਥਾਣੇ ਸੱਦਿਆ ਗਿਆ, ਉਨ੍ਹਾਂ ਵਿਚੋਂ ਇਕ ਜਿਸ ਨੂੰ ਘਰ ਵਾਪਸ ਜਾਣ ਦਿੱਤਾ ਗਿਆ ਸੀ, ਕਹਿੰਦਾ ਹੈ: "ਇਹ ਆਪਣੇ ਮੋਢਿਆਂ ਉੱਪਰ ਫੀਤੀਆਂ ਲਾਉਣ ਲਈ ਪੁਲਿਸ ਵਲੋਂ ਕੀਤਾ ਤਮਾਸ਼ਾ ਸੀ।"

### ਆਤਮ-ਸਮਰਪਣ ਦੀ ਨੀਤੀ

ਪੁਲਿਸ ਸੁਪਰਡੰਟ ਡੀ. ਸਰਵਣ ਨੇ ਆਤਮ-ਸਮਰਪਣਾਂ ਨੂੰ ਸਹੀ ਠਹਿਰਾਇਆ ਅਤੇ ਇਸ ਤੋਂ ਇਨਕਾਰ ਕੀਤਾ ਕਿ ਇਹ ਜਾਅਲੀ ਸਨ। ਉਸ ਮੁਤਾਬਕ, "ਅਸੀਂ ਮੋਕਲੇ ਪੈਮਾਨੇ ਨਾਲ ਉਨ੍ਹਾਂ ਸਾਰਿਆਂ ਨੂੰ ਨਕਸਲਵਾਦ ਪ੍ਰੀਭਾਸ਼ਤ ਕਰਦੇ ਹਾਂ ਜਿਨ੍ਹਾਂ ਦੀ ਪਾਬੰਦੀਸ਼ੁਦਾ ਮਾਓਵਾਦੀ ਵਿਚਾਰਧਾਰਾ ਨਾਲ ਹਮਦਰਦੀ ਹੈ ਜਾਂ ਇਸ ਦਾ ਪ੍ਰਚਾਰ ਕਰਦੇ ਹਨ। ਲਿਹਾਜ਼ਾ ਕੋਈ ਵੀ ਬੰਦਾ, ਚਾਹੇ ਫ਼ੌਜੀ ਕਾਡਰ ਹੈ, ਸੰਘਮ ਮੈਂਬਰ ਹੈ ਜਾਂ ਹਮਦਰਦ ਹੈ, ਜਿਹੜਾ ਵੀ ਮੁੱਖਧਾਰਾ ਜਮਹੂਰੀਅਤ ਦੇ ਲੜ ਲੱਗਣ ਲਈ ਪਾਬੰਦੀਸ਼ੁਦਾ ਮਾਓਵਾਦੀ ਵਿਚਾਰਧਾਰਾ ਨੂੰ ਤਿਲਾਂਜਲੀ ਦੇਣ ਦਾ ਖ਼ਾਹਿਸ਼ਮੰਦ ਹੈ, ਉਸ ਨੂੰ ਆਤਮ-ਸਮਰਪਣ ਕੀਤਾ ਨਕਸਲੀ ਮੰਨਿਆ ਜਾਵੇਗਾ।" ਇੱਥੋਂ ਤਕ ਕਿ ਜੇ ਪੂਰਾ ਪਿੰਡ ਵੀ ਮਾਓਵਾਦੀ ਵਿਚਾਰਧਾਰਾ ਨੂੰ ਛੱਡਣ ਦਾ ਖ਼ਾਹਿਸ਼ਮੰਦ ਹੈ, ਸਰਕਾਰ ਉਨ੍ਹਾਂ ਨੂੰ ਇਸ ਨੀਤੀ ਦਾ ਲਾਭ ਦੇਵੇਗੀ, ਉਸ ਨੇ ਅੱਗੇ ਕਿਹਾ।

ਉਸ ਦਿਨ ਆਤਮ-ਸਮਰਪਣ ਕਰਨ ਵਾਲੇ 26 ਜਣਿਆਂ ਬਾਰੇ ਉਸ ਨੇ ਦੱਸਿਆ ਕਿ ਉਨ੍ਹਾਂ ਵਿਚੋਂ 17 ਦੇ ਵਾਰੰਟ ਕੱਢੇ ਗਏ ਸਨ। ਜ਼ਿਆਦਾਤਰ ਉਪਰ ਕਤਲ, ਗ਼ੈਰਕਾਨੂੰਨੀ ਹਥਿਆਰ ਰੱਖਣ ਦੇ ਕੇਸ ਪਾਏ ਗਏ ਸਨ ਅਤੇ ਕੁਝ ਉਪਰ ਗ਼ੈਰਕਾਨੂੰਨੀ ਕਾਰਵਾਈਆਂ ਰੋਕੂ ਕਾਨੂੰਨ ਤਹਿਤ ਕੇਸ ਦਰਜ ਕੀਤਾ ਗਿਆ ਸੀ। ਉਸ ਮੁਤਾਬਕ, "ਜੇ ਉਹ ਜਮਹੂਰੀਅਤ ਨੂੰ ਅਪਨਾਉਣ ਦੇ ਖ਼ਾਹਿਸ਼ਮੰਦ ਹਨ ਅਤੇ ਆਪਣੀ ਵਿਚਾਰਧਾਰਾ ਤਿਆਗਣ ਲਈ ਤਿਆਰ ਹਨ, ਪੁਲਿਸ ਉਨ੍ਹਾਂ ਦੇ ਮਾਮਲਿਆਂ ਨੂੰ ਨਰਮਾਈ ਨਾਲ ਲੈਣ ਲਈ ਤਿਆਰ ਹੈ।"

ਜੇ ਉਹ ਸਤਾਰਾਂ ਜਣੇ ਆਤਮ-ਸਮਰਪਣ ਕਰਨ ਲਈ ਸਹਿਮਤ ਨਾ ਹੁੰਦੇ, ਕੀ ਉਨ੍ਹਾਂ ਨੂੰ ਗ੍ਰਿਫ਼ਤਾਰ ਕੀਤਾ ਜਾਂਦਾ? "ਬਿਲਕੁਲ।" ਉਸ ਨੇ ਨਿਰਭਾਵ ਹੋ ਕੇ ਜਵਾਬ ਦਿੱਤਾ।

ਹੁਣ ਜਦੋਂ ਉਨ੍ਹਾਂ ਨੇ ਆਤਮ-ਸਮਰਪਣ ਕਰ ਦਿੱਤਾ ਹੈ, ਉਨ੍ਹਾਂ ਖ਼ਿਲਾਫ਼ ਲਾਏ ਇਲਜ਼ਾਮਾਂ ਦਾ ਕੀ ਬਣੇਗਾ? ਉਸ ਨੇ ਕਿਹਾ ਕਿ ਉਨ੍ਹਾਂ ਖ਼ਿਲਾਫ਼ ਕੇਸ ਵਾਪਸ ਨਹੀਂ ਲਏ ਜਾਣਗੇ, ਪਰ 'ਨਰਮਾਈ ਵਰਤੀ ਜਾਵੇਗੀ'। ਉਂਜ, ਉਸ ਨੇ ਨਰਮਾਈ ਦੀ ਵਿਆਖਿਆ ਨਹੀਂ ਕੀਤੀ।

ਚਿੰਤਲਨਾਰ ਵਿਚ ਕਈ ਜਣੇ ਮਹਿਸੂਸ ਕਰਦੇ ਸਨ ਕਿ ਜਿਨ੍ਹਾਂ ਉਪਰ 'ਆਤਮ-ਸਮਰਪਣ ਕੀਤੇ ਨਕਸਲੀ' ਦਾ ਠੱਪਾ ਲੱਗ ਗਿਆ, ਉਨ੍ਹਾਂ ਦਾ ਪਿੰਡ ਵਿਚ ਰਹਿਣਾ ਮੁਸ਼ਕਿਲ ਹੋ ਜਾਵੇਗਾ। ਮਾਓਵਾਦੀ ਉਨ੍ਹਾਂ ਉਪਰ ਸ਼ੱਕ ਕਰਨਗੇ ਕਿ ਉਹ ਸਰਕਾਰ ਲਈ ਸੂਹ ਇਕੱਠੀ ਕਰਨ ਵਾਲੀ 'ਖ਼ੁਫ਼ੀਆ ਪੁਲਿਸ' ਬਣ ਗਏ ਹਨ। ਕੀ ਆਤਮ-ਸਮਰਪਣ ਕਰ ਚੁੱਕੇ ਨਕਸਲੀਆਂ ਦੀ ਸੁਰੱਖਿਆ ਪੁਲਿਸ ਦੀ ਚਿੰਤਾ ਦਾ ਵਿਸ਼ਾ ਹੋਵੇਗਾ? ਐੱਸ.ਪੀ. ਸਰਵਣ ਦਾ ਸਪਸ਼ਟ ਜਵਾਬ ਹੈ- "ਇਸ ਦੀ ਚੋਣ ਉਨ੍ਹਾਂ ਨੇ ਕਰਨੀ ਹੈ।" ਸਰਕਾਰ ਦੀ ਮੁੜ-ਵਸੇਬਾ ਨੀਤੀ ਦੇ ਹਿੱਸੇ ਵਜੋਂ ਆਤਮ-ਸਮਰਪਣ ਕਰਨ ਵਾਲੇ ਨਸਕਲੀਆਂ ਨੂੰ 10,000 ਰੁਪਏ ਦਿੱਤੇ ਜਾਂਦੇ ਹਨ ਅਤੇ ਉਨ੍ਹਾਂ ਦੇ ਪਿੰਡਾਂ ਤੋਂ ਦੂਰ-ਦਰਾਜ ਥਾਵਾਂ ਉਪਰ ਇੰਦਰਾ ਅਵਾਸ ਯੋਜਨਾ ਤਹਿਤ ਘਰ ਦੇਣ ਦੀ ਪੇਸ਼ਕਸ਼ ਕੀਤੀ ਜਾਂਦੀ ਹੈ।

### ਭੈਅ ਦੇ ਸਾਏ ਹੇਠ

ਉਧਰ ਆਤਮ-ਸਮਰਪਣਾਂ ਨੂੰ ਲੈ ਕੇ ਪੁਲਿਸ ਦੇ ਉਤਸ਼ਾਹ ਤੋਂ ਚਿੰਤਲਨਾਰ ਦੇ ਬਾਸ਼ਿੰਦੇ ਪ੍ਰੇਸ਼ਾਨ ਹਨ। ਅਨਿਲ ਉਨ੍ਹਾਂ ਵਿਚੋਂ ਇਕ ਸੀ ਜਿਨ੍ਹਾਂ ਨੂੰ ਦਸੰਬਰ ਦੇ ਪਹਿਲੇ ਹਫ਼ਤੇ ਪੁਲਿਸ ਨੇ ਹਾਜ਼ਰ ਹੋਣ ਲਈ ਸੱਦਿਆ ਸੀ। ਉਸ ਦੇ ਸੰਮਨ ਉਸ ਦੇ ਬਾਪ ਨੇ ਲਏ ਕਿਉਂਕਿ ਉਹ ਉਦੋਂ ਘਰ ਨਹੀਂ ਸੀ। ਇਹ ਪਹਿਲੀ ਦਫ਼ਾ ਨਹੀਂ ਸੀ ਕਿ ਪਰਿਵਾਰ ਦੇ ਕਿਸੇ ਜੀਅ ਨੂੰ ਥਾਣੇ ਹਾਜ਼ਰ ਹੋਣ ਲਈ ਕਿਹਾ ਗਿਆ ਸੀ। ਪੰਜ ਮਹੀਨੇ ਪਹਿਲਾਂ ਅਨਿਲ ਦੇ ਬਾਪ ਸਮੇਤ ਚਾਰ ਜਣਿਆਂ ਨੂੰ ਪੁਲਿਸ ਨੇ ਥਾਣੇ ਸੱਦਿਆ ਸੀ। ਫਿਰ ਉਨ੍ਹਾਂ ਨੂੰ ਚਿੰਤਲਨਾਰ ਤੋਂ 95 ਕਿਲੋਮੀਟਰ ਦੂਰ ਗਾਡੀਰਸ ਲਿਜਾਇਆ ਗਿਆ, ਜਿਥੇ ਉਨ੍ਹਾਂ ਨੂੰ ਬਗ਼ੈਰ ਕਿਸੇ ਦੋਸ਼ ਦੇ ਦਸ ਦਿਨ ਅੱਖਾਂ 'ਤੇ ਪੱਟੀ ਬੰਨ੍ਹ ਕੇ ਰੱਖਿਆ ਗਿਆ। ਘਰ ਵਾਪਸ ਆ ਕੇ ਅਨਿਲ ਦੇ ਬਾਪ ਨੂੰ ਆਪਣੇ ਪੁੱਤ ਦੀ ਚਿੰਤਾ ਸਤਾ ਰਹੀ ਸੀ, ਉਸ ਨੇ ਉਸ ਨੂੰ ਚਿੰਤਲਨਾਰ ਛੱਡ ਕੇ ਸੁਕਮਾ ਕਸਬੇ ਵਿਚ ਜਾ ਕੇ ਕੋਈ ਕਾਰੋਬਾਰ ਕਰਨ ਦਾ ਮਸ਼ਵਰਾ ਦਿੱਤਾ, ਪਰ ਸੁਕਮਾ ਜਾਣ ਦਾ ਵੀ ਕੋਈ ਫ਼ਾਇਦਾ ਨਹੀਂ ਹੋਇਆ। ਜਿਸ ਦਿਨ ਪੁਲਿਸ ਦੇ ਸੰਮਨ ਆਏ, ਅਨਿਲ ਬੱਸ ਫੜ ਕੇ ਸੂਬਾਈ ਰਾਜਧਾਨੀ ਰਾਏਪੁਰ ਜਾ ਰਿਹਾ ਸੀ, ਜਿਥੋਂ ਉਸ ਨੇ ਉਤਰ ਪ੍ਰਦੇਸ਼ ਜਾ ਕੇ ਆਪਣੇ ਚਾਚੇ ਦੇ ਪੁੱਤ ਦੇ ਵਿਆਹ ਵਿਚ ਸ਼ਾਮਲ ਹੋਣਾ ਸੀ।

ਜਿਸ ਵਕਤ ਅਨਿਲ ਆਪਣੀਆਂ ਯੋਜਨਾਵਾਂ ਤੇ ਰੂਟ ਬਦਲ ਕੇ ਅਗਲੇ ਦਿਨ ਦੁਪਹਿਰ ਨੂੰ ਪੋਲਮਪੱਲੀ ਹਾਜ਼ਰ ਹੋਇਆ, ਜਿਥੇ ਆਤਮ-ਸਮਰਪਣ ਹੋ ਰਿਹਾ ਸੀ, ਤਾਂ ਤਮਾਸ਼ਾ ਖ਼ਤਮ ਹੋ ਚੁੱਕਾ ਸੀ। ਉਸ ਨੂੰ ਦੱਸਿਆ ਗਿਆ ਕਿ ਉਹ ਲੇਟ ਆਇਆ ਹੈ। ਉਸ ਦੇ ਵਾਰੰਟ ਕੱਢੇ ਜਾ ਚੁੱਕੇ ਸਨ, ਪਰ ਉਸ ਨੂੰ ਇਸ ਇਕਰਾਰ ਨਾਲ ਘਰ ਜਾਣ ਦੀ ਇਜਾਜ਼ਤ ਦਿੱਤੀ ਗਈ ਕਿ ਜਦੋਂ 'ਆਤਮ-ਸਮਰਪਣਾਂ' ਦੇ ਅਗਲੇ ਗੇੜ ਵਿਚ ਉਸ ਨੂੰ ਮੁੜ ਸੱਦਿਆ ਜਾਵੇਗਾ ਤਾਂ ਉਹ ਦੁਬਾਰਾ ਹਾਜ਼ਰ ਹੋ ਜਾਵੇਗਾ। ਉਸ ਦਾ ਕਹਿਣਾ- "ਮੈਨੂੰ ਜਾਣਾ ਪਵੇਗਾ... ਬਚਣ ਦਾ ਕੋਈ ਰਾਹ ਨਹੀਂ। ਆਖ਼ਿਰ ਅਸੀਂ ਇਥੇ ਰਹਿਣਾ ਹੈ, ਪੁਲਿਸ ਨਾਲ ਵੈਰ ਦਾ ਜੋਖ਼ਮ ਨਹੀਂ ਲਿਆ ਜਾ ਸਕਦਾ।"

***(ਸੁਰੱਖਿਆ ਕਾਰਨਾਂ ਕਰ ਕੇ ਪਿੰਡਾਂ ਵਾਲਿਆਂ ਦੇ ਨਾਂ ਬਦਲ ਕੇ ਦਿੱਤੇ ਹਨ।)***

***ਪੁਲਿਸ ਸੁਪਰਡੰਟ ਡੀ. ਸਰਵਣ ਨੇ ਆਤਮ-ਸਮਰਪਣਾਂ ਨੂੰ ਸਹੀ ਠਹਿਰਾਇਆ ਅਤੇ ਇਸ ਤੋਂ ਇਨਕਾਰ ਕੀਤਾ ਕਿ ਇਹ ਜਾਅਲੀ ਸਨ। ਉਸ ਮੁਤਾਬਕ, "ਅਸੀਂ ਮੋਕਲੇ ਪੈਮਾਨੇ ਨਾਲ ਉਨ੍ਹਾਂ ਸਾਰਿਆਂ ਨੂੰ ਨਕਸਲਵਾਦ ਪ੍ਰੀਭਾਸ਼ਤ ਕਰਦੇ ਹਾਂ ਜਿਨ੍ਹਾਂ ਦੀ ਪਾਬੰਦੀਸ਼ੁਦਾ ਮਾਓਵਾਦੀ ਵਿਚਾਰਧਾਰਾ ਨਾਲ ਹਮਦਰਦੀ ਹੈ ਜਾਂ ਇਸ ਦਾ ਪ੍ਰਚਾਰ ਕਰਦੇ ਹਨ। ਲਿਹਾਜ਼ਾ ਕੋਈ ਵੀ ਬੰਦਾ, ਚਾਹੇ ਫ਼ੌਜੀ ਕਾਡਰ ਹੈ, ਸੰਘਮ ਮੈਂਬਰ ਹੈ ਜਾਂ ਹਮਦਰਦ ਹੈ, ਜਿਹੜਾ ਵੀ ਮੁੱਖਧਾਰਾ ਜਮਹੂਰੀਅਤ ਦੇ ਲੜ ਲੱਗਣ ਲਈ ਪਾਬੰਦੀਸ਼ੁਦਾ ਮਾਓਵਾਦੀ ਵਿਚਾਰਧਾਰਾ ਨੂੰ ਤਿਲਾਂਜਲੀ ਦੇਣ ਦਾ ਖ਼ਾਹਿਸ਼ਮੰਦ ਹੈ, ਉਸ ਨੂੰ ਆਤਮ-ਸਮਰਪਣ ਕੀਤਾ ਨਕਸਲੀ ਮੰਨਿਆ ਜਾਵੇਗਾ।" ਇੱਥੋਂ ਤਕ ਕਿ ਜੇ ਪੂਰਾ ਪਿੰਡ ਵੀ ਮਾਓਵਾਦੀ ਵਿਚਾਰਧਾਰਾ ਨੂੰ ਛੱਡਣ ਦਾ ਖ਼ਾਹਿਸ਼ਮੰਦ ਹੈ, ਸਰਕਾਰ ਉਨ੍ਹਾਂ ਨੂੰ ਇਸ ਨੀਤੀ ਦਾ ਲਾਭ ਦੇਵੇਗੀ, ਉਸ ਨੇ ਅੱਗੇ ਕਿਹਾ।***

# ਲੁਧਿਆਣੇ ਦਾ ਦੀਵਾਨ ਚੰਦ ਅਤੇ ਕੁਲਦੀਪ ਮਾਣਕ

## ਨੋਕ-ਝੋਕ



ਐਸ. ਅਸ਼ੋਕ ਭੌਰਾ
ਫੋਨ: 510-415-3315

*ਯੋਗਤਾ ਦੀ ਇਸ ਯੁੱਗ ਵਿਚ ਕੋਈ ਘਾਟ ਨਹੀਂ ਪਰ ਇਸ ਦਾ ਮੁੱਲ ਤਾਂ ਨਹੀਂ ਪੈ ਰਿਹੈ ਕਿਉਂਕਿ ਹਕੂਮਤਾਂ ਸੱਤਾ ਦੇ ਨਸ਼ੇ 'ਚ ਗੁੱਟ ਹਨ ਅਤੇ ਤੁਰਦਿਆਂ ਤੁਰਦਿਆਂ ਲੋਕ ਰਾਹਾਂ ਤੋਂ ਕੁਰਾਹੇ ਪੈ ਗਏ ਹਨ। ਹਾਕਮਾਂ ਨੂੰ ਵਹਿਮ ਹੈ ਕਿ ਬੀਜੋ ਭਾਵੇਂ ਅੱਕ, ਲੱਗਣਗੇ ਖਰਬੂਜੇ ਹੀ। ਏਦਾਂ ਹੋ ਤਾਂ ਨਹੀਂ ਰਿਹਾ ਪਰ ਵਿਗਿਆਨਕ ਯੁੱਗ ਵਿਚ ਇਨ੍ਹਾਂ ਲੋਕਾਂ ਨੇ ਹੀ ਤਰਕ ਖੁੰਡਾ ਕਰ ਦਿੱਤਾ ਹੈ। ਧਾਰਮਿਕ ਅਸਥਾਨਾਂ 'ਤੇ ਲੋਕ ਸ਼ਰਧਾ ਨਾਲ ਖੂਬਸੂਰਤ ਫੁੱਲ ਹੀ ਨਹੀਂ, ਤਾਜ਼ੇ ਵੀ ਤੋੜ ਕੇ ਲਿਜਾਂਦੇ ਹਨ ਪਰ ਦੁੱਖ ਇਸ ਗੱਲ ਦਾ ਹੈ ਕਿ ਪੁਜਾਰੀਆਂ ਦੀਆਂ ਆਦਤਾਂ ਬੇਹੀਆਂ ਨਹੀਂ ਹੋ ਰਹੀਆਂ। ਸੱਪ ਨੇ ਇਕ ਵਾਰ ਨਿਉਲੇ ਨੂੰ ਪੇਸ਼ਕਸ਼ ਕੀਤੀ ਕਿ ਆ ਆਪਾਂ ਗਲੇ ਲੱਗ ਕੇ ਮਿਲੀਏ, ਨਿਉਲਾ ਹੱਸ ਪਿਆ ਤੇ ਕਹਿਣ ਲੱਗਾ 'ਗੱਲ ਤਾਂ ਤੇਰੀ ਮਨ ਨੂੰ ਲੱਗਦੀ ਆ ਤੇ ਹੈ ਵੀ ਸਿਆਣੀ ਪਰ ਯਕੀਨ ਨਹੀਂ ਬੱਝਦਾ ਕਿ ਤੂੰ ਜ਼ਹਿਰ ਨਹੀਂ ਵੰਡੇਗਾਂ'? ਸੱਪ ਨੇ ਹੈਰਾਨੀ ਨਾਲ ਅਗਲਾ ਸਵਾਲ ਕੀਤਾ 'ਕਿਉਂ'? ਨਿਉਲਾ ਫਿਰ ਮੁਸਕਰਾ ਪਿਆ ਤੇ ਬੋਲਿਆ 'ਤੂੰ ਦਿੱਲੀ ਰਹਿਨਾ ਏ ਮਿੱਤਰਾ ਤਾਂ ਕਰਕੇ'! 'ਤੇ ਦੋਵੇਂ ਜਣੇ ਫਸ ਪਏ। ਤੋਤੇ ਨੂੰ ਕਿਸੇ ਆਸਾ ਰਾਮ ਵਰਗੇ ਬਾਪੂ ਨੇ ਪੁੱਛਿਆ 'ਤੇਰੇ ਗਲ 'ਚ ਏਨੀ ਖੂਬਸੂਰਤ ਗਾਨੀ ਕਿਉਂ ਐਂ?' ਤੋਤੇ ਨੇ ਹੁੰਗਾਰਾ ਭਰਿਆ 'ਮੈਂ ਤਾਂ ਸਿਰਫ ਮੈਨਾ ਦਾ ਹਾਂ ਇਹ ਉਸੇ ਦੀ ਨਿਸ਼ਾਨੀ ਏ, ਦੀਨ ਇਮਾਨ ਤੇ ਇਖਲਾਕ ਕਿਸੇ ਪਸ਼ੂ, ਪੰਛੀ ਤੇ ਜਾਨਵਰ ਨੇ ਨਹੀਂ ਵੇਚਿਆ' ਤੇ ਬਾਪੂ ਵਿਚਾਰਾ ਜੇਲ੍ਹ ਵਿਚ ਫਿਰ ਰੋਣ ਲੱਗ ਪਿਆ। ਸਾਹਿਤਕਾਰ ਤੇ ਕਵੀ ਹੁਣ ਆ ਕੇ ਚਿੰਤਤ ਹੋਣ ਲੱਗੇ ਹਨ ਕਿ ਉਨ੍ਹਾਂ ਦੀ ਗਿਣਤੀ ਤਾਂ ਵਧੀ ਹੈ ਪਰ ਸਾਹਿਤ ਤੇ ਕਵਿਤਾ ਫਿਰ ਵੀ ਉਨ੍ਹਾਂ ਦੇ ਗਲ ਲੱਗ ਕੇ ਕ੍ਰਿਓਂ ਰੋ ਰਹੇ ਨੇ? ਚਰਿੱਤਰਹੀਣ ਪਤੀ ਦੀਆਂ ਆਦਤਾਂ ਬੀਵੀ ਨੂੰ ਚੰਗੀਆਂ ਤਾਂ ਲੱਗਣ ਲੱਗ ਪਈਆਂ ਹਨ ਕਿਉਂਕਿ ਉਹ ਵੀ ਉਹਦੇ ਕਈ ਅਵੱਲੇ ਸ਼ੌਕ 'ਹਊ ਪਰੇ' ਕਰਨ ਲੱਗ ਪਿਆ ਹੈ। ਇਹ ਪੜ੍ਹ ਕੇ ਤੁਹਾਨੂੰ ਲੱਗੇਗਾ ਕਿ ਕਈ ਮੇਰੇ ਵਾਂਗ ਪੈਰਾਂ ਦੇ ਹੁੰਦਿਆਂ ਵੀ ਯਾਤਰਾ ਨਹੀਂ ਕਰ ਸਕੇ...।*

ਅਨੁਸਾਸ਼ਨ ਦਾ ਦੂਜਾ ਨਾ ਫੌਜੀ ਹੁੰਦਾ ਹੈ। ਪਰ ਹੁਣ ਕਈ ਥਾਂ ਧੋਤੀ, ਟੋਪੀ ਅਤੇ ਬੋਦੀ ਦਾ ਅਰਥ ਬ੍ਰਾਹਮਣ ਨਹੀਂ ਰਿਹਾ।

ਜਿਸ ਯੁੱਗ ਨੂੰ ਪੜ੍ਹਿਆਂ-ਲਿਖਿਆਂ ਦਾ ਅਤੇ ਵਿਗਿਆਨ ਦਾ ਯੁੱਗ ਕਹਿ ਰਹੇ ਹਾਂ ਉਸ ਯੁੱਗ 'ਚ ਜੇ ਹਕੂਮਤਾਂ ਕਰਨ ਵਾਲੇ ਪੰਜ ਜਮਾਤਾਂ ਪਾਸ ਜਾਂ ਦਸਵੀਂ ਨਹੀਂ ਟੱਪ ਸਕੇ ਤਾਂ ਲੱਗਦਾ ਨਹੀਂ ਕਿ ਅੰਨ੍ਹੇ ਸੁਰਮਾ ਪਾਉਣ ਦਾ ਠਰਕ ਛੱਡ ਨਹੀਂ ਰਹੇ।

ਕੁਲਦੀਪ ਮਾਣਕ ਨੂੰ ਕੌਣ ਨਹੀਂ ਜਾਣਦਾ, ਜਿਹੜੇ ਉਹਨੂੰ ਨੇੜੇ ਤੋਂ ਜਾਣਦੇ ਰਹੇ ਨੇ ਉਹ ਉਹਦੇ ਦਫਤਰ ਵਿਚ ਕੰਮ ਕਰਦੇ ਰਹੇ ਦੋ ਸਕੇ ਭਰਾਵਾਂ ਨੂੰ ਵੀ ਜਾਣਦੇ ਨੇ, ਭਾਵ ਮੇਵਾ ਸਿੰਘ ਨੌਰਥ ਅਤੇ ਸੇਵਾ ਸਿੰਘ ਨੌਰਥ। ਗੱਲ 1983 ਦੀ ਹੋਵੇਗੀ। ਸਾਡੇ ਪਿੰਡ ਦੀ ਸਹਿਕਾਰੀ ਸਭਾ ਦੇ ਫੋਨ 'ਤੇ ਮੈਨੂੰ ਇਕ ਕਾਲ ਆਈ, ਜੋ ਮੇਵਾ ਸਿੰਘ ਨੌਰਥ ਦੀ ਸੀ। ਮੈਂ ਭੱਜ ਕੇ ਸੁਣਨ ਗਿਆ ਤਾਂ ਉਹ ਕਹਿ ਰਿਹਾ ਸੀ 'ਤੂੰ ਜਿਥੇ ਵੀ ਆਂ, ਹੁਣੇ ਬੱਸ ਫੜ 'ਤੇ ਲੁਧਿਆਣੇ ਆ, ਤੇਰੀ ਕਿਸਮਤ ਖੁੱਲ੍ਹ ਗਈ ਹੈ, ਪੈਸਾ ਹੀ ਪੈਸਾ, ਬੱਲੇ ਬੱਲੇ, ਕਾਰਾਂ, ਕੋਠੀਆਂ, ਲੈ ਜਾ ਆ ਕੇ, ਦੇਰ ਨਾ ਕਰੀਂ'। ਮੈਂ ਪੁੱਛਿਆ ਲਾਟਰੀ ਤਾਂ ਮੈਂ ਕੋਈ ਪਾਈ ਹੀ ਨਹੀਂ। ਉਹ ਆਖਣ ਲੱਗਾ "ਰੱਬ ਜਦੋਂ ਲਾਟਰੀ ਕੱਢਦਾ ਉਹ ਤਾਂ ਛੱਤ ਪਾੜ ਦਿੰਦਾ, ਪਰਚੀ ਪਾਉਣ ਦੀ ਲੋੜ ਨਹੀਂ ਹੁੰਦੀ, ਤੂੰ ਦੇਰ ਨਾ ਕਰ ਬੱਸ ਫੜ ਤੇ ਸਿੱਧਾ ਲੁਧਿਆਣੇ ਮਾਣਕ ਦੇ ਦਫਤਰ ਆ ਜਾ।"

ਸਾਈਕਲ ਤੇ ਬੰਗੇ, ਤੇ ਬੰਗਿਆਂ ਤੋਂ ਵਾਇਆ ਫਗਵਾੜਾ ਲੁਧਿਆਣੇ ਬੱਸ 'ਚ ਪਹੁੰਚ ਗਿਆ। ਮੇਵਾ ਸਿੰਘ ਘੁੱਟ ਕੇ ਮਿਲਿਆ। ਬੋਲਿਆ "ਚਾਹ ਮੁੜ ਕੇ ਪਿਲਾਵਾਂਗੇ, ਪਹਿਲਾਂ ਸਾਈਕਲ ਤੇ ਬੈਠ, ਅਮੀਰ ਹੋਣ ਵਿਚ ਸਿਰਫ ਦੋ ਘੰਟੇ ਰਹਿ ਗਏ ਨੇ, ਆਪਾਂ ਦੀਵਾਨ ਚੰਦ ਦੇ ਘਰ ਜਾਣੈ।" ਹਾੜ੍ਹ ਦੀ ਗਰਮੀ, ਸੈਕਲ (ਸਾਈਕਲ) ਨੂੰ ਕੈਰੀਅਰ ਕੋਈ ਨਾ ਤੇ ਉਹਨੇ ਮੈਨੂੰ ਮੂਹਰਲੇ ਡੰਡੇ 'ਤੇ ਬਿਠਾਇਆ ਤੇ ਸੱਚ ਜਾਣਿਓਂ ਇਹ ਸੈਕਲ ਉਹਨੇ ਸ਼ਾਨੇ ਪੰਜਾਬ ਤੋਂ ਵੀ ਵੱਧ ਭਜਾਇਆ ਤੇ ਵੀਹਾਂ ਪੱਚੀਆਂ ਮਿੰਟਾਂ ਵਿਚ ਜਲੰਧਰ ਬਾਈ ਪਾਸ ਪਹੁੰਚ ਗਏ। ਇਕ ਘਰ 'ਚ ਮੈਨੂੰ ਲੈ ਕੇ ਗਿਆ, ਦੇਵੀ ਦੇਵਤਿਆਂ ਦੀਆਂ ਤਸਵੀਰਾਂ ਅੱਗੇ ਟੰਗਵੀਂ ਧੋਤੀ ਲਾਈ ਬੈਠਾ, ਮੱਥੇ ਤੇ ਤਿਲਕ ਵਾਲਾ ਇਕ ਪੰਡਿਤ। ਮੇਰੇ ਵੱਲ ਵੇਖੇ ਬਿਨਾਂ ਹੀ ਮੇਵਾ ਸਿੰਘ ਨੂੰ ਕਹਿਣ ਲੱਗਾ, ਇਸ ਬੰਦੇ ਦੀ ਮਾੜੀ ਕਿਸਮਤ ਹੈ ਇਹ ਲੇਟ ਹੋ ਗਿਐ, ਮੇਵਾ ਸਿੰਘ ਮੈਂ ਤੈਨੂੰ ਬਹੁਤ ਕਿਹਾ ਸੀ ਇਹ ਖਜ਼ਾਨਾ ਕਦੇ ਕਦੇ ਮਿਲਦਾ ਹੈ, ਇਹ ਦਸ ਦਿਨ ਦਾ ਸਮਾਂ ਗੁਜ਼ਰ ਗਿਆ ਹੈ, ਹੁਣ ਇਹ ਸਮਾਂ ਆਉਣ ਨੂੰ ਘੱਟੋ ਘੱਟ ਪੰਜਾਹ ਸਾਲ ਲੱਗਣਗੇ। ਮੈਂ ਬਿਨਾਂ ਕੋਈ ਭੇਦ ਸੁਣਿਆਂ ਮੱਥੇ 'ਤੇ ਹੱਥ ਮਾਰਿਆ ਕਿ ਗਰੀਬ ਦੀ ਜੇਬ ਅੱਜ ਫਿਰ ਕੱਟੀ ਗਈ। ਪਰ ਮੇਰੇ ਕੁਝ ਬੋਲਣ ਤੋਂ ਪਹਿਲਾਂ ਹੀ ਮੇਵਾ ਸਿੰਘ ਨੇ ਤਰਲਾ ਕੀਤਾ, "ਇਹ ਸਾਡਾ ਵੀ ਤੇ ਕੁਲਦੀਪ ਮਾਣਕ ਦਾ ਵੀ ਖਾਸ ਬੰਦਾ ਹੈ, ਕੁਝ ਕਰੋ।" ਇਕ ਮਿੰਟ ਸੋਚ ਕੇ ਉਹ ਕਹਿਣ ਲੱਗਾ, ਹਾਂ ਇਕ ਗੱਲ ਬਣ ਸਕਦੀ ਹੈ ਕਿ ਜਿਹੜਾ ਮੈਂ ਸਮਾਨ ਕਿਸੇ ਹੋਰ ਲਈ ਤਿਆਰ ਕੀਤੈ, ਉਹ ਬੰਦਾ ਹਾਲੇ ਤੱਕ ਲੈਣ ਨਹੀਂ ਆਇਆ ਤੇ ਉਂਝ ਮੈਂ ਤਿੰਨ ਸੌ ਰੁਪਿਆ ਲੈਨਾ ਪਰ ਉਹਦੇ ਤੋਂ ਬਾਰਾਂ ਸੌ ਰੁਪਿਆ ਲੈਣਾ ਸੀ, ਜੇ ਇਹ ਮੈਨੂੰ ਬਾਰਾਂ ਸੌ ਰੁਪਿਆ ਲਿਆ ਕੇ ਦੇਵੇ ਤਾਂ ਉਹ ਸਮਾਨ ਮੈਂ ਇਹਨੂੰ ਦੇ ਦਿਆਂਗਾ।

ਮੇਰੇ ਕੋਲ ਪੰਜ ਕੁ ਸੌ ਰੁਪਏ ਸਨ। ਮੈਂ ਤਰਲਾ ਕੀਤਾ, ਇੰਨਿਆਂ ਨਾਲ ਨਹੀਂ ਸਰਦਾ? ਉਹ ਕਹਿਣ ਲੱਗਾ, ਰਾਮ ਰਾਮ, ਮਾਇਆ ਤੋਂ ਬਿਨਾਂ ਗੱਲ ਨਹੀਂ ਬਣਦੀ। ਮੈਂ ਬਾਹਰ ਆ ਕੇ ਮੇਵਾ ਸਿੰਘ ਨੂੰ ਕਿਹਾ, ਜਿੰਨੇ ਪੈਸੇ ਘਟਦੇ ਆ ਮੈਂ ਕੁਲਦੀਪ ਮਾਣਕ ਤੋਂ ਲੈ ਆਉਨਾਂ। ਮੈਂ ਤੀਹਾਂ ਰੁਪਿਆਂ ਵਿਚ ਪਿੰਡ ਥਰੀਕੇ ਮਾਣਕ ਦੇ ਘਰ ਤੋਂ ਆਉਣ ਜਾਣ ਲਈ ਥ੍ਰੀ ਵੀਲ੍ਹਰ ਕਰ ਲਿਆ। ਰਸਤੇ ਵਿਚ ਜਦੋਂ ਕੋਈ ਲਾਲ ਲਾਈਟ ਆਵੇ ਜਾਂ ਟਰੈਫਿਕ ਵਧੇ ਤਾਂ ਮੇਰੇ ਹੌਲ ਪੈਣ, ਹਾਇਓ ਰੱਬਾ ਕਿਤੇ ਮੇਰੀ ਕਿਸਮਤ ਸਾਥ ਹੁਣ ਨਾ ਛੱਡ ਦੇਵੇ। ਥਰੀਕੇ ਪਹੁੰਚੇ। ਮੇਵਾ ਸਿੰਘ ਕਹਿਣ ਲੱਗਾ, ਤੂੰ ਹੀ ਜਾਹ ਮੈਂ ਥੱਲੇ ਖੜ੍ਹਦਾਂ।

ਸਬੱਬੀਂ ਮਾਣਕ ਘਰ ਹੀ ਸੀ। ਮੈਂ ਕਿਹਾ, "ਬਾਕੀ ਗੱਲਾਂ ਫਿਰ ਕਰਾਂਗੇ, ਪਹਿਲਾਂ ਮੈਨੂੰ ਸੱਤ ਸੌ ਰੁਪਿਆ ਦੇਹ।" ਉਹ ਟਿੱਚਰੀ ਸੁਭਾਅ 'ਚ ਕਹਿਣ ਲੱਗਾ, "ਤੈਂ ਸਿਰ 'ਚ ਮਾਰਨੇ ਆ" ਤੇ ਮੈਂ ਕਿਹਾ ਮੁੜ ਕੇ ਆ ਕੇ ਦੱਸਦਾਂ, ਸੁਨਹਿਰੀ ਕਿਸਮਤ ਮੇਰੀ ਉਡੀਕ ਕਰ ਰਹੀ ਹੈ। ਉਹ ਕਹੇ, ਪਹਿਲਾਂ ਗੱਲ ਦੱਸ। ਮੈਂ ਕਿਹਾ, ਮੇਵਾ ਥੱਲੇ ਖੜ੍ਹੈ, ਬੈਠਦਿਆਂ ਮੇਵਾ ਸਿੰਘ ਨੂੰ ਕਿਹਾ, ਮਾਣਕ ਨੇ ਮੈਨੂੰ ਸੱਤ ਸੌ ਰੁਪਿਆ ਤਾਂ ਨ੍ਹੀਂ ਦਿੱਤਾ ਕਿ ਇਸ ਵਿਹਲੇ ਬੰਦੇ ਨੇ ਮੋੜਨਾ ਕਿੱਥੋਂ ਹੈ? ਮਾਣਕ ਨੇ ਮੇਰੀ ਕਿਸਮਤ ਵਿਚ ਲੱਤ ਨਹੀਂ ਦੋਵੇਂ ਲੱਤਾਂ ਮਾਰੀਆਂ ਹਨ। ਮੇਵਾ ਸਿਹਾਂ ਮੈਂ ਵੀ ਹੁਣ ਮਾਣਕ ਬਾਰੇ ਇਕ ਅੱਖਰ ਨ੍ਹੀਂ ਲਿਖਿਆ ਕਰਨਾ। ਤੇ ਇੰਜ ਪਹਿਲੀ ਵਾਰ ਕਿਸਮਤ ਬੂਹਾ ਖੜਕਾ ਕੇ ਪਰਤ ਗਈ।

ਛੇ ਕੁ ਮਹੀਨੇ ਗੁਜ਼ਰੇ। 'ਵੇਖਣ ਵਾਲੀ ਚੀਜ਼ ਮੇਲਾ ਪਿੰਡ ਛਪਾਰ ਦਾ' ਗਾਉਣ ਵਾਲਾ ਨੇਕੀ ਕਾਤਲ ਤੇ ਕੁਲਦੀਪ ਮਾਣਕ ਦਾ ਸ਼ਾਗਿਰਦ ਬਲਵਿੰਦਰ ਭਗਤਾ ਮੈਨੂੰ ਦੀਦਾਰ ਸੰਧੂ ਦੇ ਦਫਤਰ ਮਿਲੇ। ਕਹਿਣ ਲੱਗੇ, ਲੁਧਿਆਣੇ ਜੇਲ੍ਹ 'ਚ ਇਕ ਬੰਦਾ ਇੱਦਾਂ ਦੀ ਹੀ ਮੁੰਦਰੀ ਦਿੰਦਾ, ਬੜੇ ਲੋਕਾਂ ਦੀ ਉਹ ਸਾਲਾ ਮੁੰਦਰੀ ਪਾ ਕੇ ਕੁੜੀ ਦੇ ਘਰ ਚਲਾ ਗਿਆ। ਭਰਾਵਾਂ ਤੋਂ ਗੁੱਸੇ ਵਿਚ ਬਾਲ੍ਹਾ ਹੀ ਛਿੱਲਿਆ ਗਿਆ। ਚੌਥੇ ਦਿਨ ਮਰ ਗਿਆ। ਇਹ ਸਾਲਾ ਮੁੰਦਰੀ ਆਲੇ ਕਤਲ ਕੇਸ ਵਿਚ ਆਇਆ ਇਥੇ। ਮੇਰੇ ਚਾਹ ਦਾ ਘੁੱਟ ਨਾ ਲੰਘੇ ਤੇ ਮੈਂ ਪੁੱਠੇ ਪੈਰੀਂ ਵਾਪਿਸ ਭੱਜਿਆ।



***ਇਹ ਫੋਟੋ ਐਸ ਅਸ਼ੋਕ ਭੌਰਾ ਅਤੇ ਕੁਲਦੀਪ ਮਾਣਕ ਦੇ ਉਨ੍ਹਾਂ ਦਿਨਾਂ ਦੀ ਹੈ ਜਦੋਂ 'ਬਲਵੀਰੋ ਭਾਬੀ' ਦਾ ਨਿਰਮਾਣ ਹੋਇਆ ਸੀ ਅਤੇ ਮੁੰਦਰੀ ਵਾਲਾ ਰੌਲਾ ਪਿਆ ਸੀ।***

ਉਹਨੂੰ ਪਤੈ। ਉਹ ਹੱਸ ਪਿਆ, ਕਹਿੰਦਾ, "ਲੁੱਟ ਹੋਣ ਲੱਗਾਂ, ਲਿਆ ਉਹਨੂੰ ਉਪਰ।" ਮੇਵੇ ਨੇ ਦੱਸਿਆ ਕਿ ਪੰਡਿਤ ਨੇ ਪੰਜ ਸਾਲ ਤਪੱਸਿਆ ਕਰਨ ਤੋਂ ਬਾਅਦ ਦਸ ਦਿਨ ਗ੍ਰਹਿ ਕਾਬੂ ਹੇਠ ਕਰਕੇ ਇਕ ਮੁੰਦਰੀ ਬਣਾਈ ਐ, ਜਿਹਦੇ ਵਿਚ ਸਾਰੇ ਗ੍ਰਹਿਆਂ ਦੇ ਨਗ ਨੇ ਤੇ ਜਿਹੜਾ ਅੱਜ ਰਾਤ ਨੂੰ ਚੰਨ ਚੜ੍ਹਨ ਤੋਂ ਪਹਿਲਾਂ ਪਾ ਗਿਆ, ਉਹ ਸਾਰੀ ਉਮਰ ਬਾਦਸ਼ਾਹੀਆਂ ਹੀ ਭੋਗੇਗਾ। ਮਾਣਕ ਗਿੱਠ ਭਰ ਉਲਰਿਆ ਤੇ ਬੋਲਿਆ, ਕਿਤੇ ਸਾਲਾ ਦੀਵਾਨ ਚੰਦ ਤਾਂ ਨ੍ਹੀਂ, ਉਹਨੇ ਮੰਜੇ ਹੇਠ ਡਿੱਗੀ ਮੁੰਦਰੀ ਚੁੱਕ ਕੇ ਲਿਆਂਦੀ। ਕਹਿੰਦਾ, ਆਹੀ ਆ ਜਿਹੜੀ ਮੈਂ ਚਿੱਥ ਕੇ ਉਦਾਂ ਦੀ ਕਰ'ਤੀ ਜਿੱਦਾਂ ਮੁਰਗਾ ਮਾਲ ਗੱਡੀ ਥੱਲੇ ਆ ਗਿਆ ਹੋਵੇ।

ਮੈਂ ਮਾਣਕ ਨੂੰ ਪੁੱਛਿਆ, ਮੈਨੂੰ ਤਾਂ ਹਾਲੇ ਮੁੰਦਰੀ ਮਿਲੀ ਹੀ ਨਹੀਂ। ਉਹ ਬੋਲਿਆ, 'ਇਹ ਕੱਲ੍ਹ ਪ੍ਰੀਤਮ ਬਰਾੜ ਦੇ ਮੈਂ ਪਾਈ ਦੇਖੀ ਸੀ, ਉਹ ਵੀ ਤੇਰੇ ਵਾਂਗੂ ਹੀ ਬਾਦਸ਼ਾਹ ਬਣਨ ਦੀ ਉਡੀਕ ਵਿਚ ਸੀ ਪਰ ਮੈਨੂੰ ਪਤਾ ਸੀ ਇਸ ਕੰਜਰ ਨੇ ਇਕ ਗਾਉਣ ਵਾਲੀ ਕੁੜੀ ਨਾਲ ਵਿਆਹ ਕਰਾਉਣ ਕਰਕੇ ਇਹ ਪੰਗਾ ਲਿਆ। ਪਹਿਲਾਂ ਤਾਂ ਬਰਾੜ ਇਹ ਮੁੰਦਰੀ ਲਾਹ ਕੇ ਨਾ ਫੜਾਵੇ, ਪਈ ਫਿਰ ਇਹ ਕੱਚੀ ਲੱਸੀ ਨਾਲ ਧੋ ਕੇ ਪਾਉਣੀ ਪੈਣੀ ਆ। ਮੈਂ ਦੁੱਧ ਦਾ ਗਲਾਸ ਹੀ ਭਰ ਕੇ ਲੈ ਆਇਆ। ਜਦੋਂ ਲਾਹੀ ਮੈਂ ਦੰਦਾਂ ਨਾਲ ਚਿੱਥ ਕੇ ਓਹ ਮਾਰੀ ਪਰ੍ਹੇ। ਨਗਾਂ ਵਾਲੇ ਸਾਰੇ ਗ੍ਰਹਿ ਮੈਂ ਅੰਦਰ ਹੀ ਲੰਘਾ ਲਏ। ਤੂੰ ਜਾਹ ਨੌਕਰੀ ਨੂਕਰੀ ਲੱਭ ਐਵੇਂ ਨਾ ਲੁੱਟਿਆ ਜਾਈਂ।

ਉਨੀਆਂ ਸਾਲਾਂ ਦੀ ਨਿਆਣੀ ਉਮਰ, ਪਾਖੰਡ ਦਾ ਕੋਈ ਇਲਮ ਨਹੀਂ ਸੀ ਤੇ ਲੱਗਦਾ ਮੈਨੂੰ ਇੱਦਾਂ ਸੀ ਕਿ ਰੱਬ ਮੇਰੇ ਨਾਲ ਨਾਲ ਤੁਰਨ ਲੱਗ ਪਿਆ ਹੈ ਪਰ ਮੈਂ ਉਥੋਂ ਬਹੁਤ ਨਿਰਾਸ਼ਾ ਵਿਚ ਪਰਤਿਆ। ਗੁੱਸੇ 'ਚ ਮੈਂ ਥ੍ਰੀ ਵੀਲ੍ਹਰ ਵਿਚ ਕਿਸਮਤ ਉਨ੍ਹੇ ਬਦਲ ਦਿੱਤੀ ਹੈ, ਅਸੀਂ ਵੀ ਅੱਜ-ਕਲ੍ਹ ਜਾਣੈ ਉਹਦੇ ਕੋਲ। ਪੈਸੇ ਦਾ ਬੰਦੋਬਸਤ ਕਰਦੇ ਫਿਰਦੇ ਆਂ, ਜੇ ਤੇਰੇ ਕੋਲ ਹੈਗੇ ਆ ਤਾਂ ਤੂੰ ਹੁਣ ਜਾ ਆ। ਮੈਂ ਇਕ ਵਾਰੀ ਫਿਰ ਅੰਧ ਵਿਸ਼ਵਾਸੀ ਦੇ ਚੱਕਰਵਿਊ ਵਿਚ ਅਭਿਮੰਨਯੂ ਵਾਂਗ ਉਲਝ ਗਿਆ। ਰਿਕਸ਼ਾ ਫੜਿਆ, ਸਿੱਧਾ ਤਾਜਪੁਰ ਰੋਡ 'ਤੇ ਸੈਂਟਰਲ ਜੇਲ੍ਹ ਦੇ ਬੂਹੇ ਅੱਗੇ ਜਾ ਖੜਾ ਹੋਇਆ। ਮੈਨੂੰ ਯਾਦ ਸੀ ਕਿ 'ਤਸਵੀਰ' ਮੈਗਜ਼ੀਨ ਵਿਚ 'ਯਾਦਾਂ ਜੇਲ੍ਹ ਦੀਆਂ' ਲਿਖਣ ਵਾਲਾ ਜੇਲ੍ਹਰ ਇਸੇ ਜੇਲ੍ਹ ਵਿਚ ਹੀ ਲੱਗਾ ਹੋਇਆ ਹੈ। ਮੈਂ ਸੰਤਰੀ ਨੂੰ ਕਿਹਾ, ਮੈਂ ਅਖਬਾਰ ਵਿਚੋਂ ਆਇਆਂ ਤੇ ਰਾਮਪਾਲ ਨੂੰ ਮਿਲਣਾ। ਉਹ ਅੰਦਰੋਂ ਪੁੱਛ ਕੇ ਮੈਨੂੰ ਲੈ ਗਿਆ। ਦਫਤਰ ਵਿਚ ਕੁਰਸੀ 'ਤੇ ਬੈਠੇ ਨੂੰ ਮੈਂ ਸਾਸਰੀਕਾਲ ਬੁਲਾ ਕੇ ਉਹਦੇ ਲੜੀਵਾਰ ਕਾਲਮ ਦੀਆਂ ਦੋ ਚਾਰ ਸਿਫਤਾਂ ਕੀਤੀਆਂ। ਆਪਣੇ ਲਿਖਣ ਬਾਰੇ ਦੱਸਿਆ ਤਾਂ ਉਹ ਕਹਿਣ ਲੱਗਾ, ਸੇਵਾ ਦੱਸ। ਮੈਂ ਕਿਹਾ, ਇਥੇ ਇਕ ਪੰਡਿਤ ਮੁੰਦਰੀ ਦਿੰਦੈ ਕਿਸਮਤ ਬਦਲਣ ਲਈ। ਉਹ ਉਚੀ ਉਚੀ ਹੱਸਿਆ ਤੇ ਕਹਿਣ ਲੱਗਾ, ਜਲੰਧਰ ਬਾਈਪਾਸ ਆਲਾ ਦੀਵਾਨ ਚੰਦ! ਮੈਂ ਖੁਸ਼ ਹੋ ਗਿਆ ਕਿ ਹੁਣ ਲੱਗੇ ਭਾਗ ਜਾਗਣ, ਹਾਂ ਵਿਚ ਸਿਰ ਹਿਲਾ ਦਿੱਤਾ।

ਅਸਲ 'ਚ ਨੇਕੀ ਕਾਤਲ ਤੇ ਬਲਵਿੰਦਰ ਭਗਤੇ ਨੇ ਮੇਰੇ ਨਾਲ ਟਿੱਚਰ ਕੀਤੀ ਸੀ। ਪਰ ਜੋ ਕੁਝ ਮੈਨੂੰ ਜੇਲ੍ਹਰ ਨੇ ਦੱਸਿਆ, ਉਹ ਹੋਰ ਵੀ ਦਿਲਚਸਪ ਸੀ। ਕਹਿਣ ਲੱਗਾ, ਘਰ ਨੂੰ ਮੁੜ ਜਾਹ, ਲੁੱਟਿਆ ਜਾਏਂਗਾ। ਇਹ ਤਾਂ ਸਾਲਾ ਕੁੱਟਿਆ ਵੀ ਗਿਆ ਤੇ ਛੁੱਟੇਗਾ ਵੀ ਨਹੀਂ। ਇਹਦੀ ਗੱਲ ਸੁਣ ਲੈ, ਇਹਨੇ ਕਿਸੇ ਮੁੰਡੇ ਨੂੰ ਇੱਦਾਂ ਦੀ ਮੁੰਦਰੀ ਦਿੱਤੀ ਸੀ ਕਿ ਤੂੰ ਬੇਫਿਕਰ ਹੋ ਕੇ ਉਸ ਕੁੜੀ ਦੇ ਘਰ ਜਾਇਆ ਕਰ ਜਿਹਨੂੰ ਤੂੰ ਪਿਆਰ ਕਰਦੈਂ, ਉਹਦੇ ਭਰਾ ਤੇਰਾ ਵਾਲ ਵਿੰਗਾ ਨੀ ਕਰ ਸਕਦੇ, ਪਰ ਮੁੰਦਰੀ ਰੋਜ਼ ਕੱਚੀ ਲੱਸੀ ਵਿਚ ਧੋ ਕੇ ਪਾਈਂ।

ਇਹ ਜੇਲ੍ਹਰ ਤਾਂ ਮੈਨੂੰ ਫਿਰ ਵੀ ਮਿਲਦਾ ਰਿਹਾ ਪਰ ਪੰਡਿਤ ਦੀ ਸ਼ਕਲ ਮੁੜ ਕੇ ਕਿਤੇ ਨਾ ਦੇਖੀ।

ਸਾਲ ਦੋ ਹਜ਼ਾਰ ਦੀ ਗੱਲ ਐ। ਲੁਧਿਆਣੇ ਦੇ ਇਕ ਹਸਪਤਾਲ ਵਿਚ ਮੇਰੇ ਜੀਜਾ ਜੀ ਬ੍ਰੇਨ ਟਿਊਮਰ ਕਾਰਨ ਬੇਹੋਸ਼ੀ ਵਿਚ ਸਨ। ਰੋਟੀ-ਪਾਣੀ ਪਰਮਿੰਦਰ ਸੰਧੂ ਜਾਂ ਕੁਲਦੀਪ ਮਾਣਕ ਦੇ ਘਰੋਂ ਆਉਂਦਾ ਸੀ। ਖਾਣਾ ਦੇਣ ਆਏ ਮੁੰਡੇ ਨਾਲ ਇਕ ਹੋਰ ਮੁੰਡਾ ਆਇਆ। ਕਹਿਣ ਲੱਗਾ, ਰਾਧੇ ਸ਼ਿਆਮ ਇਕ ਪੰਡਿਤ ਐ, ਕੱਲ੍ਹ ਇਸੇ ਹਸਪਤਾਲ ਵਿਚ ਇਕ ਮੁੰਡਾ ਐਕਸੀਡੈਂਟ 'ਚ ਜ਼ਖਮੀ ਹੋ ਕੇ ਆਇਆ ਸੀ, ਉਹਦੇ ਸਿਰ ਵਿਚ ਸੱਟ ਸੀ ਪਰ ਉਹ ਬਚ ਗਿਆ। ਬਚਣ ਆਲੇ ਦਾ ਭਰਾ ਸਿੱਧਾ ਰਾਧੇ ਸ਼ਿਆਮ ਕੋਲ ਪਹਿਲਾਂ ਗਿਆ ਸੀ। ਇਸ ਹਸਪਤਾਲ ਦੇ ਅੱਧੇ ਮਰੀਜ਼ ਉਹ ਠੀਕ ਕਰਦਾ। ਬੱਸ ਰੁਪਿਆ ਦਸ ਹਜ਼ਾਰ ਲੱਗੇਗਾ, ਪੰਡਿਤ ਉਹ ਉਪਾਅ ਕਰੇਗਾ ਕਿ ਤੁਹਾਡਾ ਮਰੀਜ਼ ਸਵੇਰ ਨੂੰ ਨਾ ਨੌਂ ਬਰ ਨੌਂ ਹੋ ਗਿਆ ਤਾਂ ਮੈਨੂੰ ਕਿਹੋ।'

ਉਦੋਂ ਤੱਕ ਉਮਰ ਦੇ ਹਿਸਾਬ ਨਾਲ ਮੈਂ ਕਾਫੀ ਸੰਭਲ ਚੁੱਕਾ ਸੀ ਤੇ ਤਰਕ ਸੋਚ ਹੋਣ ਕਾਰਨ ਇਸ ਪਾਖੰਡ ਦੇ ਖਿਲਾਫ ਵੀ ਬੜਾ ਸੀ ਪਰ ਮੈਂ ਘਰ ਵਿਚ ਔਰਤਾਂ ਦੇ ਦਬਾਅ ਪਾਉਣ ਕਰਕੇ ਇਹ ਤਜ਼ਵੀਜ਼ ਤਾਂ ਮੰਨ ਲਈ ਕਿ ਰੱਬ ਸ਼ਾਇਦ ਏਦਾਂ ਹੀ ਮਿਹਰਬਾਨ ਹੋ ਜਾਵੇ, ਕਿਉਂਕਿ ਜੇ ਕੁਝ ਜੀਜੇ ਨੂੰ ਹੋ ਗਿਆ ਤਾਂ ਭਾਣਜੇ-ਭਾਣਜੀਆਂ ਛੋਟੇ ਛੋਟੇ ਨੇ, ਉਨ੍ਹਾਂ ਦਾ ਕੀ ਬਣੇਗਾ? ਤੇ ਮੈਂ ਇਸ ਬਹਿਕਾਵੇ ਵਿਚ ਆ ਗਿਆ। ਅਗਲੇ ਦਿਨ ਉਹੀ ਮੁੰਡਾ ਆਇਆ। ਮੈਂ ਉਹਨੂੰ ਦਸ ਹਜ਼ਾਰ ਰੁਪਏ ਦਿੱਤੇ। ਉਹਨੇ ਮੈਨੂੰ ਢਾਈ ਕਿੱਲੋ ਸਿੱਕਾ, ਬਾਰਾਂ ਲੱਡੂ, ਚਾਂਦੀ ਦਾ ਸੱਪ ਅਤੇ ਗਿਆਰਾਂ ਛੜੀਆਂ ਲੋਹੇ ਦੀਆਂ ਰਾਹੋਂ ਰੋਡ ਵਾਲੇ ਪਾਸੇ ਮੱਤੇਵਾਲ ਕੋਲ ਸਤਲੁਜ ਦਰਿਆ ਦੇ ਕੰਢੇ ਨਾਲ ਲੈ ਕੇ ਆਉਣ ਲਈ ਕਿਹਾ। ਮੈਂ ਉਹਨੂੰ ਹੀ ਪੰਜ ਹਜ਼ਾਰ ਰੁਪਿਆ ਹੋਰ ਦੇ ਦਿੱਤਾ ਕਿ ਇਹ ਸਮਾਨ ਤੂੰ ਹੀ ਲੈ ਆਵੀਂ ਕਿਉਂਕਿ ਦਸ ਹਜ਼ਾਰ ਤਾਂ ਸਿਰਫ ਪੂਜਾ ਦੀ ਭੇਟਾ ਹੀ ਸੀ।

ਵੀਰਵਾਰ ਦਾ ਦਿਨ, ਸਵੇਰੇ ਨੌਂ ਵਜੇ ਨਹਾ ਧੋ ਕੇ ਮੈਂ ਦਰਿਆ ਦੇ ਕਿਨਾਰੇ ਜਾ ਪੁੱਜਾ। ਜਦੋਂ ਮੈਂ ਸਾਹਮਣੇ ਰਾਧੇ ਸ਼ਿਆਮ ਨੂੰ ਵੇਖਿਆ ਤਾਂ ਮੇਰੇ ਅੱਗ ਲੱਗ ਗਈ। ਦਿਲ ਕੀਤਾ ਕਿ ਇਹ ਢਾਈ ਕਿੱਲੋ ਦਾ ਸਿੱਕਾ ਇਹਦੇ ਸਿਰ ਵਿਚ ਮਾਰਾਂ। ਮੈਂ ਉਖੜ ਕੇ ਪੈ ਨਿਕਲਿਆ, ਤੂੰ ਸਾਲਿਆ ਦੀਵਾਨ ਚੰਦ ਐਂ, ਰਾਧੇ ਸ਼ਿਆਮ ਨਹੀਂ, ਤੂੰ ਜੇਲ੍ਹ ਵਿਚ ਵੀ ਗਿਆਂ, ਤੂੰ ਮੈਨੂੰ ਮੁੰਦਰੀ ਵਿਚ ਵੀ ਠਗਣਾ ਚਾਹੁੰਦਾ ਸੀ, ਤੂੰ ਨਾਂ ਬਦਲ ਕੇ ਠਗੀਆਂ ਮਾਰਦੈਂ। ਉਹ ਪੈਰਾਂ ਤੇ ਪਾਣੀ ਨਾ ਪੈਣ ਦੇਵੇ। ਕਹੇ, ਨਹੀਂ ਮੈਂ ਦੀਵਾਨ ਚੰਦ ਨਹੀਂ, ਰਾਧੇ ਸ਼ਿਆਮ ਹਾਂ।

ਮੈਂ ਉਨੇ ਦੁਖੀ ਮਨ ਨਾਲ ਫਿਰ ਮੁੜ ਕੇ ਆ ਗਿਆ ਜਿੰਨਾ ਦੁਖੀ ਮਾਣਕ ਦੇ ਘਰੋਂ ਆਇਆ ਸੀ ਪਈ ਇਹ ਕੰਜਰ ਦਾ ਦਮੂਹਾ ਸੱਪ ਮੈਨੂੰ ਬਾਰ ਬਾਰ ਕਿਉਂ ਟੱਕਰਦੈ।

ਅਸਲ ਵਿਚ ਇਸ ਰਾਧੇ ਸ਼ਿਆਮ ਨੇ ਆਪਣੇ ਠਗ ਪ੍ਰਚਾਰਕ ਲੁਧਿਆਣੇ ਦੇ ਉਸ ਬਹੁ ਚਰਚਿਤ ਹਸਪਤਾਲ ਵਿਚ ਛੱਡੇ ਹੋਏ ਸਨ।

ਬਦਕਿਸਮਤੀ ਕਿ ਕੁਝ ਦਿਨਾਂ ਪਿੱਛੋਂ ਮੇਰੇ ਜੀਜਾ ਜੀ ਦੀ ਮੌਤ ਹੋ ਗਈ। ਕੁਲਦੀਪ ਮਾਣਕ ਜਦੋਂ ਅਫਸੋਸ ਲਈ ਆਇਆ ਤਾਂ ਮੈਂ ਦੀਵਾਨ ਚੰਦ ਤੇ ਰਾਧੇ ਸ਼ਿਆਮ ਦੋ ਨਾਵਾਂ ਦੀ ਚਰਚਾ ਕਰਦਿਆਂ ਦੱਸਿਆ ਕਿ ਉਸ ਦਿਨ ਮੈਂ ਤੇਰੇ ਨਾਲ ਗੁੱਸੇ ਸੀ ਜਦੋਂ ਤੂੰ ਮੈਨੂੰ ਸੱਤ ਸੌ ਰੁਪਿਆ ਨਹੀਂ ਸੀ ਦਿੱਤਾ। ਫਿਰ ਮੈਂ ਤੈਨੂੰ ਬਿਨਾਂ ਦੱਸੇ ਇਹਨੂੰ ਜੇਲ੍ਹ ਵਿਚ ਮਿਲਣ ਗਿਆ, ਤੇਰੇ ਸ਼ਾਗਿਰਦ ਨੇਕੀ ਕਾਤਲ ਤੇ ਬਲਵਿੰਦਰ ਭਗਤੇ ਦੇ ਕਹਿਣ 'ਤੇ। ਮਾਣਕ ਨੇ ਉਸ ਦਿਨ ਦੱਸਿਆ ਕਿ ਪ੍ਰੀਤਮ ਬਰਾੜ ਨੂੰ ਉਨੇ ਸਾਢੇ ਅੱਠ ਸੌ 'ਚ ਮੁੰਦਰੀ ਦਿੱਤੀ ਸੀ, ਇਹ ਕਹਿ ਕੇ ਤੇਰੀ ਚੜ੍ਹਾਈ ਕੁਲਦੀਪ ਮਾਣਕ ਤੋਂ ਵੀ ਉਪਰ ਹੋਵੇਗੀ, ਕੋਠੀਆਂ ਕਾਰਾਂ ਤੇਰੇ ਥੱਲੇ ਹੋਣਗੀਆਂ ਪਰ ਜਿਹੜੀ ਗਾਇਕਾ ਉਹਦੇ ਨਾਲ ਵਿਆਹ ਕਰਾਉਣਾ ਚਾਹੁੰਦੀ ਸੀ, ਉਹਨੂੰ ਉਹੀ ਨਗ੍ਹਾ ਵਾਲੀ ਮੁੰਦਰੀ ਇਸ ਦੀਵਾਨ ਚੰਦ ਨੇ ਬਾਈ ਸੌ ਵਿਚ ਵੇਚੀ ਸੀ ਤੇ ਫਿਰ ਟਿੱਚਰ ਕਰਦਿਆਂ ਕਹਿਣ ਲੱਗਾ, ਜਨਾਨੀਆਂ ਪੈਸੇ ਦੇਣ ਲੱਗੀਆਂ ਹੱਥ ਖੁੱਲ੍ਹਾ ਕਰ ਲੈਂਦੀਆਂ ਨੇ। ਇਹ ਸਾਲੇ ਲੁੱਚੇ ਜਨਾਨੀਆਂ ਦੀਆਂ ਕਮਜ਼ੋਰੀਆਂ ਜਾਣਦੇ ਹੁੰਦੇ ਨੇ।

ਫਿਰ ਕਈ ਸਾਲ ਬੀਤ ਗਏ।

*(ਬਾਕੀ ਸਫਾ 30 'ਤੇ)*

## ਗੱਲ ਬਣੀ ਕਿ ਨਹੀਂ

*-ਐਸ. ਅਸ਼ੋਕ ਭੌਰਾ*

### *ਭਜਨ ਸਿਹਾਂ ਹੋਰ...!*

ਤੂੰ ਪੁੱਛਦਾਂ ਏ ਕੀ ਕੀ ਹੋਇਆ?
ਹਰ ਕੋਈ ਧਾਹਾਂ ਮਾਰ ਕੇ ਰੋਇਆ,
ਲਹੂ ਬਣ ਬਣ ਅੱਥਰੂ ਚੋਇਆ,
ਦੁੱਖੜੇ ਦੱਸਾਂ ਖੋਲ੍ਹ,
ਭਜਨ ਸਿਹਾਂ ਹੋਰ ਨਾ ਵਰਕੇ ਫੋਲ।
ਅਮਰੀਕਾ ਵਾਲਾ ਗੰਜਾ ਭੋਲਾ।
ਉਹਦੇ ਸਿਰ ਵਿਚ ਵੱਜ ਗਿਆ ਠੋਲ੍ਹਾ।
ਬੇਗੀ ਨੂੰ ਢਾਹ ਗਿਆ ਏ ਗੋਲਾ।
ਭਾਈ ਨੇ ਦੱਬ ਲਈ ਪੈਲੀ ਸਾਰੀ,
ਬੇਈਮਾਨੀ ਦਾ ਪੈ ਗਿਆ ਫੋਲਾ।
ਤਾਹੀਓਂ ਲੋਕੀਂ ਕਹਿੰਦੇ,
ਦੁਨੀਆਂ ਪੈਸੇ ਵਰਗੀ ਗੋਲ।
ਭਜਨ ਸਿਹਾਂ ਹੋਰ...।
ਰੱਤੋਵਾਲਾ ਸਾਧ ਹਰਾਮੀ।
ਤੀਵੀਂ ਲੈ ਗਿਆ ਕੱਢ ਕੇ ਸ਼ਾਮੀ।
ਲੀਡਰ ਜਿਹਦੀ ਭਰਦੇ ਹਾਮੀ।
ਸ਼ਹਿ ਦਿੰਦੇ ਸੀ ਪੂਰੀ ਤਾਹੀਓਂ,
ਸੀ ਜਿਨ੍ਹਾਂ ਲਈ ਮੋਟੀ ਸਾਮੀ।
ਬਿਨ ਡਗੇ ਤੋਂ ਵੱਜਦਾ ਵੇਖਿਆ
ਤੜਕੇ ਉਠ ਕੇ ਢੋਲ।
ਭਜਨ ਸਿਹਾਂ ਹੋਰ...।

ਚਿੱਟਾ ਪੀਵੇ ਪੁੱਤ ਇਕੱਲਾ।
ਸਾਰਾ ਵੇਚ ਕੇ ਖਾ ਗਿਆ ਪੱਲਾ।
ਮੁੰਦਰੀ ਦਾ ਹੁਣ ਬਣ ਗਿਆ ਛੱਲਾ।
ਕੋਈ ਨੀਂ ਬਚਿਆ ਇਥੇ ਮਿੱਤਰਾ,
ਹਰ ਪਾਸੇ ਹੀ ਹੋ ਗਿਆ ਹੱਲਾ।
ਏਸ ਔਲਾਦ ਨੇ ਕੱਖਾਂ ਵਾਗੂੰ
ਮਾਪੇ ਦਿੱਤੇ ਰੋਲ।
ਭਜਨ ਸਿਹਾਂ ਹੋਰ...।
ਆ ਗਈ ਰੁੱਤ ਵੋਟਾਂ ਦੀ ਅੜਿਆ।
ਇਹੋ ਸਭ ਨੂੰ ਤੇਈਆ ਚੜ੍ਹਿਆ।
ਸਾਰਾ ਸੇਬ ਪਿਆ ਹੈ ਸੜਿਆ।
ਚਿੱਟੀ ਤੇ ਕੋਈ ਨੀਲੀ ਪਾ ਕੇ,
ਕੋਈ ਪਹਿਨ ਕੇ ਟੋਪੀ ਅੜਿਆ।
ਆਪੇ ਕਰਕੇ ਫਾਇਰ ਸਿਤਮ ਦੇ,
ਚੁਗਦੇ 'ਭੌਰੇ' ਖੋਲ।
ਭਜਨ ਸਿੰਹਾਂ ਹੋਰ...।

ਵਿਚਾਰ-ਚਰਚਾ

# ਹਮ ਘਰਿ ਸੂਤੁ ਤਨਹਿ ਨਿਤ ਤਾਨਾ ਕੰਠਿ ਜਨੇਊ ਤੁਮਾਰੇ



ਡਾ. ਗੁਰਨਾਮ ਕੌਰ, ਕੈਨੇਡਾ

ਭਗਤ ਕਬੀਰ ਜੀ ਦਾ ਇਹ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 482 'ਤੇ ਦਰਜ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਧਾਰਮਕ ਕੱਟੜਤਾ, ਕਰਮ-ਕਾਂਡ, ਜਾਤ-ਪਾਤ, ਸਮਾਜਕ-ਰਾਜਨੀਤਕ ਅਨਿਆਂ ਅਤੇ ਹੋਰ ਹਰ ਤਰ੍ਹਾਂ ਦੀਆਂ ਬੁਰਾਈਆਂ ਨਾਲ ਨਜਿੱਠਣ ਲਈ ਸੰਵਾਦ ਰਚਾਇਆ ਗਿਆ ਹੈ ਤਾਂ ਕਿ ਤਰਕ ਰਾਹੀਂ ਸਮੱਸਿਆ ਦੀ ਜੜ ਤੱਕ ਪਹੁੰਚ ਕੇ ਉਸ ਬੁਰਾਈ ਨੂੰ ਦੂਰ ਕੀਤਾ ਜਾ ਸਕੇ। ਕਿਸੇ ਵੀ ਵਿਚਾਰ ਨੂੰ ਉਪਰੋਂ ਥੋਪਣ ਦੀ ਥਾਂ, ਉਸ ਦਾ ਤਰਕ ਸਿਰਜਿਆ ਗਿਆ ਹੈ। ਇਸ ਸ਼ਬਦ ਵਿਚ ਵੀ ਭਗਤ ਕਬੀਰ ਬ੍ਰਾਹਮਣ ਦੀ ਧਰਮ ਅਤੇ ਸਮਾਜ ਉਤੇ ਵਾਧੂ ਕਿਸਮ ਦੀ ਇਜਾਰੇਦਾਰੀ ਦੀ ਗੱਲ ਕਰਦੇ ਹਨ ਜਿਸ ਰਾਹੀਂ ਉਹ ਆਪਣੇ ਆਪ ਨੂੰ ਸਮਾਜ ਦਾ ਰਖਵਾਲਾ ਸਮਝਦਾ ਹੈ। ਬ੍ਰਾਹਮਣ ਜਾਂ ਕੋਈ ਵੀ ਪੁਜਾਰੀ ਜਮਾਤ ਧਾਰਮਕ ਚਿੰਨ੍ਹ ਪਹਿਨ ਕੇ ਆਪਣੇ ਆਪ ਨੂੰ ਧਰਮ ਅਤੇ ਸਮਾਜ ਦੀ ਠੇਕੇਦਾਰ ਸਮਝਣ ਲੱਗ ਪੈਂਦੀ ਹੈ ਜਦਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਅਨੁਸਾਰ ਪੁਜਾਰੀ ਧਰਮ ਦਾ ਠੇਕੇਦਾਰ ਨਹੀਂ ਹੈ।

ਰੱਬ ਸਭ ਦਾ ਸਿਰਜਣਹਾਰ ਹੈ ਤੇ ਸਿਰਜਕ ਹੋਣ ਦੇ ਨਾਤੇ ਉਹ ਸਭ ਦਾ ਸਾਂਝਾ ਪਿਤਾ ਹੈ ਜਿਸ ਦੀ ਨਜ਼ਰ ਵਿਚ ਸਾਰੇ ਮਨੁੱਖ ਬਰਾਬਰ ਹਨ। ਕੋਈ ਵੀ ਮਨੁੱਖ ਗੁਰੂ ਦੇ ਦੱਸੇ ਰਸਤੇ 'ਤੇ ਚੱਲ ਕੇ, ਅਕਾਲ ਪੁਰਖ ਦੇ ਨਾਮ ਸਿਮਰਨ ਰਾਹੀਂ ਰੱਬ ਨਾਲ ਸਿੱਧਾ ਰਿਸ਼ਤਾ ਕਾਇਮ ਕਰ ਸਕਦਾ ਹੈ ਜਿਸ ਵਿਚ ਕਿਸੇ ਪੁਰੋਹਿਤ ਜਾਂ ਪੁਜਾਰੀ ਦੀ ਜ਼ਰੂਰਤ ਨਹੀਂ ਹੈ। ਕੋਈ ਵੀ ਮਨੁੱਖ ਅਕਾਲ ਪੁਰਖ ਦੇ ਸਿਮਰਨ ਰਾਹੀਂ ਉਸ ਨੂੰ ਪਾ ਸਕਦਾ ਹੈ, ਉਸ ਨਾਲ ਨੇੜਤਾ ਕਾਇਮ ਕਰ ਸਕਦਾ ਹੈ। ਭਾਰਤੀ ਸਮਾਜ ਦੀ ਵੱਖ ਵੱਖ ਜਾਤਾਂ, ਉਪ-ਜਾਤਾਂ 'ਚ ਵੰਡ ਵਰਣ-ਆਸ਼ਰਮ ਧਰਮ ਦੇ ਸਿਧਾਂਤ 'ਤੇ ਆਧਾਰਤ ਹੈ ਜਿਸ ਨੂੰ ਹਿੰਦੂ ਸ਼ਾਸਤਰਾਂ ਰਾਹੀਂ ਪ੍ਰਮਾਣਕਤਾ ਦਿੱਤੀ ਹੋਈ ਅਤੇ ਇਸ ਰਾਹੀਂ ਸਮਾਜ ਦੀਆਂ ਵੱਖ ਵੱਖ ਸ਼੍ਰੇਣੀਆਂ ਦਾ ਜੋ ਸੋਸ਼ਣ ਹੋਇਆ ਹੈ, ਸਦੀਆਂ ਤੋਂ ਜਿਸ ਕਿਸਮ ਦੇ ਸਮਾਜਕ ਅਤੇ ਧਾਰਮਕ ਅਨਿਆਂ ਦਾ ਲੋਕਾਂ ਨੂੰ ਸਾਹਮਣਾ ਕਰਨਾ ਪੈਂਦਾ ਰਿਹਾ ਹੈ ਅਤੇ ਕਰਨਾ ਪੈ ਰਿਹਾ ਹੈ, ਜਿਸ ਕਿਸਮ ਦਾ ਸੰਤਾਪ ਵੱਖ ਵੱਖ ਵਰਗਾਂ ਨੇ ਆਪਣੇ ਪਿੰਡਿਆਂ 'ਤੇ ਝੇਲਿਆ ਹੈ, ਇਸ ਦੀ ਝਲਕ ਸਾਨੂੰ ਗੁਰਬਾਣੀ ਵਿਚ ਮਿਲ ਜਾਂਦੀ ਹੈ।

ਭਗਤ ਕਬੀਰ ਬ੍ਰਾਹਮਣ ਨੂੰ ਤਰਕ ਰਾਹੀਂ ਸਮਝਾਉਂਦੇ ਹਨ ਕਿ ਜਨੇਊ ਪਾ ਕੇ ਜੋ ਕਿ ਸੂਤ ਦੇ ਥੋੜ੍ਹੇ ਜਿਹੇ ਧਾਗਿਆਂ ਨਾਲ ਬਣਿਆ ਹੁੰਦਾ ਹੈ, ਆਪਣੇ ਆਪ ਨੂੰ ਸਾਡਾ ਅਰਥਾਤ ਸਮਾਜ ਦਾ ਅਤੇ ਧਰਮ ਦਾ ਰਾਖਾ ਮੰਨ ਬੈਠਾ ਹੈਂ ਅਤੇ ਆਪਣੀ ਉਚੀ ਜਾਤ ਹੋਣ ਦਾ ਮਾਣ ਕਰਦਾ ਹੈਂ, ਤਾਂ ਫਿਰ ਸਾਡੇ ਘਰ ਤਾਂ (ਕਬੀਰ ਜੀ ਜਾਤੀ-ਵੰਡ ਅਨੁਸਾਰ ਕੱਪੜਾ ਬੁਣਕਰ ਜਾਤ ਨਾਲ ਸਬੰਧਤ ਹਨ ਜਿਸ ਨੂੰ ਬ੍ਰਾਹਮਣੀ ਸ਼ਾਸਤਰਾਂ ਅਨੁਸਾਰ ਜਨੇਊ ਪਾਉਣ ਦਾ ਹੱਕ ਨਹੀਂ ਹੈ) ਬਹੁਤ ਸੂਤ ਪਿਆ ਹੈ ਜਿਸ ਨਾਲ ਅਸੀਂ ਨਿੱਤ ਤਾਣਾ ਤਣਦੇ ਅਤੇ ਕੱਪੜਾ ਬੁਣਦੇ ਹਾਂ। ਜਨੇਊ ਦੇ ਨਾਲ ਹੀ ਬ੍ਰਾਹਮਣ ਨੂੰ ਵੇਦ ਪੜ੍ਹਨ ਦਾ ਵੀ ਮਾਣ ਹੈ ਜਿਸ ਮਾਣ ਨੂੰ ਭਗਤ ਕਬੀਰ ਨਿਰਾ ਕੂੜ ਸਾਬਤ ਕਰਦੇ ਹਨ ਕਿਉਂਕਿ ਪੰਡਤ ਤਾਂ ਸਿਰਫ ਜੀਭ ਨਾਲ ਗਾਇਤ੍ਰੀ ਮੰਤਰ ਦਾ ਜਾਪ ਕਰਦਾ ਹੈ ਜਦਕਿ ਭਗਤ ਦੇ ਹਿਰਦੇ ਵਿਚ ਪਰਮਾਤਮਾ ਆਪ ਨਿਵਾਸ ਕਰ ਰਿਹਾ ਹੈ।

ਕਬੀਰ ਸਾਹਿਬ ਬ੍ਰਾਹਮਣ ਨੂੰ ਉਸ ਦੀ ਮੂਰਖਤਾ ਦਾ ਅਹਿਸਾਸ ਕਰਾਉਂਦੇ ਹਨ ਕਿ ਅਕਾਲ ਪੁਰਖ ਉਨ੍ਹਾਂ ਦੀ ਜੀਭ, ਅੱਖਾਂ ਅਤੇ ਦਿਲ ਵਿਚ ਵੱਸ ਰਿਹਾ ਹੈ ਅਰਥਾਤ ਉਨ੍ਹਾਂ ਦਾ ਰੋਮ ਰੋਮ ਪ੍ਰਭੂ-ਭਗਤੀ ਵਿਚ ਰੰਗਿਆ ਹੋਇਆ ਹੈ। ਭਗਤ ਕਬੀਰ ਪੰਡਤ ਨੂੰ ਪ੍ਰਸ਼ਨ ਕਰਦੇ ਹਨ ਕਿ ਜਦੋਂ ਧਰਮਰਾਜ ਦੀ ਕਚਹਿਰੀ ਵਿਚ ਲੇਖਾ ਦੇਣਾ ਪਵੇਗਾ ਤਾਂ ਉਹ ਕੀ ਦੱਸੇਗਾ ਕਿ ਸਾਰੀ ਉਮਰ ਧਰਮ ਦੀ ਕਿਹੜੀ ਕਮਾਈ ਕੀਤੀ ਹੈ? ਭਗਤ ਕਬੀਰ ਅੱਗੇ ਦੱਸਦੇ ਹਨ ਕਿ ਅਸੀਂ ਆਮ ਲੋਕ ਤਾਂ ਤੁਹਾਡੀਆਂ ਗਊਆਂ ਬਣੇ ਆ ਰਹੇ ਹਾਂ ਜਿਨ੍ਹਾਂ ਦੇ ਤੁਸੀਂ ਜਨਮਾਂ-ਜਨਮਾਂ ਤੋਂ ਭਾਵ ਸਦੀਆਂ ਤੋਂ ਰਾਖੇ ਬਣੇ ਆ ਰਹੇ ਹੋ ਅਤੇ ਸਾਡੇ ਮਾਲਕ ਗੁਆਲੇ ਬਣੇ ਆ ਰਹੇ ਹੋ। ਪਰ ਤੁਸੀਂ ਤਾਂ ਨਿਕੰਮੇ ਹੀ ਸਾਬਤ ਹੋਏ ਹੋ ਕਿਉਂਕਿ ਤੁਸੀਂ ਸਾਨੂੰ ਨਦੀ ਤੋਂ ਪਾਰ ਲੰਘਾ ਕੇ ਕਦੇ ਨਹੀਂ ਚਾਰਿਆ। ਭਗਤ ਕਬੀਰ ਦੇ ਕਹਿਣ ਦਾ ਅਰਥ ਹੈ ਕਿ ਆਪਣੇ ਧਾਰਮਕ ਕਰਮ-ਕਾਂਡ ਰਾਹੀਂ ਤੁਸੀਂ ਲੋਕਾਂ ਨੂੰ ਮੂਰਖ ਤਾਂ ਬਣਾਉਂਦੇ ਰਹੇ ਹੋ ਪਰ ਸੰਸਾਰ-ਸਮੁੰਦਰ ਤੋਂ ਪਾਰ ਲਗਾਉਣ ਦਾ ਕੋਈ ਰਾਹ ਨਹੀਂ ਦੱਸਿਆ। ਭਗਤ ਕਬੀਰ ਹੋਰ ਦੱਸਦੇ ਹਨ, ਮੰਨ ਲਿਆ ਤੂੰ ਕਾਸ਼ੀ ਦਾ ਬ੍ਰਾਹਮਣ ਹੈਂ (ਕਾਸ਼ੀ ਨੂੰ ਸ਼ਾਸਤਰੀ ਵਿੱਦਿਆ ਦਾ ਕੇਂਦਰ ਮੰਨਿਆ ਜਾਂਦਾ ਸੀ) ਤੇ ਮੈਂ ਕੱਪੜਾ ਬੁਣਨ ਵਾਲਾ ਜੁਲਾਹਾ ਹਾਂ (ਜਿਸ ਨੂੰ ਸ਼ਾਸਤਰੀ ਵਿੱਦਿਆ ਹਾਸਲ ਕਰਨ ਦਾ ਹੱਕ ਨਹੀਂ ਹੈ) ਪਰ ਇਹ ਗੱਲ ਸੋਚਣ ਵਾਲੀ ਹੈ ਕਿ ਸ਼ਾਸਤਰੀ ਵਿੱਦਿਆ ਪ੍ਰਾਪਤ ਕਰਕੇ ਤੁਸੀਂ ਕੀ ਕਰਦੇ ਰਹੇ ਹੋ? ਤੁਸੀਂ ਰਾਜੇ ਰਾਣਿਆਂ ਦੇ ਦਰਵਾਜ਼ੇ ਤੋਂ ਮੰਗ ਕੇ ਖਾਂਦੇ ਰਹੇ ਹੋ ਜਦਕਿ ਮੇਰੀ ਸੁਰਤਿ ਅਕਾਲ ਪੁਰਖ ਨਾਲ ਜੁੜੀ ਹੋਈ ਹੈ:

ਹਮ ਘਰਿ ਸੂਤੁ ਤਨਹਿ ਨਿਤ ਤਾਨਾ
ਕੰਠਿ ਜਨੇਊ ਤੁਮਾਰੇ॥
ਤੁਮ੍ਹ ਤਉ ਬੇਦ ਪੜਹੁ ਗਾਇਤ੍ਰੀ
ਗੋਬਿੰਦੁ ਰਿਦੈ ਹਮਾਰੈ॥੧॥
ਮੇਰੀ ਜਿਹਬਾ ਬਿਸਨੁ ਨੈਨ ਨਾਰਾਇਨ
ਹਿਰਦੈ ਬਸਹਿ ਗੋਬਿੰਦਾ॥
ਜਮ ਦੁਆਰ ਜਬ ਪੂਛਸਿ ਬਵਰੇ
ਤਬ ਕਿਆ ਕਹਸਿ ਮੁਕੰਦਾ॥੧॥ਰਹਾਉ॥
ਹਮ ਗੋਰੂ ਤੁਮ ਗੁਆਰ ਗੁਸਾਈ
ਜਨਮ ਜਨਮ ਰਖਵਾਰੇ॥
ਕਬਹੂੰ ਨ ਪਾਰਿ ਉਤਾਰਿ ਚਰਾਇਹੁ
ਕੈਸੇ ਖਸਮ ਹਮਾਰੇ॥੨॥
ਤੂੰ ਬਾਮ੍ਹਨੁ ਮੈ ਕਾਸੀਕ ਜੁਲਹਾ
ਬੂਝਹੁ ਮੋਰ ਗਿਆਨਾ॥
ਤੁਮ੍ਹ ਤਉ ਜਾਚੇ ਭੂਪਤਿ ਰਾਜੇ
ਹਰਿ ਸਉ ਮੋਰ ਧਿਆਨਾ॥ (ਪੰਨਾ 482)

ਭਗਤ ਰਵਿਦਾਸ ਜੀ ਆਪਣੀ ਬਾਣੀ ਵਿਚ ਇਸ ਜਨਮ-ਆਧਾਰਤ ਸਮਾਜਕ ਨਾ-ਬਰਾਬਰੀ ਅਤੇ ਵਰਣ-ਵੰਡ ਦਾ ਪ੍ਰਗਟਾਵਾ ਕਰਦੇ ਹਨ ਜਿਸ ਦਾ ਸੰਤਾਪ ਉਨ੍ਹਾਂ ਨੇ ਸਮਾਜ ਵਿਚ ਰਹਿੰਦਿਆਂ ਆਪਣੇ ਪਿੰਡੇ 'ਤੇ ਹੰਢਾਇਆ ਸੀ। ਉਹ ਪਰਮਾਤਮਾ ਅੱਗੇ ਅਰਦਾਸ ਕਰਦੇ ਹਨ, ਹੇ ਪਰਮਾਤਮਾ ਤੂੰ ਚੰਦਨ ਦਾ ਬੂਟਾ ਹੈਂ ਤੇ ਮੈਂ ਨਿਮਾਣਾ ਅਰਿੰਡ ਦਾ ਬੂਟਾ ਹਾਂ ਪਰ ਮੈਨੂੰ ਤੇਰੇ ਚਰਨਾਂ ਵਿਚ ਥਾਂ ਮਿਲ ਗਈ ਹੈ ਜਿਸ ਕਰਕੇ ਤੇਰੀ ਮਿੱਠੀ ਖੁਸ਼ਬੋ ਮੇਰੇ ਅੰਦਰ ਵਸ ਗਈ ਹੈ ਅਤੇ ਮੈਂ ਹੁਣ ਨੀਵੇਂ ਤੋਂ ਉਚਾ ਹੋ ਗਿਆ ਹਾਂ। ਤੂੰ ਚਿੱਟਾ ਤੇ ਪੀਲਾ ਸੋਹਣਾ ਰੇਸ਼ਮ ਹੈਂ ਅਤੇ ਮੈਂ ਉਸ ਕੀੜੇ ਦੀ ਤਰ੍ਹਾਂ ਹਾਂ ਜੋ ਰੇਸ਼ਮ ਤੋਂ ਬਾਹਰ ਆ ਕੇ ਮਰ ਜਾਂਦਾ ਹੈ। ਮੇਰੇ 'ਤੇ ਮਿਹਰ ਕਰ ਅਤੇ ਮੈਨੂੰ ਆਪਣੀ ਸੰਗਤ ਵਿਚ ਜੋੜੀ ਰੱਖ, ਜਿਵੇਂ ਸ਼ਹਿਦ ਦੀਆਂ ਮੱਖੀਆਂ ਸ਼ਹਿਦ ਦੇ ਛੱਤੇ ਵਿਚ ਟਿਕੀਆਂ ਰਹਿੰਦੀਆਂ ਹਨ। ਭਗਤ ਜੀ ਅੱਗੇ ਕਹਿੰਦੇ ਹਨ, ਮੈਂ ਚਮਿਆਰ ਆਖਦਾ ਹਾਂ ਕਿ ਸਮਾਜ ਦੀਆਂ ਨਜ਼ਰਾਂ ਵਿਚ ਮੇਰੀ ਜਾਤ, ਕੁਲ ਨੀਵੀਂ ਹੈ, ਮੇਰਾ ਜਨਮ ਨੀਵਾਂ ਹੈ ਪਰ ਤੇਰੀ ਭਗਤੀ ਕਰਕੇ ਮੈਂ ਉਚਾ ਹੋ ਗਿਆ ਹਾਂ। ਮੈਂ ਸੱਚ-ਮੁੱਚ ਨੀਵਾਂ ਹੋ ਜਾਵਾਂਗਾ ਜੇ ਤੇਰੀ ਭਗਤੀ ਤੋਂ ਟੁੱਟ ਗਿਆ:

ਤੁਮ ਚੰਦਨ ਇਰੰਡ ਬਾਪੁਰੇ
ਸੰਗਿ ਤੁਮਾਰੇ ਬਾਸਾ॥
ਨੀਚ ਰੂਖ ਤੇ ਊਚ ਭਏ ਹੈ
ਗੰਧ ਸੁਗੰਧ ਨਿਵਾਸਾ॥੧॥
ਮਾਧਉ ਸਤਸੰਗਤਿ ਸਰਨਿ ਤੁਮ੍ਹਾਰੀ॥
ਹਮ ਅਉਗਨ ਤੁਮ੍ਹ ਉਪਕਾਰੀ॥੧॥ਰਹਾਉ॥
ਤੁਮ ਮਖਤੂਲ ਸੁਪੇਦ ਸਪੀਅਲ
ਹਮ ਬਪੁਰੇ ਜਸ ਕੀਰਾ॥
ਸਤਸੰਗਤਿ ਮਿਲਿ ਰਹੀਐ ਮਾਧਉ
ਜੈਸੇ ਮਧੁਪ ਮਖੀਰਾ॥
ਜਾਤੀ ਓਛਾ ਪਾਤੀ ਓਛਾ
ਓਛਾ ਜਨਮੁ ਹਮਾਰਾ॥
ਰਾਜਾ ਰਾਮ ਕੀ ਸੇਵ ਨ ਕੀਨੀ
ਕਹਿ ਰਵਿਦਾਸ ਚਮਾਰਾ॥ (ਪੰਨਾ 486)

ਇਸੇ ਨਾ-ਬਰਾਬਰੀ ਅਤੇ ਸਮਾਜਿਕ ਅਨਿਆਂ ਨੂੰ ਦੂਰ ਕਰਨ ਲਈ ਗੁਰੂ ਨਾਨਕ ਸਾਹਿਬ ਨੇ ਨੀਵੇਂ ਕਹੇ ਜਾਣ ਵਾਲੇ ਆਮ ਲੋਕਾਂ ਨਾਲ ਖੜਨ ਦਾ ਐਲਾਨ ਕੀਤਾ,

ਨੀਚਾ ਅੰਦਰਿ ਨੀਚ ਜਾਤਿ
ਨੀਚੀ ਹੂ ਅਤਿ ਨੀਚੁ॥
ਨਾਨਕੁ ਤਿਨ ਕੈ ਸੰਗਿ ਸਾਥਿ
ਵਡਿਆ ਸਿਉ ਕਿਆ ਰੀਸ॥
ਜਿਥੈ ਨੀਚ ਸਮਾਲੀਅਨਿ
ਤਿਥੈ ਨਦਰਿ ਤੇਰੀ ਬਖਸੀਸ॥ (ਪੰਨਾ 15)

ਹੇਠਲੇ ਵਰਣਾਂ ਦੇ ਨਾਲ ਹੀ ਇਕ ਹੋਰ ਪੀੜਤ ਜਮਾਤ ਇਸਤਰੀ ਹੈ, ਜਿਸ ਨੂੰ ਹੇਠਲੇ ਵਰਗਾਂ ਵਾਲੀ ਹੀ ਜ਼ਿਲਤ ਸਦੀਆਂ ਤੱਕ ਸਹਿਣੀ ਪੈਂਦੀ ਰਹੀ ਹੈ। ਭਾਵੇਂ ਵੈਦਿਕ ਕਾਲ ਵਿਚ ਇਸਤਰੀ ਨੂੰ ਉਸ ਦੀ ਸਰਦੀ-ਬਣਦੀ ਥਾਂ ਪ੍ਰਾਪਤ ਸੀ। ਉਪਨਿਸ਼ਦਾਂ ਵਿਚ ਅਸੀਂ ਘੋਸ਼, ਲੋਪਮੁਦਰਾ, ਸੁਲਭਾ ਤੇ ਗਾਰਗੀ ਵਰਗੀਆਂ ਸੁਘੜ ਇਸਤਰੀਆਂ ਦਾ ਜ਼ਿਕਰ ਪੜ੍ਹਦੇ ਹਾਂ; ਖਾਸ ਕਰਕੇ ਗਾਰਗੀ ਜਿਸ ਨੂੰ ਪੁਰਸ਼ਾਂ ਵਾਂਗ ਹੀ ਸ਼ਾਸਤ੍ਰਾਰਥ ਕਰਨ ਦੀ ਮੁਹਾਰਤ ਪ੍ਰਾਪਤ ਹੈ ਅਤੇ ਗਾਰਗੀ ਦੇ ਸਲੋਕ ਵੀ ਉਪਨਿਸ਼ਦਾਂ ਦੀ ਰਚਨਾ ਦਾ ਹਿੱਸਾ ਹਨ। ਮਨੂ ਨੂੰ ਹਿੰਦੂ ਧਰਮ ਦਾ ਕਾਨੂੰਨ-ਘਾੜਾ ਕਿਹਾ ਜਾਂਦਾ ਹੈ ਅਤੇ ਮਨੂ-ਸਿਮ੍ਰਤੀ ਵਿਚ ਇਸਤਰੀ ਨੂੰ ਸ਼ੂਦਰ ਦੇ ਬਰਾਬਰ ਹੀ ਮੰਨਿਆ ਗਿਆ ਹੈ ਅਤੇ ਉਸ ਨੂੰ ਆਪਣਾ ਕੋਈ ਵੀ ਫੈਸਲਾ ਆਪ ਕਰਨ ਦਾ ਅਧਿਕਾਰ ਨਹੀਂ ਦਿੱਤਾ ਗਿਆ। ਹਿੰਦੂ ਸ਼ਾਸਤਰਾਂ ਅਨੁਸਾਰ ਇਸਤਰੀ ਦੇ ਕੁਝ ਕੁਦਰਤੀ ਕਾਰਨਾਂ ਕਰਕੇ ਉਸ ਨੂੰ ਅਪਵਿੱਤਰ ਵੀ ਮੰਨਿਆ ਗਿਆ ਹੈ ਅਤੇ ਛੋਟੀ ਉਮਰ ਵਿਚ ਹੀ ਵਿਆਹ ਕਰ ਦੇਣ ਦੇ ਅਦੇਸ਼ ਵੀ ਮਿਲਦੇ ਹਨ। ਮਨੂ-ਸਿਮ੍ਰਤੀ ਵਿਚ ਤਾਂ ਇੱਥੋਂ ਤੱਕ ਕਿਹਾ ਗਿਆ ਹੈ ਕਿ ਵਿਆਹ ਤੋਂ ਪਹਿਲਾਂ ਇਸਤਰੀ ਆਪਣੇ ਪਿਤਾ ਦੀ ਆਗਿਆ 'ਚ ਰਹੇ, ਵਿਆਹ ਪਿੱਛੋਂ ਪਤੀ ਤੇ ਬੁਢਾਪੇ ਵਿਚ ਪੁੱਤਰ ਦੀ ਆਗਿਆ 'ਚ ਅਰਥਾਤ ਜਿਸ ਪੁੱਤਰ ਦੀ ਉਹ ਜਨਮਦਾਤੀ ਹੈ, ਉਸ ਦੀ ਵੀ ਆਗਿਆ ਵਿਚ ਰਹੇ।

ਹਿੰਦੂ ਪਰੰਪਰਾ ਵਿਚ ਦੋ ਮਹਾਂਕਾਵਿ ਪ੍ਰਾਪਤ ਹਨ- ਰਮਾਇਣ ਤੇ ਮਹਾਂਭਾਰਤ; ਅਤੇ ਜਿਨ੍ਹਾਂ ਦੇ ਨਾਇਕ ਵਿਸ਼ਨੂੰ ਦੇ ਦੋ ਅਵਤਾਰਾਂ- ਰਾਮਚੰਦਰ ਅਤੇ ਕ੍ਰਿਸ਼ਨ ਦੀ ਪੂਜਾ 'ਭਗਵਾਨ' ਵਜੋਂ ਕੀਤੀ ਜਾਂਦੀ ਹੈ। ਦੋਵਾਂ ਦੀਆਂ ਇਸਤਰੀ ਨਾਇਕਾਵਾਂ ਰਾਮਚੰਦਰ ਦੀ ਪਤਨੀ ਸੀਤਾ ਅਤੇ ਪੰਜਾਂ ਪਾਂਡਵਾਂ ਦੀ ਪਤਨੀ ਦ੍ਰੋਪਤੀ ਨੂੰ ਜਿਸ ਕਿਸਮ ਦੀ ਜ਼ਿਲਤ ਸਹਿਣ ਕਰਨੀ ਪਈ ਹੈ, ਉਹ ਦੋਵਾਂ ਮਹਾਂਕਾਵਾਂ ਵਿਚ ਸਪੱਸ਼ਟ ਨਜ਼ਰ ਆਉਂਦੀ ਹੈ। ਇੱਕ ਪਾਸੇ ਸੀਤਾ ਨੂੰ ਮਾਤਾ ਕਹਿ ਕੇ ਪੂਜਿਆ ਜਾਂਦਾ ਹੈ। ਉਸ ਦੀ ਗੈਰਹਾਜ਼ਰੀ ਵਿਚ ਯੱਗ ਦੀ ਸੰਪੂਰਨਤਾ ਲਈ ਉਸ ਦੀ ਮੂਰਤੀ ਰਾਮਚੰਦਰ ਦੇ ਨਾਲ ਸੁਸ਼ੋਭਤ ਕੀਤੀ ਜਾਂਦੀ ਹੈ; ਦੂਜੇ ਪਾਸੇ ਰਾਵਣ ਕੋਲੋਂ ਛੁਡਾਉਣ ਤੋਂ ਬਾਅਦ ਉਸ ਦੀ ਪਵਿੱਤਰਤਾ ਨੂੰ ਪਰਖਣ ਲਈ ਉਸ ਦੀ ਅਗਨੀ-ਪ੍ਰੀਖਿਆ ਲਈ ਜਾਂਦੀ ਹੈ। ਇਹੀ ਨਹੀਂ ਗਰਭਵਤੀ ਹੋਣ ਦੀ ਅਵਸਥਾ ਦੇ ਬਾਵਜੂਦ ਉਸ ਨੂੰ ਘਰੋਂ ਕੱਢ ਦਿੱਤਾ ਜਾਂਦਾ ਹੈ।

ਦੂਜੇ ਮਹਾਂਕਾਵਿ ਦੀ ਨਾਇਕਾ ਦ੍ਰੋਪਤੀ ਦੀ ਪਹਿਲੀ ਬੇਇਜ਼ਤੀ ਪਾਂਡਵ ਉਸ ਨੂੰ ਜੂਏ ਵਿਚ ਦਾਅ 'ਤੇ ਲਾ ਕੇ ਕਰਦੇ ਹਨ ਜਿਵੇਂ ਉਹ ਉਨ੍ਹਾਂ ਦੀ ਪਤਨੀ ਨਾ ਹੋ ਕੇ ਉਨ੍ਹਾਂ ਦੀ 'ਵਸਤੂ' ਹੋਵੇ। ਦੂਸਰੀ ਬੇਇਜ਼ਤੀ ਦੁਰਯੋਧਨ ਕਰਦਾ ਹੈ ਜੋ ਭਰੇ ਦਰਬਾਰ ਵਿਚ ਉਸ ਦਾ ਚੀਰ ਹਰਨ ਦੀ ਕੋਸ਼ਿਸ਼ ਕਰਦਾ ਹੈ। ਦੁਰਯੋਧਨ ਬੁਰਾਈ ਦਾ ਪ੍ਰਤੀਕ ਹੈ, ਉਸ ਨੇ ਏਦਾਂ ਹੀ ਕਰਨਾ ਸੀ। ਪਰ ਦ੍ਰੋਪਤੀ ਦਾ ਦੁਰਭਾਗ ਇਸ ਤੱਥ ਵਿਚ ਹੈ ਕਿ ਉਸ ਸਭਾ ਵਿਚ ਖਾਨਦਾਨ ਦਾ ਬਜ਼ੁਰਗ ਭੀਸ਼ਮ ਪਿਤਾਮਾ ਹਾਜ਼ਰ ਹੈ, ਦਰੋਣਾਚਾਰੀਆ ਵਰਗਾ ਕੁਲ-ਗੁਰੂ ਹਾਜ਼ਰ ਹੈ ਅਤੇ ਹੋਰ ਵੀ ਪਤਵੰਤੇ ਸੱਜਣ ਹਾਜ਼ਰ ਹਨ ਪਰ ਕੋਈ ਵੀ ਦ੍ਰੋਪਤੀ ਲਈ ਉਠ ਕੇ ਖੜਾ ਨਹੀਂ ਹੁੰਦਾ ਜੋ ਉਸ ਦੁਰਗਤੀ ਤੋਂ ਉਸ ਨੂੰ ਬਚਾਵੇ। ਭਾਈ ਗੁਰਦਾਸ ਇਸ ਦਾ ਜ਼ਿਕਰ ਭਾਵੇਂ ਭਗਤੀ ਦੇ ਸੰਦਰਭ ਵਿਚ ਕਰਦੇ ਹਨ ਕਿਉਂਕਿ ਕ੍ਰਿਸ਼ਨ ਨੇ ਉਸ ਦੀ ਲਾਜ ਬਚਾਈ ਦੱਸੀ ਗਈ ਹੈ:

ਅੰਦਰਿ ਸਭਾ ਦੁਸਾਸਣੈ
ਮਥੇਵਾਲਿ ਦ੍ਰੋਪਤੀ ਆਂਦੀ॥
ਦੂਤਾ ਨੋ ਫੁਰਮਾਇਆ
ਨੰਗੀ ਕਰਹੁ ਪੰਚਾਲੀ ਬਾਂਦੀ॥
ਪੰਜੇ ਪਾਂਡੋ ਵੇਖਦੇ
ਅਉਘਟਿ ਰੁਧੀ ਨਾਰਿ ਜਿਨਾ ਦੀ।
(ਵਾਰ 1028)

ਗੁਰੂ ਨਾਨਕ ਸਾਹਿਬ ਨੇ ਸਮਾਜ ਵਿਚ ਇਸਤਰੀ ਦੇ ਮਾਣ-ਸਨਮਾਨ ਵਿਚ ਨਾ ਸਿਰਫ ਆਵਾਜ਼ ਉਠਾਈ ਬਲਕਿ ਇਹ ਅਹਿਸਾਸ ਪੈਦਾ ਕੀਤਾ ਕਿ ਇਸਤਰੀ ਤੋਂ ਬਿਨਾ ਸਮਾਜ ਦੀ ਹੋਂਦ ਹੀ ਸੰਭਵ ਨਹੀਂ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਜਿੱਥੇ ਸਤੀ ਅਤੇ ਪਰਦੇ ਵਰਗੀਆਂ ਘਟੀਆ ਰਸਮਾਂ ਦੀ ਨਿਖੇਧੀ ਕੀਤੀ ਗਈ ਹੈ, ਉਥੇ ਅਮਲੀ ਤੌਰ 'ਤੇ ਵੀ ਇਸਤਰੀ ਨੂੰ ਧਾਰਮਕ, ਅਧਿਆਤਮਕ, ਸਮਾਜਿਕ ਅਤੇ ਪ੍ਰਬੰਧਕੀ ਅਧਿਕਾਰ ਪੁਰਸ਼ ਦੇ ਬਰਾਬਰ ਦਿੱਤੇ ਗਏ ਹਨ।

ਮਨੂ-ਸਿਮ੍ਰਤੀ ਦਾ ਅਸਰ ਅੱਜ ਵੀ ਹਿੰਦੂ ਸਮਾਜ ਵਿਚ ਉਵੇਂ ਕਾਇਮ ਹੈ। ਹੁਣੇ ਹੁਣੇ ਮਹਾਰਾਸ਼ਟਰ ਵਿਚ ਅਜਿਹੀ ਹੀ ਇੱਕ ਘਿਨਾਉਣੀ ਘਟਨਾ ਵਾਪਰੀ ਹੈ ਜੋ ਅਖ਼ਬਾਰਾਂ ਦੀਆਂ ਸੁਰਖੀਆਂ ਵਿਚ ਆਈ ਤੇ ਸੋਸ਼ਲ ਮੀਡੀਆ ਰਾਹੀਂ ਜੱਗ-ਜ਼ਾਹਿਰ ਹੋਈ ਹੈ। ਮਹਾਰਾਸ਼ਟਰ ਦੇ ਅਹਿਮਦਨਗਰ ਦੇ ਇੱਕ ਕਸਬੇ ਸ਼ਿੰਗਨਾਪੁਰ ਵਿਚ ਇਕ ਇਸਤਰੀ ਨੇ ਸ਼ਨੀ ਦੇ ਮੰਦਰ ਵਿਚ ਤੇਲ ਚੜ੍ਹਾਇਆ ਤਾਂ ਉਸ ਤੇ ਬੇਹੱਦ ਹੰਗਾਮਾ ਹੋਇਆ। ਇੱਥੋਂ ਤੱਕ ਕਿ ਅਖ਼ਬਾਰਾਂ ਦੀਆਂ ਖ਼ਬਰਾਂ ਅਨੁਸਾਰ, ਮੰਦਰ ਦੇ ਸੱਤ ਕਰਮਚਾਰੀਆਂ ਨੂੰ ਉਨ੍ਹਾਂ ਦੀ ਅਣਗਹਿਲੀ ਕਾਰਨ ਕਿ ਉਨ੍ਹਾਂ ਨੇ ਉਸ ਔਰਤ ਨੂੰ ਮੰਦਰ ਵਿਚ ਕਿਉਂ ਆਉਣ ਦਿੱਤਾ, ਨੌਕਰੀ ਤੋਂ ਮੁਅੱਤਲ ਕਰ ਦਿੱਤਾ ਗਿਆ। ਇਹ ਵੀ ਖ਼ਬਰ ਹੈ ਕਿ ਟਰੱਸਟੀਆਂ ਵਿਚੋਂ ਇੱਕ ਨੇ ਪਵਿੱਤਰਤਾ ਭੰਗ ਹੋਣ 'ਤੇ ਅਸਤੀਫਾ ਦੇਣ ਦੀ ਗੱਲ ਕੀਤੀ ਹੈ। ਪੰਜਾਬ ਦੀ ਸਾਬਕਾ ਮੰਤਰੀ ਲਕਸ਼ਮੀ ਕਾਂਤਾ ਚਾਵਲਾ ਨੇ ਬਿਲਕੁਲ ਸਹੀ ਗਿਲਾ ਕੀਤਾ ਹੈ ਕਿ ਮੰਦਰ ਵਿਚ ਤੇਲ ਅਭਿਸ਼ੇਕ ਕਰਨ 'ਤੇ ਜੋ ਹੰਗਾਮਾ ਹੋਇਆ ਹੈ ਇਸ ਦੇ ਵਿਰੁਧ ਅਤੇ ਇਸਤਰੀ ਦੇ ਹੱਕ ਵਿਚ ਰਾਜ ਸਭਾ ਜਾਂ ਲੋਕ ਸਭਾ ਵਿਚ ਕਿਧਰੇ ਵੀ ਇਸ ਘਟਨਾ ਦੀ ਨਿਖੇਧੀ ਨਹੀਂ ਕੀਤੀ ਗਈ। ਉਹ ਇਸ ਸਾਰੇ ਵਰਤਾਰੇ ਨੂੰ ਸ਼ਰਮਨਾਕ ਘਟਨਾ ਦੱਸਦੀ ਹੈ ਕਿ ਜੇ ਕਿਸੇ ਪੁਰਸ਼ ਨਾਲ ਅਜਿਹਾ ਵਰਤਾਓ ਹੁੰਦਾ ਤਾਂ ਜਿਹੜੇ ਲੋਕ ਜਾਤ ਦੇ ਨਾਂ 'ਤੇ ਵੋਟਾਂ ਲੈਂਦੇ ਹਨ, ਉਨ੍ਹਾਂ ਰੱਜ ਕੇ ਰੌਲਾ ਪਾਉਣਾ ਸੀ। ਉਸ ਦਾ ਇਹ ਵੀ ਕਹਿਣਾ ਹੈ ਕਿ ਕਿੰਨੀ ਸ਼ਰਮਨਾਕ ਗੱਲ ਹੈ ਕਿ ਇੱਕ ਇਸਤਰੀ ਕਾਰਨ ਮੂਰਤੀ ਨੂੰ ਦੁੱਧ ਨਾਲ ਨੁਹਾ ਕੇ ਪਵਿੱਤਰ ਕੀਤਾ ਗਿਆ ਅਤੇ ਉਸ ਦਾ ਪ੍ਰਸ਼ਨ ਹੈ ਕਿ ਕੀ ਗਾਂ ਜਾਂ ਮੱਝ ਜਿਸ ਵੀ ਕਿਸੇ ਦਾ ਦੁੱਧ ਵਰਤਿਆ ਗਿਆ ਹੈ, ਉਹ ਮਾਦਾ ਨਹੀਂ ਹਨ?

ਬੀਬੀ ਚਾਵਲਾ ਦਾ ਧੰਨਵਾਦ ਕਰਨਾ ਬਣਦਾ ਹੈ ਕਿ ਉਸ ਨੇ ਆਪਣੇ ਹੀ ਧਰਮ 'ਚ ਚੱਲ ਰਹੀਆਂ ਕੁਰੀਤੀਆਂ, ਕਰਮਕਾਂਡ ਅਤੇ ਔਰਤਾਂ ਨਾਲ ਦੁਜੈਲੇ ਵਰਤਾਰੇ ਖ਼ਿਲਾਫ ਆਵਾਜ਼ ਉਠਾਈ ਹੈ। ਪਰ ਉਹ ਸ਼ਾਇਦ ਭੁੱਲ ਜਾਂਦੀ ਹੈ ਕਿ ਇਸ ਮੁਲਕ ਵਿਚ ਮਾਨਵ ਖਾਸ ਕਰਕੇ ਇਸਤਰੀ ਹੋਣ ਦੀ ਕਦਰ ਨਹੀਂ ਹੈ, ਬਾਕੀ ਸਭ ਪਸ਼ੂ-ਪੰਛੀ, ਕੁੱਤਾ-ਬਿੱਲਾ, ਸੱਪ, ਚੂਹਾ, ਦਰੱਖਤ-ਪੌਦੇ ਪਵਿੱਤਰ ਮੰਨੇ ਜਾਂਦੇ ਹਨ। ਅਜਿਹੇ ਮੁਲਕ ਦਾ ਕੀ ਹੋ ਸਕਦਾ ਹੈ ਜਿਸ ਵਿਚ ਕਈ ਸਤਿਕਾਰਤ ਇਸਤਰੀਆਂ ਜਿਹੜੀਆਂ ਵਰਤਮਾਨ ਪਾਰਲੀਮੈਂਟ ਵਿਚ ਸੰਵਿਧਾਨ ਦੀ ਸੌਂਹ ਖਾ ਕੇ ਮੰਤਰੀ ਤਾਂ ਬਣੀਆਂ ਬੈਠੀਆਂ ਹਨ ਪਰ ਇਸਤਰੀ ਦੇ ਹੱਕ ਵਿਚ ਆਵਾਜ਼ ਉਠਾਉਣ ਦੀ ਉਨ੍ਹਾਂ ਦੀ ਹਿੰਮਤ ਨਹੀਂ ਹੈ ਜਦਕਿ ਸੰਵਿਧਾਨ ਵਿਚ ਇਸਤਰੀ-ਪੁਰਸ਼ ਨੂੰ ਬਰਾਬਰ ਦਾ ਹੱਕ ਪ੍ਰਾਪਤ ਹੈ। ਬਾਕੀਆਂ ਦੀ ਗੱਲ ਤਾਂ ਛੱਡੋ ਹਰਸਿਮਰਤ ਕੌਰ ਬਾਦਲ ਤਾਂ 'ਨੰਨ੍ਹੀ ਛਾਂ' ਦੀ ਸਰਪ੍ਰਸਤ ਹੈ ਅਤੇ ਉਸ ਧਰਮ ਨਾਲ ਸਬੰਧਤ ਹੈ ਜਿਸ ਦੇ ਮੋਢੀ ਗੁਰੂ ਨਾਨਕ ਸਾਹਿਬ ਨੇ ਆਖਿਆ ਹੈ, 'ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ' ਅਤੇ 'ਨਾਨਕ ਸੂਤਕੁ ਏਵ ਨ ਉਤਰੈ ਗਿਆਨੁ ਉਤਾਰੇ ਧੋਇ॥'

ਇਹ ਪੁਜਾਰੀ, ਟਰੱਸਟੀ ਅਤੇ ਹੱਲਾ-ਗੁੱਲਾ ਮਚਾਉਣ ਵਾਲੇ ਇਸ ਸੰਸਾਰ ਦੀ ਹਵਾ ਕਿਵੇਂ ਖਾਂਦੇ ਜੇ ਮਾਂ-ਰੂਪ ਵਿਚ ਇਸਤਰੀ ਨੇ ਉਨ੍ਹਾਂ ਨੂੰ ਜਨਮ ਨਾ ਦਿੱਤਾ ਹੁੰਦਾ? ਕੀ ਇੱਕ ਪੱਥਰ ਦੀ ਮੂਰਤੀ ਜਿਉਂਦੀ-ਜਾਗਦੀ ਮਾਂ ਨਾਲੋਂ ਜ਼ਿਆਦਾ ਅਹਿਮੀਅਤ ਰੱਖਦੀ ਹੈ? ਪੱਥਰ ਵੀ ਉਹ ਜਿਸ ਨੂੰ ਛੈਣੀ ਨਾਲ ਘੜ ਘੜ ਕੇ ਮੂਰਤੀ ਦਾ ਅਕਾਰ ਦਿੱਤਾ ਗਿਆ?

# ਨਿਰਗੁਣ ਕਥਾ ਕਥਾ ਹੈ ਹਰਿ ਕੀ

ਗੁਰਬਾਣੀ ਗਿਆਨ

**ਗਉੜੀ ਗੁਆਰੇਰੀ ਮਹਲਾ ੪**
ਨਿਰਗੁਣ ਕਥਾ ਕਥਾ ਹੈ ਹਰਿ ਕੀ॥
ਭਜੁ ਮਿਲਿ ਸਾਧੂ ਸੰਗਤਿ ਜਨ ਕੀ॥
ਤਰੁ ਭਉਜਲੁ ਅਕਥ
ਕਥਾ ਸੁਨਿ ਹਰਿ ਕੀ॥੧॥
ਗੋਬਿੰਦ ਸਤਸੰਗਤਿ ਮੇਲਾਇ॥
ਹਰਿ ਰਸੁ ਰਸਨਾ
ਰਾਮ ਗੁਨ ਗਾਇ॥੧॥ਰਹਾਉ॥
ਜੋ ਜਨ ਧਿਆਵਹਿ ਹਰਿ ਹਰਿ ਨਾਮਾ॥
ਤਿਨ ਦਾਸਨਿ ਦਾਸ ਕਰਹੁ ਹਮ ਰਾਮਾ॥
ਜਨ ਕੀ ਸੇਵਾ ਊਤਮ ਕਾਮਾ॥੨॥
ਜੋ ਹਰਿ ਕੀ ਹਰਿ ਕਥਾ ਸੁਣਾਵੈ॥
ਸੋ ਜਨੁ ਹਮਰੈ ਮਨਿ ਚਿਤਿ ਭਾਵੈ॥
ਜਨ ਪਗ ਰੇਣੁ ਵਡਭਾਗੀ ਪਾਵੈ॥੩॥
ਸੰਤ ਜਨਾ ਸਿਉ ਪ੍ਰੀਤਿ ਬਨਿ ਆਈ॥
ਜਿਨ ਕਉ ਲਿਖਤੁ ਲਿਖਿਆ ਧੁਰਿ ਪਾਈ॥
ਤੇ ਜਨ ਨਾਨਕ ਨਾਮਿ ਸਮਾਈ॥੪॥

ਸਤਿਗੁਰੂ ਜੀ ਆਖਦੇ ਹਨ, ਹੇ ਭਾਈ! ਉਸ ਜਗਤ ਪਿਤਾ ਮਿਹਰਵਾਨ ਪ੍ਰਭੂ ਦੀ ਸਿਫਤ ਸਲਾਹ ਦੀਆਂ ਗੱਲਾਂ ਤਾਂ ਤਿੰਨਾਂ ਗੁਣਾਂ ਤੋਂ ਵੀ ਬਹੁਤ ਉਪਰ ਹਨ ਅਤੇ ਦੁਨਿਆਵੀ ਲੋਕਾਂ ਦੀਆਂ ਸਿਫਤਾਂ ਜਾਂ ਕਹਾਣੀਆਂ ਨਾਲੋਂ ਤਾਂ ਹੋਰ ਵੀ ਬਹੁਤ ਉਚੀਆਂ ਹਨ; ਭਜੁ ਮਿਲਿ ਸਾਧੂ ਸੰਗਤਿ ਜਨ ਕੀ, ਹੇ ਭਾਈ! ਸਾਧ ਜਨਾਂ ਦੀ ਸੰਗਤ ਵਿਚ ਬੈਠ ਕੇ ਭਜਨ ਕਰਿਆ ਕਰ, ਸਿਫਤ ਸਲਾਹ ਸੁਣਿਆ ਕਰ ਜਿਸ ਨਾਲ ਸੰਸਾਰ ਸਮੁੰਦਰ ਤੋਂ ਪਾਰ ਲੰਘ ਜਾਈਦਾ ਹੈ।

ਗੋਬਿੰਦ ਸਤਸੰਗਤਿ ਮੇਲਾਇ॥
ਹਰਿ ਰਸੁ ਰਸਨਾ
ਰਾਮ ਗੁਨ ਗਾਇ॥੧॥ਰਹਾਉ॥

ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਇਸ ਪਾਵਨ ਸ਼ਬਦ ਦੀ 'ਰਹਾਉ' ਵਾਲੀ ਪੰਕਤੀ ਵਿਚ ਆਖਦੇ ਹਨ, ਹੇ ਅਕਾਲ ਪੁਰਖ ਜੀਓ! ਮੈਨੂੰ ਸਾਧ ਸੰਗਤ ਦਾ ਮਿਲਾਪ ਬਖ਼ਸ਼ੋ, ਮੇਰੇ 'ਤੇ ਕਿਰਪਾ ਕਰੋ, ਮੈਂ ਸਤਸੰਗੀ ਬਣ ਜਾਵਾਂ; ਹਰਿ ਰਸੁ ਰਸਨਾ ਰਾਮ ਗੁਨ ਗਾਇ, ਹੇ ਮਿਹਰਵਾਨ ਪ੍ਰਭ ਜੀ, ਮਿਹਰਾਂ ਕਰੋ ਤਾਂ ਜੋ ਸਤਿ ਸੰਗਤ ਵਿਚ ਬੈਠ ਕੇ ਮੇਰੀ ਜੀਭਾ ਨਾਮ ਦਾ ਸੁਆਦ ਲੈ ਕੇ ਹਰਿ ਗੁਣ ਗਾਉਂਦੀ ਰਹੇ।

ਜੋ ਜਨ ਧਿਆਵਹਿ ਹਰਿ ਹਰਿ ਨਾਮਾ॥
ਤਿਨ ਦਾਸਨਿ ਦਾਸ ਕਰਹੁ ਹਮ ਰਾਮਾ॥
ਜਨ ਕੀ ਸੇਵਾ ਊਤਮ ਕਾਮਾ॥੨॥

ਗੁਰਦੇਵ ਆਖਦੇ ਹਨ- ਜੋ ਜਨ ਧਿਆਵਹਿ ਹਰਿ ਹਰਿ ਨਾਮਾ, ਹੇ ਮਿਹਰਵਾਨ ਪ੍ਰਭੂ ਜੀਓ! ਜਿਹੜੇ ਮਨੁੱਖ ਤੇਰੇ ਨਾਮ ਦਾ ਸਿਮਰਨ ਕਰਦੇ ਹਨ; ਤਿਨ ਦਾਸਨਿ ਦਾਸ ਕਰਹੁ ਹਮ ਰਾਮਾ, ਮੈਨੂੰ ਆਪਣੇ ਉਨ੍ਹਾਂ ਦਾਸਾਂ ਦਾ ਵੀ ਦਾਸ ਬਣਾ ਦਿਓ; ਜਨ ਕੀ ਸੇਵਾ ਊਤਮ ਕਾਮਾ, ਹੇ ਸੰਸਾਰ ਸਮੁੰਦਰ ਤੋਂ ਪਾਰ ਕਰਨ ਵਾਲੇ ਪ੍ਰਭੂ! ਤੇਰੇ ਦਾਸਾਂ ਦੀ ਸੇਵਾ ਦਾ ਮਨੁੱਖਾ ਜੀਵਨ ਵਿਚ ਸਭ ਤੋਂ ਉੱਤਮ ਕੰਮ ਹੈ।

ਜੋ ਹਰਿ ਕੀ ਹਰਿ ਕਥਾ ਸੁਣਾਵੈ॥
ਸੋ ਜਨੁ ਹਮਰੈ ਮਨਿ ਚਿਤਿ ਭਾਵੈ॥
ਜਨ ਪਗ ਰੇਣੁ ਵਡਭਾਗੀ ਪਾਵੈ॥੩॥

ਸਤਿਗੁਰੂ ਪਿਤਾ ਜੀ ਆਖਦੇ ਹਨ- ਜੋ ਹਰਿ ਕੀ ਹਰਿ ਕਥਾ ਸੁਣਾਵੈ, ਹੇ ਭਾਈ! ਜਿਹੜਾ ਪ੍ਰਭੂ ਦਾ ਪਿਆਰਾ ਮੈਨੂੰ ਉਸ ਮਾਲਕ ਦੀ ਸਿਫਤ ਸਾਲਾਹ ਦੀਆਂ ਗੱਲਾਂ ਭਾਵ ਕਥਾ ਸੁਣਾਉਂਦਾ ਹੈ; ਸੋ ਜਨੁ ਹਮਰੈ ਮਨਿ ਚਿਤਿ ਭਾਵੈ, ਉਹ ਮਨੁੱਖ ਮੇਰੇ ਮਨ-ਚਿੱਤ ਨੂੰ ਪਿਆਰਾ ਲੱਗਦਾ ਹੈ; ਜਨ ਪਗ ਰੇਣੁ ਵਡਭਾਗੀ ਪਾਵੈ, ਉਸ ਮਿਹਰਵਾਨ ਪ੍ਰਭੂ ਦੇ ਪਿਆਰਿਆਂ ਦੇ ਪੈਰਾਂ ਦੀ ਧੂੜ ਕੋਈ ਵਡਭਾਗੀ ਹੀ ਪਾ ਸਕਦਾ ਹੈ।

ਸੰਤ ਜਨਾ ਸਿਉ ਪ੍ਰੀਤਿ ਬਨਿ ਆਈ॥
ਜਿਨ ਕਉ ਲਿਖਤੁ ਲਿਖਿਆ ਧੁਰਿ ਪਾਈ॥
ਤੇ ਜਨ ਨਾਨਕ ਨਾਮਿ ਸਮਾਈ॥੪॥

ਸਤਿਗੁਰੂ ਪਿਤਾ ਜੀ ਆਖਦੇ ਹਨ, ਹੇ ਭਾਈ! ਉਸ ਮਿਹਰਵਾਨ ਪ੍ਰਭੂ ਦੇ ਸੰਤ ਜਨਾਂ ਨਾਲ ਉਨ੍ਹਾਂ ਮਨੁੱਖਾਂ ਦੀ ਪ੍ਰੀਤ ਬਣਦੀ ਹੈ ਅਤੇ ਨਿਭਦੀ ਹੈ; ਜਿਨ ਕਉ ਲਿਖਤੁ ਲਿਖਿਆ ਧੁਰਿ ਪਾਈ, ਜਿਨ੍ਹਾਂ ਦੇ ਮੱਥੇ ਉਤੇ ਧੁਰ ਤੋਂ ਹੀ ਪ੍ਰਭੂ ਨੇ ਬਖਸ਼ਿਸ਼ ਦਾ ਲੇਖ ਲਿਖ ਦਿੱਤਾ ਹੋਵੇ; ਤੇ ਜਨ ਨਾਨਕ ਨਾਮਿ ਸਮਾਈ, ਹੇ ਨਾਨਕ! ਉਹ ਪ੍ਰਭੂ ਦੇ ਪਿਆਰੇ ਤੇ ਵਡਭਾਗੇ ਮਨੁੱਖ ਉਸ ਅਕਾਲ ਪੁਰਖ ਪਿਤਾ ਦੇ ਨਾਮ ਵਿਚ ਸਦਾ-ਸਦਾ ਲਈ ਲੀਨ ਹੋ ਜਾਂਦੇ ਹਨ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*



ਬਲਰਾਜ ਸਾਹਨੀ

# ਕਸ਼ਮੀਰ ਯਾਤਰਾ: ਇਕ ਯਾਦ

***ਬਲਰਾਜ ਸਾਹਨੀ (ਪਹਿਲੀ ਮਈ 1913-13 ਅਪਰੈਲ 1973) ਨੇ ਬਤੌਰ ਅਦਾਕਾਰ, ਹਿੰਦੀ ਫਿਲਮ ਜਗਤ ਵਿਚ ਨਾਮਣਾ ਖੱਟਿਆ। ਇਸ ਦੇ ਨਾਲ-ਨਾਲ ਉਨ੍ਹਾਂ ਪੰਜਾਬੀ ਵਾਰਤਕ ਰਚਨਾ ਨੂੰ ਵੀ ਮਾਲਾਮਾਲ ਕੀਤਾ। ਉਨ੍ਹਾਂ ਦਾ ਲਿਖਿਆ 'ਮੇਰਾ ਪਾਕਿਸਤਾਨੀ ਸਫਰਨਾਮਾ' ਭਲਾ ਕਿਸ ਨੂੰ ਭੁੱਲ ਸਕਦਾ ਹੈ! ਇਸੇ ਤਰ੍ਹਾਂ 'ਮੇਰਾ ਰੂਸੀ ਸਫਰਨਾਮਾ' ਵਿਚ ਉਸ ਨੇ ਜ਼ੋਰ-ਏ-ਕਲਮ ਦਿਖਾਇਆ। 'ਮੇਰੀ ਫਿਲਮੀ ਆਤਮਕਥਾ', 'ਗੈਰ ਜਜ਼ਬਾਤੀ ਡਾਇਰੀ', 'ਕਾਮੇ', 'ਇਕ ਸਫਰ ਇਕ ਦਾਸਤਾਂ' ਆਦਿ ਕਿਤਾਬਾਂ ਉਨ੍ਹਾਂ ਪੰਜਾਬੀ ਸਾਹਿਤ ਜਗਤ ਨੂੰ ਦਿੱਤੀਆਂ। ਇਸ ਵਾਰ ਅਸੀਂ ਉਨ੍ਹਾਂ ਦੀ ਕਸ਼ਮੀਰ ਯਾਦ ਆਪਣੇ ਪਾਠਕਾਂ ਨਾਲ ਸਾਂਝੀ ਕਰ ਰਹੇ ਹਾਂ। ਇਸ ਰਚਨਾ ਵਿਚਲਾ ਬਿਰਤਾਂਤ ਆਜ਼ਾਦੀ ਤੋਂ ਪਹਿਲਾਂ ਦਾ ਹੈ ਅਤੇ ਇਹ ਰਚਨਾ ਆਜ਼ਾਦੀ ਤੋਂ ਵੀਹ ਸਾਲ ਬਾਅਦ ਦੀ ਹੈ, ਪਰ ਇਸ ਵਿਚ ਜ਼ਾਹਿਰ ਕੀਤੇ ਖਦਸ਼ੇ ਅੱਜ ਵੀ ਜਿਉਂ ਦੇ ਤਿਉਂ ਹਨ। -ਸੰਪਾਦਕ***

ਚਾਲੀ ਸਾਲ ਪਹਿਲਾਂ ਦੀ ਗੱਲ ਹੈ, ਮੈਂ ਆਪਣੇ ਮਾਤਾ-ਪਿਤਾ ਤੇ ਭਰਾ-ਭੈਣਾਂ ਨਾਲ ਰਾਵਲਪਿੰਡੀ ਤੋਂ ਕਸ਼ਮੀਰ ਜਾ ਰਿਹਾ ਸਾਂ। ਸਿਆਲ ਦੀ ਰੁੱਤ ਰਾਵਲਪਿੰਡੀ ਵਿਚ ਅਤੇ ਹੁਨਾਲ ਦੀ ਰੁੱਤ ਕਸ਼ਮੀਰ ਵਿਚ ਬਿਤਾਉਣੀ ਸਾਡੇ ਪਰਿਵਾਰ ਦਾ ਦਸਤੂਰ ਸੀ। ਦੋਹੀਂ ਥਾਈਂ ਸਾਡੇ ਆਪਣੇ ਘਰ ਸਨ ਤੇ ਦੋਹੀਂ ਥਾਈਂ ਪਿਤਾ ਜੀ ਦਾ ਕਾਰੋਬਾਰ ਸੀ।

ਕਿਹੋ ਜਿਹੀ ਹੈਰਾਨੀ ਭਰੀ ਤਬਦੀਲੀ ਵਿਚੋਂ ਲੰਘਿਆ ਹੈ ਜ਼ਮਾਨਾ ਵੀ। ਰਾਵਲਪਿੰਡੀ, ਮੇਰੀ ਮਾਤ ਭੂਮੀ, ਹੁਣ ਪਰਾਏ ਮੁਲਕ ਦੀ ਰਾਜਧਾਨੀ ਬਣ ਚੁੱਕੀ ਹੈ। ਤੇ ਹੁਣ ਜਦ ਮੈਂ ਸ੍ਰੀਨਗਰ ਤੋਂ ਹਵਾਈ ਜਹਾਜ਼ ਵਿਚ ਬੈਠ ਕੇ ਲਗਭਗ ਚਾਰ ਘੰਟਿਆਂ ਵਿਚ ਬੰਬਈ ਪਹੁੰਚ ਜਾਂਦਾ ਹਾਂ, ਤਾਂ ਉਸ ਜ਼ਮਾਨੇ ਨੂੰ ਯਾਦ ਕਰ ਕੇ ਅਚੰਭਾ ਹੁੰਦਾ ਹੈ, ਜਦ ਸ੍ਰੀਨਗਰ ਤੋਂ ਰਾਵਲਪਿੰਡੀ ਤੱਕ ਦਾ ਡੇਢ-ਪੌਣੇ ਦੋ ਸੌ ਮੀਲ ਦਾ ਫਾਸਲਾ ਤੈਅ ਕਰਨ ਵਿਚ ਕਈ-ਕਈ ਦਿਨ ਲੱਗ ਜਾਂਦੇ ਸਨ।

ਹਾਂ, ਇਹ ਚਾਲੀ ਸਾਲ ਪਹਿਲਾਂ ਦੀ ਗੱਲ ਹੈ, ਜਦ ਮੈਂ ਲਾਹੌਰ ਬੀ.ਏ. ਵਿਚ ਪੜ੍ਹਦਾ ਸਾਂ। ਗਰਮੀ ਦੀਆਂ ਛੁੱਟੀਆਂ ਹੋਈਆਂ, ਤਾਂ ਮੈਂ ਪਹਿਲਾਂ ਰਾਵਲਪਿੰਡੀ ਗਿਆ ਤੇ ਉਥੋਂ ਪਰਿਵਾਰ ਨਾਲ ਕਸ਼ਮੀਰ ਲਈ ਰਵਾਨਾ ਹੋਇਆ। ਅਸੀਂ ਬੱਸ ਵਿਚ ਅਗਲੀਆਂ ਸੀਟਾਂ 'ਤੇ ਬੈਠੇ ਹੋਏ ਸਾਂ ਤੇ ਪਿਛਲੀਆਂ ਸੀਟਾਂ 'ਤੇ ਡਰਾਈਵਰ ਨੇ ਸਾਮਾਨ ਰੱਖਿਆ ਹੋਇਆ ਸੀ। ਸਫਰ ਵਿਚ ਇਕ ਰਾਤ ਲਈ ਕਿਤੇ ਪੜਾਅ ਕਰਨਾ ਪੈਂਦਾ ਸੀ। ਇਸ ਵਾਰ ਦੁਮੇਲ ਪਹੁੰਚ ਕੇ ਪੜਾਅ ਕੀਤਾ। ਉਸ ਥਾਂ ਨੂੰ ਮੁਜ਼ੱਫਰਾਬਾਦ ਵੀ ਕਹਿੰਦੇ ਹਨ। ਉਥੇ ਮੇਰੇ ਫੁੱਫੜ ਜੀ ਰਿਆਸਤੀ ਪੁਲਿਸ ਵਿਚ ਥਾਣੇਦਾਰ ਲੱਗੇ ਹੋਏ ਸਨ। ਅਸੀਂ ਉਨ੍ਹਾਂ ਦੇ ਘਰ ਜਾ ਕੇ ਠਹਿਰੇ। ਖਾਣਾ ਖਾਣ ਪਿਛੋਂ ਅਸੀਂ ਬਿਸਤਰਿਆਂ 'ਤੇ ਲੰਮੇ ਪਏ ਤਾਂ ਮੋਹਲੇਧਾਰ ਮੀਂਹ ਵਰ੍ਹਨ ਲੱਗਾ। ਰਾਤ ਭਰ ਮੀਂਹ ਵਰ੍ਹਦਾ ਰਿਹਾ। ਸਵੇਰ ਹੋਣ 'ਤੇ ਵੀ ਬੰਦ ਨਾ ਹੋਇਆ। ਫੁੱਫੜ ਜੀ ਨੇ ਰਾਏ ਦਿੱਤੀ ਕਿ ਅਜਿਹੇ ਮੌਸਮ ਵਿਚ ਅਸੀਂ ਅੱਗੇ ਨਾ ਜਾਈਏ, ਕਿਤੇ ਕੋਈ ਦੁਰਘਟਨਾ ਨਾ ਹੋ ਜਾਵੇ, ਪਰ ਬੱਸ ਦਾ ਡਰਾਇਵਰ ਉਥੇ ਰੁਕਣ ਲਈ ਤਿਆਰ ਨਹੀਂ ਸੀ। ਉਸ ਨੂੰ ਯਕੀਨ ਸੀ ਕਿ ਦੋ-ਤਿੰਨ ਘੰਟਿਆਂ ਵਿਚ, ਕੱਚੇ ਪਹਾੜੀ ਰਾਹ ਤੋਂ ਹੋ ਕੇ ਉੜੀ ਪਹੁੰਚ ਜਾਵਾਂਗੇ। ਜੇ ਰੁਕੇ ਰਹੇ ਤਾਂ ਕੀ ਪਤਾ ਮਗਰੋਂ ਅੱਗੇ ਜਾ ਹੀ ਨਾ ਸਕੀਏ।

ਕਿਸੇ ਹੱਦ ਤੱਕ ਉਸ ਦਾ ਅੰਦਾਜ਼ਾ ਠੀਕ ਸਾਬਤ ਹੋਇਆ ਤੇ ਕਿਸੇ ਹੱਦ ਤੱਕ ਮੇਰੇ ਫੁੱਫੜ ਜੀ ਦਾ। ਚਿਨਾਰੀ ਤੱਕ ਅਸੀਂ ਬੜੇ ਆਰਾਮ ਨਾਲ ਗਏ। ਉਥੋਂ ਉੜੀ ਤੱਕ ਦਾ ਫਾਸਲਾ ਲਗਭਗ ਅਠਾਰਾਂ ਮੀਲ ਸੀ। ਮੀਂਹ ਲਗਾਤਾਰ ਵਰ੍ਹੀ ਜਾ ਰਿਹਾ ਸੀ, ਪਰ ਅਸੀਂ ਨਿਸਚਿੰਤ ਜਾਂਦੇ ਸੋਚ ਰਹੇ ਸਾਂ ਕਿ ਅਗਾਂਹ ਦਾ ਸਫ਼ਰ ਵੀ ਇਸੇ ਤਰ੍ਹਾਂ ਬਿਨਾ ਕਿਸੇ ਰੁਕਾਵਟ ਦੇ ਤੈਅ ਹੋ ਜਾਏਗਾ। ਕੁਝ ਅੱਗੇ ਜਾਣ 'ਤੇ ਅਸੀਂ ਇਕ ਸੜਕ ਉਤੇ ਬਹੁਤ ਸਾਰੀਆਂ ਬੱਸਾਂ ਵੇਖੀਆਂ ਜੋ ਰੁਕੀਆਂ ਖੜ੍ਹੀਆਂ ਸਨ। ਨੇੜੇ ਪਹੁੰਚੇ ਤਾਂ ਫੁੱਫੜ ਜੀ ਦੀ ਭਵਿੱਖਬਾਣੀ ਸੱਚ ਹੁੰਦੀ ਪ੍ਰਤੀਤ ਹੋਈ। ਪਹਾੜ ਦਾ ਇਕ ਹਿੱਸਾ ਟੁੱਟ ਕੇ ਥੱਲੇ ਬਿਫ਼ਰੇ ਹੋਏ ਜਿਹਲਮ ਦਰਿਆ ਵਿਚ ਡਿਗ ਪਿਆ ਸੀ। ਚੰਗੇ ਭਾਗਾਂ ਨੂੰ ਉਸ ਵੇਲੇ ਕੋਈ ਬੱਸ ਉਥੇ ਸੜਕ ਉਤੇ ਨਹੀਂ ਸੀ। ਸਾਡਾ ਡਰਾਈਵਰ ਅਕਲਮੰਦ ਸੀ। ਇਸ ਤੋਂ ਪਹਿਲਾਂ ਕਿ ਪਿਛੋਂ ਆਉਣ ਵਾਲੀਆਂ ਬੱਸਾਂ ਸਾਡਾ ਰਾਹ ਰੋਕਦੀਆਂ, ਉਹ ਬੱਸ ਨੂੰ ਮੋੜ ਕੇ ਵਾਪਸ ਦੁਮੇਲ ਵੱਲ ਰਵਾਨਾ ਹੋ ਗਿਆ। ਉਸ ਦਾ ਖਿਆਲ ਸੀ ਕਿ ਸੜਕ ਮੁਰੰਮਤ ਹੋਣ ਵਿਚ ਛੇ-ਸੱਤ ਦਿਨ ਜ਼ਰੂਰ ਲੱਗ ਜਾਣਗੇ। ਜਦ ਅਸੀਂ ਚਿਨਾਰੀ ਪਹੁੰਚੇ, ਤਾਂ ਪਤਾ ਲੱਗਾ ਕਿ ਅੱਗੇ ਪਹਾੜ ਦਾ ਇਕ ਹੋਰ ਹਿੱਸਾ ਟੁੱਟ ਕੇ ਡਿਗ ਪਿਆ ਹੈ। ਹੁਣ ਦੁਮੇਲ ਦਾ ਰਾਹ ਬੰਦ ਹੋ ਗਿਆ ਸੀ। ਸਾਨੂੰ ਮਜਬੂਰ ਹੋ ਕੇ ਚਿਨਾਰੀ ਵਿਚ ਹੀ ਰੁਕਣਾ ਪਿਆ।

ਚਿਨਾਰੀ ਪਿੰਡ ਵਿਚ ਲਗਭਗ ਇਕ ਸੌ ਘਰ ਸਨ-ਵਧੇਰੇ ਕਰ ਕੇ ਸੜਕ ਦੇ ਦੋਹੀਂ ਪਾਸੀਂ ਬਣੇ ਹੋਏ ਕੱਚੇ ਮਕਾਨ। ਸਾਨੂੰ ਉਹੋ ਮਕਾਨ ਰਹਿਣ ਲਈ ਮਿਲ ਗਿਆ। ਕੱਚਾ ਹੋਣ ਦੇ ਬਾਵਜੂਦ ਉਹ ਬੜਾ ਰੁਮਾਂਟਿਕ ਸੀ। ਉਸ ਦੀ ਹੇਠਲੀ ਮੰਜ਼ਿਲ 'ਤੇ ਉਸ ਦੇ ਮਾਲਕ ਦਾ ਢਾਬਾ ਸੀ। ਡਰਾਈਵਰ ਤੇ ਮੁਸਾਫ਼ਿਰ ਉਸ ਢਾਬੇ ਦਾ ਖਾਣਾ ਬਹੁਤ ਪਸੰਦ ਕਰਦੇ ਸਨ।

ਮਕਾਨ ਦੀ ਉਪਰਲੀ ਮੰਜ਼ਿਲ 'ਤੇ ਨਾਲ-ਨਾਲ ਦੋ ਕਮਰੇ ਸਨ ਤੇ ਦੋਹਾਂ ਦੇ ਅੱਗੇ ਤੇ ਪਿਛੇ ਵਰਾਂਡਾ ਸੀ। ਅੱਗੇ ਦਾ ਵਰਾਂਡਾ ਸੜਕ ਵੱਲ ਖੁੱਲ੍ਹਦਾ ਸੀ, ਤੇ ਪਿਛਲੇ ਵਰਾਂਡੇ ਵਿਚ ਖੜ੍ਹੋ ਕੇ ਪਹਾੜਾਂ, ਧਾਨ ਦੇ ਖੇਤਾਂ ਅਤੇ ਲਹਿਰਾਉਂਦੇ ਹੋਏ ਜਿਹਲਮ ਦਰਿਆ ਨੂੰ ਵੇਖਿਆ ਜਾ ਸਕਦਾ ਸੀ। ਇਕ ਕਮਰੇ ਵਿਚ ਢਾਬੇ ਵਾਲਾ ਆਪਣੀ ਜਵਾਨ ਤੇ ਚੰਚਲ ਪਤਨੀ ਨਾਲ ਰਹਿੰਦਾ ਸੀ। ਦੂਜਾ ਕਮਰਾ ਉਸ ਨੇ ਸਾਨੂੰ ਦੇ ਦਿੱਤਾ। ਅਸੀਂ ਜਿਵੇਂ-ਕਿਵੇਂ ਕਰ ਕੇ ਉਥੇ ਦਿਨ ਕੱਟਣ ਲੱਗੇ।

ਇਸ ਤਰ੍ਹਾਂ ਅਚਾਨਕ ਰੁਕਣ ਅਤੇ ਪੜਾਅ ਕਰਨ ਦਾ ਆਪਣਾ ਖਾਸ ਮਜ਼ਾ ਸੀ। ਢਾਬੇ ਵਾਲੇ ਦੀ ਪਤਨੀ ਚੋਰੀ-ਚੋਰੀ ਮੇਰੇ ਨਾਲ ਅੱਖਾਂ ਚਾਰ ਕਰਨ ਲੱਗੀ। ਵੇਖਣ ਨੂੰ ਉਹ ਬਹੁਤ ਸੁਹਣੀ ਨਹੀਂ ਸੀ, ਪਰ ਪੇਂਡੂ ਲਿਬਾਸ ਵਿਚ ਉਸ ਦੇ ਅੰਗਾਂ ਦੀ ਸੁਡੌਲਤਾ ਗਜ਼ਬ ਢਾਉਂਦੀ ਸੀ। ਉਸ ਦਾ ਅਧਖੜ ਉਮਰ ਦਾ ਪਤੀ ਦਿਨ ਭਰ ਢਾਬੇ 'ਤੇ ਰੋਟੀਆਂ ਬਣਾਉਂਦਾ ਤੇ ਕਦੇ ਕਦਾਈਂ ਹੀ ਕਮਰ ਸਿੱਧੀ ਕਰਨ ਲਈ ਕੁਝ ਚਿਰ ਲਈ ਉਪਰ ਆਉਂਦਾ। ਮੈਂ ਪਿਛਲੇ ਵਰਾਂਡੇ ਵਿਚ ਮੰਜਾ ਡਾਹ ਕੇ ਦਿਨ ਭਰ ਕਿਤਾਬਾਂ ਪੜ੍ਹਨਾ ਆਪਣਾ ਸ਼ੁਗਲ ਬਣਾ ਲਿਆ ਸੀ। ਇਸ ਦਾ ਇਕ ਕਾਰਨ ਇਹ ਵੀ ਸੀ ਕਿ ਉਥ ਲੰਮਿਆਂ ਪੈ ਕੇ ਮੈਂ ਸੌਖੀ ਤਰ੍ਹਾਂ ਦੂਜੇ ਕਮਰੇ ਵਿਚ ਝਾਕ ਸਕਦਾ ਸਾਂ। ਢਾਬੇ ਵਾਲੇ ਦੀ ਪਤਨੀ ਇਸ ਗੱਲ ਨੂੰ ਜਾਣਦੀ ਸੀ ਤੇ ਆਪਣੀਆਂ ਚੰਚਲ ਅਦਾਵਾਂ ਨਾਲ ਮੇਰੇ ਉਤੇ ਬਿਜਲੀਆਂ ਸੁੱਟਦੀ ਰਹਿੰਦੀ ਸੀ, ਪਰ ਮੈਂ ਬੇਹੱਦ ਡਰਾਕਲ ਤੇ ਨਾ-ਤਜਰਬੇਕਾਰ ਹੋਣ ਕਰ ਕੇ ਉਸ ਜਾਦੂ ਭਰੇ ਰੁਮਾਂਸ ਨੂੰ ਅੱਖਾਂ ਸੇਕਣ ਦੀ ਹੱਦ ਤੋਂ ਅੱਗੇ ਨਾ ਲੈ ਜਾ ਸਕਿਆ। ਅਜੀਬ ਗੱਲ ਹੈ ਕਿ ਉਹ ਨਾਕਾਮ ਹਸਰਤ ਅੱਜ ਵੀ ਮੇਰੇ ਦਿਲ ਵਿਚ ਤਿੱਖੀ ਚੀਸ ਪੈਦਾ ਕਰਦੀ ਹੈ। ਮੈਂ ਅੱਜ ਵੀ ਕਦੇ-ਕਦੇ ਆਪਣੇ-ਆਪ ਨੂੰ ਕੋਸਣ ਲਗਦਾ ਹਾਂ ਕਿ ਮੈਂ ਤਦ ਹਿੰਮਤ ਤੋਂ ਕੰਮ ਕਿਉਂ ਨਾ ਲਿਆ! ਉਸ ਪੇਂਡੂ ਮੁਟਿਆਰ ਦੀਆਂ ਨਿਡਰ, ਮਨਮੋਹਣੀਆਂ ਤੇ ਮਾਸੂਮ ਅਦਾਵਾਂ ਨੂੰ ਮੈਂ ਭੁਲਾ ਨਹੀਂ ਸਕਦਾ ਤੇ ਰਹਿ-ਰਹਿ ਕੇ ਸੋਚਣ ਲੱਗਦਾ ਹਾਂ ਕਿ ਕੀ ਉਹ ਅੱਜ ਵੀ ਜਿਉਂਦੀ ਹੋਵੇਗੀ? ਤੇ ਕਿਥੇ ਹੋਵੇਗੀ? ਮੁਲਕ ਦੀ ਵੰਡ ਵੇਲੇ ਜੋ ਕਤਲੇਆਮ ਹੋਇਆ ਸੀ, ਉਸ ਵਿਚ ਉਸ ਵਿਚਾਰੀ ਦਾ ਕੀ ਬਣਿਆ ਹੋਵੇਗਾ?

ਸੜਕ ਦਾ ਟੁੱਟਾ ਹੋਇਆ ਪਿਛਲਾ ਹਿੱਸਾ ਛੇਤੀ ਹੀ ਠੀਕ ਹੋ ਗਿਆ ਤੇ ਕਈ ਹੋਰ ਬੱਸਾਂ ਚਿਨਾਰੀ ਆ ਕੇ ਜਮ੍ਹਾਂ ਹੋ ਗਈਆਂ। ਅਗਲੇ ਟੁੱਟੇ ਹੋਏ ਹਿੱਸੇ ਦੀ ਮੁਰੰਮਤ ਪੀ.ਡਬਲਯੂ.ਡੀ. ਦੇ ਓਵਰਸੀਅਰ ਦੀ ਨਿਗਰਾਨੀ ਵਿਚ ਦਿਨ-ਰਾਤ ਹੋ ਰਹੀ ਸੀ। ਛੇ ਦਿਨ ਬੀਤ ਗਏ ਸਨ, ਪਰ ਸੜਕ ਦੇ ਚਾਲੂ ਹੋਣ ਦੀ ਕੋਈ ਆਸ ਨਜ਼ਰ ਨਹੀਂ ਆ ਰਹੀ ਸੀ। ਡਰਾਈਵਰ ਤੇ ਮੁਸਾਫ਼ਿਰ ਰੋਜ਼ ਉਥੇ ਜਾਂਦੇ ਤੇ ਓਵਰਸੀਅਰ ਨੂੰ ਛੇਤੀ ਸੜਕ ਠੀਕ ਕਰਾਉਣ ਲਈ ਕਹਿੰਦੇ। ਸਾਰੇ ਬਹੁਤ ਤੰਗ ਹੋ ਚੁੱਕੇ ਸਨ, ਤੇ ਸ੍ਰੀਨਗਰ ਪਹੁੰਚਣ ਲਈ ਬੇਹੱਦ ਉਤਾਵਲੇ ਸਨ। ਮੇਰੇ ਪਿਤਾ ਜੀ ਵੀ ਵਿਹਲੇ ਬੈਠੇ ਤੰਗ ਆ ਗਏ ਸਨ, ਪਰ ਮੈਨੂੰ ਉਥੋਂ ਜਾਣ ਦੀ ਕੋਈ ਕਾਹਲ ਨਹੀਂ ਸੀ; ਸਗੋਂ ਮੈਂ ਤਾਂ ਚਾਹੁੰਦਾ ਸਾਂ ਕਿ ਸੜਕ ਠੀਕ ਨਾ ਹੀ ਹੋਵੇ ਤਾਂ ਚੰਗਾ ਹੈ। ਪਿੰਡ ਵਿਚ ਆਟੇ-ਦਾਲ ਦੀ ਘਾਟ ਹੋਣ ਲੱਗੀ ਸੀ। ਪਿੰਡ ਵਾਲੇ ਵੀ ਸ਼ਹਿਰੀ ਪ੍ਰਾਹੁਣਿਆਂ ਤੋਂ ਤੰਗ ਆਏ ਹੋਏ ਸਨ। ਇਕ ਦਿਨ ਸੜਕ ਦੇ ਉਸ ਪਾਰ ਉਚੀ ਥਾਂ 'ਤੇ ਬਣੇ ਹੋਏ ਇਕ ਘਰ ਦੀ ਛੱਤ ਤੋਂ ਪਿੰਡ ਦੀਆਂ ਕੁੜੀਆਂ ਨੇ ਪਰਦੇਸੀ ਦਾ ਪੁਤਲਾ ਬਣਾ ਕੇ ਜਲਾਉਣ ਦੀ ਖੇਡ ਖੇਡੀ। ਇਹ ਇਕ ਕਿਸਮ ਦਾ ਟੂਣਾ ਸੀ, ਤਾਂ ਜੋ ਪਰਦੇਸੀਆਂ ਦੇ ਰੂਪ ਵਿਚ ਆਈ ਹੋਈ ਬਲਾ ਛੇਤੀ ਟਲ ਜਾਏ। ਮੇਰੀ ਉਸ ਪ੍ਰੀਤਮਾ ਨੇ ਵੀ ਉਸ ਟੂਣੇ ਵਿਚ ਹਿੱਸਾ ਲਿਆ ਹੈ, ਇਹ ਜਾਣ ਕੇ ਮੈਨੂੰ ਬੇਹੱਦ ਗੁੱਸਾ ਆਇਆ।



ਕਸ਼ਮੀਰ ਦੀ ਮਸ਼ਹੂਰ ਡੱਲ ਝੀਲ ਵਿਚ ਲੱਗੇ ਤੈਰਦੇ ਬਾਜ਼ਾਰ ਦਾ ਅਦਭੁੱਤ ਨਜ਼ਾਰਾ।

ਅਖੀਰ, ਦਸਵੇਂ ਜਾਂ ਗਿਆਰ੍ਹਵੇਂ ਦਿਨ ਸੜਕ ਚਾਲੂ ਹੋਈ। ਉਹ ਦ੍ਰਿਸ਼ ਵੀ ਵੇਖਣ ਲਾਇਕ ਸੀ। ਅਣਗਿਣਤ ਬੱਸਾਂ ਤੇ ਮੋਟਰਾਂ ਦੀਆਂ ਪਾਲਾਂ ਖੜ੍ਹੀਆਂ ਸਨ। ਪੀ.ਡਬਲਯੂ.ਡੀ. ਦੇ ਕਰਮਚਾਰੀ ਹੱਥ ਹਿਲਾ-ਹਿਲਾ ਕੇ ਡਾਈਵਰਾਂ ਨੂੰ ਅੱਗੇ ਵਧਣ ਲਈ ਕਹਿ ਰਹੇ ਸਨ, ਪਰ ਡਰਾਈਵਰ ਸਨ ਕਿ ਅੱਗੇ ਵਧਣ ਦਾ ਨਾਂ ਹੀ ਨਹੀਂ ਸਨ ਲੈਂਦੇ। ਮੁਸਾਫ਼ਿਰ ਵੀ ਜੋ ਉਥੇ ਜਾਣ ਲਈ ਏਨੇ ਉਤਾਵਲੇ ਬਣੇ ਹੋਏ ਸਨ, ਉਸ ਵੇਲੇ ਚੁੱਪ ਕੀਤੇ ਖੜ੍ਹੇ ਸਨ। ਬੱਸਾਂ ਵਿਚ ਜਾ ਕੇ ਬੈਠਣਾ ਤਾਂ ਇਕ ਪਾਸੇ, ਕੋਈ ਪੈਦਲ ਤੁਰ ਕੇ ਵੀ ਅੱਗੇ ਵਧਣ ਲਈ ਤਿਆਰ ਨਹੀਂ ਸੀ। ਸੱਜੇ ਹੱਥ ਕੱਚਾ ਪਹਾੜ ਸੀ, ਤੇ ਖੱਬੇ ਖੱਡ ਦੀ ਸਪਾਟ ਕੰਧ ਸੀ ਜੋ ਥੱਲੇ ਜਿਹਲਮ ਦੇ ਕੰਢੇ ਨੂੰ ਛੂੰਹਦੀ ਸੀ। ਮਲਬੇ ਵਿਚੋਂ ਕੱਟ ਕੇ ਬਣਾਈ ਗਈ ਸੜਕ ਦੇ ਕੰਢੇ ਨਾ ਕੋਈ ਜੰਗਲਾ ਸੀ, ਨਾ ਪੱਥਰਾਂ ਦੀ ਕੰਧ। ਉਸ 'ਤੇ ਖੜੋਣ 'ਤੇ ਡਰ ਲਗਦਾ ਸੀ।

ਅੱਧਾ ਘੰਟਾ ਇਸੇ ਤਰ੍ਹਾਂ ਬੀਤ ਗਿਆ। ਸਾਰੇ ਹੈਰਾਨ-ਪ੍ਰੇਸ਼ਾਨ ਹੋਏ ਇਕ-ਦੂਜੇ ਦਾ ਮੂੰਹ ਵੇਖ ਰਹੇ ਸਨ। ਓਵਰਸੀਅਰ ਇਹ ਯਕੀਨ ਦਿਵਾ-ਦਿਵਾ ਕੇ ਥੱਕ ਗਿਆ ਸੀ ਕਿ ਸੜਕ ਮਜ਼ਬੂਤ ਹੈ ਤੇ ਉਸ 'ਤੇ ਤੁਰਨ ਵਿਚ ਕੋਈ ਖਤਰਾ ਨਹੀਂ ਹੈ। ਅਖੀਰ ਉਹ ਪੱਥਰ 'ਤੇ ਜਾ ਕੇ ਚੁੱਪ-ਚਾਪ ਬੈਠ ਗਿਆ। ਏਨੇ ਵਿਚ ਪਿਛੋਂ ਇਕ ਛੋਟੀ ਜਿਹੀ ਹਰੇ ਰੰਗ ਦੀ ਮੋਟਰ ਆਉਂਦੀ ਦਿਸੀ। ਉਸ ਵਿਚ ਸਿਰਫ ਇਕੋ ਬੰਦਾ ਸੀ ਜੋ ਉਸ ਨੂੰ ਚਲਾ ਰਿਹਾ ਸੀ। ਉਹ ਕੋਈ ਅੰਗਰੇਜ਼ ਸੀ। ਨੇੜੇ ਆਉਣ 'ਤੇ ਜਦ ਉਸ ਨੇ ਲੋਕਾਂ ਤੇ ਬੱਸਾਂ ਦੀ ਏਨੀ ਭੀੜ ਵੇਖੀ ਤਾਂ ਰੁਕ ਕੇ, ਕੁਝ ਹੈਰਾਨੀ ਨਾਲ ਵੇਖਣ ਪਿਛੋਂ ਮੈਨੂੰ ਪੁੱਛਿਆ, "ਕੀ ਹੋਇਆ ਏ ਏਥੇ?"

"ਕੁਝ ਨਹੀ", ਮੈਂ ਕਿਹਾ, "ਮੀਂਹ ਕਰ ਕੇ ਸੜਕ ਟੁੱਟ ਕੇ ਥੱਲੇ ਵਹਿ ਗਈ ਸੀ। ਦਸਾਂ ਦਿਨਾਂ ਦੀ ਮੁਰੰਮਤ ਪਿਛੋਂ ਹੁਣ ਠੀਕ ਹੋਈ ਹੈ, ਪਰ ਕੋਈ ਡਰਾਈਵਰ ਅੱਗੇ ਵਧਣ ਦਾ ਹੌਸਲਾ ਨਹੀਂ ਕਰ ਰਿਹਾ।"

ਸੁਣ ਕੇ ਉਹ ਜ਼ੋਰ ਨਾਲ ਹੱਸਿਆ ਤੇ ਉਸੇ ਵੇਲੇ ਮੋਟਰ ਚਲਾ ਕੇ ਅੱਗੇ ਵਧਿਆ। ਵੇਖਦੇ-ਵੇਖਦੇ ਉਹ ਉਸ ਹਿੱਸੇ ਨੂੰ ਪਾਰ ਕਰ ਕੇ ਕਾਫ਼ੀ ਅੱਗੇ ਨਿਕਲ ਗਿਆ। ਉਸ ਦੇ ਲੰਘਣ ਦੀ ਦੇਰ ਸੀ ਕਿ ਡਰਾਈਵਰਾਂ ਵਿਚ ਹਲਚਲ ਮਚ ਗਈ। ਦੋਹਾਂ ਪਾਸਿਆਂ ਤੋਂ ਹਰ ਕੋਈ ਉਸ ਹਿੱਸੇ ਨੂੰ ਪਾਰ ਕਰਨ ਲਈ ਜਲਦਬਾਜ਼ੀ ਕਰਨ ਲਗਾ। ਨਾ ਓਧਰ ਵਾਲੇ ਏਧਰ ਵਾਲਿਆਂ ਦੀ ਕੋਈ ਗੱਲ ਸੁਣਨ ਲਈ ਤਿਆਰ ਸਨ, ਨਾ ਏਧਰ ਵਾਲੇ ਓਧਰ ਵਾਲਿਆਂ ਦੀ ਕੋਈ ਗੱਲ ਮੰਨਣ ਲਈ। ਲੜਾਈ-ਝਗੜਾ ਹੋਣ ਲੱਗਾ। ਉਸ ਬੌਖਲਾਹਟ ਵਿਚ ਇਕ ਬੱਸ ਦੀ ਛੱਤ 'ਤੇ ਲੱਦਿਆ ਹੋਇਆ ਬਹੁਤ ਸਾਰਾ ਸਾਮਾਨ, ਬਿਸਤਰੇ, ਟਰੰਕ, ਟੋਕਰੀਆਂ ਆਦਿ ਖੱਡ ਵਿਚ ਡਿਗ ਪਿਆ। ਲੋਕਾਂ ਲਈ ਇਹ ਵੀ ਇਕ ਤਮਾਸ਼ਾ ਬਣ ਗਿਆ। ਇੱਕੜ-ਦੁੱਕੜ ਸਿਪਾਹੀਆਂ ਲਈ ਮੋਟਰਾਂ-ਬੱਸਾਂ ਨੂੰ ਕਿਸੇ ਤਰਤੀਬ ਵਿਚ ਵਧਾਉਣਾ ਬਹੁਤ ਔਖਾ ਹੋ ਗਿਆ। ਜੇ ਸਭ ਕੁਝ ਕਿਸੇ ਨੇਮ ਸਿਰ ਹੁੰਦਾ ਤਾਂ ਅੱਧੇ-ਪੌਣੇ ਘੰਟੇ ਵਿਚ ਭੀੜ ਘਟ ਜਾਂਦੀ, ਪਰ ਉਸ ਹਾਲਤ ਵਿਚ ਸਾਨੂੰ ਉਹ ਹਿੱਸਾ ਪਾਰ ਕਰਨ ਵਿਚ ਦੋ ਘੰਟੇ ਲੱਗ ਗਏ।

ਉਸ ਦਿਨ ਆਜ਼ਾਦ ਕੌਮ ਅਤੇ ਗੁਲਾਮ ਕੌਮ ਦਾ ਫਰਕ ਮੈਨੂੰ ਬਹੁਤ ਸਾਫ਼ ਤੌਰ 'ਤੇ ਵਖਾਈ ਦਿੱਤਾ। ਮੈਂ ਜੋ ਕੁਝ ਕਿਤਾਬਾਂ ਵਿਚ ਨਹੀਂ ਸੀ ਪੜ੍ਹ ਸਕਦਾ, ਉਹ ਮੈਨੂੰ ਉਸ ਘਟਨਾ ਨੇ ਵਖਾ ਦਿੱਤਾ। ਅੰਗਰੇਜ਼ ਆਜ਼ਾਦ ਕੌਮ ਦਾ ਬੰਦਾ ਸੀ। ਆਜ਼ਾਦ ਕੌਮ ਦੇ ਲੋਕਾਂ ਵਿਚ ਖੁਦ ਸੋਚਣ ਤੇ ਫੈਸਲਾ ਕਰਨ ਦੀ ਹਿੰਮਤ ਹੁੰਦੀ ਹੈ। ਗੁਲਾਮ ਕੌਮ ਦੇ ਲੋਕਾਂ ਦਾ ਸੁਭਾਅ ਅਜਿਹਾ ਬਣ ਜਾਂਦਾ ਹੈ ਕਿ ਉਹ ਭੇਡਾਂ ਵਾਂਗ ਕਿਸੇ ਦੇ ਪਿਛੇ ਹੀ ਤੁਰਨਾ ਪਸੰਦ ਕਰਦੇ ਹਨ।

ਇਸ ਘਟਨਾ ਨੂੰ ਮੈਂ ਕਦੇ ਨਹੀਂ ਭੁੱਲ ਸਕਿਆ, ਕਿਉਂਕਿ ਇਸ ਰਾਹੀਂ ਪ੍ਰਾਪਤ ਕੀਤੀ ਸਿੱਖਿਆ ਦੀ ਸੱਚਾਈ ਦੇ ਸਬੂਤ ਮੈਨੂੰ ਆਪਣੇ ਮੁਲਕ ਦੀ ਸਮਾਜਕ ਜ਼ਿੰਦਗੀ ਵਿਚ ਅੱਜ ਤੱਕ ਮਿਲਦੇ ਰਹੇ ਹਨ।

ਜਦ ਮੈਂ ਸਰਕਾਰੀ ਦਫ਼ਤਰਾਂ ਵਿਚ ਵੇਖਦਾ ਹਾਂ ਕਿ ਮੰਤਰੀਆਂ ਤੋਂ ਲੈ ਕੇ ਕਲਰਕਾਂ ਤੱਕ ਕੋਈ ਵੀ ਬੰਦਾ ਫੈਸਲਾ ਕਰਨ ਦੀ ਜ਼ਿੰਮੇਵਾਰੀ ਆਪਣੇ ਸਿਰ ਲੈਣ ਲਈ ਤਿਆਰ ਨਹੀਂ ਹੁੰਦਾ, ਤਾਂ ਮੈਨੂੰ ਇਹ ਘਟਨਾ ਯਾਦ ਆ ਜਾਂਦੀ ਹੈ।

ਜਦ ਮੈਂ ਵੇਖਦਾ ਹਾਂ ਕਿ ਲੋਕ ਲੀਡਰਾਂ ਦੇ ਬਹਿਕਾਵੇ ਵਿਚ ਆ ਕੇ ਇਕ-ਦੂਜੇ ਦੇ ਘਰ ਸਾੜਦੇ ਹਨ, ਇਕ-ਦੂਜੇ ਦੀ ਜਾਨ ਲੈਂਦੇ ਹਨ, ਤੇ ਆਪਣੇ ਹੱਥੀਂ ਪੈਦਾ ਕੀਤੀਆਂ ਮੁਸੀਬਤਾਂ ਦਾ ਖੁਦ ਸ਼ਿਕਾਰ ਬਣਦੇ ਹਨ, ਤਾਂ ਮੈਨੂੰ ਇਹ ਘਟਨਾ ਯਾਦ ਆ ਜਾਂਦੀ ਹੈ।

ਆਖਰ ਇਹ ਗੁਲਾਮਾਂ ਵਰਗੀ ਭੇਡ-ਚਾਲ ਕਦ ਖਤਮ ਹੋਵੇਗੀ? ਕਦ ਸਾਡੇ ਮੁਲਕ ਦੇ ਲੋਕ ਆਪਣਾ ਨਫ਼ਾ-ਨੁਕਸਾਨ ਖੁਦ ਸੋਚਣ ਦੇ ਯੋਗ ਹੋਣਗੇ? ਕਦ ਉਹ ਸਮਝਣਗੇ ਕਿ ਮੁਲਕ ਦਾ ਤੇ ਆਪਣਾ ਫਾਇਦਾ ਏਕਤਾ ਤੇ ਜਥੇਬੰਦੀ ਵਿਚ ਹੈ, ਘਿਰਣਾ ਵਿਚ ਨਹੀਂ; ਤੇ ਧਰਮ ਦੇ ਨਾਂ 'ਤੇ ਲੜਨ ਵਾਲੇ ਲੋਕ ਅੱਜ ਵੀ ਉਹੋ ਹਨ ਜੋ ਪਹਿਲਾਂ ਸਾਮਰਾਜ ਦੇ ਪਿੱਠੂ ਸਨ।

ਭਾਸ਼ਾ, ਸੰਸਕ੍ਰਿਤੀ, ਭਾਵਨਾਤਮਕ ਏਕਤਾ, ਪੁਰਾਣੇ ਇਤਿਹਾਸ ਆਦਿ ਨਾਲ ਸਬੰਧਤ ਕਿੰਨੀਆਂ ਹੀ ਅਜਿਹੀਆਂ ਸਮੱਸਿਆਵਾਂ ਹਨ, ਜਿਨ੍ਹਾਂ ਦਾ ਹੱਲ ਸਾਨੂੰ ਸੌਖੀ ਤਰ੍ਹਾਂ ਮਿਲ ਸਕਦਾ ਹੈ; ਬਸ਼ਰਤੇ ਅਸੀਂ ਗੁਲਾਮੀ ਦੇ ਦੌਰ ਵਿਚ ਸਿੱਖੀਆਂ ਗਲਤ ਗੱਲਾਂ ਛੱਡ ਕੇ ਨਵੇਂ ਸਿਰਿਓਂ, ਨਵੇਂ ਢੰਗ ਨਾਲ, ਸੁਤੰਤਰ ਹੋ ਕੇ ਸੋਚੀਏ ਤੇ ਨਿਰਪੱਖ ਹੋ ਕੇ ਫੈਸਲਾ ਕਰੀਏ।

ਪਰ ਮੈਂ ਆਮ ਤੌਰ 'ਤੇ ਇਹ ਵੇਖਦਾ ਹਾਂ ਕਿ ਆਜ਼ਾਦੀ ਮਿਲਣ ਦੇ ਵੀਹ ਸਾਲ ਬਾਅਦ ਵੀ ਅਸੀਂ ਉਨ੍ਹਾਂ ਹੀ ਲੀਹਾਂ 'ਤੇ ਸੋਚ ਰਹੇ ਹਾਂ ਜੋ ਅੰਗਰੇਜ਼ਾਂ ਨੇ ਪਾਈਆਂ ਸਨ। ਉਨ੍ਹਾਂ ਲੀਹਾਂ ਨੂੰ ਛੱਡਣ ਦੀ ਹਿੰਮਤ ਸਾਡੇ ਵਿਚ ਨਹੀਂ ਹੈ। ਏਸ ਲਈ ਸਾਡਾ ਏਨਾ ਸਾਰਾ ਸਮਾਂ ਦੇਸ਼ ਕਲਿਆਣ ਦੀ ਥਾਂ ਆਪਸੀ ਲੜਾਈ-ਝਗੜਿਆਂ ਅਤੇ ਵਿਅਰਥ ਦੀ ਨੱਸ-ਭੱਜ ਵਿਚ ਬਰਬਾਦ ਹੋ ਰਿਹਾ ਹੈ।

***ਸੜਕ ਦਾ ਟੁੱਟਾ ਹੋਇਆ ਪਿਛਲਾ ਹਿੱਸਾ ਛੇਤੀ ਹੀ ਠੀਕ ਹੋ ਗਿਆ ਤੇ ਕਈ ਹੋਰ ਬੱਸਾਂ ਚਿਨਾਰੀ ਆ ਕੇ ਜਮ੍ਹਾਂ ਹੋ ਗਈਆਂ। ਅਗਲੇ ਟੁੱਟੇ ਹੋਏ ਹਿੱਸੇ ਦੀ ਮੁਰੰਮਤ ਪੀ.ਡਬਲਯੂ.ਡੀ. ਦੇ ਓਵਰਸੀਅਰ ਦੀ ਨਿਗਰਾਨੀ ਵਿਚ ਦਿਨ-ਰਾਤ ਹੋ ਰਹੀ ਸੀ। ਛੇ ਦਿਨ ਬੀਤ ਗਏ ਸਨ, ਪਰ ਸੜਕ ਦੇ ਚਾਲੂ ਹੋਣ ਦੀ ਕੋਈ ਆਸ ਨਜ਼ਰ ਨਹੀਂ ਆ ਰਹੀ। ਡਰਾਈਵਰ ਤੇ ਮੁਸਾਫ਼ਿਰ ਰੋਜ਼ ਉਥੇ ਜਾਂਦੇ ਤੇ ਓਵਰਸੀਅਰ ਨੂੰ ਛੇਤੀ ਸੜਕ ਠੀਕ ਕਰਾਉਣ ਲਈ ਕਹਿੰਦੇ। ਸਾਰੇ ਬਹੁਤ ਤੰਗ ਹੋ ਚੁੱਕੇ ਸਨ, ਤੇ ਸ੍ਰੀਨਗਰ ਪਹੁੰਚਣ ਲਈ ਬੇਹੱਦ ਉਤਾਵਲੇ ਸਨ। ਮੇਰੇ ਪਿਤਾ ਜੀ ਵੀ ਵਿਹਲੇ ਬੈਠੇ ਤੰਗ ਆ ਗਏ ਸਨ, ਪਰ ਮੈਨੂੰ ਉਥੋਂ ਜਾਣ ਦੀ ਕੋਈ ਕਾਹਲ ਨਹੀਂ ਸੀ; ਸਗੋਂ ਮੈਂ ਤਾਂ ਚਾਹੁੰਦਾ ਸਾਂ ਕਿ ਸੜਕ ਠੀਕ ਨਾ ਹੀ ਹੋਵੇ ਤਾਂ ਚੰਗਾ ਹੈ। ਪਿੰਡ ਵਿਚ ਆਟੇ-ਦਾਲ ਦੀ ਘਾਟ ਹੋਣ ਲੱਗੀ ਸੀ। ਪਿੰਡ ਵਾਲੇ ਵੀ ਸ਼ਹਿਰੀ ਪ੍ਰਾਹੁਣਿਆਂ ਤੋਂ ਤੰਗ ਆਏ ਹੋਏ ਸਨ। ਇਕ ਦਿਨ ਸੜਕ ਦੇ ਉਸ ਪਾਰ ਉਚੀ ਥਾਂ 'ਤੇ ਬਣੇ ਹੋਏ ਇਕ ਘਰ ਦੀ ਛੱਤ ਤੋਂ ਪਿੰਡ ਦੀਆਂ ਕੁੜੀਆਂ ਨੇ ਪਰਦੇਸੀ ਦਾ ਪੁਤਲਾ ਬਣਾ ਕੇ ਜਲਾਉਣ ਦੀ ਖੇਡ ਖੇਡੀ।***

## ਐਮਰਜੈਂਸੀ ਅਤੇ 'ਕੱਖ-ਕਾਨਾਂ' ਦੀ ਵਾਰੀ-3

# ਕਮਲੇ ਯਾਰ

***'ਐਮਰਜੈਂਸੀ ਤੇ ਕੱਖ-ਕਾਨਾਂ ਦੀ ਵਾਰੀ' ਲੇਖ ਲੜੀ ਵਿਚ ਕਹਾਣੀਕਾਰ ਵਰਿਆਮ ਸਿੰਘ ਸੰਧੂ ਨੇ ਐਮਰਜੈਂਸੀ ਨਾਲ ਜੁੜੀਆਂ ਯਾਦਾਂ ਦਾ ਵਰਕਾ ਫਰੋਲਿਆ ਹੈ। ਉਹ ਅਜਿਹਾ ਵਕਤ ਸੀ ਜਦੋਂ ਵਿਰੋਧ ਦੀ ਹਰ ਆਵਾਜ਼ ਨੂੰ ਬੰਦ ਕਰਨ ਦਾ ਹੀਲਾ ਕੇਂਦਰ ਸਰਕਾਰ ਨੇ ਕੀਤਾ ਸੀ। ਬਹੁਤ ਸਾਰੇ ਆਗੂਆਂ, ਪੱਤਰਕਾਰਾਂ, ਲੇਖਕਾਂ ਤੇ ਬੁੱਧੀਜੀਵੀਆਂ ਉਤੇ ਵੱਖ-ਵੱਖ ਕੇਸ ਪਾ ਕੇ ਉਨ੍ਹਾਂ ਨੂੰ ਜੇਲ੍ਹਾਂ ਅੰਦਰ ਡੱਕ ਦਿੱਤਾ ਗਿਆ। ਵਰਿਆਮ ਸਿੰਘ ਸੰਧੂ ਨੇ ਇਸ ਲੰਮੀ ਲੇਖ ਲੜੀ ਵਿਚ ਇਸ ਜੇਲ੍ਹ ਯਾਤਰਾ ਦੇ ਹਵਾਲੇ ਨਾਲ ਆਪਣੇ ਸਮਾਜ ਅਤੇ ਸਿਸਟਮ ਬਾਰੇ ਸਾਰਥਕ ਟਿੱਪਣੀਆਂ ਕੀਤੀਆਂ ਹਨ। ਇਨ੍ਹਾਂ ਟਿੱਪਣੀਆਂ ਵਿਚ ਬਤੌਰ ਲੇਖਕ ਉਨ੍ਹਾਂ ਆਵਾਮ ਦੇ ਸਰੋਕਾਰ ਸਾਂਝੇ ਕੀਤੇ ਹਨ। 'ਕਮਲੇ ਯਾਰ' ਵਿਚ ਉਨ੍ਹਾਂ ਸਾਥੀਆਂ ਦਾ ਖੁਲਾਸਾ ਹੈ ਜਿਹੜੇ ਹਰ ਮੌਸਮ ਵਿਚ ਤੁਹਾਡੇ ਅੰਗ-ਸੰਗ ਰਹਿੰਦੇ ਹਨ। -ਸੰਪਾਦਕ***

ਅਜਾਇਬ ਸਿੰਘ ਸੰਧੂ ਰਿਸ਼ਤੇ ਵਿਚ ਮੇਰੀ ਦਾਦੀ ਦੇ ਭਰਾ ਦਾ ਪੋਤਰਾ ਸੀ। ਰਿਸ਼ਤੇ ਵਿਚ ਮੇਰਾ ਭਰਾ, ਪਰ ਉਮਰੋਂ ਲਗਭਗ ਮੇਰੇ ਪਿਓ ਦਾ ਹਾਣੀ। ਉਸ ਦਾ ਅਤੇ ਉਨ੍ਹਾਂ ਦੇ ਪਰਿਵਾਰ ਦਾ ਸਾਡੇ ਪਰਿਵਾਰ ਅਤੇ ਮੇਰੇ ਪਿਤਾ ਨਾਲ ਬਹੁਤ ਗੂੜ੍ਹਾ ਪਿਆਰ ਸੀ। ਦੇਸ਼ ਦੀ ਤਕਸੀਮ ਤੋਂ ਬਾਅਦ ਉਹ ਉਧਰੋਂ ਆ ਕੇ ਪਹਿਲਾਂ ਸਾਡੇ ਘਰ ਹੀ ਕੁਝ ਮਹੀਨੇ ਠਹਿਰੇ ਸਨ। ਪਿਛੋਂ ਉਨ੍ਹਾਂ ਨੂੰ ਖ਼ਾਲੀ ਪਿਆ ਮੁਸਲਮਾਨੀ ਮਕਾਨ ਸਾਡੇ ਗੁਆਂਢ ਹੀ ਮਿਲ ਗਿਆ। ਇੰਜ ਪਰਿਵਾਰਕ ਮੇਲ-ਜੋਲ ਲਗਾਤਾਰ ਬਣਿਆ ਰਿਹਾ। ਪਿਛੋਂ ਉਨ੍ਹਾਂ ਨੂੰ ਡਿੱਬੀਪੁਰ ਵਿਚ ਪੱਕੀ ਜ਼ਮੀਨ ਅਲਾਟ ਹੋ ਗਈ ਅਤੇ ਉਨ੍ਹਾਂ ਦਾ ਪਰਿਵਾਰ ਉਥੇ ਚਲਾ ਗਿਆ। ਅਜਾਇਬ ਸਿੰਘ ਨੂੰ ਬੈਂਕ ਵਿਚ ਨੌਕਰੀ ਵੀ ਮੇਰੇ ਪਿਤਾ ਦੀ ਸਿਫ਼ਾਰਸ਼ ਨਾਲ ਹੀ ਮਿਲੀ ਸੀ। ਇਸ ਲਈ ਉਹ ਮੇਰੇ ਪਿਤਾ ਨੂੰ ਸਦਾ ਵੱਡੇ ਭਰਾ ਵਾਂਗ ਸਤਿਕਾਰ ਦਿੰਦਾ ਰਿਹਾ ਸੀ। ਮੇਰੇ ਬਚਪਨ ਤੋਂ ਹੀ ਉਹ ਮੈਨੂੰ ਹੋਣਹਾਰ ਬੱਚੇ ਵਜੋਂ



**ਵਰਿਆਮ ਸਿੰਘ ਸੰਧੂ**
ਫੋਨ: 416-918-5212

ਪਿਆਰਦਾ ਰਿਹਾ ਸੀ। ਪਿਛਲੇ ਕਈ ਸਾਲਾਂ ਤੋਂ ਉਹ ਸਟੇਟ ਬੈਂਕ ਆਫ਼ ਪਟਿਆਲਾ ਵਿਚ ਅਫ਼ਸਰ ਸੀ, ਬਹੁਤ ਹੀ ਸੂਝਵਾਨ, ਮਿਲਾਪੜਾ ਅਤੇ ਲੋਕਾਂ ਦੇ ਕੰਮ ਆਉਣ ਵਾਲਾ ਬੰਦਾ। ਇਸ ਲਈ ਪੱਟੀ ਅਤੇ ਆਸ-ਪਾਸ ਦੇ ਇਲਾਕੇ ਵਿਚ ਉਸ ਦੀ ਬਹੁਤ ਇੱਜ਼ਤ ਸੀ। ਪੱਟੀ ਦੇ ਸਾਰੇ ਅਫ਼ਸਰਾਂ ਨਾਲ ਉਸ ਦੇ ਬੜੇ ਸੁਖਾਵੇਂ ਸਬੰਧ ਸਨ। ਮੈਂ ਕਿਵੇਂ ਨਾ ਕਿਵੇਂ ਉਸ ਤੱਕ ਆਪਣੇ ਗ੍ਰਿਫ਼ਤਾਰ ਹੋਣ ਦੀ ਖ਼ਬਰ ਪਹੁੰਚਾ ਦਿੱਤੀ ਸੀ। ਸਾਡੇ ਪੇਸ਼ ਹੋਣ ਸਮੇਂ ਤੱਕ ਉਸ ਨੇ ਵਕੀਲ ਕਰ ਲਿਆ ਸੀ ਅਤੇ ਕੇਸ ਦੀ ਸਾਰੀ ਨੌਇਅਤ ਸਮਝ ਲਈ ਸੀ। ਉਸ ਨੇ ਕੁਝ ਮਹੀਨੇ ਪਹਿਲਾਂ 'ਬਣੀ-ਠਣੀ' ਵੇਖੀ ਰਜਵੰਤ ਨੂੰ ਬੁਰੇ ਹਾਲੀਂ ਵੇਖ ਕੇ ਸਿਰ 'ਤੇ ਪਿਆਰ ਦੇ ਕੇ ਕਿਹਾ, "ਬੀਬੀ! ਜਦੋਂ ਮੈਂ ਇਥੇ ਬੈਠਾਂ, ਤੂੰ ਇਸ ਹਾਲਤ ਵਿਚ ਇਥੇ ਕਿਉਂ ਆਈ?"

ਸਾਨੂੰ ਐਸ.ਡੀ.ਐਮ. ਦੀ ਅਦਾਲਤ ਵਿਚ ਪੇਸ਼ ਕੀਤਾ ਗਿਆ। 'ਸਰਕਾਰ ਬਨਾਮ ਵਰਿਆਮ ਸਿੰਘ' ਨਾਂ ਦਾ ਇਹ ਕੇਸ ਧਾਰਾ 107/151 ਅਧੀਨ ਦਰਜ ਕੀਤਾ ਗਿਆ ਸੀ। ਇਸ ਮੁਤਾਬਕ ਮੈਥੋਂ ਸਰਕਾਰੀ ਅਮਨ ਕਾਨੂੰਨ ਨੂੰ ਖ਼ਤਰਾ ਸੀ। ਸਿਪਾਹੀ 'ਸੁੰਦਰ' ਮੈਨੂੰ ਕਹਿੰਦਾ, "ਗੱਲ ਈ ਕੋਈ ਨਹੀਂ। ਇਹ ਤਾਂ ਹੁਣੇ ਦਸ ਹਜ਼ਾਰ ਦੀ ਜ਼ਮਾਨਤ ਹੋਈ ਲਓ।"

ਕੇਸ ਕਿਉਂਕਿ ਕਾਬਲੇ-ਜ਼ਮਾਨਤ ਸੀ, ਸਾਡੇ ਵਕੀਲ ਨੇ ਜ਼ਮਾਨਤ ਲਈ ਆਖਿਆ। ਐਸ.ਡੀ.ਐਮ. ਗੁਰਜੀਤ ਸਿੰਘ ਚੀਮਾ ਨੇ ਚੜ੍ਹਾ ਕੇ ਤੇ ਕੱਸ ਕੇ ਬੱਧੀ ਦਾੜ੍ਹੀ ਵਿਚੋਂ ਹੋਠ ਖੋਲ੍ਹੇ ਅਤੇ ਫੁਸਫੁਸਾਇਆ, "ਠੀਕ ਏ।"

ਸੁੰਦਰ ਨੇ ਖ਼ੁਸ਼ ਹੋ ਕੇ ਹੌਲੀ ਜਿਹੀ ਕਿਹਾ, "ਲਓ ਵਧਾਈ ਹੋਵੇ।"

ਮੈਂ ਕਿਹਾ, "ਸੁੰਦਰਾ ਧਿਆਨ ਨਾਲ ਸੁਣ!"

ਢਾਈ ਲੱਖ ਦੀ 'ਨੰਬਰੀ ਜ਼ਮਾਨਤ' ਮੰਗੀ ਗਈ ਸੀ। ਪੰਜਾਹ ਹਜ਼ਾਰ ਦਾ ਮੁਚੱਲਕਾ। ਮਤਲਬ ਸੀ ਕਿ ਜ਼ਮਾਨਤ ਦੇਣ ਵਾਲਾ ਆਪਣੀ ਜ਼ਮੀਨ-ਜਾਇਦਾਦ ਦਾ ਲਿਖਤੀ ਰਿਕਾਰਡ ਪਹਿਲਾਂ ਅਦਾਲਤ ਵਿਚ ਪੇਸ਼ ਕਰੇਗਾ। ਜ਼ਾਹਿਰ ਸੀ ਕਿ ਇਹ ਕੰਮ ਹੁਣੇ ਇੱਕ ਮਿੰਟ ਵਿਚ ਹੋਣ ਵਾਲਾ ਨਹੀਂ ਸੀ। ਐਸ.ਡੀ.ਐਮ. ਨੇ ਸਾਨੂੰ ਜੇਲ੍ਹ ਭੇਜਣ ਦਾ ਹੁਕਮ ਦੇ ਕੇ ਅਗਲੀ ਪੇਸ਼ੀ ਦੀ ਤਰੀਕ ਪਾ ਦਿੱਤੀ।

ਬਾਹਰ ਆਏ ਤਾਂ ਅਜਾਇਬ ਸਿੰਘ ਨੇ ਕਿਹਾ ਕਿ ਇੱਕ-ਅੱਧੇ ਦਿਨ ਤੱਕ ਉਹ ਜ਼ਮਾਨਤ ਕਰਵਾ ਲਵੇਗਾ। ਮੈਨੂੰ ਪਤਾ ਸੀ ਕਿ ਜ਼ਮਾਨਤ ਕਰਵਾਉਣ ਦਾ ਕੋਈ ਲਾਭ ਨਹੀਂ। ਇਨ੍ਹਾਂ ਮੈਨੂੰ ਫਿਰ ਫੜ ਲੈਣਾ ਏ।

ਅਜਾਇਬ ਸਿੰਘ ਨੇ ਰਜਵੰਤ ਨੂੰ ਹੌਸਲਾ ਦੇ ਕੇ ਆਪਣੇ ਲੜਕੇ ਨਾਲ ਗਾਰਡਨ ਕਾਲੋਨੀ ਵਿਚਲੇ ਆਪਣੇ ਘਰ ਜਾਣ ਲਈ ਕਿਹਾ ਅਤੇ ਆਪ ਸੌ ਕੁ ਗਜ਼ ਦੂਰ ਸਬ-ਜੇਲ੍ਹ ਪੱਟੀ ਦੇ ਸੁਪਰਡੈਂਟ ਨੂੰ ਮਿਲਣ ਤੁਰ ਪਿਆ। ਸਾਡੇ ਜੇਲ੍ਹ ਜਾਣ ਸਮੇਂ ਉਹ ਜੇਲ੍ਹ ਸੁਪਰਡੈਂਟ ਦੇ ਦਫ਼ਤਰ ਵਿਚ ਬੈਠਾ ਸੀ। ਸਾਨੂੰ ਉਸ ਨਾਲ ਮਿਲਾ ਕੇ ਉਸ ਨੇ ਧਰਵਾਸ ਦਿੱਤਾ ਕਿ ਇਥੇ ਸਾਨੂੰ ਕੋਈ ਤਕਲੀਫ਼ ਨਹੀਂ ਹੋਣ ਲੱਗੀ। ਉਹ ਤੌਲੀਆ, ਸਾਬਣ-ਤੇਲ ਅਤੇ ਹੋਰ ਲੋੜੀਂਦਾ ਸਮਾਨ ਹੁਣੇ ਜਾ ਕੇ ਘਰੋਂ ਭੇਜ ਦਏਗਾ। ਸੁਪਰਡੈਂਟ ਨੇ ਵੀ ਸਾਨੂੰ ਤਸੱਲੀ ਰੱਖਣ ਲਈ ਕਿਹਾ।

ਅਸੀਂ ਜਦੋਂ ਬੈਰਕ ਵਿਚ ਵੜੇ ਤਾਂ ਅੰਦਰ ਹਵਾਲਾਤੀਆਂ ਵਿਚ ਤਾਸ਼ ਦੀ ਬਾਜ਼ੀ ਚੱਲ ਰਹੀ ਸੀ। ਨਵੇਂ ਸਾਥੀਆਂ ਦੀ ਆਮਦ ਦਾ ਸਵਾਗਤ ਕਰਨ ਲਈ ਉਨ੍ਹਾਂ ਨੇ ਤਾਸ਼ ਦੇ ਪੱਤੇ ਫ਼ਰਸ਼ 'ਤੇ ਵਗਾਹ ਮਾਰੇ। 'ਸਤਿ ਸ੍ਰੀ ਅਕਾਲ' ਤੋਂ ਪਿਛੋਂ ਸਭ ਤੋਂ ਪਹਿਲਾਂ 'ਕਿਸ ਜੁਰਮ ਅਧੀਨ ਆਏ ਹਾਂ?' ਦੀ ਜਾਣਕਾਰੀ ਮੰਗੀ। ਅਸੀਂ ਦੱਸਿਆ ਕਿ ਅਸੀਂ ਕੋਈ ਇਖ਼ਲਾਕੀ ਜੁਰਮ ਅਧੀਨ ਨਹੀਂ ਆਏ। ਸਾਨੂੰ ਨਾਲ ਲੈ ਕੇ ਆਏ ਵਾਰਡਰ ਨੇ ਸਾਡੀ ਭੱਲ ਬਣਾ ਦਿੱਤੀ, "ਇਨ੍ਹਾਂ ਦੀ ਸਿੱਧੀ ਲੜਾਈ ਇੰਦਰਾ ਗਾਂਧੀ ਨਾਲ ਹੈ।"

ਦੂਜੇ ਹਵਾਲਾਤੀਆਂ ਸਾਹਮਣੇ ਇਕਦਮ ਸਾਡਾ 'ਰੁਤਬਾ' ਵਧ ਗਿਆ। ਉਹ ਸਾਨੂੰ ਆਦਰ ਦੀ ਨਜ਼ਰ ਨਾਲ ਵੇਖਣ ਲੱਗੇ। ਏਨੇ ਚਿਰ ਨੂੰ ਬਾਹਰੋਂ ਬੈਰਕ ਵਿਚ ਵੜਦਿਆਂ ਕਿਸੇ ਵਾਰਡਰ ਨੇ ਉਚੀ ਸਾਰੀ ਦਬਾਕੜਾ ਮਾਰਿਆ, "ਚਲੋ! ਉਠੋ ਉਏ! ਨਵੇਂ ਆਏ ਸੱਤ-'ਕਵਿੰਜਾ ਵਾਲੇ! ਬਾਹਰ ਆ ਕੇ ਵਿਹੜੇ ਵਿਚ ਪੋਚਾ ਲਾਓ।"

ਸਾਰੇ ਚੁੱਪ ਹੋ ਗਏ ਅਤੇ ਸਾਡੇ ਮੂੰਹ ਵੱਲ ਵੇਖਣ ਲੱਗੇ।

ਇਹ ਹੁਕਮ ਸਾਡੇ ਸਵੈਮਾਣ ਲਈ ਵੰਗਾਰ ਸੀ। ਇਹੋ ਇੱਕ ਪਲ ਸੀ ਜਦੋਂ ਜੇਲ੍ਹ ਕਰਮਚਾਰੀਆਂ ਨੇ ਸਾਡੇ 'ਤੇ ਕਾਠੀ ਪਾ ਲੈਣੀ ਸੀ ਅਤੇ ਸਾਡੇ ਨਾਲ ਆਮ ਕੈਦੀਆਂ ਨਾਲ ਕੀਤੇ ਜਾਣ ਵਾਲਾ ਗ਼ੈਰ-ਮਨੁੱਖੀ ਵਿਹਾਰ ਕਰਨਾ ਸੀ। ਅਸੀਂ ਹੁਣੇ ਹੀ ਦੂਜੇ ਕੈਦੀਆਂ ਅੱਗੇ ਬਣਾਏ ਆਪਣੇ ਵੱਕਾਰ ਨੂੰ ਕਾਇਮ ਰੱਖਦਿਆਂ ਕਰਮਚਾਰੀਆਂ ਨੂੰ ਇਹ ਅਹਿਸਾਸ ਕਰਵਾਉਣਾ ਸੀ ਕਿ ਅਸੀਂ 'ਇਨ੍ਹਾਂ ਗੱਡਾਂ ਦੇ ਬੌਲਦ' ਨਹੀਂ। ਇਸ ਪਲ ਨੂੰ ਸਾਂਭਣਾ ਬਹੁਤ ਜ਼ਰੂਰੀ ਸੀ। 'ਹੁਕਮ ਅਦੂਲੀ ਕਰਨ' 'ਤੇ ਵਾਰਡਰਾਂ ਦੀ ਨਰਾਜ਼ਗੀ ਕਾਰਨ, ਉਨ੍ਹਾਂ ਵੱਲੋਂ 'ਹੱਥਾਂ ਜਾਂ ਸ਼ਬਦਾਂ ਨਾਲ' ਸਾਨੂੰ ਬੇਇੱਜ਼ਤ ਕਰਨ ਦੀ ਕਾਰਵਾਈ ਵੀ ਹੋ ਸਕਦੀ ਸੀ। ਅਸੀਂ ਆਪਣਾ 'ਨਾਇਕਤਵ' ਹਰ ਕੀਮਤ 'ਤੇ ਬਚਾਈ ਰੱਖਣਾ ਸੀ!

"ਭਾਈ ਸਾਹਿਬ! ਅਸੀਂ ਤੇਰਾ ਪੋਚਾ ਮਾਰਨ ਵਾਲੇ ਨਹੀਂ। ਤੇਰੀ ਸਰਕਾਰ ਦੀ ਫੱਟੀ ਪੋਚਣ ਵਾਲੇ ਆਂ।" ਅਸੀਂ ਸ਼ੇਖ਼ੀ ਮਾਰੀ। ਆਪਣੀ ਪੈਠ ਬਣਾਉਣ ਲਈ ਇਹ ਜ਼ਰੂਰੀ ਵੀ ਸੀ। ਵਾਰਡਰ ਛਾਬਲ ਗਿਆ। ਸਾਰੇ ਹਵਾਲਾਤੀ ਸਾਥੋਂ ਪ੍ਰਭਾਵਿਤ ਹੋ ਕੇ ਖਿੜਖਿੜਾ ਕੇ ਹੱਸੇ। ਉਨ੍ਹਾਂ ਦੀ ਵੀ ਰਹਿ ਆ ਗਈ ਸੀ।

ਇੱਕ ਜਣੇ ਨੇ ਵਾਰਡਰ ਨੂੰ ਕਿਹਾ, "ਇਹ ਤੁਹਾਡੇ ਜਾਲ ਦੇ ਪੰਛੀ ਨਹੀਂ। ਅਸਮਾਨਾਂ 'ਚ ਉਡਣ ਵਾਲੇ ਨੇ।"

ਉਹ ਆਪ ਹੀ ਉਹਨੂੰ ਸਾਡੇ ਬਾਰੇ ਵਧਾ-ਚੜ੍ਹਾ ਕੇ ਦੱਸਣ ਲੱਗੇ।

"ਚਲੋ ਤੁਸੀਂ ਉਠੋ ਉਏ!" ਛਿੱਥੇ ਪਏ ਵਾਰਡਰ ਨੇ ਹੋਰ ਦੋ ਜਣਿਆਂ ਨੂੰ ਉਠਣ ਦਾ ਹੁਕਮ ਦੇ ਦਿੱਤਾ। ਉਨ੍ਹਾਂ 'ਚ ਹੁਕਮ ਅਦੂਲੀ ਕਰਨ ਦੀ ਹਿੰਮਤ ਨਹੀਂ ਸੀ।

"ਆ ਗਏ ਓ ਇਨਕਲਾਬੀਓ!" ਇਹ ਅਜਾਇਬ ਸਿੰਘ ਦਾ ਛੋਟਾ ਭਰਾ ਸਰਦੂਲ ਸੀ। ਫ਼ੌਜ ਵਿਚੋਂ ਆ ਕੇ ਅਜਾਇਬ ਸਿੰਘ ਦੀ ਸਿਫ਼ਾਰਸ਼ ਨਾਲ ਇਸ ਜੇਲ੍ਹ ਵਿਚ ਵਾਰਡਰ ਲੱਗ ਗਿਆ ਸੀ। ਸਾਨੂੰ ਹੋਰ ਵੀ ਹੌਸਲਾ ਹੋ ਗਿਆ।

ਸਰਦੂਲ ਰਾਹੀਂ ਲੋੜੀਂਦਾ ਸਮਾਨ ਮੇਰੇ ਲਈ ਅਜਾਇਬ ਸਿੰਘ ਦੇ ਘਰੋਂ ਆ ਗਿਆ। ਕੁਝ ਅਗਲੇ ਦਿਨੀਂ ਮੁਲਾਕਾਤਾਂ ਕਰਨ ਆਏ ਸਾਡੇ ਪਰਿਵਾਰਾਂ ਅਤੇ ਮਿੱਤਰਾਂ-ਸਨੇਹੀਆਂ ਵੱਲੋਂ ਪਹੁੰਚਾ ਦਿੱਤਾ ਗਿਆ। ਕੰਬਲ ਵੀ ਸਾਨੂੰ ਨਿਸਬਤਨ ਚੰਗੇ ਮਿਲ ਗਏ। ਅਸੀਂ ਚੜ੍ਹਦੇ ਪਾਸੇ ਕੰਧ ਨਾਲ ਲੱਗਦੀਆਂ ਖੁੱਡੀਆਂ ਮੱਲ ਲਈਆਂ ਅਤੇ ਉਨ੍ਹਾਂ 'ਤੇ ਆਪਣੇ ਕੰਬਲ ਵਿਛਾ ਕੇ ਆਪਣਾ 'ਆਸਣ ਗ੍ਰਹਿਣ' ਕਰ ਲਿਆ।

ਅਸੀਂ ਸਾਥੀਆਂ ਨਾਲ ਸਰਕਾਰੀ ਤੰਤਰ ਦੇ ਧੱਕੇ ਅਤੇ ਜ਼ੋਰ-ਜਬਰ ਦੀ ਗੱਲ ਕਰਦੇ। ਲੋਕਾਂ 'ਚੋਂ ਮਰ ਗਏ ਮੱਚ 'ਤੇ ਅਫ਼ਸੋਸ ਕਰਦੇ। ਉਨ੍ਹਾਂ ਨੂੰ ਜੂਝਦੇ ਜੁਝਾਰ ਲੋਕਾਂ ਦੇ ਸੰਘਰਸ਼ ਦੀ ਦਾਸਤਾਂ ਸੁਣਾਉਂਦੇ। ਉਨ੍ਹਾਂ ਅੰਦਰ ਲੜਨ ਦੀ ਲੋੜ ਤੇ ਲੜਨ ਦੀ ਲਗਨ ਦਾ ਅਹਿਸਾਸ ਜਗਾਉਣ ਦੀ ਕੋਸ਼ਿਸ਼ ਕਰਦੇ।

ਇਹ ਗੱਲਾਂ ਕਰਦਿਆਂ ਜਦੋਂ ਕਿਤੇ ਆਪਣੇ ਆਪ ਨਾਲ ਗੱਲ ਕਰਨ ਦਾ ਮੌਕਾ ਮਿਲਦਾ ਤਾਂ ਮੈਂ ਆਪਣੀ ਸਥਿਤੀ ਬਾਰੇ ਵੀ ਸੋਚਣ ਲੱਗਦਾ।

ਮੇਰੇ ਆਸੇ-ਪਾਸੇ ਉਚੀਆਂ-ਉਚੀਆਂ ਕੰਧਾਂ ਸਨ ਜਿਨ੍ਹਾਂ ਦੇ ਬਾਹਰ ਸਾਰਾ ਸੰਸਾਰ ਆਪੋ-ਆਪਣੇ ਕੰਮਾਂ-ਧੰਦਿਆਂ ਵਿਚ ਜੁਟਿਆ ਹੋਇਆ ਸੀ। ਕੋਈ ਜਿਥੇ ਚਾਹੇ ਜਾ ਸਕਦਾ ਸੀ, ਜਿਥੇ ਚਾਹੇ ਬੈਠ ਸਕਦਾ ਸੀ, ਜਿਸ ਨੂੰ ਚਾਹੇ ਮਿਲ ਸਕਦਾ ਸੀ। ਆਪਣੇ ਪਰਿਵਾਰ ਵਿਚ ਬੈਠ ਕੇ ਹੱਸ-ਖੇਡ ਸਕਦਾ ਸੀ। ਆਪਣੀ ਮਾਂ, ਭੈਣਾਂ ਅਤੇ ਪਤਨੀ ਨੂੰ ਪਿਆਰ ਕਰ ਸਕਦਾ ਸੀ। ਆਪਣੇ ਬੱਚਿਆਂ ਨੂੰ ਲਾਡ ਲਡਾ ਸਕਦਾ ਸੀ, ਪਰ ਮੈਂ ਇਸ ਸਭ ਤੋਂ ਵਿਰਵਾ ਕਰ ਦਿੱਤਾ ਗਿਆ ਸਾਂ। ਪਤਾ ਨਹੀਂ ਮੈਨੂੰ ਕਿੰਨਾ ਚਿਰ ਅੰਦਰ ਰਹਿਣਾ ਪੈਣਾ ਸੀ। ਏਨ੍ਹੇ ਹਾਲਾਤ ਨਾਲ ਨਿਪਟਣ ਲਈ ਮੈਂ ਆਪਣੇ ਆਪ ਨੂੰ ਮਾਨਸਿਕ ਤੌਰ 'ਤੇ ਤਿਆਰ ਕਰ ਰਿਹਾ ਸਾਂ। ਮੇਰੀ ਨੌਕਰੀ ਜਾ ਸਕਦੀ ਸੀ। ਮੇਰੇ ਸਾਰੇ ਪਰਿਵਾਰ ਦੀ ਜ਼ਿੰਮੇਵਾਰੀ ਮੇਰੇ ਸਿਰ ਉਪਰ ਸੀ। ਵਿਆਹ ਤੋਂ ਪਹਿਲਾਂ ਆਪਣੀ ਇਕੱਲੀ ਤਨਖ਼ਾਹ ਨਾਲ ਮੈਂ ਮਸਾਂ ਘਰ ਦਾ ਡੰਗ ਤੋਰਦਾ ਰਿਹਾ ਸਾਂ। ਹੁਣ ਭਾਵੇਂ ਪਤਨੀ ਦੀ ਤਨਖ਼ਾਹ ਵੀ ਨਾਲ ਜੁੜ ਗਈ ਸੀ, ਪਰ ਪਰਿਵਾਰਾਂ ਦੇ ਖ਼ਰਚੇ! ਔਖੇ ਵੇਲੇ ਲਈ ਕੋਈ ਵੀ ਜਮ੍ਹਾਂ ਪੂੰਜੀ ਕੋਲ ਨਹੀਂ ਸੀ। ਵਾਹੀ 'ਚ ਖੂਹ ਦੀ ਮਿੱਟੀ ਖੂਹ ਨੂੰ ਲੱਗ ਰਹੀ ਸੀ। ਹਰ ਨਵੀਂ ਤਨਖ਼ਾਹ ਨਾਲ ਹੀ ਉਸ ਮਹੀਨੇ ਦੇ ਖ਼ਰਚੇ ਭੁਗਤਾਏ ਜਾਂਦੇ। ਘਰ ਵਾਲੀ ਪ੍ਰਸੂਤੀ ਛੁੱਟੀ 'ਤੇ ਸੀ। ਮੇਰੀ ਤਨਖ਼ਾਹ ਬੰਦ ਹੋ ਜਾਣੀ ਸੀ। ਘਰ ਦਾ ਗੁਜ਼ਾਰਾ ਕਿਵੇਂ ਚੱਲੂ! ਮੇਰੀ ਪਤਨੀ ਤੇ ਮੇਰੀ ਨਿੱਕੀ ਧੀ 'ਤੇ ਕੀ ਗੁਜ਼ਰੇਗੀ!

ਅਗਲੇ ਅਗਲੇਰੇ ਦਿਨ ਰਜਵੰਤ ਨਿੱਕੀ ਜਿੰਨੀ ਰੂਪ ਨੂੰ ਕੁੱਛੜ ਚੁੱਕੀ ਮੁਲਾਕਾਤ ਕਰਨ ਆਈ। ਮੈਂ ਆਪਣੀ ਧੀ ਨੂੰ ਘੁੱਟ ਕੇ ਗਲ ਨਾਲ ਲਾਇਆ। ਅੰਦਰੋਂ ਤਾਂ ਸ਼ਾਇਦ ਮੈਂ ਆਪਣੀ ਨਵ-ਜਨਮੀ ਧੀ ਵੱਲੋਂ ਜੇਲ੍ਹ ਦੀ ਡਿਓੜੀ ਲੰਘ ਕੇ ਪਿਓ ਦੀ ਮੁਲਾਕਾਤ ਕਰਨ ਆਉਣ ਦੀ 'ਹੋਣੀ' 'ਤੇ ਦੁਖੀ ਸਾਂ ਪਰ ਜ਼ਾਹਿਰਾ ਤੌਰ 'ਤੇ ਮੈਂ ਹੌਸਲਾ ਦਿਖਾਉਂਦਿਆਂ 'ਡਾਇਲਾਗ' ਮਾਰਿਆ, "ਮੇਰੀ ਰੂਪ ਉਨ੍ਹਾਂ ਬਹੁਤ ਹੀ ਥੋੜ੍ਹੀਆਂ ਪਰ ਬਹਾਦਰ ਧੀਆਂ ਵਿਚੋਂ ਇੱਕ ਹੈ, ਜਿਨ੍ਹਾਂ ਨੇ ਏਡੀ ਛੋਟੀ ਉਮਰ ਵਿਚ ਆਪਣੇ ਪਿਓ ਨਾਲ ਜੇਲ੍ਹ ਵਿਚ ਮੁਲਾਕਾਤ ਕੀਤੀ ਹੋਵੇ!" ਆਪਣੀ ਆਵਾਜ਼ ਦੀ ਕੰਬਣੀ ਤੇ ਅੱਖਾਂ ਵਿਚਲੀ ਤਰਲਤਾ ਲੁਕਾਉਣ ਲਈ ਮੈਂ ਰੂਪ ਦਾ ਮੱਥਾ ਚੁੰਮਣ ਲਈ ਆਪਣਾ ਚਿਹਰਾ ਝੁਕਾ ਲਿਆ।

ਇਸ਼ਾਰੇ ਨਾਲ ਮੈਂ ਪਤਨੀ ਨੂੰ ਘਰ ਦੇ ਖ਼ਰਚ-ਪਾਣੀ ਬਾਰੇ ਪੁੱਛਿਆ। ਬੀਬੀ ਵੀ ਨਾਲ ਸੀ। ਪਹਿਲਾਂ ਹੀ ਬੋਲ ਪਈ, "ਘਰ ਦਾ ਖ਼ਰਚਾ ਤਾਂ ਮੇਰੀ ਧੀ ਨੂੰ ਮਿਲਣ ਵਾਲੇ ਸ਼ਗਨਾਂ ਨਾਲ ਹੀ ਤੁਰਿਆ ਜਾਂਦੈ।" ਉਸ ਨੇ ਰੂਪ ਨੂੰ ਬਾਹਵਾਂ 'ਤੇ ਹੁਲਾਰਿਆ। ਅੰਗ-ਸਾਕ ਅਤੇ ਜਾਣਕਾਰ ਲੋਕ ਮੇਰੀ ਗ੍ਰਿਫ਼ਤਾਰੀ ਬਾਰੇ ਜਾਣ ਕੇ ਮੇਰੀ ਪਤਨੀ ਕੋਲ 'ਅਫ਼ਸੋਸ ਅਤੇ ਹਮਦਰਦੀ' ਕਰਨ ਆਉਂਦੇ ਅਤੇ ਨਵ-ਜਨਮੀ ਬੱਚੀ ਦੇ ਹੱਥ 'ਤੇ ਵੀ ਇੱਕ-ਅੱਧ ਰੁਪਈਆ ਰੱਖਦੇ, ਪਰ ਇਹ ਪੈਸੇ ਕਿੰਨਾ ਕੁ ਚਿਰ ਚੱਲਣੇ ਸਨ! ਉਨ੍ਹਾਂ ਦਿਨਾਂ ਵਿਚ ਸਾਡੇ ਪਿੰਡਾਂ ਵਿਚ ਤਾਂ ਸ਼ਰੀਕਾ-ਭਾਈਚਾਰਾ ਦੋ ਜਾਂ ਪੰਜ ਰੁਪਏ ਤੋਂ ਵੱਧ ਨਵ-ਜਨਮੀ ਕੁੜੀ ਨੂੰ ਸ਼ਗਨ ਕਿੱਥੇ ਪਾਉਂਦਾ ਸੀ! ਕੋਈ ਆਪਣਾ ਨੇੜਲਾ ਦਸ ਰੁਪਏ ਵੀ ਦੇ ਦਿੰਦਾ ਸੀ। ਬੀਬੀ ਦੀ ਗੱਲ ਵਧਾਈ ਚੜ੍ਹਾਈ ਸੀ। ਬੀਬੀ ਸਾਰੀ ਜ਼ਿੰਦਗੀ ਚੜ੍ਹਦੀ ਕਲਾ ਵਿਚ ਰਹੀ ਸੀ। ਉਹ ਮੈਨੂੰ ਡੋਲਣ ਨਹੀਂ ਸੀ ਦੇਣਾ ਚਾਹੁੰਦੀ।

ਪਤਨੀ ਨੇ ਦੱਸਿਆ, "ਬਾਪੂ ਜੀ ਆਪਣੇ ਕੋਲੋਂ ਸੌਦਾ-ਪੱਤਾ ਲਿਆ ਦੇਂਦੇ ਨੇ, ਪਰ ਇਹ ਵੀ ਕਹਿੰਦੇ ਨੇ, 'ਬੀਬੀ ਮੈਂ ਓਨਾ ਚਿਰ ਈ ਸੌਦਾ ਲਿਆਉਣਾ ਜਿੰਨਾ ਚਿਰ ਤੇਰੀ ਤਨਖਾਹ ਨਹੀਂ ਮਿਲਦੀ।' ਉਂਜ ਤੁਹਾਡੇ ਆਉਣ ਪਿਛੋਂ ਉਹ ਪੂਰੀ ਜ਼ਿੰਮੇਵਾਰੀ ਨਾਲ ਘਰ ਦਾ ਖ਼ਿਆਲ ਰੱਖਦੇ ਨੇ।"

ਬਾਪੂ ਦਾ ਸੁਭਾਅ 'ਲਾਪ੍ਰਵਾਹੀ' ਅਤੇ 'ਬੇਪ੍ਰਵਾਹੀ' ਦਾ ਮਿਲਗੋਭਾ ਸੀ। ਉਹ ਗੱਲਾਂ ਨੂੰ ਬਹੁਤੀ ਗੰਭੀਰਤਾ ਨਾਲ ਨਹੀਂ ਸੀ ਲੈਂਦਾ। ਉਸ ਨੇ ਆਪਣੇ ਹਿੱਸੇ ਦੀ ਜ਼ਮੀਨ ਕੋਲ ਰੱਖੀ ਹੋਈ ਸੀ ਅਤੇ ਉਸ ਦਾ ਹਿੱਸਾ-ਠੇਕਾ ਆਪਣੀ ਮਰਜ਼ੀ ਨਾਲ ਆਪਣੇ ਉਤੇ ਖ਼ਰਚਦਾ ਸੀ। ਗੰਢ ਦਾ ਪੂਰਾ ਸੀ। ਸਾਨੂੰ ਛੇਤੀ ਕੀਤੇ ਪੈਸਾ ਨਹੀਂ ਸੀ ਦਿੰਦਾ। ਆਖਦਾ-"ਸਰਦਾਰਾ! ਤੁਸੀਂ ਨਿਆਣਿਆਂ ਨੂੰ ਚਪੇੜਾਂ ਮਾਰ ਕੇ ਮੁਖ਼ਤ 'ਚ ਸਰਕਾਰ ਦੀ ਚੂਈ ਕੁੱਟੀ ਜਾਂਦੇ ਜੇ। ਤੁਹਾਡੇ ਕੋਲ ਪੈਸਿਆਂ ਦਾ ਕੀ ਘਾਟਾ!"

ਖ਼ੁਸ਼ੀ ਹੋਈ; ਬਾਪੂ ਬਜ਼ੁਰਗਾਂ ਵਾਲਾ ਰੋਲ ਨਿਭਾਅ ਰਿਹਾ ਸੀ।

ਸਾਡੀ ਮੁਲਾਕਾਤ ਕਰਨਾ ਵੀ ਵੱਡੇ ਜਿਗਰੇ ਵਾਲਾ ਕੰਮ ਸਮਝਿਆ ਜਾਂਦਾ। ਕੋਈ ਸਹਿਜੇ ਕੀਤਿਆਂ, ਸਾਡਾ 'ਹਮਦਰਦ' ਬਣ ਕੇ, ਸਰਕਾਰ ਦੀ ਕਰੋਪੀ ਨਹੀਂ ਸੀ ਸਹੇੜਨਾ ਚਾਹੁੰਦਾ। ਸੀ.ਪੀ.ਆਈ. ਐਮਰਜੈਂਸੀ ਦੀ ਹਮਾਇਤ ਕਰ ਰਹੀ ਸੀ। ਉਨ੍ਹਾਂ ਦੀ ਫ਼ੈਡਰੇਸ਼ਨ ਨਾਲ ਸਬੰਧਿਤ ਪੈਰਾ-ਮੈਡੀਕਲ ਕਾਮਿਆਂ ਦਾ ਸੂਬਾ ਸਕੱਤਰ ਮੇਰੇ ਪਿੰਡ ਦਾ ਸੀ। ਉਸ ਨੇ ਮੇਰੀ ਮੁਲਾਕਾਤ ਕਰਨ ਆ ਰਹੇ ਮੇਰੇ ਦੋਸਤਾਂ ਨੂੰ ਚਿਤਾਵਨੀ ਦਿੱਤੀ, "ਤੁਸੀਂ ਬੜੇ ਕਮਲੇ ਓ ਜਿਹੜੇ ਉਹਦੀ ਮੁਲਾਕਾਤ ਕਰਨ ਚੱਲੇ ਹੋ! ਉਹ ਤਾਂ ਨਿਰੀ 'ਛੂਤ ਦੀ ਬਿਮਾਰੀ' ਹੈ। ਅਗਲੇ ਉਹਦੇ ਮੁਲਾਕਾਤੀਆਂ 'ਤੇ ਨਜ਼ਰ ਰੱਖਦੇ ਨੇ। ਸ਼ਾਮ ਤੱਕ ਹੈਡ-ਆਫ਼ਿਸ ਤੱਕ ਇਤਲਾਹ ਪਹੁੰਚ ਜਾਂਦੀ ਹੈ। ਤੁਸੀਂ ਆਪ ਕਿਸੇ ਵੇਲੇ ਵੀ ਅੰਦਰ ਕੀਤੇ ਜਾ ਸਕਦੇ ਹੋ!"

ਫਿਰ ਵੀ ਸਾਡੇ 'ਕਮਲੇ' ਯਾਰ ਮੁਲਾਕਾਤ ਕਰਨ ਆਉਂਦੇ ਰਹਿੰਦੇ। ਹਫ਼ਤੇ ਕੁ ਬਾਅਦ ਜਦੋਂ ਸਾਨੂੰ 'ਤਰੀਕ ਭੁਗਤਾਉਣ' ਲਈ ਕਚਹਿਰੀ ਲੈ ਕੇ ਗਏ ਤਾਂ ਸਾਡੇ ਪਿੰਡਾਂ ਅਤੇ ਇਲਾਕੇ ਦੇ ਦਰਜਨਾਂ ਲੋਕ ਸਾਡੀ ਖ਼ੈਰ-ਸੁੱਖ ਪੁੱਛਣ ਲਈ ਉਥੇ ਹਾਜ਼ਰ ਸਨ। ਇਨ੍ਹਾਂ ਵਿਚ ਵੱਖ-ਵੱਖ ਪਿੰਡਾਂ ਵਿਚ ਬਣੀਆਂ ਨੌਜਵਾਨ ਭਾਰਤ ਸਭਾਵਾਂ ਦੇ ਕਾਰਕੁਨ ਵੀ ਸਨ। ਸਾਡੇ ਅਧਿਆਪਕੀ ਕਿੱਤੇ ਨਾਲ ਜੁੜੇ ਸਹਿ-ਕਰਮੀ ਵੀ ਸਨ। ਅਸੀਂ ਵੱਡੇ ਅਹਾਤੇ ਵਿਚ ਬੈਠ ਕੇ ਚਾਹ ਪੀਤੀ। ਸਭ ਦੇ ਬੈਠਣ ਲਈ ਮੰਜੀਆਂ ਅਤੇ ਬੈਂਚ ਬਹੁੜ ਗਏ। ਅਸੀਂ ਹੋਰ ਵੀ ਚੜ੍ਹਦੀ ਕਲਾ ਵਿਚ ਹੋ ਗਏ। ਇਸ ਅੱਤ ਦੇ ਸਰਕਾਰੀ ਆਤੰਕ ਦੇ ਮਾਹੌਲ ਵਿਚ ਵੀ ਬੇਖ਼ੌਫ਼ ਲੋਕ ਸਾਡੇ ਨਾਲ ਸਨ। ਉਨ੍ਹਾਂ ਨੂੰ ਸਾਥੋਂ ਲੱਗ ਜਾਣ ਵਾਲੀ ਕਿਸੇ ਵੀ 'ਛੂਤ ਦੀ ਬਿਮਾਰੀ' ਦਾ ਡਰ ਨਹੀਂ ਸੀ। ਉਹ ਸਾਡੀ ਗ਼ੈਰਹਾਜ਼ਰੀ ਵਿਚ ਸਾਡੇ ਹਿੱਸੇ ਦਾ ਕੰਮ ਸਾਂਭਣ ਦੀ ਜ਼ਿੰਮੇਵਾਰੀ ਚੁੱਕਣ ਲਈ ਹਰ ਤਰ੍ਹਾਂ ਤਿਆਰ ਸਨ। 'ਸਰਕਾਰ ਨਾਲ ਮੱਥਾ ਲਾਉਣ' ਲਈ ਇਹ ਲੋਕ ਸਾਡੀ ਤਾਕਤ ਸਨ। ਜੇਲ੍ਹ ਵਿਚ ਸਵੈਮਾਣ ਨਾਲ ਰਹਿਣ ਲਈ ਇਹ ਲੋਕ ਸਾਡਾ ਹੌਸਲਾ ਸਨ।

ਇੱਕ ਦਿਨ ਚਾਨਣ ਸਿੰਘ ਚੀਮਾ, ਰਾਜਪਾਲ ਸਿੰਘ ਅਤੇ ਪੂਰਨ ਸਿੰਘ ਆਏ। ਅਸੀਂ ਸਾਰੇ ਜਿਗਰੀ ਯਾਰ ਸਾਂ। ਡਿਓੜੀ ਵਿਚ ਹਾਸਾ-ਠੱਠਾ ਚੱਲ ਰਿਹਾ ਸੀ। ਪੂਰਨ ਸਿੰਘ ਬੜਾ ਗੰਭੀਰ ਹੋ ਕੇ ਬੋਲਿਆ, "ਅਸਲ 'ਚ ਸਾਡਾ ਥੋੜ੍ਹਾ ਜਿਹਾ ਕੰਮ ਬਾਕੀ ਰਹਿ ਗਿਆ ਹੈ, ਜਿਸ ਦਿਨ ਪੂਰਾ ਹੋ ਗਿਆ, ਅਸੀਂ ਤੁਹਾਨੂੰ ਛੁਡਾਉਣ ਦਾ ਕੋਈ ਨ ਕੋਈ ਬੰਦੋਬਸਤ ਕਰ ਲੈਣਾ ਏ!"

ਅਸੀਂ ਹੈਰਾਨ ਹੋ ਕੇ ਉਸ ਦੇ ਮੂੰਹ ਵੱਲ ਵੇਖਣ ਲੱਗੇ। ਪੂਰਨ ਨੇ ਰਹੱਸ ਖੋਲ੍ਹਿਆ, "ਕੱਲ੍ਹ ਅਸੀਂ, ਮੈਂ ਤੇ ਮੇਰੀ ਘਰਵਾਲੀ, ਸੁਰ ਸਿੰਘ ਦੇ ਸਰਕਾਰੀ ਹਸਪਤਾਲ ਵਿਚ ਗਏ ਸਾਂ। ਹਸਪਤਾਲ ਦੀਆਂ ਕੰਧਾਂ 'ਤੇ ਮੋਟੇ-ਮੋਟੇ ਅੱਖਰਾਂ ਵਿਚ ਲਿਖਿਆ ਹੋਇਆ ਸੀ, 'ਫੜੇ ਹੋਏ ਸਿਆਸੀ ਕੈਦੀ ਰਿਹਾਅ ਕਰੋ।' ਮੇਰੀ ਘਰਵਾਲੀ ਲਈ ਜ਼ਰਾ ਮੁਸ਼ਕਿਲ ਬਣ ਗਈ! ਮੈਨੂੰ ਪੁੱਛਣ ਲੱਗੀ, 'ਇਹ ਕੀ ਲਿਖਿਆ ਹੈ ਕਿ ਫੜੇ ਹੋਏ 'ਛਿਆਸੀ' ਕੈਦੀ ਰਿਹਾ ਕਰੋ...ਦੋ ਤਾਂ ਹੋ ਗਏ ਵਰਿਆਮ ਤੇ ਰਘਬੀਰ, ਬਾਕੀ ਚੁਰਾਸੀ ਭਲਾ ਕਿਹੜੇ ਹੋਏ!' ਬੱਸ ਉਨ੍ਹਾਂ 'ਚੁਰਾਸੀਆਂ' ਦਾ ਪਤਾ ਲੱਗ ਲੈਣ ਦਿਓ, ਫਿਰ ਤੁਹਾਨੂੰ ਸਭ ਨੂੰ 'ਰਿਹਾਅ ਕਰਾਉਣ ਦਾ' ਕੋਈ ਨ ਕੋਈ ਬੰਦੋਬਸਤ ਕਰਦੇ ਆਂ!"

ਸਾਡੇ ਹਾਸੇ ਨਾਲ ਡਿਓੜੀ ਗੂੰਜ ਉਠੀ।

ਅੱਜ ਵੀ ਪੂਰਨ ਦੀ ਘਰਵਾਲੀ ਦੇ ਇਹ 'ਬਚਨ' ਯਾਦ ਕਰ ਕੇ ਹਾਸਾ ਆਉਂਦਾ ਹੈ।

ਸਮਾਜ ਦੇ ਅੱਧੇ ਹਿੱਸੇ ਔਰਤ ਦਾ ਲੜੇ ਜਾ ਰਹੇ ਘੋਲਾਂ ਬਾਰੇ ਏਨਾ ਅਣਜਾਣ ਹੋਣਾ! ਇਸ ਵਿਚ ਸ਼ਾਇਦ ਮਰਦਾਂ ਦਾ ਹੀ ਕਸੂਰ ਹੈ। 'ਸੰਘਰਸ਼ ਦੇ ਰਾਹ ਤੁਰੇ' ਮਰਦਾਂ ਦਾ ਵੀ! ਉਨ੍ਹਾਂ ਵੀ ਬਹੁਤੀ ਵਾਰ ਔਰਤ ਨੂੰ 'ਘਰੇਲੂ ਚੀਜ਼' ਹੀ ਸਮਝਿਆ ਹੈ। ਸੰਘਰਸ਼ ਤਾਂ 'ਘਰਾਂ ਤੋਂ ਬਾਹਰ ਦੀ ਚੀਜ਼' ਹੋਇਆ! ਉਹਦੇ ਵਿਚ ਔਰਤ ਦਾ ਭਲਾ ਕੀ ਕੰਮ!

ਦੂਜਾ ਪੱਖ ਸ਼ਾਇਦ ਇਹ ਵੀ ਸੀ ਕਿ ਮਰਦਾਂ ਨੇ ਤਾਂ ਆਪ ਹਰ ਵੇਲੇ 'ਲੰਮੇ ਘੋਲਾਂ ਦੇ ਸਿਲਸਿਲੇ ਵਿਚ' ਘਰੋਂ ਬਾਹਰ ਰਹਿਣਾ ਹੋਇਆ। ਘਰ ਵਿਚ ਬੱਚਿਆਂ ਅਤੇ ਪਰਿਵਾਰ ਦੀ ਸਾਂਭ-ਸੰਭਾਲ ਲਈ ਘਰ ਵਿਚ ਔਰਤ ਦਾ ਹੋਣਾ ਜ਼ਰੂਰੀ ਹੈ। ਤੇ ਜੇ ਉਸ ਨੇ ਅੱਵਲ-ਆਖ਼ਿਰ ਘਰ ਵਿਚ ਹੀ ਰਹਿਣਾ ਹੈ ਤਾਂ ਉਹਨੂੰ ਬਹੁਤੇ ਸਿਧਾਂਤਕ ਅਤੇ ਸਿਆਸੀ ਗੁਰ ਸਮਝਾਉਣ ਦੀ ਕੀ ਲੋੜ ਹੈ! ਉਂਜ ਵੀ ਹਰ ਵੇਲੇ 'ਮੁਹਾਜ਼ 'ਤੇ ਰਹਿਣ ਵਾਲੇ' ਬੰਦੇ ਕੋਲ ਆਪਣੀ ਪਤਨੀ ਨਾਲ ਏਨੀ ਲੰਮੀ ਵਿਚਾਰ-ਚਰਚਾ ਕਰਨ ਦਾ ਸਮਾਂ ਹੀ ਕਿੱਥੇ ਹੁੰਦਾ ਹੈ!

ਇੰਜ ਔਰਤ ਵੱਲ ਸਾਡਾ ਰਵੱਈਆ ਅਕਸਰ ਉਲਾਰ ਹੀ ਰਹਿੰਦਾ ਹੈ। ਲੋੜ ਤਾਂ ਹੈ ਉਸ ਨਾਲ ਸਾਥੀਆਂ ਵਾਲੀ ਸਾਂਝ ਪਾ ਕੇ ਸੂਝ ਦਾ ਸੰਚਾਰ ਕਰਨ ਦੀ, ਪਰ ਅਸੀਂ ਜਾਂ ਤਾਂ ਉਨ੍ਹਾਂ ਨੂੰ ਅਸਲੋਂ ਅਣਗੌਲਿਆਂ ਕਰ ਦਿੰਦੇ ਹਾਂ ਅਤੇ ਜਾਂ ਭਾਵੁਕਤਾ ਵੱਸ ਉਨ੍ਹਾਂ 'ਤੇ ਉਲਾਰ ਸਿਧਾਂਤਕ ਅਤੇ ਮਾਨਸਿਕ ਬੋਝ ਲੱਦ ਕੇ ਆਪਣੇ ਕਾਰਜ-ਖੇਤਰ ਪ੍ਰਤੀ ਉਨ੍ਹਾਂ ਦਾ ਮੋਹ-ਭੰਗ ਕਰ ਦਿੰਦੇ ਹਾਂ।

#



*ਬੈਰਕ ਵਿਚ ਵੜੇ ਤਾਂ ਅੰਦਰ ਹਵਾਲਾਤੀਆਂ ਵਿਚ ਤਾਸ਼ ਦੀ ਬਾਜ਼ੀ ਚੱਲ ਰਹੀ ਸੀ। ਨਵੇਂ ਸਾਥੀਆਂ ਦੀ ਆਮਦ ਦਾ ਸਵਾਗਤ ਕਰਨ ਲਈ ਉਨ੍ਹਾਂ ਨੇ ਤਾਸ਼ ਦੇ ਪੱਤੇ ਫ਼ਰਸ਼ 'ਤੇ ਵਗਾਹ ਮਾਰੇ। 'ਸਤਿ ਸ੍ਰੀ ਅਕਾਲ' ਤੋਂ ਪਿਛੋਂ ਸਭ ਤੋਂ ਪਹਿਲਾਂ 'ਕਿਸ ਜੁਰਮ ਅਧੀਨ ਆਏ ਹਾਂ?' ਦੀ ਜਾਣਕਾਰੀ ਮੰਗੀ। ਅਸੀਂ ਦੱਸਿਆ ਕਿ ਅਸੀਂ ਕੋਈ ਇਖ਼ਲਾਕੀ ਜੁਰਮ ਅਧੀਨ ਨਹੀਂ ਆਏ। ਸਾਨੂੰ ਨਾਲ ਲੈ ਕੇ ਆਏ ਵਾਰਡਰ ਨੇ ਸਾਡੀ ਭੱਲ ਬਣਾ ਦਿੱਤੀ, "ਇਨ੍ਹਾਂ ਦੀ ਸਿੱਧੀ ਲੜਾਈ ਇੰਦਰਾ ਗਾਂਧੀ ਨਾਲ ਹੈ।" ਦੂਜੇ ਹਵਾਲਾਤੀਆਂ ਸਾਹਮਣੇ ਇਕਦਮ ਸਾਡਾ 'ਰੁਤਬਾ' ਵਧ ਗਿਆ। ਉਹ ਸਾਨੂੰ ਆਦਰ ਦੀ ਨਜ਼ਰ ਨਾਲ ਵੇਖਣ ਲੱਗੇ। ਏਨੇ ਚਿਰ ਨੂੰ ਬਾਹਰੋਂ ਬੈਰਕ ਵਿਚ ਵੜਦਿਆਂ ਕਿਸੇ ਵਾਰਡਰ ਨੇ ਉਚੀ ਸਾਰੀ ਦਬਾਕੜਾ ਮਾਰਿਆ, "ਚਲੋ! ਉਠੋ ਉਏ! ਨਵੇਂ ਆਏ ਸੱਤ-'ਕਵਿੰਜਾ ਵਾਲੇ! ਬਾਹਰ ਆ ਕੇ ਵਿਹੜੇ ਵਿਚ ਪੋਚਾ ਲਾਓ।" ਸਾਰੇ ਚੁੱਪ ਹੋ ਗਏ ਅਤੇ ਸਾਡੇ ਮੂੰਹ ਵੱਲ ਵੇਖਣ ਲੱਗੇ।*

ਕਹਾਣੀ

# ਮਨਫ਼ੀ ਹੋਂਦ

*'ਮਨਫੀ ਹੋਂਦ' ਕਹਾਣੀ ਵਿਚ ਆਮ ਬੰਦੇ ਦਾ ਹਾਲ ਬਿਆਨ ਕੀਤਾ ਗਿਆ ਹੈ। ਇਸ ਬਿਆਨ ਵਿਚ ਬੰਦਾ ਕਰੂਰ ਹਕੀਕਤਾਂ ਨਾਲ ਜੂਝਦਾ ਆਖਰਕਾਰ ਅਜਿਹੇ ਮੋੜ ਉਤੇ ਆਣ ਖੜ੍ਹਾ ਹੁੰਦਾ ਹੈ ਜਿਥੇ ਉਸ ਦੀ ਹੋਂਦ ਹੀ ਸਵਾਲ ਬਣ ਜਾਂਦੀ ਹੈ। ਸਮੁੱਚੇ ਆਲੇ-ਦੁਆਲੇ ਵਿਚ ਉਹ ਇਕੱਲਾ ਰਹਿ ਜਾਂਦਾ ਹੈ। ਲੇਖਕ ਨੇ ਪੈਰ-ਪੈਰ 'ਤੇ ਪਛੜਦੇ ਜਾਂਦੇ ਆਮ ਬੰਦੇ ਦੀ ਹੋਣੀ ਨੂੰ ਬੜੇ ਸਹਿਜ ਨਾਲ ਪੇਸ਼ ਕੀਤਾ ਹੈ। -ਸੰਪਾਦਕ*

**ਅਮਰਜੀਤ ਸਿੰਘ ਮਾਨ**

ਡੌਰ-ਭੌਰ ਹੋਏ ਖੜ੍ਹੇ ਚੇਤੂ ਦਾ ਜਵਾਬ ਸੁਣ ਕੇ ਡਿਪਟੀ ਸਮੇਤ ਬਾਕੀ ਮੋਹਤਬਰਾਂ ਦਾ ਵੀ ਹਾਸਾ ਨਿਕਲ ਗਿਆ ਸੀ। ਚੇਤੂ ਨੂੰ ਕੋਈ ਜਵਾਬ ਸੁੱਝਿਆ ਹੀ ਨਹੀਂ ਸੀ। ਅਜਿਹੇ ਮਾਹੌਲ ਵਿਚ ਕਿਸੇ ਸਾਧਾਰਨ ਬੰਦੇ ਨੂੰ ਸੁੱਝ ਵੀ ਕੀ ਸਕਦਾ ਹੈ?

ਚੇਤੂ ਪਿੰਡ ਦਾ ਸਧਾਰਨ ਕਿਸਾਨ। ਆਪਣੇ ਦੋ-ਢਾਈ ਕਿੱਲਿਆਂ ਦੇ ਨਾਲ-ਨਾਲ ਗੁਆਂਢੀਆਂ ਦੇ ਤਿੰਨ ਕੁ ਕਿੱਲੇ ਠੇਕੇ 'ਤੇ ਲੈ ਕੇ ਵਾਹੀ ਕਰਨ ਵਾਲਾ ਬੰਦਾ। ਘਰੋਂ ਖੇਤ ਤੇ ਖੇਤੋਂ ਘਰ ਤਕ ਦੇ ਸਫ਼ਰ ਦਾ ਪਾਂਧੀ। ਜੇ ਹਾੜ੍ਹੀ ਸਾਉਣੀ ਬਿਨਾਂ ਕਿਸੇ ਕੁਦਰਤੀ ਕਰੋਪੀ ਤੋਂ ਸਿਰੇ ਚੜ੍ਹ ਜਾਂਦੀ ਤਾਂ ਇੰਨੀ ਕੁ ਖੇਤੀਬਾੜੀ ਦੀ ਆਮਦਨ ਨਾਲ ਛੋਟੇ ਪਰਿਵਾਰ ਦਾ ਗੁਜ਼ਾਰਾ ਨਿਭੀ ਜਾਂਦਾ। ਕਣਕਾਂ ਦੀ ਸਿੰਜਾਈ ਲਈ ਤਾਂ ਕਿਸੇ ਗੁਆਂਢੀ ਦੀ ਮੋਟਰ ਵੀ ਮਿਲ ਜਾਂਦੀ, ਪਰ ਸਾਉਣੀ ਵੇਲੇ ਜਦੋਂ ਸਾਰਿਆਂ ਨੇ ਜੀਰੀ ਲਾਈ ਹੁੰਦੀ, ਉਸ ਵੇਲੇ ਚੇਤੂ ਨੂੰ ਆਪਣਾ ਨਰਮਾ ਪਾਲਣ ਵਿਚ ਬਹੁਤ ਕਠਿਨਾਈ ਆਉਂਦੀ। ਇਸੇ ਕਾਰਨ ਉਸ ਨੂੰ ਆੜ੍ਹਤੀਏ ਤੋਂ ਵਾਧੂ ਕਰਜ਼ਾ ਚੁੱਕ ਕੇ ਆਪਣੇ ਖੇਤ ਡੂੰਘਾ ਬੋਰ ਕਰਨ ਦਾ ਅੱਕ ਚੱਬਣਾ ਪਿਆ ਸੀ। ਮੋਟਰ ਲਈ ਮਹਿੰਗਾ ਬਿਜਲੀ ਕੁਨੈਕਸ਼ਨ ਲੈਣ ਦੀ ਪਹੁੰਚ ਉਸ ਵਿਚ ਨਹੀਂ ਸੀ।

ਸੋ, ਉਸ ਨੇ ਪੁਰਾਣਾ ਇੰਜਣ ਖ਼ਰੀਦ ਲਿਆ। ਕੁਝ ਪੈਸੇ ਉਸ ਦੀ ਮੁਰੰਮਤ 'ਤੇ ਲਾ ਕੇ ਚਲਦਾ ਕਰ ਲਿਆ।

ਉਸ ਦਾ ਖੇਤ ਪਿੰਡ ਦੀ ਹੱਦ 'ਤੇ ਛੋਟੀ ਖਾਰੀ ਵਾਲੇ ਜ਼ੈਲਦਾਰਾਂ ਦੇ ਖੇਤਾਂ ਦੇ ਨੇੜੇ ਪੈਂਦਾ। ਜ਼ੈਲਦਾਰਾਂ ਦੀ ਸਾਰੀ ਪੈਲ਼ੀ ਦਾ ਇਥੇ ਹੀ ਵੱਡਾ ਟੱਕ ਸੀ। ਉਨ੍ਹਾਂ ਦੇ ਜ਼ਿਆਦਾਤਰ ਸੰਦ ਖੇਤ ਹੀ ਪਏ ਰਹਿੰਦੇ।

ਇੱਕ ਰਾਤ ਚੇਤੂ ਨਹਿਰੀ ਪਾਣੀ ਦੀ ਵਾਰੀ ਲਾਉਣ ਗਿਆ। ਖੂਹ 'ਤੇ ਉਸ ਦਾ ਇੰਜਣ ਨਹੀਂ ਸੀ। ਉਸ ਨੂੰ ਧਰਤੀ ਹਿੱਲਦੀ ਮਹਿਸੂਸ ਹੋਈ। ਉਸ ਨੂੰ ਪਾਣੀ ਦੀ ਵਾਰੀ ਭੁੱਲ ਗਈ। ਉਹ ਬੈਟਰੀ ਦੀ ਰੌਸ਼ਨੀ 'ਚ ਇਧਰ-ਉਧਰ ਦੇਖਣ ਲੱਗਿਆ। ਟਰੈਕਟਰ ਦੀ ਤਾਜ਼ੀ ਲੀਹ ਸਪਸ਼ਟ ਦਿਸ ਪਈ। ਇੰਜਣ 'ਚੋਂ ਡੁੱਲ੍ਹੇ ਤੇਲ ਦੀ ਪਤਲੀ ਧਾਰ ਟਰੈਕਟਰ ਦੀ ਲੀਹ ਦੇ ਨਾਲ-ਨਾਲ ਦਿਖਾਈ ਦੇ ਰਹੀ ਸੀ। ਚੇਤੂ ਉਸ ਲੀਹ ਦੇ ਮਗਰ-ਮਗਰ ਹੋ ਤੁਰਿਆ। ਟਰੈਕਟਰ ਅਤੇ ਤੇਲ ਦੇ ਨਿਸ਼ਾਨ ਜਿੰਦਰ ਕੇ ਡੇਅਰੀ ਵਾਲੇ ਵਾਗਲ 'ਚ ਜਾ ਕੇ ਖ਼ਤਮ ਹੋ ਗਏ। ਚੇਤੂ ਨੂੰ ਗੱਲ ਸਮਝਦਿਆਂ ਦੇਰ ਨਾ ਲੱਗੀ।

ਜਿੰਦਰ ਵੱਡੇ ਘਰ ਵਾਲਿਆਂ ਦਾ ਛੋਟਾ ਮੁੰਡਾ, ਜਿਸ ਨੇ ਵੱਧ ਰਿਸਕ, ਵੱਧ ਮਿਹਨਤ ਤੇ ਘੱਟ ਕਮਾਈ ਵਾਲਾ ਡੇਅਰੀ ਫਾਰਮ ਦਾ ਕੰਮ ਬਦਲ ਕੇ ਕਬਾੜ ਦਾ ਕੰਮ ਸ਼ੁਰੂ ਕਰ ਲਿਆ ਸੀ। ਚੋਣਾਂ ਮਗਰੋਂ ਸਰਕਾਰ ਬਦਲਣ 'ਤੇ ਆਪਣੇ ਮਸੇਰੇ ਭਰਾ ਬਲਵੰਤ 'ਫੱਟੇਚੱਕ' ਦੀ ਸਰਪ੍ਰਸਤੀ ਮਿਲਣ ਮਗਰੋਂ ਉਹ ਕੁਝ ਮਹੀਨਿਆਂ ਵਿਚ ਹੀ ਬਹੁਤ ਤਰੱਕੀ ਕਰ ਗਿਆ। ਹੁਣ ਉਸ ਦੇ ਕਬਾੜ ਸਟੋਰ ਤੋਂ ਸਾਈਕਲ ਦੇ ਚੇਨਕਵਰ ਤੋਂ ਲੈ ਕੇ ਟਰੱਕ-ਟਰਾਲੇ ਦਾ ਕੋਈ ਵੀ ਭਾਰੀ ਸਪੇਅਰ ਪਾਰਟ ਮਿਲ ਸਕਦਾ ਸੀ।

ਚੇਤੂ ਦੇ ਇੰਜਣ ਚੋਰੀ ਦੀ ਗੱਲ ਵੱਡੀ ਖਾਰੀ ਦੀਆਂ ਗਲੀਆਂ ਵਿਚੋਂ ਲੰਘਦੀ ਛੋਟੀ ਖਾਰੀ ਦੇ ਜ਼ੈਲਦਾਰਾਂ ਦੀਆਂ ਤਵੀਆਂ ਚੋਰੀ ਹੋਣ ਦੀ ਗੱਲ ਨਾਲ ਜਾ ਰਲੀ। ਚੇਤੂ ਦੇ ਦਸਤਖਤਾਂ ਵਾਲੀ ਦਰਖਾਸਤ, ਜ਼ੈਲਦਾਰ ਨਾਲ ਜਾ ਕੇ ਥਾਣੇ ਦੇ ਆਏ। ਅਖੀਰ ਅਖ਼ਬਾਰਾਂ ਦੇ ਕੰਧੇੜੇ ਚੜ੍ਹੀ ਗੱਲ ਅੱਗੇ ਵਧਦੀ ਗਈ। ਨੇੜਲੇ ਪਿੰਡਾਂ ਦੇ ਖੇਤਾਂ ਵਿਚ ਪਿਛਲੇ ਕੁਝ ਮਹੀਨਿਆਂ ਤੋਂ ਹੋ ਰਹੀਆਂ ਚੋਰੀ ਦੀਆਂ ਵਾਰਦਾਤਾਂ ਤੋਂ ਲੋਕ ਦੁਖੀ ਸਨ। ਥਾਣੇ ਰਿਪੋਰਟਾਂ ਪਹਿਲਾਂ ਵੀ ਪਹੁੰਚੀਆਂ ਸਨ, ਪਰ ਪੁਲਿਸ ਚੋਰਾਂ ਨੂੰ ਫੜਨ ਵਿਚ ਅਸਫਲ ਰਹੀ ਸੀ। ਹੁਣ ਵੀ ਬਲਵੰਤ ਫੱਟੇਚੱਕ ਰਾਹੀਂ ਹਲਕਾ ਵਿਧਾਇਕ ਦੇ ਫੋਨ ਆਉਣ ਕਾਰਨ ਪੁਲਿਸ ਢਿੱਲੀ ਪਈ ਹੋਈ ਸੀ।

ਵੱਡੀ ਖਾਰੀ ਦੀਆਂ ਸੱਥਾਂ ਵਿਚ ਚਰਚਾ ਹੋਣ ਲੱਗ ਪਈ। ਕੋਈ ਕਹਿੰਦਾ, "ਜ਼ੈਲਦਾਰ ਤਾਂ ਬਾਹਲੇ ਗਰਮ ਨੇ...ਕਹੀ 'ਤੇ ਟੁੱਕ ਖਾਣ ਆਲੇ...ਉਹ ਤਾਂ ਊਂ ਨ੍ਹੀਂ ਮਾਣ ਸੀ, ਹੁਣ ਤਾਂ ਸੰਦ ਚੋਰੀ ਹੋਇਆ...ਤੇ ਚੋਰ ਵੀ ਸਾਹਮਣੇ ਐ, ਹੁਣ ਨ੍ਹੀਂ ਉਹ ਟਲਦੇ।" ਕੋਈ ਹੋਰ ਕਹਿੰਦਾ, "ਲੈ ਦੇਖੀ ਜਾਊ। ਤਵੀਆਂ ਛੇ ਮਹੀਨੇ ਪਹਿਲਾਂ ਈ ਲਿਆਏ ਸੀ...ਨਵੀਆਂ। ਚਾਲੀ ਹਜ਼ਾਰ ਤੋਂ ਵੱਧ ਲੱਗੇ ਹੋਣੇ ਐ...ਬਿੱਲੀ ਦੇ ਕੰਨਾਂ ਵਰਗੇ।"

"ਜਿੰਦਰ ਵੀ ਲੋਹੜਾ ਮਾਰ ਗਿਆ ਯਾਰ...ਫੱਟੇਚੱਕ ਮਸੇਰ ਦੀ ਚੁੱਕ 'ਚ ਆ ਕੇ!"

"ਕੱਲਾ ਮਸੇਰ ਕੀ, ਹਿੱਸਾ ਜਾਂਦਾ ਹੋਊ ਉਤਾਂਹ ਤਕ...।"

"ਹੋਰ ਹੁਣ ਤਕ ਐਵੇਂ ਪੁਲਿਸ ਹੱਥ 'ਤੇ ਹੱਥ ਧਰੀ ਬੈਠੀ ਰਹੀ ਐ!"

"ਹੱਥ ਦਾ ਤਾਂ ਅੱਜ ਲੱਗ ਜਾऊ ਪਤਾ, ਧਰਦੀ ਐ ਕਿ ਨਾ? ਦਸ ਵਜੇ ਧਰਨਾ ਦੇਣਾ ਥਾਣੇ ਮੂਹਰੇ...ਯੂਨੀਅਨ ਆਲੇ ਵੀ ਆਉਣਗੇ ਅੱਜ ਤਾਂ।"

"ਠੀਕ ਐ ਬਾਈ, ਚੱਲਾਂਗੇ ਵੱਧ ਤੋਂ ਵੱਧ। ਜੇ ਅੱਜ ਚੇਤੂ ਦਾ ਇੰਜਣ ਚੁੱਕਿਆ, ਕੱਲ੍ਹ ਨੂੰ ਆਪਣੀ ਵਾਰੀ ਵੀ ਲੱਗ ਸਕਦੀ ਐ!"

ਵੱਡੀ ਖਾਰੀ ਦੀ ਸੱਥ 'ਚ ਤਰ੍ਹਾਂ-ਤਰ੍ਹਾਂ ਦੀਆਂ ਗੱਲਾਂ ਕਰਦੇ ਪਿੰਡ ਵਾਲੇ ਧਰਨੇ 'ਚ ਜਾਣ ਲਈ ਤਿਆਰ ਹੋ ਗਏ।

ਚੇਤੂ ਨੇ ਰਿਪੋਰਟ ਤਾਂ ਲਿਖਾ ਦਿੱਤੀ ਸੀ, ਪਰ ਇਹ ਪੰਜ ਦਿਨ ਉਸ ਲਈ ਬੜੇ ਸੰਤਾਪ ਵਾਲੇ ਸਨ। ਬਲਵੰਤ ਉਹਦਾ ਗੁਆਂਢੀ ਸੀ। ਉਸ ਨੇ ਚੇਤੂ ਨੂੰ ਇੰਜਣ ਦੇ ਪੈਸੇ ਦਿਵਾਉਣ ਦਾ ਲਾਲਚ ਵੀ ਦਿੱਤਾ ਸੀ। ਫਿਰ ਨਵਾਂ ਇੰਜਣ ਲੈ ਕੇ ਦੇਣ ਦਾ ਵਾਅਦਾ ਵੀ ਕਰਦਾ ਸੀ, ਬਸ਼ਰਤੇ ਚੇਤੂ ਇਸ ਕੇਸ ਵਿਚੋਂ ਪਿੱਛੇ ਹਟ ਜਾਵੇ, ਪਰ ਚੇਤੂ ਨੂੰ ਆਪਣੇ ਖੇਤ ਦੇ ਗੁਆਂਢੀ ਜ਼ੈਲਦਾਰਾਂ 'ਤੇ ਬੜਾ ਮਾਣ ਸੀ। ਉਸ ਨੇ ਸੋਚਿਆ: 'ਜ਼ੈਲਦਾਰ ਕੀ ਕਹਿਣਗੇ...ਅੱਠ-ਦਸ ਹਜ਼ਾਰ ਪਿੱਛੇ ਪਿੱਠ ਦਿਖਾ ਗਿਆ? ਨਾਲੇ ਹੁਣ ਤਾਂ ਹੋਰ ਪਿੰਡਾਂ ਦੇ ਲੋਕ ਵੀ ਨਾਲ ਨੇ...ਉਨ੍ਹਾਂ ਨਾਲ ਕਿਵੇਂ ਵਿਸਾਹਘਾਤ ਕਰਾਂ?'

ਜਦੋਂ ਚੇਤੂ ਨੇ ਕਿਸੇ ਵੀ ਤਰ੍ਹਾਂ ਬਲਵੰਤ ਦੀ ਗੱਲ ਨਾ ਮੰਨੀ ਤਾਂ ਉਹ ਜਾਂਦਾ ਹੋਇਆ ਧਮਕੀ ਵਾਂਗੂੰ ਕਹਿ ਗਿਆ ਸੀ, "ਚੱਲ ਭੱਜ ਲੈ...ਭੱਜਣਾ ਜਿੱਥੋਂ ਤਕ!" ਫੱਟੇਚੱਕ ਦੇ ਚਿੱਥ ਕੇ ਬੋਲੇ ਇਹ ਬੋਲ ਚੇਤੂ ਦੇ ਗੋਲੀ ਵਾਂਗ ਵੱਜੇ। ਉਹ ਥੋੜ੍ਹਾ ਡੋਲ ਵੀ ਗਿਆ ਸੀ। ਉਹ ਸੋਚਣ ਲੱਗ ਪਿਆ, 'ਬਲਵੰਤ ਵਰਗੇ ਮਾੜੇ ਬੰਦੇ ਨਾਲ ਕਾਹਦੇ ਪਿੱਛੇ ਵਿਗਾੜਨੀ ਐ! ਗੰਦ 'ਚ ਪੱਥਰ ਮਾਰਾਂਗੇ, ਛਿੱਟੇ ਈ ਪੈਣਗੇ। ਨਾਲੇ ਗੁਆਂਢੀ ਵੀ ਆਂ। ਸਿਆਣੇ ਕਹਿੰਦੇ ਐ...ਗੁਆਂਢੀ ਨਾਲ ਤਾਂ ਬਣਾ ਕੇ ਰੱਖਣੀ ਚਾਹੀਦੀ ਐ! ਨਾਲੇ ਜੇ ਜਿੰਦਰ 'ਤੇ ਕੇਸ ਪਵਾ ਵੀ ਦਿੱਤਾ...ਫੇਰ ਕੀ ਮਿਲ ਜਾਊ? ਖੱਜਲ-ਖੁਆਰ ਤਾਂ ਆਪ ਨੂੰ ਬਰਾਬਰ ਹੋਣਾ ਪਊ। ਕੌਣ ਤਰੀਕਾਂ ਭੁਗਤੇ? ਕੋਈ ਵਕੀਲ ਵੀ ਕਰਨਾ ਪੈਣਾ। ਇੰਜਣ ਦੇ ਮੁੱਲ ਜਿੰਨੇ ਤਾਂ ਵਕੀਲ ਈ ਲੈ ਜਾਊ।'

ਅਜਿਹੀਆਂ ਗੱਲਾਂ ਸੋਚਦਾ ਉਹ ਬਲਵੰਤ ਕੋਲ ਰਾਜ਼ੀਨਾਮੇ ਬਾਰੇ ਹਾਮੀ ਭਰਨ ਦੀ ਸੋਚਦਾ, ਪਰ ਨਾਲ ਹੀ ਮਨਬਚਨੀ ਕਰਦਾ, 'ਐਂ ਫੇਰ ਸ਼ਰੀਕ ਸੋਚੂ...ਡਰ ਗਿਆ ਮੈਥੋਂ। ਮੈਂ ਭਲਾ ਡਰਦਾਂ ਓਹਤੋਂ? ਨਾਲੇ ਮੈਨੂੰ ਇਹਦੇ ਨਾਲ ਕੀ...ਚੋਰ ਤਾਂ ਜਿੰਦਰ ਐ।...ਜ਼ੈਲਦਾਰ ਵੀ ਤਾਂ ਨਾਲ ਨੇ...ਐਂ ਕੀ ਹੋ ਜਾਊ? ਅੱਜ ਤਾਂ ਯੂਨੀਅਨ ਆਲੇ ਤੇ ਹੋਰ ਪਿੰਡਾਂ ਦੇ ਲੋਕ ਵੀ ਆਉਣਗੇ।...ਦੇਖਦੇ ਆਂ ਕੀ ਬਣਦਾ!' ਉਹ ਸਿਰ 'ਤੇ ਪਰਨਾ ਲਪੇਟਦਾ ਘਰੋਂ ਬਾਹਰ ਹੋ ਗਿਆ। ਆਪਣੇ ਪੱਖ ਦੇ ਚਾਰ-ਪੰਜ ਬੰਦੇ ਲੈ ਕੇ ਥਾਣੇ ਵੱਲ ਤੁਰ ਪਿਆ।

ਥਾਣੇ ਕੋਲ ਨੇੜਲੇ ਪਿੰਡਾਂ ਦੇ ਦੁਖੀ ਕਿਸਾਨਾਂ ਤੋਂ ਇਲਾਵਾ ਵੱਡੀ ਖਾਰੀ ਤੋਂ ਆਈਆਂ ਦੋ ਟਰਾਲੀਆਂ ਸਮੇਤ ਲੋਕਾਂ ਦਾ ਕਾਫ਼ੀ ਇਕੱਠ ਹੋ ਗਿਆ ਸੀ। ਯੂਨੀਅਨ ਦੇ ਕਿਸੇ ਵੱਡੇ ਲੀਡਰ ਦੀ ਥਾਂ ਵੱਡੀ ਖਾਰੀ ਦੇ ਹੀ ਦੋ ਵਰਕਰ ਮਿੱਠੂ ਤੇ ਪ੍ਰੀਤਮ ਹੀ ਦਿਖਾਈ ਦੇ ਰਹੇ ਸਨ, ਪਰ ਛੋਟੀ ਖਾਰੀ ਤੋਂ ਜ਼ੈਲਦਾਰਾਂ ਦੀ ਘਾਟ ਇਕੱਠੇ ਹੋਏ ਲੋਕਾਂ ਨੂੰ ਰੜਕਣ ਲੱਗ ਪਈ। ਜਦੋਂ ਮੁੱਦਈ ਧਿਰ ਹੀ ਨਾ ਆਈ ਤਾਂ ਛੋਟੀ ਖਾਰੀ ਤੋਂ ਟਰਾਲੀਆਂ ਭਰ ਕੇ ਕਿਸ ਨੇ ਆਉਣਾ ਸੀ?

ਮਿੱਠੂ ਤੇ ਪ੍ਰੀਤਮ ਨੇ ਆਸੇ-ਪਾਸੇ ਟੋਲੀਆਂ ਵਿਚ ਖੜ੍ਹੇ ਲੋਕਾਂ ਨੂੰ ਥਾਣੇ ਦੇ ਸਾਹਮਣੇ ਇਕੱਠਾ ਕਰ ਲਿਆ। ਪੰਜ-ਸੱਤ ਮਿੰਟ ਦੀ ਜ਼ਿੰਦਾਬਾਦ-ਮੁਰਦਾਬਾਦ ਤੋਂ ਬਾਅਦ ਸਬ-ਇੰਸਪੈਕਟਰ ਤੇ ਹੌਲਦਾਰ ਬਾਹਰ ਆਏ। ਚੇਤੂ ਤੇ ਹੋਰ ਦੁਖੀ ਕਿਸਾਨਾਂ ਦੀ ਗੱਲ ਭੀੜ ਦੇ ਰੌਲੇ-ਰੱਪੇ ਵਿਚ ਸੁਣੀ ਗਈ। ਅਖੀਰ ਸਾਰਿਆਂ ਨੂੰ ਚੁੱਪ ਕਰਾਉਂਦਿਆਂ ਸਬ-ਇੰਸਪੈਕਟਰ ਨੇ ਕਹਿਣਾ ਸ਼ੁਰੂ ਕੀਤਾ, "ਦੇਖੋ ਭਰਾਵੋ! ਅਸੀਂ ਵੀ ਤੁਹਾਡੇ ਵਾਂਗ ਕਿਸਾਨ ਪਰਿਵਾਰਾਂ 'ਚੋਂ ਈ ਆਂ...। ਅਸੀਂ ਤੁਹਾਡੀ ਸਾਰੀ ਸਮੱਸਿਆ ਸਮਝਦੇ ਆਂ। ਦੇਖੋ, ਸਰਦਾਰ ਜੀ ਹੁਣ ਮੌਕੇ 'ਤੇ ਹੈ ਨ੍ਹੀਂ ਥਾਣੇ 'ਚ ...ਪਰ ਮੈਂ ਆਪਣੇ ਵੱਲੋਂ ਤੁਹਾਨੂੰ ਪੂਰਾ ਯਕੀਨ ਦਿਵਾਉਂਦਾ ਹਾਂ ਕਿ ਪੂਰਾ ਇਨਸਾਫ਼ ਦਿਆਵਾਂਗੇ। ਬਸ ਦੋ ਦਿਨ ਹੋਰ ਰੁਕ ਜਾਓ...ਭਾਲ ਹੋ ਰਹੀ ਐ ਚੋਰਾਂ ਦੀ...ਛੇਤੀ ਫੜੇ ਜਾਣਗੇ। ਪਰਚਾ ਤਾਂ ਤੁਹਾਨੂੰ ਪਤਾ ਈ ਐ ਕਿਹੋ ਜਿਹਾ ਬਣਾਉਂਦਾ ਮੈਂ...ਚੋਰ-ਮੋਰੀਆਂ ਨ੍ਹੀਂ ਛੱਡਦਾ। ਤੁਸੀਂ ਮੇਰੇ ਜਾਤ ਭਰਾ ਓ...ਇਕੇਰਾਂ ਧਰਨਾ ਚੁੱਕ ਦਿਓ। ਚੋਰਾਂ ਨੂੰ ਫੜ ਕੇ ਮੈਂ ਆਪ ਬੁਲਾਊਂ ਤੁਹਾਨੂੰ! ਠੀਕ ਐ?" ਕਿਸੇ ਆਗੂ ਦੀ ਘਾਟ ਕਾਰਨ ਸਬ-ਇੰਸਪੈਕਟਰ ਦੁਆਰਾ ਲਾਇਆ ਲਾਰਾ ਵਧੀਆ ਕੰਮ ਕਰ ਗਿਆ। ਪਰਨੇ ਝਾੜ ਕੇ ਮੋਢਿਆਂ 'ਤੇ ਧਰਦੇ ਕਿਸਾਨ ਖਿੰਡ-ਪੁੰਡ ਗਏ।

ਸ਼ਾਮ ਨੂੰ ਵੱਡੀ ਖਾਰੀ ਦੀ ਸੱਥ ਫੇਰ ਜੁੜ ਗਈ।

"ਇਕੇਰਾਂ ਤਾਂ ਬਾਈ ਦੱਬ 'ਤੀ ਗੱਲ ਪੁਲਿਸ ਨੇ। ਮੋੜ ਦਿੱਤੇ ਜੱਟ ਮਿੱਠੀ ਗੋਲੀ ਦੇ ਕੇ।"

"ਹੋਰ ਬਾਈ ਪੁਲਿਸ ਨੂੰ ਪਤਾ, ਇਕੇਰਾਂ 'ਕੱਠੇ ਹੋਏ ਨੇ ਖਿੰਡਾ ਦਿਓ ਕਿਵੇਂ ਨਾ ਕਿਵੇਂ...ਮੁੜ ਕੇ ਗੰਢ ਬੱਝਦੀ ਨ੍ਹੀਂ ਛੇਤੀ-ਛੇਤੀ।"

"ਜੈਲਦਾਰ-ਜੈਲਦਾਰ ਕਰਦੇ ਸੀ...ਧਰਨੇ 'ਤੇ ਆਏ ਈ ਨ੍ਹੀਂ...ਵੱਡੇ ਜੈਲਦਾਰ!"

"ਮੈਂ ਤਾਂ ਸੁਣਿਐ...ਕੀਲ ਲਏ ਉਡਣੇ ਸੱਪ...ਫੱਟੇਚੱਕ ਨੇ...ਤਵੀਆਂ ਨਵੀਆਂ ਦਿਵਾ ਦਿੱਤੀਆਂ!"

"ਫੇਰ ਤਾਂ ਅਗਲਿਆਂ ਨੇ ਟਿਕਣਾ ਈ ਐ...ਉਹ ਐਵੇਂ ਪੁਲਿਸ ਦੇ ਮੱਥੇ ਲੱਗਦੇ ਫਿਰਨ!"

"ਤੇ ਯੂਨੀਅਨ ਆਲੇ...?"

"ਉਹ ਵੀ ਭਰਾਵਾ ਓਥੇ ਜਾਂਦੇ ਨੇ, ਜਿੱਥੇ ਪੀੜਤ ਬੰਦਾ ਆਪ ਬਰਾਬਰ ਖੜ੍ਹੇ। ਏਥੇ ਦੁਖੀਏ ਤਾਂ ਚੁੱਪ ਕਰ ਗਏ ਪੈਸੇ ਲੈ ਕੇ।...ਬਾਹਲਾ ਕੁਝ ਸੋਚਣਾ ਪੈਂਦਾ ਉਨ੍ਹਾਂ ਨੂੰ ਵੀ ਮੋਰਚਾ ਲਾਉਣ ਤੋਂ ਪਹਿਲਾਂ।"

"ਭਾਵੇਂ ਕਿਵੇਂ ਵੀ ਐ...ਹੋਈ ਮਾੜੀ ਐ ਚੇਤੂ ਨਾਲ...ਜ਼ੈਲਦਾਰਾਂ ਦੇ ਹਟਣ ਨਾਲ ਹੁਣ ਨਾ ਪਰਚਾ ਪੈਣਾ, ਨਾ ਇੰਜਣ ਮਿਲੇ।"

"ਬਾਕੀ ਪੁਲਿਸ ਤਾਂ ਬੰਨ੍ਹੀ ਹੋਈ ਐ ਫੱਟੇਚੱਕ ਨੇ।"

"ਨਾ ਬਾਈ ਇੱਕ ਹੰਭਲਾ ਤਾਂ ਹੋਰ ਮਾਰਾਂਗੇ ਇਕੇਰਾਂ। ਥਾਣੇਦਾਰ ਨਾ ਕਰੂ ਕੁਝ ਤਾਂ ਡਿਪਟੀ ਦੇ ਜਾਵਾਂਗੇ, ਪਰ ਅਜੇ ਦੇਖਦੇ ਆਂ ਦੋ-ਚਾਰ ਦਿਨ।" ਪ੍ਰੀਤਮ ਨੇ ਇੱਕ ਵਾਰ ਸਭ ਚੁੱਪ ਕਰਾ ਦਿੱਤੇ।

"ਇਉਂ ਤਾਂ ਭਰਾਵਾ ਜਦੋਂ ਕਹੇਂਗਾ...ਅਸੀਂ ਤਾਂ ਫੇਰ ਪਾ ਲਵਾਂਗੇ ਟਰਾਲੀ ਦੇ ਡਾਲੇ ਨੂੰ ਹੱਥ।"

ਸੱਥ ਦੀ ਚਰਚਾ ਚਲਦੀ ਰਹੀ।

ਜ਼ੈਲਦਾਰਾਂ ਦੇ ਪਿੱਛੇ ਹਟਣ ਨਾਲ ਚੇਤੂ ਵਿਚ ਹੋਰ ਵੀ ਹੀਣਤਾ ਆ ਗਈ। ਧਰਨੇ ਵਿਚ ਭਾਵੇਂ ਹੋਰ ਵੀ ਪਿੰਡਾਂ ਦੇ ਲੋਕ ਆਏ ਸਨ, ਪਰ ਸਾਰੇ ਹੀ ਚੇਤੂ ਦੇ ਮੋਢੇ 'ਤੇ ਰੱਖ ਕੇ ਨਿਸ਼ਾਨਾ ਵਿੰਨ੍ਹਣਾ ਚਾਹੁੰਦੇ ਸਨ। ਯੂਨੀਅਨ ਵਾਲਿਆਂ ਤੋਂ ਵੀ ਹੁਣ ਕੋਈ ਉਮੀਦ ਨਹੀਂ ਸੀ। ਘਰ ਦੇ ਹਾਲਾਤ ਵੀ ਸਾਥ ਦੇਣ ਤੋਂ ਇਨਕਾਰੀ ਸਨ। ਚੇਤੂ ਨੂੰ ਆਪਣਾ-ਆਪ ਝਾੜੀਆਂ 'ਚ ਫਸੀ ਬਿੱਲੀ ਵਰਗਾ ਲੱਗਣ ਲੱਗ ਪਿਆ।

ਹਮਦਰਦੀ ਤਾਂ ਸਾਰੇ ਪਿੰਡ ਦੀ ਚੇਤੂ ਦੇ ਨਾਲ ਸੀ, ਪਰ ਉਸ ਨੂੰ ਸਿਰਫ਼ ਪ੍ਰੀਤਮ ਤੇ ਮਿੱਠੂ ਵੱਲੋਂ ਹੀ ਥੋੜ੍ਹੀ-ਬਹੁਤ ਹੱਲਾਸ਼ੇਰੀ ਮਿਲਦੀ ਸੀ। ਧਰਨੇ ਤੋਂ ਚਾਰ-ਪੰਜ ਦਿਨ ਮਗਰੋਂ ਵੀ ਪੁਲਿਸ ਵੱਲੋਂ ਕੋਈ ਕਾਰਵਾਈ ਨਾ ਹੋਈ। ਦੋਵੇਂ ਵਰਕਰਾਂ ਨੇ ਆਪਣੇ ਯਤਨਾਂ ਨਾਲ ਹੀ ਪਿੰਡਾਂ ਦੇ ਪੰਚਾਂ-ਸਰਪੰਚਾਂ, ਨੰਬਰਦਾਰਾਂ ਤੇ ਹੋਰ ਮੁਲਾਜ਼ਮ-ਮਜ਼ਦੂਰ ਜਥੇਬੰਦੀਆਂ ਸਮੇਤ ਨੇੜਲੇ ਪਿੰਡਾਂ ਦੇ ਮੋਹਤਬਰਾਂ ਨੂੰ ਨਾਲ ਲੈ ਕੇ ਡੀ.ਐਸ.ਪੀ. ਨੂੰ ਮਿਲਣ ਦਾ ਪ੍ਰੋਗਰਾਮ ਬਣਾ ਲਿਆ। ਅਣਮੰਨੇ ਮਨ ਨਾਲ ਚੇਤੂ ਵੀ ਉਨ੍ਹਾਂ ਦੇ ਨਾਲ ਤੁਰ ਪਿਆ। ਹੁਣ ਤਕ ਭਾਵੇਂ ਉਸ ਨੂੰ ਮਹਿਸੂਸ ਹੋ ਚੁੱਕਾ ਸੀ ਕਿ ਜਦੋਂ ਮੁੱਦਈ ਧਿਰਾਂ ਪਿੱਛੇ ਰਹਿ ਜਾਣ ਤਾਂ ਜਥੇਬੰਦੀਆਂ ਦੀਆਂ ਚਾਰਾਜੋਈਆਂ ਦਾ ਕੋਈ ਅਰਥ ਨਹੀਂ ਰਹਿ ਜਾਂਦਾ।

ਇੱਥੇ ਇਕੱਠੇ ਹੋਏ ਸਾਰੇ ਲੋਕ ਚੇਤੂ ਲਈ ਨਵੇਂ ਚਿਹਰੇ ਸਨ। ਡੀ.ਐਸ.ਪੀ. ਦੇ ਬੁਲਾਉਣ 'ਤੇ ਉਹ ਸਭ ਦਫ਼ਤਰ ਅੰਦਰ ਲੰਘ ਗਏ। ਅਫ਼ਸਰ ਦੀ ਕੁਰਸੀ ਦੇ ਸਾਹਮਣੇ ਪਏ ਵੱਡੇ ਮੇਜ਼ ਦੁਆਲੇ ਚਾਰ-ਪੰਜ ਕੁਰਸੀਆਂ 'ਤੇ ਪ੍ਰੀਤਮ, ਮਿੱਠੂ ਤੇ ਕੁਝ ਹੋਰ ਮੋਹਤਬਰ ਬੰਦੇ ਬੈਠ ਗਏ। ਬਾਕੀ ਉਨ੍ਹਾਂ ਕੁਰਸੀਆਂ ਦੀਆਂ ਬਾਹਾਂ ਤੇ ਢੋਅ ਆਦਿ ਦਾ ਸਹਾਰਾ ਲੈ ਕੇ ਖੜ੍ਹ ਗਏ।

"ਹਾਂ ਜੀ ਪ੍ਰੀਤਮ ਸਿੰਘ ਜੀ, ਹੁਕਮ ਕਰੋ!" ਡਿਪਟੀ ਨੇ ਉਸ ਨੂੰ ਨਾਮ ਲੈ ਕੇ ਬੁਲਾਇਆ।

"ਜੀ ਸਮੱਸਿਆ ਲੈ ਕੈ ਆਏ ਆਂ ਇੱਕ...!"

"ਸਮੱਸਿਆ ਤਾਂ ਜਿਹੜੀ ਵੀ ਹੈ, ਸੁਣਾਂਗੇ ਈ ਤੁਹਾਡੀ। ਪਹਿਲਾਂ ਜਾਣ-ਪਛਾਣ ਨਾ ਹੋ ਜਾਏ ਸਾਰਿਆਂ ਦੀ?" ਪ੍ਰੀਤਮ ਦੀ ਗੱਲ ਕੱਟਦਿਆਂ ਡਿਪਟੀ ਬੋਲਿਆ।

ਚੇਤੂ ਨੂੰ ਅਫ਼ਸਰ ਦਾ ਅੰਦਾਜ਼, ਗੱਲ ਦੀ ਗੰਭੀਰਤਾ ਘੱਟ ਕਰਨ ਵਾਲਾ ਲੱਗਿਆ।

ਡਿਪਟੀ ਨੇ ਭਰਵੱਟੇ ਹਿਲਾ ਕੇ ਮਿੱਠੂ ਵੱਲ ਇਸ਼ਾਰਾ ਕੀਤਾ, "ਹੂੰਅ?"

"ਜੀ ਮਿੱਠੂ ਸਿੰਘ, ਭਾਰਤੀ ਕਿਸਾਨ ਯੂਨੀਅਨ ਏਕਤਾ।"

"ਠੀਕ।" ਕਹਿ ਨਾਲ ਹੀ ਬੈਠੇ ਦੂਜੇ ਬੰਦੇ ਵੱਲ ਡਿਪਟੀ ਝਾਕਿਆ।

"ਜੀ ਸੇਵਕ ਸਿੰਘ, ਪੰਚਾਇਤ ਮੈਂਬਰ ਹਰਰਾਇਪੁਰ।"

"ਹੂੰਅ।" ਡਿਪਟੀ ਦੇ ਇਸ਼ਾਰੇ ਨਾਲ ਤੀਜਾ ਬੋਲਿਆ, "ਗੁਰਦੀਪ ਸਿੰਘ, ਸਾਬਕਾ ਸਰਪੰਚ ਸ਼ੇਰਗੜ੍ਹ।"

ਇਸ ਤੋਂ ਬਾਅਦ ਡਿਪਟੀ ਦੇ ਬਿਨਾਂ ਕੁਝ ਬੋਲੇ ਸਿਰਫ਼ ਅੱਖਾਂ ਘੁਮਾਉਣ ਨਾਲ ਹੀ ਅਗਲੇ ਬੰਦੇ ਆਪਣੀ ਪਛਾਣ ਦੱਸਣ ਲੱਗ ਪਏ।

"ਗਮਦੂਰ ਸਿੰਘ ਸੰਧੂ, ਬਲਾਕ ਸਕੱਤਰ, ਭਾਰਤੀ ਕਿਸਾਨ ਯੂਨੀਅਨ ਸਿੱਧੂਪੁਰ।"

"ਐਮ.ਕੇ. ਜਿੰਦਲ, ਸੈਕਟਰੀ ਇੰਪਲਾਈਜ਼ ਫੈਡਰੇਸ਼ਨ।"

"ਜਗਤਾਪ ਸ਼ਰਮਾ, ਪ੍ਰਧਾਨ ਕਾਂਵੜ ਸੇਵਾ ਸੰਮਤੀ।"

ਕੋਈ ਪ੍ਰਧਾਨ, ਕੋਈ ਸੈਕਟਰੀ, ਮੈਂਬਰ, ਸਰਪੰਚ ਦੀ ਜਾਣ-ਪਛਾਣ ਸੁਣ ਕੇ ਚੇਤੂ ਨੂੰ ਉਨ੍ਹਾਂ ਖ਼ਾਸ ਬੰਦਿਆਂ ਵਿਚ ਆਪਣਾ-ਆਪ ਹੀਣਾ ਜਿਹਾ ਮਹਿਸੂਸ ਹੋਣ ਲੱਗ ਪਿਆ। ਫਿਰ ਵੀ ਉਸ ਨੂੰ ਲੱਗਿਆ ਕਿ ਬਾਕੀ ਰਹਿੰਦੇ ਬੰਦੇ, ਸ਼ਾਇਦ ਉਸ ਵਰਗੇ ਹੋਣ। ਡਿਪਟੀ ਨੇ ਦਾੜ੍ਹੀ ਬੰਨ੍ਹੀ ਵਾਲੇ ਕੱਦਾਵਰ ਬੰਦੇ ਵੱਲ ਇਸ਼ਾਰਾ ਕੀਤਾ।

"ਜਨਾਬ! ਸੁਰਿੰਦਰਪਾਲ ਸਿੰਘ ਸਰਾਂ, ਰਿਟਾਇਰਡ ਸੂਬੇਦਾਰ, ਬਲਾਕ ਪ੍ਰੈਜ਼ੀਡੈਂਟ ਸਾਬਕਾ ਸੈਨਿਕ ਮੰਡਲ।"

"ਦਲਵੀਰ ਸਿੰਘ, ਪ੍ਰੈਸ ਸਕੱਤਰ ਯੁਵਕ ਭਲਾਈ ਕਲੱਬ।"

ਚੇਤੂ ਸੋਚੀਂ ਪੈ ਗਿਆ। ਉਹ ਆਪਣੇ-ਆਪ ਨੂੰ ਕੀ ਕਹਿ ਕੇ ਡਿਪਟੀ ਨੂੰ ਪਛਾਣ ਦੱਸੇਗਾ? ਉਹ ਤਾਂ ਆਪਣਾ ਇੰਜਣ ਚੋਰੀ ਹੋਣ ਬਾਰੇ ਸ਼ਿਕਾਇਤ ਕਰਨ ਆਇਆ ਹੈ, ਪਰ ਹਾਲੇ ਵਿਚਕਾਰ ਦੋ ਬੰਦੇ ਬਾਕੀ ਰਹਿੰਦੇ ਸਨ। ਹੋ ਸਕਦਾ, ਉਨ੍ਹਾਂ ਵਿਚੋਂ ਹੀ ਕੋਈ ਉਸ ਵਰਗਾ ਪੀੜਤ ਹੋਵੇ!

ਉਹ ਵੀ ਆਪਣੀ ਪਛਾਣ ਡਿਪਟੀ ਨੂੰ ਦੱਸ ਗਏ- "ਸੁਰਿੰਦਰ ਕੁਮਾਰ, ਸਹਾਰਾ ਜਨਸੇਵਾ ਕਲੱਬ।"

ਚੇਤੂ ਦੀ ਨੀਵੀਂ ਪੈ ਗਈ। ਉਸ ਨੂੰ ਫਿਰ ਵੀ ਲੱਗਿਆ ਕਿ ਨਾਲ ਸਿਰ 'ਤੇ ਪਰਨਾ ਵਲ੍ਹੇਟੀ ਖੜ੍ਹਾ ਇਹ ਬੰਦਾ ਜ਼ਰੂਰ ਦਰਦਮੰਦ ਹੋਵੇਗਾ। ਅਫ਼ਸਰ ਦੇ ਇਸ਼ਾਰੇ 'ਤੇ ਉਹ ਬੋਲਿਆ, "ਜੀ ਫਿੱਡੂ ਸਿੰਘ, ਪ੍ਰਧਾਨ ਖੇਤ-ਮਜ਼ਦੂਰ ਯੂਨੀਅਨ।"

ਚੇਤੂ ਦੀ ਵਾਰੀ ਆ ਗਈ। ਉਸ ਨੂੰ ਕੁਝ ਸਮਝ ਨਹੀਂ ਆ ਰਿਹਾ ਸੀ। ਉਹ ਸੋਚੀਂ ਪਿਆ ਨੀਵੀਂ ਪਾਈ ਖੜ੍ਹਾ ਰਿਹਾ। "ਹਾਂ ਬਈ...ਆਪਾਂ?" ਅਫ਼ਸਰ ਦੀ ਭਾਰੀ ਤੇ ਉਚੀ ਆਵਾਜ਼ ਨਾਲ ਚੇਤੂ ਤ੍ਰਬਕਿਆ, "ਜੀ ਮੈਂ...ਮੈਂ ਤਾਂ ਜੀ...ਕੁਝ ਵੀ ਨ੍ਹੀਂ!"

ਪੰਚਾਂ, ਸਰਪੰਚਾਂ, ਪ੍ਰਧਾਨਾਂ, ਸਕੱਤਰਾਂ 'ਚ ਘਿਰੇ ਖੜ੍ਹੇ ਚੇਤੂ ਤੋਂ ਅੱਗੇ ਬੋਲਿਆ ਨਾ ਗਿਆ, ਜਿਵੇਂ ਉਸ ਨੇ ਆਪਣੀ ਮਨਫ਼ੀ ਹੋ ਚੁੱਕੀ ਹੋਂਦ ਨੂੰ ਸਵੀਕਾਰ ਕਰ ਲਿਆ ਹੋਵੇ।



## ਮ੍ਰਿਗ-ਤ੍ਰਿਸ਼ਨਾ

ਕਿੰਨੀਆਂ ਤ੍ਰਿਹਾਈਆਂ ਨਦੀਆਂ
ਸਰਪਟ ਵਹਿੰਦੀਆਂ ਮਾਰੂਥਲ ਵੱਲ
ਮ੍ਰਿਗ-ਤ੍ਰਿਸ਼ਨਾ ਦੀ ਆੜ ਵਿਚ
ਖੋਹ ਦਿੰਦੀਆਂ ਆਪਣਾ ਅਸਤਿਤਵ
ਨਿਛਾਵਰ ਕਰ ਦਿੰਦੀਆਂ ਝੱਲੀਆਂ
ਆਪਣੀ ਹਸਤੀ।

ਹਵਸ ਦੀ ਤਾਂਘ ਵਿਚ ਵਿਆਕੁਲ
ਸੜ ਮਰੀ ਥਲਾਂ ਵਿਚ ਸੱਸੀ
ਪੁੰਨੂ ਪੁੰਨੂ ਕੂਕਦੀ
ਮ੍ਰਿਗ-ਤ੍ਰਿਸ਼ਨਾ ਦੇ
ਟਪਲਾਊ ਅਕਸ ਪਿੱਛੇ।

*-ਚਰਨਜੀਤ ਸਿੰਘ ਪੰਨੂ, ਸੈਨ ਹੋਜ਼ੇ*

# ਪੰਜਾਬੀਆਂ ਦਾ ਪਰਵਾਸ: ਇਤਿਹਾਸਕ ਪਿਛੋਕੜ

*ਪੰਜਾਬੀਆਂ ਦਾ ਦੂਜੇ ਦੇਸ਼ਾਂ ਨੂੰ ਪਰਵਾਸ ਅੰਗਰੇਜ਼ਾਂ ਦਾ ਪੰਜਾਬ ਉਤੇ 1849 ਵਿਚ ਕਬਜ਼ਾ ਹੋਣ ਤੋਂ ਬਾਅਦ ਸ਼ੁਰੂ ਹੋਇਆ। ਸਭ ਤੋਂ ਪਹਿਲਾਂ ਆਪਣੀ ਜੰਮਣ ਭੌਂ ਛੱਡਣ ਵਾਲੇ ਫੌਜੀ ਸਨ ਜੋ ਆਪਣੀ ਨੌਕਰੀ ਕਾਰਨ ਆਪਣੇ ਦੇਸ਼ ਅਤੇ ਦੂਜੇ ਦੇਸ਼ਾਂ ਵਿਚ ਘੁੰਮੇ। ਉਨ੍ਹਾਂ ਤੋਂ ਹੀ ਪਰਵਾਸ ਦਾ ਆਰੰਭ ਹੋਇਆ ਜੋ ਬਾਅਦ ਵਿਚ ਆਮ ਹੋ ਗਿਆ। ਸਮਾਜ ਵਿਗਿਆਨ (ਸੋਸਿਆਲੋਜੀ) ਦੇ ਪ੍ਰੋਫੈਸਰ ਪਰਮਜੀਤ ਸਿੰਘ ਜੱਜ ਨੇ ਪਰਵਾਸ ਬਾਰੇ ਖੋਜ ਭਰਪੂਰ ਕਿਤਾਬ 'ਪਰਵਾਸੀ ਪੰਜਾਬੀ: ਇਤਿਹਾਸਕ ਤੇ ਸਮਾਜਕ ਸੰਦਰਭ' ਲਿਖੀ ਹੈ ਜਿਸ ਵਿਚ ਉਨ੍ਹਾਂ ਪਰਵਾਸ ਦੇ ਸਮੁੱਚੇ ਵਰਤਾਰੇ ਅਤੇ ਉਸ ਤੋਂ ਬਾਅਦ ਦੇ ਹਾਲਾਤ ਬਾਰੇ ਵਿਸਥਾਰ ਸਹਿਤ ਛਾਣ-ਬੀਣ ਕੀਤੀ ਹੈ। ਇਸ ਲੇਖ ਵਿਚ ਉਨ੍ਹਾਂ ਪੰਜਾਬੀਆਂ ਦੇ ਪਰਵਾਸ ਦੇ ਪਿਛੋਕੜ ਉਤੇ ਝਾਤੀ ਮਾਰੀ ਹੈ ਅਤੇ ਇਸ ਦੇ ਕੁਝ ਕੁ ਕਾਰਨਾਂ ਦੀ ਨਿਸ਼ਾਨਦੇਹੀ ਕੀਤੀ ਹੈ। ਇਹ ਲੇਖ ਅਸੀਂ ਆਪੇ ਪਾਠਕਾਂ ਦੀ ਨਜ਼ਰ ਕਰ ਰਹੇ ਹਾਂ। -ਸੰਪਾਦਕ*



**ਪ੍ਰੋ. ਪਰਮਜੀਤ ਸਿੰਘ ਜੱਜ**

ਪਰਵਾਸ ਅਜਿਹੀ ਪ੍ਰਕਿਰਿਆ ਹੈ ਜਿਸ ਵਿਚ ਇਕ ਬੰਦਾ ਜਾਂ ਸਮੂਹ ਆਪਣਾ ਜੱਦੀ ਵਸੇਬਾ ਛੱਡ ਕੇ ਕਿਸੇ ਦੂਸਰੀ ਥਾਂ ਜਾ ਵੱਸਦਾ ਹੈ। ਇਹ ਪ੍ਰਕਿਰਿਆ ਜੇ ਇਕ ਦੇਸ਼ ਤੋਂ ਦੂਸਰੇ ਦੇਸ਼ ਜਾਂ ਦੇਸ਼ਾਂ ਵਿਚ ਜਾ ਕੇ ਵੱਸਣ ਦੀ ਹੋਵੇ ਤਾਂ ਇਹ ਨਵੀਂ ਕਿਸਮ ਦੀ ਮਨੁੱਖੀ ਗਤੀਸ਼ੀਲਤਾ ਹੁੰਦੀ ਹੈ ਜਿਸ ਵਿਚ ਆਦਮੀ ਆਪਣੀ ਸਭਿਆਚਾਰਕ ਪਛਾਣ ਦੇ ਖਤਰੇ ਨੂੰ ਜਾਣਦਾ ਹੋਇਆ ਨਵੇਂ ਸਮਾਜ ਤੇ ਸਭਿਆਚਾਰ ਵਿਚ ਆਪਣੀ ਥਾਂ ਬਣਾਉਣ ਦੀ ਕੋਸ਼ਿਸ਼ ਕਰਦਾ ਹੈ। ਆਪਣਾ ਸਮਾਜ ਤੇ ਸਭਿਆਚਾਰ ਇਤਨਾ ਮਜ਼ਬੂਤ ਹੁੰਦਾ ਹੈ ਕਿ ਇਸ ਤੋਂ ਬਾਹਰ ਨਿਕਲਣ ਦੀ ਸੋਚ ਹੀ ਬੰਦੇ ਨੂੰ ਅਸੁਰੱਖਿਅਤ ਕਰ ਦਿੰਦੀ ਹੈ। ਇਹੀ ਕਾਰਨ ਹੈ ਕਿ ਦੁਨੀਆਂ ਭਰ ਦੇ ਸਮਾਜ, ਜਿਹੜੇ ਆਪਣੀਆਂ ਰਵਾਇਤਾਂ ਤੇ ਕਦਰਾਂ-ਕੀਮਤਾਂ ਬਾਰੇ ਚੇਤੰਨ ਰਹਿੰਦੇ ਹਨ, ਪਰਵਾਸ ਨੂੰ ਮਾੜਾ ਸਮਝਦੇ ਹਨ।

ਕੋਈ ਸਮਾਂ ਸੀ ਜਦੋਂ ਪੁਰਾਤਨ ਸਮਾਜਾਂ ਵਿਚ ਲੋਕ ਇਕ ਸਥਾਨ ਤੋਂ ਦੂਸਰੇ ਸਥਾਨ ਨੂੰ ਕਬੀਲੇ ਦੇ ਤੌਰ 'ਤੇ ਪਰਵਾਸ ਕਰਦੇ ਸਨ। ਅਜਿਹੇ ਸਮਾਜਾਂ ਵਿਚ ਵੀ ਇਕੱਲੇ ਬੰਦੇ ਲਈ ਪਰਵਾਸ ਕਰਨਾ ਅਸੰਭਵ ਸੀ। ਸਮੂਹ ਦੇ ਤੌਰ 'ਤੇ ਪਰਵਾਸ ਦੀ ਪ੍ਰਕਿਰਿਆ ਦੁਨੀਆਂ ਭਰ ਵਿਚ ਪੁਰਾਤਨ ਸਮੇਂ ਵਿਚ ਮੌਜੂਦ ਰਹੀ ਹੈ। ਹਿੰਦੁਸਤਾਨ ਵਿਚ ਆਰੀਆ ਵਰਗ ਦੇ ਲੋਕਾਂ ਦਾ ਆਉਣਾ ਆਪਣੇ ਆਪ ਵਿਚ ਮਨੁੱਖੀ ਗਤੀਸ਼ੀਲਤਾ ਦੀ ਮਿਸਾਲ ਹੈ।

ਜਦੋਂ ਅਜਿਹੇ ਪਰਵਾਸੀ ਕਬੀਲੇ ਇਕ ਥਾਂ ਟਿਕ ਕੇ ਆਪਣੀ ਆਰਥਿਕਤਾ ਨੂੰ ਖੇਤੀਬਾੜੀ ਨਾਲ ਜੋੜ ਲੈਂਦੇ ਹਨ ਤਾਂ ਉਨ੍ਹਾਂ ਵਿਚ ਪਰਵਾਸ ਦੇ ਰੁਝਾਨ ਦੀ ਪ੍ਰਕਿਰਿਆ ਵੀ ਮਿਟ ਜਾਂਦੀ ਹੈ, ਪਰ ਇਹੋ ਜਿਹੇ ਸਮਾਜਾਂ ਵਿਚ ਵੀ ਵਪਾਰੀ ਵਰਗ ਹਮੇਸ਼ਾ ਗਤੀਸ਼ੀਲ ਰਿਹਾ ਹੈ। ਦਿਲਚਸਪੀ ਵਾਲੀ ਗੱਲ ਇਹ ਹੈ ਕਿ ਇਕ ਹੋਰ ਵਰਗ ਵੀ ਗਤੀਸ਼ੀਲ ਰਿਹਾ ਹੈ- ਧਰਮ ਪ੍ਰਚਾਰਕ ਅਤੇ ਤੀਰਥ ਯਾਤਰੀਆਂ ਦਾ ਵਰਗ। ਇਨ੍ਹਾਂ ਦੋਹਾਂ ਵਿਚ ਧਰਮ ਪ੍ਰਚਾਰਕਾਂ ਦੀ ਬਹੁਤ ਮਹੱਤਤਾ ਰਹੀ ਹੈ। ਬੁੱਧ, ਈਸਾਈ ਅਤੇ ਇਸਲਾਮ ਧਰਮਾਂ ਦੇ ਪੈਰੋਕਾਰਾਂ ਅਤੇ ਪ੍ਰਚਾਰਕਾਂ ਨੇ ਹਜ਼ਾਰਾਂ ਮੀਲ ਘੁੰਮ-ਘੁੰਮ ਕੇ ਆਪਣੇ ਧਰਮ ਫੈਲਾਏ। ਧਰਮਾਂ ਦੇ ਇਕ ਸਥਾਨ ਤੱਕ ਸੀਮਤ ਨਾ ਹੋਣ ਕਰ ਕੇ ਲੋਕਾਂ ਨੂੰ ਤੀਰਥ ਯਾਤਰਾ ਲਈ ਦੂਸਰੇ ਦੇਸ਼ਾਂ ਵਿਚ ਜਾਣਾ ਪਿਆ। ਇਸ ਤਰ੍ਹਾਂ ਕਦਰਾਂ-ਕੀਮਤਾਂ, ਯਾਤਰਾ ਦੇ ਉਲਟ ਹੋਣ ਦੇ ਬਾਵਜੂਦ ਸਮਾਜ ਵਿਚ ਕੁਝ ਨਾ ਕੁਝ ਇਹੋ ਜਿਹਾ ਜ਼ਰੂਰ ਰਿਹਾ ਜਿਸ ਕਾਰਨ ਲੋਕਾਂ ਵਿਚ ਗਤੀਸ਼ੀਲਤਾ ਬਣੀ ਰਹਿੰਦੀ ਸੀ, ਪਰ ਇਉਂ ਲੱਗਦਾ ਹੈ ਕਿ ਵਪਾਰ ਗਤੀਸ਼ੀਲਤਾ ਵਧਾਉਣ ਵਿਚ ਕੇਂਦਰੀ ਮਹੱਤਤਾ ਰੱਖਦਾ ਹੈ। ਸਾਨੂੰ ਇਹ ਵੀ ਨਹੀਂ ਭੁੱਲਣਾ ਚਾਹੀਦਾ ਕਿ ਵਪਾਰ ਵਿਚ ਵਾਧਾ ਉਥੋਂ ਦੀ ਪੈਦਾਵਾਰ ਵਿਚ ਵਾਧੇ ਕਾਰਨ ਵੀ ਹੁੰਦਾ ਹੈ।

ਤੇਰ੍ਹਵੀਂ ਸਦੀ ਵਿਚ ਮੈਡੀਟੀਰੇਨੀਅਨ ਸਮੁੰਦਰ (ਭੂ-ਮੱਧ ਸਾਗਰ) ਦੇ ਆਲੇ-ਦੁਆਲੇ ਵਸੇ ਦੇਸ਼ਾਂ ਵਿਚ ਆਪਸੀ ਵਪਾਰ ਕਾਰਨ ਲੋਕਾਂ ਦਾ ਇਕ ਤੋਂ ਦੂਜੀ ਥਾਂ 'ਤੇ ਜਾਣਾ ਕਾਫੀ ਆਮ ਹੋ ਗਿਆ ਸੀ। ਹੌਲੀ-ਹੌਲੀ ਵਪਾਰ ਰਾਹੀਂ ਪੈਸਾ ਕਮਾਉਣ ਦੀ ਭੁੱਖ ਯੂਰਪ ਦੇ ਕਈ ਹੌਸਲਾ-ਪਸੰਦ ਬੰਦਿਆਂ ਨੂੰ ਨਵੇਂ ਸਥਾਨਾਂ ਦੀ ਖੋਜ ਲਈ ਪ੍ਰੇਰਿਤ ਕਰਨ ਲੱਗ ਪਈ। ਇਸ ਦੇ ਨਤੀਜੇ ਵਜੋਂ ਸੋਲ੍ਹਵੀਂ ਸਦੀ ਦੇ ਅੰਤ ਤੱਕ ਤਕਰੀਬਨ ਸਾਰੀ ਦੁਨੀਆਂ ਦੇ ਦੇਸ਼ਾਂ ਬਾਰੇ ਯੂਰਪੀ ਲੋਕਾਂ ਨੇ ਗਿਆਨ ਹਾਸਲ ਕਰ ਲਿਆ ਸੀ। ਇਸ ਵਿਚ ਪੱਛਮੀ ਯੂਰਪ ਦੇ ਮੁਲਕ ਮੁੱਖ ਸਨ; ਖਾਸ ਤੌਰ 'ਤੇ ਬਰਤਾਨੀਆ, ਫਰਾਂਸ, ਹਾਲੈਂਡ, ਸਪੇਨ ਅਤੇ ਪੁਰਤਗਾਲ। ਇਸ ਸਮੇਂ ਤੋਂ ਬਸਤੀਵਾਦ ਦਾ ਯੁੱਗ ਸ਼ੁਰੂ ਹੋਇਆ ਜਿਸ ਦੇ ਨਤੀਜੇ ਵਜੋਂ ਤਕਰੀਬਨ ਸਾਰਾ ਸੰਸਾਰ ਇਕ ਆਰਥਿਕ ਪ੍ਰਣਾਲੀ ਵਿਚ ਪਰੋਇਆ ਗਿਆ। ਇਸ ਆਰਥਿਕ ਪ੍ਰਣਾਲੀ ਦਾ ਕੇਂਦਰ ਬਿੰਦੂ ਪੱਛਮੀ ਯੂਰਪ ਸੀ ਤੇ ਪੂੰਜੀਵਾਦੀ ਪੈਦਾਵਾਰ ਇਸ ਦਾ ਆਧਾਰ ਸੀ। ਬਸਤੀਵਾਦ ਦੇ ਦੋ ਮੁੱਖ ਪਹਿਲੂ ਸਨ- ਮਜ਼ਦੂਰਾਂ ਦੀ ਗਤੀ ਅਤੇ ਪੂੰਜੀ ਦੀ ਗਤੀ।

ਮਜ਼ਦੂਰਾਂ ਦੀ ਗਤੀ ਦੋ ਪੜਾਵਾਂ ਵਿਚ ਵਾਪਰੀ। ਪਹਿਲੇ ਪੜਾਅ ਵਿਚ ਗੁਲਾਮਾਂ ਦੇ ਵਪਾਰ ਰਾਹੀਂ ਬਹੁਤ ਵੱਡੇ ਪੈਮਾਨੇ 'ਤੇ ਯੂਰਪੀ ਲੋਕਾਂ ਨੇ ਅਫਰੀਕਨਾਂ ਨੂੰ ਅਮਰੀਕਾ ਦੇ ਦੋਵਾਂ ਮਹਾਂਦੀਪਾਂ ਵਿਚ ਭੇਜਿਆ। ਕਿਹਾ ਜਾਂਦਾ ਹੈ ਕਿ ਇੰਗਲੈਂਡ ਦੀ ਰਾਣੀ ਐਲਿਜ਼ਬੈਥ (ਪਹਿਲੀ) ਵੀ ਇਸ ਵਪਾਰ ਵਿਚ ਸ਼ਾਮਲ ਸੀ। ਦੂਸਰੇ ਪੜਾਅ ਵਿਚ ਮਜ਼ਦੂਰਾਂ ਦੀ ਗਤੀ ਨਵੇਂ ਢੰਗ ਨਾਲ ਸ਼ੁਰੂ ਹੋਈ। ਉਨੀਵੀਂ ਸਦੀ ਦੇ ਅੰਤ ਤੱਕ ਬਸਤੀਵਾਦ ਆਪਣੀ ਬੁਲੰਦੀ 'ਤੇ ਪਹੁੰਚ ਚੁੱਕਾ ਸੀ।

ਕਈ ਥਾਵਾਂ 'ਤੇ ਇਨ੍ਹਾਂ ਬਸਤੀਵਾਦੀ ਸ਼ਕਤੀਆਂ, ਖਾਸ ਤੌਰ 'ਤੇ ਬਰਤਾਨੀਆ ਨੇ ਅਫਰੀਕੀ ਮੁਲਕਾਂ ਵਿਚ ਵਿਕਾਸ ਦੇ ਕੰਮ ਸ਼ੁਰੂ ਕੀਤੇ ਜਾਂ ਕਮਾਦ ਅਤੇ ਰਬੜ ਦੀ ਖੇਤੀ ਸ਼ੁਰੂ ਕੀਤੀ। ਕਮਾਦ ਤੇ ਰਬੜ ਦੀ ਖੇਤੀ ਲਈ ਇਨ੍ਹਾਂ ਨੇ ਕਈ ਬਸਤੀਆਂ ਤੋਂ ਆਰਜ਼ੀ ਬੰਧੂਆ ਮਜ਼ਦੂਰ ਉਥੇ ਭੇਜੇ। ਹਿੰਦੁਸਤਾਨ ਤੋਂ ਵੀ ਬਹੁਤ ਵੱਡੇ ਪੈਮਾਨੇ 'ਤੇ ਮਜ਼ਦੂਰ ਭੇਜੇ ਗਏ। ਆਰਜ਼ੀ ਬੰਧੂਆ ਮਜ਼ਦੂਰ ਭਾਰਤ ਤੋਂ ਬਿਹਾਰ ਦੇ ਛੋਟੇ ਨਾਗਪੁਰ ਇਲਾਕੇ ਅਤੇ ਤਾਮਿਲਨਾਡੂ (ਮਦਰਾਸ ਪ੍ਰੈਜ਼ੀਡੈਂਸੀ ਕਹਿਣਾ ਜ਼ਿਆਦਾ ਠੀਕ ਹੋਵੇਗਾ) ਤੋਂ ਵੈਸਟ ਇੰਡੀਜ਼, ਦੱਖਣੀ ਅਫ਼ਰੀਕਾ, ਮਲਾਇਆ, ਫਿਜ਼ੀ, ਮੌਰੇਸ਼ੀਅਸ ਆਦਿ ਮੁਲਕਾਂ ਲਈ ਕਮਾਦ ਅਤੇ ਰਬੜ ਦੀ ਖੇਤੀ ਅਤੇ ਖਾਣਾਂ ਵਿਚ ਕੰਮ ਕਰਨ ਲਈ ਲਿਜਾਏ ਗਏ। ਇਨ੍ਹਾਂ ਲੋਕਾਂ ਦਾ ਪਿਛੋਕੜ ਗਰੀਬੀ ਦਾ ਸੀ ਅਤੇ ਜ਼ਿਆਦਾਤਰ ਮਰਦ ਸਨ।

ਠੇਕੇ ਦੀ ਮਜ਼ਦੂਰੀ ਲਈ ਮਜ਼ਦੂਰ ਅਤੇ ਕਾਰੀਗਰ ਲੋਕਾਂ ਨੂੰ ਵੱਡੇ ਪੈਮਾਨੇ 'ਤੇ ਰੇਲ ਦੀ ਲਾਈਨ ਉਸਾਰਨ ਲਈ ਭਾਰਤ ਤੋਂ ਕੀਨੀਆ ਤੇ ਯੁਗਾਂਡਾ ਆਦਿ ਮੁਲਕਾਂ ਵਿਚ ਲਿਜਾਇਆ ਗਿਆ। ਉਥੇ ਪੰਜਾਬ ਤੋਂ ਕਾਫੀ ਗਿਣਤੀ ਵਿਚ ਰਾਮਗੜ੍ਹੀਆ ਭਾਈਚਾਰੇ ਦੇ ਲੋਕ ਅਫਰੀਕਾ ਗਏ। ਵੀਹਵੀਂ ਸਦੀ ਦੇ ਸ਼ੁਰੂ ਵਿਚ ਰਾਮਗੜ੍ਹੀਆਂ ਦਾ ਅਫਰੀਕਾ ਜਾਣਾ ਪੰਜਾਬ ਦੇ ਕੁਝ ਬਦਲਦੇ ਹਾਲਾਤ ਕਰ ਕੇ ਸੰਭਵ ਹੋਇਆ। ਸੰਨ 1900 ਵਿਚ ਬਰਤਾਨੀਆ ਸਰਕਾਰ ਨੇ ਪੰਜਾਬ ਵਿਚ 'ਦਿ ਲੈਂਡ ਐਲੀਅਨੇਸ਼ਨ ਐਕਟ' ਪਾਸ ਕਰ ਦਿੱਤਾ ਸੀ। ਇਸ ਕਾਨੂੰਨ ਅਨੁਸਾਰ ਗੈਰ ਰਵਾਇਤੀ ਖੇਤੀ ਕਰਨ ਵਾਲੀਆਂ ਜਾਤਾਂ ਜ਼ਮੀਨ ਨਹੀਂ ਖਰੀਦ ਸਕਦੀਆਂ ਸਨ। ਇਹ ਕਾਨੂੰਨ ਭਾਵੇਂ ਪੰਜਾਬ ਵਿਚ ਵੱਸਦੇ ਕਿਸਾਨਾਂ ਉਤੇ ਕਰਜ਼ੇ ਦੇ ਮੱਦੇਨਜ਼ਰ ਪਾਸ ਕੀਤਾ ਗਿਆ ਸੀ, ਪਰ ਉਹ ਜਾਤਾਂ ਵੀ ਇਸ ਦੀ ਲਪੇਟ ਵਿਚ ਆ ਗਈਆਂ ਜੋ ਆਪਣੀ ਸਮਾਜਕ ਗਤੀਸ਼ੀਲਤਾ ਵੱਲ ਰੁਚਿਤ ਸਨ ਤੇ ਜ਼ਮੀਨ ਖਰੀਦਣਾ ਉਨ੍ਹਾਂ ਦਾ ਮੁੱਖ ਨਿਸ਼ਾਨਾ ਸੀ। ਅੰਗਰੇਜ਼ਾਂ ਦੇ ਰਾਜ ਦੌਰਾਨ ਸਨਅਤ ਦੇ ਵਧਣ ਕਰ ਕੇ ਰਾਮਗੜ੍ਹੀਆਂ ਉਤੇ ਕਾਫੀ ਅਸਰ ਪਿਆ, ਪਰ ਉਨ੍ਹਾਂ ਦਿਨਾਂ ਵਿਚ ਜ਼ਮੀਨ ਸਮਾਜਕ ਗਤੀਸ਼ੀਲਤਾ ਲਈ ਕਾਫੀ ਜ਼ਰੂਰੀ ਸੀ। ਇਸ ਪ੍ਰਕਿਰਿਆ ਵਿਚ ਉਨ੍ਹਾਂ ਦਾ ਬਾਹਰ ਜਾਣਾ ਸੁਭਾਵਕ ਹੀ ਲੱਗਦਾ ਸੀ।

**ਪੰਜਾਬੀਆਂ ਦਾ ਉੱਤਰੀ ਅਮਰੀਕਾ ਪਹੁੰਚਣਾ:** ਅਮਰੀਕਾ ਅਤੇ ਕੈਨੇਡਾ ਵੱਲ ਪਰਵਾਸ ਕਰਨ ਵਾਲੇ ਪਹਿਲੇ ਪੰਜਾਬੀ ਤਕਰੀਬਨ ਮੱਧ ਕਿਸਾਨੀ ਨਾਲ ਸਬੰਧਤ ਸਾਬਕਾ ਫੌਜੀ ਸਨ। ਉਨ੍ਹਾਂ ਨੂੰ ਫੌਜ ਵਿਚ ਹੋਣ ਕਰ ਕੇ ਪਹਿਲਾਂ ਹੀ ਬਰਤਾਨਵੀ ਸਾਮਰਾਜ ਅਧੀਨ ਕਈ ਦੇਸ਼ਾਂ ਵਿਚ ਘੁੰਮਣ ਦਾ ਮੌਕਾ ਮਿਲ ਚੁੱਕਾ ਸੀ। ਇਸ ਲਈ ਨੌਕਰੀ ਤੋਂ ਮੁਕਤ ਹੋਣ ਉਪਰੰਤ ਉਹ ਪੂਰਬੀ ਏਸ਼ੀਆ ਦੇ ਦੇਸ਼ਾਂ ਵਿਚ ਜਾ ਕੇ ਨੌਕਰੀ ਕਰਨ ਲੱਗੇ। ਇਹ ਉਨ੍ਹਾਂ ਦੇਸ਼ਾਂ ਵਿਚ ਜ਼ਿਆਦਾ ਸਨ ਜਿਥੇ ਅੰਗਰੇਜ਼ਾਂ ਦੀ ਹਕੂਮਤ ਸੀ, ਤੇ ਜਾਂ ਉਨ੍ਹਾਂ ਦਾ ਪ੍ਰਭਾਵ ਸੀ। ਇਸ ਲਈ ਇਹ ਮਲਾਇਆ, ਥਾਈਲੈਂਡ, ਬਰਮਾ, ਸਿੰਗਾਪੁਰ, ਹਾਂਗਕਾਂਗ ਅਤੇ ਸ਼ੰਘਾਈ (ਚੀਨ) ਵਿਚ ਜਾ ਕੇ ਵੱਸ ਗਏ। ਇਨ੍ਹਾਂ ਨੂੰ ਜ਼ਿਆਦਾਤਰ ਚੌਕੀਦਾਰੀ ਦੀ ਨੌਕਰੀ ਮਿਲਦੀ ਸੀ ਅਤੇ ਆਮ ਤੌਰ 'ਤੇ ਇਨ੍ਹਾਂ ਦਾ ਮਾਲਕ ਗੋਰਾ ਹੀ ਹੁੰਦਾ ਸੀ, ਪਰ ਬਹੁਤ ਛੇਤੀ ਇਨ੍ਹਾਂ ਵਿਚੋਂ ਕਈਆਂ ਨੇ ਆਰਥਿਕ ਤਰੱਕੀ ਕੀਤੀ ਅਤੇ ਬਹੁਤ ਅਮੀਰ ਹੋ ਗਏ।

ਕੈਨੇਡਾ ਵਿਚ ਪਹੁੰਚੇ ਪੰਜਾਬੀ ਵੈਨਕੂਵਰ ਵਿਚ ਜਾ ਕੇ ਵੱਸ ਗਏ। ਉਨ੍ਹਾਂ ਦੇ ਪਹਿਲੇ ਦੋ ਦਹਾਕੇ ਬਹੁਤ ਸੰਘਰਸ਼ਮਈ ਸਨ। ਬ੍ਰਿਟਿਸ਼ ਕੋਲੰਬੀਆ ਪ੍ਰਾਂਤ ਵਿਚ ਪ੍ਰਸ਼ਾਂਤ ਮਹਾਂਸਾਗਰ ਰਾਹੀਂ ਏਸ਼ੀਆ ਤੋਂ ਭਾਰੀ ਗਿਣਤੀ ਵਿਚ ਲੋਕਾਂ ਦਾ ਪਰਵਾਸ ਹੋਣਾ ਸ਼ੁਰੂ ਹੋ ਗਿਆ ਸੀ। ਇਸ ਪ੍ਰਾਂਤ ਵਿਚ ਲੱਕੜੀ ਦਾ ਕੰਮ ਬਹੁਤ ਜ਼ਿਆਦਾ ਸੀ ਤੇ ਲੋਕਾਂ ਨੂੰ ਆਮ ਨੌਕਰੀ ਮਿਲ ਜਾਂਦੀ ਸੀ। ਇਸ ਤੋਂ ਇਲਾਵਾ ਫਰੇਜ਼ਰ ਘਾਟੀ ਵਿਚ ਚੱਲ ਰਹੀ ਖੇਤੀ ਵਿਚ ਵੀ ਮਜ਼ਦੂਰੀ ਦਾ ਕੰਮ ਮਿਲ ਜਾਂਦਾ ਸੀ। ਇਤਿਹਾਸ ਗਵਾਹ ਹੈ ਕਿ ਜਲਦੀ ਹੀ ਮੇਜ਼ਬਾਨ ਲੋਕਾਂ ਵਿਚ ਏਸ਼ਿਆਈ ਮੂਲ ਦੇ ਲੋਕਾਂ ਪ੍ਰਤੀ ਨਫਰਤ ਪੈਦਾ ਹੋ ਗਈ ਅਤੇ ਉਨ੍ਹਾਂ ਦੇ ਵਿਰੁੱਧ ਦੰਗੇ ਵੀ ਹੋਏ। 'ਲਗਾਤਾਰ ਯਾਤਰਾ ਦਾ ਨਿਯਮ' ਖਾਸ ਤੌਰ 'ਤੇ ਭਾਰਤ ਤੋਂ ਆਉਣ ਵਾਲੇ ਲੋਕਾਂ ਨੂੰ ਰੋਕਣ ਦੇ ਉਦੇਸ਼ ਵਜੋਂ ਬਣਾਇਆ ਗਿਆ ਸੀ। ਕਾਮਾਗਾਟਾਮਾਰੂ ਦੀ ਘਟਨਾ ਤੋਂ ਸਭ ਜਾਣੂ ਹਨ। ਕੈਨੇਡਾ ਵਿਚ ਦੇਸ਼ ਦੀ ਆਜ਼ਾਦੀ ਲਈ ਸੰਘਰਸ਼ ਦਾ ਰੁਝਾਨ ਪੈਦਾ ਹੋਣਾ ਉਨ੍ਹਾਂ ਪ੍ਰਤੀ ਵਿਤਕਰੇ ਅਤੇ ਨਫਰਤ ਦਾ ਵਿਹਾਰ ਮੁੱਖ ਕਾਰਨ ਹੈ।



ਇਸ ਦੇ ਨਾਲ ਹੀ ਕਾਫੀ ਗਿਣਤੀ ਪੰਜਾਬੀ, ਅਮਰੀਕਾ ਜਾ ਕੇ ਵੱਸਣ ਲੱਗੇ। ਇੰਪੀਰੀਅਲ ਵੈਲੀ, ਅਤੇ ਯੂਬਾ ਸਿਟੀ ਦੋ ਮੁੱਖ ਸਥਾਨ ਸਨ ਜਿਥੇ ਪੰਜਾਬੀਆਂ ਨੇ ਜਾ ਕੇ ਆਪਣਾ ਡੇਰਾ ਲਾਇਆ। ਬਹੁ-ਗਿਣਤੀ ਵਿਚ ਇਹ ਸਾਬਕਾ ਫੌਜੀ ਹੀ ਸਨ, ਪਰ ਉਨ੍ਹਾਂ ਦੇ ਦੋਸਤ ਅਤੇ ਰਿਸ਼ਤੇਦਾਰ ਵੀ ਇਨ੍ਹਾਂ ਮੁੱਢਲੇ ਪਰਵਾਸੀਆਂ ਵਿਚ ਸ਼ਾਮਲ ਸਨ। ਇਥੇ ਦੋ ਕਿਸਮ ਦੇ ਪੱਖ ਉਭਰ ਕੇ ਸਾਹਮਣੇ ਆਉਂਦੇ ਹਨ- ਪਹਿਲਾ ਪੱਖ ਉਨ੍ਹਾਂ ਵਿਚ ਦੇਸ਼ ਭਗਤੀ ਦੀ ਚੇਤਨਾ ਦਾ ਪੈਦਾ ਹੋਣਾ ਹੈ ਜਿਸ ਦੇ ਨਤੀਜੇ ਵਜੋਂ ਗਦਰ ਪਾਰਟੀ ਲਹਿਰ ਨੇ ਜਨਮ ਲਿਆ। ਦੂਸਰਾ ਪੱਖ ਇਨ੍ਹਾਂ ਦੀ ਸਮਾਜਕ ਹੋਂਦ ਨਾਲ ਸਬੰਧਤ ਹੈ।

ਤਕਰੀਬਨ ਸਾਰੇ ਪੰਜਾਬੀ ਮਰਦ ਸਨ ਅਤੇ ਆਪਣੇ ਪਰਿਵਾਰਾਂ ਤੋਂ ਨਿਖੜੇ ਹੋਏ ਸਨ। ਕੈਨੇਡਾ ਵਿਚ ਤਾਂ ਉਨ੍ਹਾਂ ਨੂੰ ਵੀਹਵੀਂ ਸਦੀ ਦੇ ਤੀਸਰੇ ਦਹਾਕੇ ਵਿਚ ਆਪਣੀਆਂ ਪਤਨੀਆਂ ਅਤੇ ਬੱਚਿਆਂ ਨੂੰ ਲਿਆਉਣ ਦੀ ਸਰਕਾਰ ਤੋਂ ਇਜਾਜ਼ਤ ਮਿਲੀ ਸੀ। ਅਮਰੀਕਾ ਵਿਚ, ਖਾਸ ਤੌਰ ਉਤੇ ਇੰਪੀਰੀਅਲ ਵੈਲੀ ਵਿਚ ਰਹਿੰਦੇ ਪੰਜਾਬੀਆਂ ਨੇ ਆਪਣੀਆਂ ਪਰਿਵਾਰਕ ਜ਼ਰੂਰਤਾਂ ਨੂੰ ਕੁਝ ਹੋਰ ਢੰਗ ਨਾਲ ਪੂਰਾ ਕੀਤਾ, ਪਰ ਦੋਵਾਂ ਥਾਵਾਂ 'ਤੇ ਦੂਸਰੇ ਦਹਾਕੇ ਵਿਚ ਪੰਜਾਬੀਆਂ ਨੇ ਉਥੋਂ ਦੇ ਵਸਨੀਕਾਂ ਤੋਂ ਇੱਜ਼ਤ ਪ੍ਰਾਪਤ ਕਰ ਲਈ ਸੀ। ਇਹ ਉਨ੍ਹਾਂ ਦੀ ਸਖਤ ਮਿਹਨਤ ਅਤੇ ਆਰਥਿਕ ਤਰੱਕੀ ਕਰ ਕੇ ਸੰਭਵ ਹੋਇਆ ਸੀ।

ਕੈਲੀਫੋਰਨੀਆ ਵਿਚ ਉਨ੍ਹਾਂ ਨੇ ਜ਼ਮੀਨਾਂ ਖਰੀਦ ਲਈਆਂ ਤੇ ਜ਼ਿਮੀਂਦਾਰ ਬਣ ਗਏ ਜਿਸ ਕਰ ਕੇ ਉਹ ਅਮਰੀਕੀਆਂ ਦੀ ਇੱਜ਼ਤ ਦੇ ਹੱਕਦਾਰ ਵੀ ਬਣੇ। ਇਸ ਇੱਜ਼ਤ ਦੀ ਇਕ ਮਿਸਾਲ ਜ਼ਰੂਰੀ ਹੈ। ਜਦੋਂ ਕੈਲੀਫੋਰਨੀਆ ਪ੍ਰਾਂਤ ਦੀ ਸਰਕਾਰ ਨੇ ਏਸ਼ਿਆਈ ਲੋਕਾਂ ਉਤੇ ਜ਼ਮੀਨ ਦੇ ਮਾਲਕ ਬਣਨ ਵਿਰੁੱਧ ਕਾਨੂੰਨ ਪਾਸ ਕੀਤਾ ਤਾਂ ਕਈ ਅਮਰੀਕੀਆਂ ਨੇ ਇਨ੍ਹਾਂ ਜ਼ਮੀਨਾਂ ਨੂੰ ਉਦੋਂ ਤੱਕ ਆਪਸੀ ਸਹਿਮਤੀ ਨਾਲ ਆਪਣੀ ਮਾਲਕੀ ਵਿਚ ਰੱਖਿਆ ਜਦ ਤੱਕ ਇਹ ਕਾਨੂੰਨ ਖਤਮ ਨਹੀਂ ਹੋਇਆ।

ਅਮਰੀਕਾ ਵਿਚ ਰਹਿੰਦੇ ਇਨ੍ਹਾਂ ਪੰਜਾਬੀਆਂ ਨੇ ਆਪਣੀ ਜ਼ਮੀਨ ਬਚਾਉਣ ਤੇ ਪਰਿਵਾਰਕ ਜ਼ਰੂਰਤਾਂ ਪੂਰੀਆਂ ਕਰਨ ਲਈ ਇਕ ਹੋਰ ਢੰਗ ਵੀ ਅਪਣਾਇਆ। ਕੈਲੀਫੋਰਨੀਆ, ਅਮਰੀਕਾ ਦਾ ਮੈਕਸੀਕੋ ਦੇ ਸਰਹੱਦ ਦੇ ਨਾਲ ਲੱਗਦਾ ਪ੍ਰਾਂਤ ਹੈ ਜਿਥੇ ਮੈਕਸੀਕੋ ਤੋਂ ਕਾਫੀ ਗਿਣਤੀ ਵਿਚ ਔਰਤਾਂ ਤੇ ਮਰਦ ਖੇਤਾਂ ਵਿਚ ਕੰਮ ਕਰਨ ਆਉਂਦੇ ਸਨ। ਉਪਰ ਦੱਸੇ ਕਾਨੂੰਨ ਅਨੁਸਾਰ ਉਹ 'ਓਪਰੇ' ਨਹੀਂ ਸਨ। ਪੰਜਾਬੀਆਂ ਨੇ ਕਾਫੀ ਗਿਣਤੀ ਵਿਚ ਮੈਕਸੀਕਨ ਔਰਤਾਂ ਨਾਲ ਵਿਆਹ ਕੀਤਾ। ਪੰਜਾਬੀ ਲੋਕ ਹਿੰਦੂ, ਸਿੱਖ ਅਤੇ ਮੁਸਲਮਾਨ ਸਨ, ਜਦਕਿ ਮੈਕਸੀਕਨ ਰੋਮਨ ਕੈਥੋਲਿਕ ਸਨ। ਵਿਆਹਾਂ ਤੋਂ ਬਾਅਦ ਬੱਚੇ ਹੋਏ ਤੇ ਪਰਿਵਾਰ, ਸਥਾਪਤ ਹੋਂਦ ਵਿਚ ਰਹਿਣ ਲੱਗੇ। ਬੱਚਿਆਂ ਦਾ ਧਾਰਮਿਕ ਸਮਾਜੀਕਰਨ ਰੋਮਨ ਕੈਥੋਲਿਕ ਹੀ ਰਿਹਾ।

ਅਮਰੀਕਾ ਅਤੇ ਕੈਨੇਡਾ ਵਿਚ ਪਹੁੰਚਣ ਵਾਲੇ ਪੰਜਾਬੀਆਂ ਦੀਆਂ ਕੁਝ ਸਾਂਝੀਆਂ ਵਿਸ਼ੇਸ਼ਤਾਵਾਂ ਸਨ ਜਿਨ੍ਹਾਂ ਦਾ ਵਰਣਨ ਕਰਨਾ ਇਥੇ ਜ਼ਰੂਰੀ ਹੈ:

ਬਹੁ-ਗਿਣਤੀ ਪੰਜਾਬੀ ਪਿੰਡਾਂ ਤੋਂ ਕਿਸਾਨ ਪਰਿਵਾਰਾਂ ਨਾਲ ਸਬੰਧਤ ਮਰਦ ਸਨ।

ਇਹ ਆਮ ਤੌਰ 'ਤੇ ਅਨਪੜ੍ਹ ਸਨ। ਅੰਗਰੇਜ਼ੀ ਦੇ ਥੋੜ੍ਹੇ ਜਿਹੇ ਲਫ਼ਜ਼ ਇਨ੍ਹਾਂ ਨੇ ਅੰਗਰੇਜ਼ੀ ਹਕੂਮਤ ਕਾਰਨ ਜਾਣ ਲਏ ਸਨ। ਸਾਧੂ ਸਿੰਘ ਧਾਮੀ ਨੇ ਆਪਣੇ ਨਾਵਲ 'ਮਲੂਕਾ' ਵਿਚ ਜ਼ਿਕਰ ਕੀਤਾ ਹੈ ਕਿ ਕਿਸ ਤਰ੍ਹਾਂ ਦੋ ਪੰਜਾਬੀਆਂ ਨੇ ਮੁਰਗੀ ਦੇ ਅੰਡੇ ਖਰੀਦਣ ਲੱਗਿਆਂ ਦੁਕਾਨਦਾਰ ਨੂੰ ਸਮਝਾਇਆ।

ਬਹੁ-ਗਿਣਤੀ ਪੰਜਾਬੀ ਜੱਟ ਸਿੱਖ ਸਨ, ਸ਼ਾਇਦ 80 ਫੀਸਦੀ ਪੰਜਾਬੀ ਜੱਟ ਸਿੱਖ ਸਨ। ਇਸ ਦਾ ਪਰਵਾਸ ਦੇ ਰੂਪ ਵਿਚ ਅਤੇ ਪੰਜਾਬੀ ਭਾਈਚਾਰੇ ਦੇ ਕਿਰਦਾਰ 'ਤੇ ਡੂੰਘਾ ਪ੍ਰਭਾਵ ਪਿਆ। ਇਸ ਦੇ ਨਤੀਜੇ ਅੱਜ ਵੀ ਵੇਖੇ ਜਾ ਸਕਦੇ ਹਨ।

ਸਿੱਖਾਂ ਦੇ ਬਹੁ-ਗਿਣਤੀ ਵਿਚ ਵਖਰੇਵੇਂ ਵਾਲਾ ਰੁਝਾਨ ਨਹੀਂ ਸੀ। ਕੁਝ ਹੀ ਸਾਲਾਂ ਵਿਚ ਗੁਰਦੁਆਰੇ ਨਾ ਸਿਰਫ ਪੰਜਾਬੀਆਂ, ਬਲਕਿ ਬਾਕੀ ਪਰਵਾਸੀਆਂ ਲਈ ਵੀ ਸਭਿਆਚਾਰਕ ਕੇਂਦਰ ਬਣ ਗਏ।

ਜ਼ਿਆਦਾਤਰ ਪੰਜਾਬੀ ਮਜ਼ਦੂਰ ਜਮਾਤ ਨਾਲ ਹੀ ਸਬੰਧਤ ਸਨ। ਕੁਝ ਪੰਜਾਬੀ ਭਾਵੇਂ ਆਰਥਿਕ ਤਰੱਕੀ ਕਰ ਗਏ, ਪਰ ਇਹ ਸਾਰੇ ਪੰਜਾਬੀਆਂ ਲਈ ਸਾਂਝੀ ਵਿਸ਼ੇਸ਼ਤਾ ਨਹੀਂ ਸੀ, ਪਰ ਸਭ ਤੋਂ ਸਾਂਝਾ ਗੁਣ ਇਨ੍ਹਾਂ ਮੁੱਢਲੇ ਪੰਜਾਬੀਆਂ ਦਾ ਇਹ ਦੇਖਣ ਵਿਚ ਆਉਂਦਾ ਹੈ ਕਿ 1929-32 ਦੇ ਵਿਸ਼ਵ ਵਿਆਪੀ ਆਰਥਿਕ ਸੰਕਟ ਵਿਚ ਇਹ ਡਟੇ ਰਹੇ। ਸਾਨੂੰ ਸਾਰਿਆਂ ਨੂੰ ਇਹ ਪਤਾ ਹੀ ਹੈ ਕਿ ਪੰਜਾਬ ਵਿਚ ਭਾਰਤ ਦੀ ਆਜ਼ਾਦੀ ਲਈ ਹਥਿਆਰਬੰਦ ਸੰਘਰਸ਼ ਅਮਰੀਕਾ ਤੇ ਕੈਨੇਡਾ ਤੋਂ ਵਾਪਸ ਆਏ ਗਦਰੀ ਬਾਬਿਆਂ ਨੇ ਆਰੰਭ ਕੀਤਾ ਸੀ।

**ਪੰਜਾਬੀਆਂ ਦਾ ਇੰਗਲੈਂਡ ਪਹੁੰਚਣਾ:** ਇੰਗਲੈਂਡ ਵੱਲ ਭਾਰਤੀ ਲੋਕਾਂ ਦਾ ਜਾਣਾ ਭਾਵੇਂ ਬਹੁਤ ਪਹਿਲਾਂ ਤੋਂ ਹੀ ਸ਼ੁਰੂ ਹੋ ਗਿਆ ਸੀ, ਪਰ ਪੰਜਾਬੀਆਂ ਦਾ ਉਥੇ ਵੱਸਣਾ ਦੋ ਮਹਾਂ ਯੁੱਧਾਂ ਦੇ ਵਿਚਕਾਰ ਦੇ ਸਮੇਂ ਵਿਚ ਸ਼ੁਰੂ ਹੋਇਆ। ਹੁਣ ਇਹ ਗੱਲ ਦਿਲਚਸਪੀ ਵਾਲੀ ਲੱਗੇਗੀ ਕਿ ਪੰਜਾਬੀਆਂ ਵਿਚ ਸਭ ਤੋਂ ਪਹਿਲਾਂ ਭਾਟੜੇ ਸਿੱਖਾਂ ਨੇ ਉਥੇ ਜਾ ਕੇ ਵੱਸਣਾ ਸ਼ੁਰੂ ਕੀਤਾ ਸੀ। ਉਨ੍ਹਾਂ ਨੇ ਘਰ-ਘਰ ਜਾ ਕੇ ਫੇਰੀ ਲਾ ਕੇ ਚੀਜ਼ਾਂ ਵੇਚਣ, ਖਾਸ ਕਰ ਕੇ ਉਧਾਰ 'ਤੇ ਕੰਮ ਸ਼ੁਰੂ ਕੀਤਾ। ਹੌਲੀ-ਹੌਲੀ ਹੋਰ ਸਿੱਖ ਅਤੇ ਦੂਸਰੇ ਪੰਜਾਬੀ ਵੀ ਇੰਗਲੈਂਡ ਵਿਚ ਵੱਸਣੇ ਸ਼ੁਰੂ ਹੋ ਗਏ। ਇਨ੍ਹਾਂ ਸਿੱਖਾਂ ਦੇ ਪ੍ਰਸੰਗ ਵਿਚ ਬਹੁਤ ਜ਼ਿਆਦਾ ਖੋਜ ਨਹੀਂ ਹੋਈ। ਇਨ੍ਹਾਂ ਮੁਢਲੇ ਪਰਵਾਸੀਆਂ ਦੀ ਸਭ ਤੋਂ ਵੱਡੀ ਭੂਮਿਕਾ ਇਹ ਹੈ ਕਿ 1950 ਤੋਂ ਬਾਅਦ ਸ਼ੁਰੂ ਹੋਏ ਬਹੁਤ ਵੱਡੇ ਪੈਮਾਨੇ 'ਤੇ ਪੰਜਾਬੀਆਂ ਦੇ ਪਰਵਾਸ ਨੂੰ ਇਨ੍ਹਾਂ ਨੇ ਸੰਭਾਲਿਆ ਅਤੇ ਰਹਿਣ ਲਈ ਘਰ ਦਿੱਤੇ।

---

# ਲੁਧਿਆਣੇ ਦਾ ਦੀਵਾਨ ਚੰਦ ਅਤੇ ਕੁਲਦੀਪ ਮਾਨਕ

*(ਸਫਾ 25 ਦੀ ਬਾਕੀ)*

ਦੋ ਹਜ਼ਾਰ ਅੱਠ ਵਿਚ ਜਦੋਂ ਮੈਂ ਅਮਰੀਕਾ ਸੀ ਤਦ ਇਕ ਫੋਨ ਮੈਨੂੰ ਨਿਊ ਯਾਰਕ ਤੋਂ ਆਇਆ। ਵਾਰਤਾਲਾਪ ਸੁਣੋ;

"ਤੁਸੀਂ ਅਸ਼ੋਕ ਭੌਰਾ ਬੋਲਦੇ ਹੋ?"

ਮੈਂ ਕਿਹਾ, "ਹਾਂ ਜੀ।"

"ਤੁਸੀਂ ਮੈਨੂੰ ਜਾਣਦੇ ਹੋ, ਤੁਹਾਨੂੰ ਲੋਕ ਬਹੁਤ ਜਾਣਦੇ ਨੇ, ਤੁਹਾਨੂੰ ਕੋਈ ਕੰਮ ਧੰਦਾ ਕਰਨ ਦੀ ਲੋੜ ਹੀ ਨਹੀਂ। ਕਿਸਮਤ ਤੁਹਾਡੀ ਮੈਂ ਖੋਲ੍ਹ ਦਿਆਂਗਾ ਬਸ ਜਿਵੇਂ ਮੈਂ ਕਹੂੰ ਉਵੇਂ ਕਰਨਾ।"

ਮੈਂ ਕਿਹਾ, "ਕਰਨਾ ਕੀ ਐ?"

ਕਹਿੰਦਾ, "ਗਾਹਕ ਲਿਆਉਣੇ ਆ, ਤੇ ਖਿਆਲ ਰੱਖਣਾ ਕਿ ਗਾਹਕਾਂ ਵਿਚ ਔਰਤਾਂ ਵੱਧ ਹੋਣ। ਕਿਤੇ ਇਕ ਅੱਧੀ ਲਾਈਨ ਕਿਸੇ ਅਖਬਾਰ ਵਿਚ ਲਿਖਣੀ ਐ, ਲਾਈਨਾਂ ਲੱਗ ਜਾਣਗੀਆਂ। ਪਰ ਹੁਣ ਬੋਲੀਂ ਨਾ, ਇੰਡੀਆ ਵਿਚ ਰੁਪਈਏ ਸੀ ਇਥੇ ਡਾਲਰ ਨੇ।"

ਮੈਂ ਕਿਹਾ, "ਮਿੱਤਰਾ ਦੱਸ ਤਾਂ ਦੇ ਤੂੰ ਹੈ ਕੌਣ?"

ਉਚੀ ਉਚੀ ਹੱਸਦਿਆਂ ਬੋਲਿਆ, "ਪਹਿਲਾਂ ਮੈਂ ਦੀਵਾਨ ਚੰਦ ਸੀ, ਫਿਰ ਰਾਧੇ ਸ਼ਿਆਮ ਤੇ ਹੁਣ ਅਮਰੀਕਾ ਆ ਕੇ...ਬਣ ਗਿਆਂ।"

ਲੁੱਚੇ, ਬਦਮਾਸ਼ ਤੇ ਠਗ ਲਈ ਕਸ਼ਮੀਰ ਤੇ ਕੰਨਿਆ ਕੁਮਾਰੀ ਇੱਕੋ ਜਿਹੇ ਹੀ ਹੁੰਦੇ ਨੇ। ਇਨ੍ਹਾਂ ਨੂੰ ਪਤਾ ਹੁੰਦੈ ਕਿ ਲੋਕੀਂ ਜਾ ਕੇ ਜਿਥੇ ਮਰਜ਼ੀ ਵਸਣ, ਵਹਿਮਾਂ ਤੇ ਭਰਮਾਂ ਦੀ ਖਿਚੜੀ ਪਕਾਉਣ ਲਈ ਸਮਾਨ ਨਾਲ ਹੀ ਲੈ ਕੇ ਗਏ ਹੁੰਦੇ ਨੇ ਤੇ ਉਂਜ ਵੀ ਗਰੀਬ ਦੀ ਮੌਤ ਡਾਕਟਰ ਕੋਲ ਜਾ ਕੇ ਵੀ ਛੇਤੀ ਤਾਂ ਹੋ ਜਾਂਦੀ ਹੈ ਕਿ ਡਾਕਟਰ ਨੂੰ ਡਰ ਹੁੰਦਾ ਹੈ ਕਿ ਭੁਗਤਾਨ ਨਹੀਂ ਹੋਵੇਗਾ ਤੇ ਇਲਾਜ ਸ਼ੁਰੂ ਹੀ ਨਹੀਂ ਹੁੰਦਾ।

# ਰਣਜੀਤ ਸਿੰਘ ਗਿੱਲ



ਟੈਕਸੀਨਾਮਾ

15

ਹਰਪ੍ਰੀਤ ਸਿੰਘ ਸੇਖਾ
ਫੋਨ: 778-231-1189
hsekha@hotmail.com

**ਕੈਨੇਡਾ ਵੱਸਦੇ ਨੌਜਵਾਨ ਲੇਖਕ ਹਰਪ੍ਰੀਤ ਸੇਖਾ ਨੇ ਐਤਕੀਂ ਕੈਨੇਡਾ ਦੇ ਟੈਕਸੀ ਬਿਜ਼ਨੈਸ ਵਿਚ ਮੱਲਾਂ ਮਾਰਨ ਵਾਲੇ ਇਕਬਾਲ ਸਿੰਘ ਅਟਵਾਲ ਬਾਰੇ ਚਰਚਾ ਕੀਤੀ ਹੈ। ਮਨਬਚਨੀ ਦੇ ਸਟਾਈਲ ਵਿਚ ਲਿਖੇ ਇਸ ਲੇਖ ਵਿਚ ਪਹਿਲੀਆਂ ਵਿਚ ਪੰਜਾਬੀਆਂ ਨੂੰ ਦਰਪੇਸ਼ ਦਿੱਕਤਾਂ ਦੇ ਦਰਸ਼ਨ ਹੁੰਦੇ ਹਨ। ਹਰਪ੍ਰੀਤ ਸੇਖਾ ਬੁਨਿਆਦੀ ਰੂਪ ਵਿਚ ਕਹਾਣੀਕਾਰ ਹੈ। ਉਹਦੇ ਦੋ ਕਹਾਣੀ ਸੰਗ੍ਰਿਹ 'ਬੀ ਜੀ ਮੁਸਕਰਾ ਪਏ' ਅਤੇ 'ਬਾਰਾਂ ਬੂਹੇ' ਛਪ ਚੁੱਕੇ ਹਨ। 'ਟੈਕਸੀਨਾਮਾ' ਉਹਦੀ ਨਿਵੇਕਲੀ ਰਚਨਾ ਹੈ ਜਿਸ ਵਿਚ ਉਹਨੇ ਟੈਕਸੀ ਚਲਾਉਣ ਵਾਲਿਆਂ ਦੇ ਕਿੱਤੇ ਅਤੇ ਮਨਾਂ ਅੰਦਰ ਝਾਤੀ ਮਾਰੀ ਹੈ। -ਸੰਪਾਦਕ**

ਮੈਂ ਬੀ.ਸੀ. ਰੇਲ ਕੰਪਨੀ 'ਚ ਕੰਮ ਕਰਦਾ ਸੀ। ਜਦੋਂ ਉਥੋਂ ਜੌਬ ਖਤਮ ਹੋ ਗਈ, ਮੈਂ ਸਰੀ ਆ ਗਿਆ। 1976 ਵਿਚ 'ਡੈਲਟਾ ਸੰਨ ਸ਼ਾਈਨ ਕੈਬ ਕੰਪਨੀ' ਵਿਚ ਟੈਕਸੀ ਚਲਾਉਣ ਲੱਗ ਪਿਆ। ਚਲਾਉਣ ਵਾਸਤੇ ਮੈਨੂੰ ਟੈਕਸੀ ਸਾਊਥ ਡੈਲਟਾ 'ਚੋਂ ਚੁੱਕਣੀ ਪੈਂਦੀ ਸੀ। ਘਰੋਂ ਦੂਰ ਪੈਂਦਾ ਸੀ। ਮੈਂ ਸੋਚਿਆ, ਜੇ ਟੈਕਸੀ ਚਲਾਉਣੀ ਹੀ ਹੈ ਤਾਂ ਕਿਉਂ ਨਾ ਸਰੀ ਵਿਚ ਚਲਾਵਾਂ।

ਸਰੀ 'ਚ ਉਦੋਂ ਇਕ ਟੈਕਸੀ ਕੰਪਨੀ ਸੀ-ਪਰਾਈਡ ਡੈਲ ਟੈਕਸੀ। ਇਸ ਟੈਕਸੀ ਕੰਪਨੀ ਦੀ ਸ਼ੁਰੂਆਤ ਬਾਰੇ ਵੀ ਦੱਸ ਦਿਆਂ। ਇਕ ਕਾਲਾ ਬਰਨਬੀ ਦੀ ਬੌਨੀਜ਼ ਟੈਕਸੀ ਚਲਾਉਂਦਾ ਸੀ। ਉਸ ਦੀ ਘਰਵਾਲੀ ਸਰੀ ਦੇ ਸਕੂਲ ਵਿਚ ਪੜ੍ਹਾਉਂਦੀ ਸੀ। ਉਹ ਬੰਦਾ ਆਪਣੀ ਘਰਵਾਲੀ ਨੂੰ ਸਰੀ ਛੱਡਣ ਆਉਂਦਾ ਸੀ। ਇਹ 1973-74 ਦੀ ਗੱਲ ਹੈ। ਸਰੀ ਵਿਚ ਟੈਕਸੀ ਦੀ ਮੰਗ ਬਹੁਤ ਸੀ ਉਦੋਂ। ਉਸ ਨੇ ਇਥੇ ਕਿੰਗ ਜੌਰਜ ਹਾਈਵੇ 'ਤੇ ਖੜ੍ਹੀਆਂ ਸਵਾਰੀਆਂ ਚੁੱਕੀ ਜਾਣੀਆਂ, ਨਾਲ ਦੀ ਨਾਲ ਉਨ੍ਹਾਂ ਤੋਂ ਪਟੀਸ਼ਨ 'ਤੇ ਸਾਈਨ ਕਰਵਾਈ ਜਾਣੇ ਕਿ ਸਰੀ ਵਿਚ ਹੋਰ ਟੈਕਸੀਆਂ ਦੀ ਜ਼ਰੂਰਤ ਹੈ। ਉਦੋਂ ਟੈਕਸੀਆਂ ਕੰਟਰੋਲ ਕਰਨ ਲਈ ਐਮ.ਸੀ.ਸੀ. (ਮੋਟਰ ਕਰੀਅਰ ਕਮਿਸ਼ਨ) ਹੁੰਦਾ ਸੀ ਵਿਕਟੋਰੀਆ। ਉਸ ਬੰਦੇ ਨੇ ਕਮਿਸ਼ਨ ਕੋਲ ਪਟੀਸ਼ਨਾਂ ਲਿਜਾ ਕੇ ਅਪਲਾਈ ਕਰ ਦਿੱਤਾ। ਉਸ ਨੂੰ ਪੰਦਰਾਂ ਲਾਈਸੈਂਸ ਮਿਲ ਗਏ, ਤੇ ਉਸ ਨੇ ਪਰਾਈਡ ਟੈਕਸੀ ਕੰਪਨੀ ਖੋਲ੍ਹ ਲਈ। ਉਸ ਤੋਂ ਪਹਿਲਾਂ ਸਰੀ ਵਿਚ ਤਿੰਨ ਟੈਕਸੀ ਕੰਪਨੀਆਂ ਹੁੰਦੀਆਂ ਸਨ। ਇਕ ਸੀ ਨਿਊਟਨ, ਇਕ ਹੁੰਦੀ ਸੀ ਵਾਲ੍ਹੀ ਟੈਕਸੀ ਤੇ ਇਕ ਸੀ ਹਾਈਵੇ ਟੈਕਸੀ। ਤਿੰਨਾਂ ਕੋਲ ਪੰਜ-ਪੰਜ ਲਾਈਸੈਂਸ ਹੁੰਦੇ ਸੀ। ਬਾਅਦ ਵਿਚ ਇਹ ਤਿੰਨੇ ਰਲ ਕੇ ਇੱਕ ਕੰਪਨੀ ਬਣ ਗਈ ਜਿਸ ਦਾ ਨਾਂ ਉਨ੍ਹਾਂ ਨਿਊਟਨ ਵਾਲ੍ਹੀ ਹਾਈਵੇ ਟੈਕਸੀ ਰੱਖ ਲਿਆ। ਜਾਂ ਉਧਰ ਡੈਲਟਾ ਸੰਨ ਸ਼ਾਈਨ ਟੈਕਸੀ ਹੁੰਦੀ ਸੀ। ਉਹ ਸਕਾਟ ਰੋਡ ਤੱਕ ਹੀ ਹੁੰਦੀ ਸੀ। ਇੱਕ ਡੈਲ ਕੈਬ ਹੁੰਦੀ ਸੀ। ਉਸ ਦਾ ਮਾਲਕ ਸੀ.ਐਨ. ਰੇਲਵੇ ਵਿਚ ਲੋਕੋਮੋਟਿਵ ਇੰਜਨੀਅਰ ਸੀ। ਡੈਲ ਕੈਬ ਸਿਰਫ ਸੀ.ਐਨ. ਰੇਲਵੇ ਦੇ ਕਾਮਿਆਂ ਨੂੰ ਘਰੋਂ ਕੰਮ 'ਤੇ ਅਤੇ ਕੰਮ ਤੋਂ ਘਰ ਛੱਡਣ ਦਾ ਕੰਮ ਕਰਦੀ ਸੀ। ਉਸ ਇੰਜਨੀਅਰ ਦੀ ਮੌਤ ਹੋ ਗਈ ਤੇ ਉਸ ਦੇ ਮੁੰਡਿਆਂ ਨੇ ਉਹ ਕੰਪਨੀ ਪਰਾਈਡ ਵਾਲੇ ਕਾਲੇ ਨੂੰ ਦਸ ਹਜ਼ਾਰ ਵਿਚ ਵੇਚ ਦਿੱਤੀ। ਉਸ ਕੰਪਨੀ ਕੋਲ ਦਸ ਟੈਕਸੀਆਂ ਸੀ। ਕਾਲੇ ਨੇ ਉਸ ਦਾ ਨਾਂ ਰੱਖ ਦਿੱਤਾ ਪਰਾਈਡ ਡੈਲ ਟੈਕਸੀ, ਤੇ ਉਸ ਕੋਲ ਪੱਚੀ ਟੈਕਸੀਆਂ ਹੋ ਗਈਆਂ। ਉਸ ਕੰਪਨੀ ਦਾ ਦਫ਼ਤਰ ਹੁੰਦਾ ਸੀ ਕਿੰਗ ਜੌਰਜ ਹਾਈਵੇ 'ਤੇ 107 ਐਵੀਨਿਊ ਉਤੇ। ਮੇਰਾ ਘਰ ਨੇੜੇ ਹੀ ਹੁੰਦਾ ਸੀ, ਤੇ ਮੈਂ ਤੁਰ ਕੇ ਅਪਲਾਈ ਕਰਨ ਚਲਿਆ ਜਾਣਾ। ਉਹ ਕਾਲਾ ਮੈਨੂੰ ਜੌਬ ਨਾ ਦੇਵੇ। ਮੈਨੂੰ ਲੱਗਿਆ ਕਰੇ, ਬਈ ਇਹ ਵਿਤਕਰਾ ਕਰਦਾ। ਇੱਕ ਦਿਨ ਮੈਂ ਉਸ ਤੋਂ ਪੁੱਛ ਹੀ ਲਿਆ, ਵਿਚੋਂ ਗੱਲ ਕੀ ਹੈ? ਕਹਿੰਦਾ, ਤੂੰ ਟੈਕਸੀ ਤਾਂ ਚਲਾਉਣੀ ਨਹੀਂ, ਤੇਰੇ ਕੋਲ ਟਰੱਕ ਦਾ ਲਾਈਸੈਂਸ ਹੈ। ਜਿਸ ਦਿਨ ਤੈਨੂੰ ਟਰੱਕ 'ਤੇ ਜੌਬ ਮਿਲ ਗਈ, ਤੂੰ ਟਰੱਕ 'ਤੇ ਚਲਿਆ ਜਾਣੈ।

ਮੇਰੇ ਕੋਲ ਕਲਾਸ ਵੰਨ ਲਾਈਸੈਂਸ ਸੀ। ਟੈਕਸੀ ਦਾ ਥੋਨੂੰ ਪਤਾ ਹੀ ਹੈ ਕਿ ਕਲਾਸ ਫੋਰ ਚਾਹੀਦਾ ਹੁੰਦੈ। ਕਲਾਸ ਵੰਨ ਨਾਲ ਸਾਰਾ ਕੁਝ ਹੀ ਚਲਾ ਸਕਦੇ ਆਂ। ਇਸ ਕਰ ਕੇ ਮੈਂ ਉਹ ਹੀ ਲੈ ਲਿਆ ਸੀ। ਤੇ ਭਾਈ ਉਸ ਕਾਲੇ ਨੂੰ ਮੈਂ ਇਹ ਦੱਸ ਦਿੱਤਾ। ਉਸ ਨੇ ਮੈਨੂੰ ਜੌਬ ਦੇ ਦਿੱਤੀ। ਚਾਰ ਮਹੀਨੇ ਟੈਕਸੀ ਚਲਾਈ, ਫਿਰ ਮੈਨੂੰ ਲੱਕੜ ਮਿੱਲ ਵਿਚ ਜੌਬ ਮਿਲ ਗਈ। ਜਦੋਂ ਮੈਂ ਕਾਲੇ ਨੂੰ ਦੱਸਿਆ, ਉਹ ਕਹਿੰਦਾ, ਕਿਉਂ...ਕਿਹਾ ਸੀ ਨਾ ਤੈਨੂੰ, ਕਿ ਤੂੰ ਟੈਕਸੀ ਨੀਂ ਚਲਾਉਣੀ। ਮੈਂ ਕਿਹਾ, ਮੈਂ ਘਰ ਖਰੀਦਿਆ, ਟੈਕਸੀ ਦੀ ਕਮਾਈ ਨਾਲ ਸਰਦਾ ਨੀਂ, ਵੀਕਐਂਡ 'ਤੇ ਟੈਕਸੀ ਚਲਾ ਲਿਆ ਕਰੂੰ। ਉਦੋਂ ਮਿੱਲ ਵਿਚ ਸੱਤ ਡਾਲਰ ਘੰਟਾ ਮਿਲਦੇ ਸੀ। ਸਾਰੇ ਹੋਰ ਬੈਨੀਫਿਟ ਹੁੰਦੇ ਸੀ। ਟੈਕਸੀ 'ਚ ਬਾਰ੍ਹਾਂ ਘੰਟਿਆਂ ਦੀ ਸ਼ਿਫਟ ਵਿਚ ਸੱਠ-ਪੈਂਹਟ ਡਾਲਰ ਬਣਦੇ ਹੁੰਦੇ ਸੀ ਤੇ ਉਹਦਾ ਅੱਧ ਤੀਹ ਕੁ ਡਾਲਰ ਘਰੇ ਲਿਆਉਂਦੇ ਸੀ। ਕੋਈ ਬੈਨੀਫਿਟ ਨਹੀਂ ਸੀ ਹੁੰਦਾ।

ਹਾਲੇ ਮੈਂ ਪੰਜ-ਛੇ ਵੀਕਐਂਡ ਹੀ ਟੈਕਸੀ ਚਲਾਈ ਹੋਣੀ ਐ ਕਿ ਟੈਕਸੀ ਦਫ਼ਤਰ ਦੇ ਮੂਹਰੇ ਕੰਪਨੀ ਦੇ ਬੈਂਕਰਪਟ ਹੋਣ ਦਾ ਵੱਡਾ ਨੋਟਿਸ ਟੰਗਿਆ ਦੇਖਿਆ। ਉਨ੍ਹਾਂ ਦਿਨਾਂ 'ਚ ਉਸ ਟੈਕਸੀ ਕੰਪਨੀ ਵਿਚ ਆਪਣੇ ਚਾਰ ਪੰਜਾਬੀ ਮੁੰਡੇ ਟੈਕਸੀ ਲੀਜ਼ ਕਰਦੇ ਹੁੰਦੇ ਸੀ। ਇੱਕ ਸਰੋਤਾ ਫੈਮਿਲੀ 'ਚੋਂ ਸੀ ਜਿਹੜੇ ਐਬਸਫੋਰਡ ਵਿਚ ਗਾਜਰਾਂ ਉਗਾਉਂਦੇ ਆ। ਅਵਤਾਰ ਸੀ, ਸ਼ੇਕਰ ਸੀ, ਗੈਰੀ ਰਖਰਾ ਸੀ, ਇੱਕ ਗੋਰਾ ਸੀ ਡੇਵ ਯੰਗ। ਇਨ੍ਹਾਂ ਨੇ ਮੀਟਿੰਗ ਕਰ ਕੇ ਸਲਾਹ ਬਣਾਈ ਤੇ ਵਿਕਟੋਰੀਆ ਚਲੇ ਗਏ ਮੋਟਰ ਕਰੀਅਰ ਕਮਿਸ਼ਨ ਕੋਲ। ਉਨ੍ਹਾਂ ਨੂੰ ਦੋ ਲਾਈਸੈਂਸ ਮਿਲ ਗਏ। ਉਨ੍ਹਾਂ ਨੇ ਕੰਪਨੀ ਸ਼ੁਰੂ ਕਰ ਲਈ, ਤੇ ਨਾਂ ਰੱਖ ਲਿਆ ਸਰਡੈਲ ਟੈਕਸੀ। ਫਿਰ ਇਨ੍ਹਾਂ ਨੇ ਬੇਸਮੈਂਟ ਵਿਚੋਂ ਕੰਮ ਸ਼ੁਰੂ ਕਰ ਦਿੱਤਾ। ਕਿਸੇ ਨੇ ਸ਼ਿਕਾਇਤ ਕਰ ਦਿੱਤੀ ਕਿ ਘਰੋਂ ਬਿਜ਼ਨੈਸ ਕਰਦੇ ਆ। ਫਿਰ ਉਨ੍ਹਾਂ ਨੂੰ ਕਿੰਗ ਜੌਰਜ 'ਤੇ 107 'ਤੇ ਆਫਿਸ ਲੈਣਾ ਪਿਆ।

ਮੈਂ ਫਿਰ 1977 ਵਿਚ ਡੇਵ ਯੰਗ ਵਾਸਤੇ ਪਾਰਟ ਟਾਈਮ ਟੈਕਸੀ ਚਲਾਉਣ ਲੱਗ ਪਿਆ। ਉਦੋਂ ਤੱਕ ਉਨ੍ਹਾਂ ਕੋਲ ਬਾਰਾਂ ਟੈਕਸੀਆਂ ਹੋ ਗਈਆਂ ਸਨ। 1979 ਵਿਚ ਮੇਰੀ ਮਿੱਲ ਰੈਨੋਵੇਸ਼ਨ ਵਾਸਤੇ ਬੰਦ ਹੋ ਗਈ। ਮੇਰਾ ਇੱਕ ਜੀਅ ਕਰੇ, ਬਈ ਰਿਚਮੰਡ ਪਲਾਈ ਵੁੱਡ ਮਿੱਲ ਵਿਚ ਆਪਣਾ ਸ਼ੇਅਰ ਖਰੀਦ ਲਵਾਂ। ਉਦੋਂ ਉਸ ਦਾ ਸ਼ੇਅਰ ਮੈਨੂੰ ਬਾਈ ਹਜ਼ਾਰ ਡਾਲਰ ਵਿਚ ਮਿਲਦਾ ਸੀ। ਫਿਰ ਸੋਚ-ਸੋਚ ਕੇ ਸਾਢੇ ਅੱਠ ਹਜ਼ਾਰ ਡਾਲਰ ਵਿਚ ਡੇਢ ਟੈਕਸੀ ਖਰੀਦ ਲਈ। ਅੱਧਾ ਸ਼ੇਅਰ ਪਿਛੋਂ ਖਰੀਦ ਲਿਆ। ਮੇਰੇ ਕੋਲ ਦੋ ਟੈਕਸੀਆਂ ਹੋ ਗਈਆਂ। ਕੰਮ ਕਰਦੇ ਰਹੇ, ਫਿਰ ਤਿੰਨ ਟੈਕਸੀਆਂ ਕਰ ਲਈਆਂ।

ਫਿਰ ਗੈਸ ਸਟੇਸ਼ਨ ਖਰੀਦ ਲਿਆ ਕਿਸੇ ਨਾਲ ਰਲ ਕੇ। ਉਥੇ ਟੈਕਸੀਆਂ ਨੂੰ ਗੈਸ ਪਾਈ ਜਾਣਾ, ਨਾਲੇ ਟੈਕਸੀਆਂ ਠੀਕ ਕਰਨੀਆਂ। ਮਿੱਲ ਵਿਚ ਵੀ ਕੰਮ ਕਰੀ ਜਾਣਾ। ਫਿਰ ਸਾਡੇ ਨੇੜੇ ਇੱਕ ਹੋਰ ਗੈਸ ਸਟੇਸ਼ਨ ਖੁੱਲ੍ਹ ਗਿਆ ਤੇ ਸਾਡਾ ਮੁਨਾਫਾ ਘਟ ਗਿਆ। ਮੈਂ ਆਪਣੀ ਭਾਈਵਾਲੀ ਕੱਢ ਲਈ। ਫਿਰ ਹੋਰ ਟੈਕਸੀਆਂ ਖਰੀਦ ਲਈਆਂ। ਇਉਂ ਮੇਰੇ ਕੋਲ ਪੰਜ ਟੈਕਸੀਆਂ ਹੋ ਗਈਆਂ। ਮੇਰੇ ਭਰਾ ਕੋਲ ਵੀ ਟੈਕਸੀਆਂ ਸੀ ਅਤੇ ਘਰਵਾਲੀ ਦੇ ਭਰਾਵਾਂ ਕੋਲ ਵੀ। ਸਾਡੇ ਪਰਿਵਾਰ ਦੀਆਂ ਹੀ ਦਸ-ਬਾਰਾਂ ਟੈਕਸੀਆਂ ਸੀ।

ਜਦੋਂ 90ਵਿਆਂ ਵਿਚ ਐਨ.ਡੀ.ਪੀ. ਦੀ ਸਰਕਾਰ ਬਣੀ ਤਾਂ ਇਨ੍ਹਾਂ ਨੇ ਕੁਝ ਨਵੇਂ ਰੂਲ ਬਣਾ ਦਿੱਤੇ ਕਿ ਡਰਾਈਵਰ ਨੂੰ ਘੱਟੋ-ਘੱਟ ਤਨਖਾਹ ਦੇਣੀ ਹੀ ਪਿਆ ਕਰੇਗੀ, ਭਾਵੇਂ ਟੈਕਸੀ ਵਿਚ ਕਿੰਨੀ ਵੀ ਘੱਟ ਕਮਾਈ ਕਿਉਂ ਨਾ ਹੋਵੇ। ਹੋਰ ਵੀ ਸਹੂਲਤਾਂ ਜਿਵੇਂ ਛੁੱਟੀਆਂ ਦੀ ਤਨਖਾਹ, ਮੈਡੀਕਲ ਤੇ ਹੋਰ। ਇਹ ਲਾਗੂ ਤਾਂ ਨਾ ਹੋਏ, ਪਰ ਅਸੀਂ ਡਰਦਿਆਂ ਨੇ ਇੱਕ-ਇੱਕ ਟੈਕਸੀ ਕੋਲ ਰੱਖ ਕੇ ਬਾਕੀ ਵੇਚ ਦਿੱਤੀਆਂ। ਮੈਂ 1981 ਵਿਚ ਹੀ ਕੰਪਨੀ ਦਾ ਪ੍ਰੈਜ਼ੀਡੈਂਟ ਬਣ ਗਿਆ ਸੀ।

ਉਦੋਂ ਦੀ ਹੀ ਇੱਕ ਹੋਰ ਗੱਲ ਦੱਸਦਾਂ। ਮੁੰਡਾ ਹੁੰਦਾ ਸੀ ਜਸਵੀਰ ਬੱਲ। ਉਹ ਰਾਤ ਨੂੰ ਪੱਗ ਬੰਨ੍ਹ ਕੇ ਟੈਕਸੀ ਚਲਾਉਣ ਲੱਗ ਪਿਆ। ਉਸ ਤੋਂ ਪਹਿਲਾਂ ਕੋਈ ਦੇਖਿਆ ਹੀ ਨਹੀਂ ਸੀ ਪੱਗ ਬੰਨ੍ਹ ਕੇ ਟੈਕਸੀ ਚਲਾਉਂਦਾ। ਗੋਰਿਆਂ ਦੀਆਂ ਸ਼ਿਕਾਇਤਾਂ ਬਹੁਤ



ਆਉਣ ਲੱਗ ਪਈਆਂ, ਬਈ ਸਿਰ 'ਤੇ ਰੈਗ ਬੰਨ੍ਹ ਕੇ ਟੈਕਸੀ ਚਲਾਈ ਜਾਂਦੇ ਆ। ਸਾਡੇ ਸ਼ੇਅਰ ਹੋਲਡਰ ਗੁੱਸੇ ਹੋਣ ਲੱਗ ਪਏ ਕਿ ਇਹਨੂੰ ਹਟਾਉਂਦਾ ਕਿਉਂ ਨੀਂ। ਸਾਡੇ ਮੁਕਾਬਲੇ 'ਤੇ ਜਿਹੜੀ ਨਿਊਟਨ ਵਾਲ੍ਹੀ ਟੈਕਸੀ ਸੀ, ਉਹ ਤਿੰਨ ਗੋਰਿਆਂ ਕੋਲ ਸੀ। ਉਨ੍ਹਾਂ ਨੇ ਯੈਲੋ ਕੈਬ ਵਿਚੋਂ ਆਪਣੀਆਂ ਟੈਕਸੀਆਂ ਵੇਚ ਕੇ ਇਹ ਕੰਪਨੀ 79-80 ਵਿਚ ਖਰੀਦ ਲਈ ਸੀ। ਉਹ ਤਾਂ ਆਪਣੇ ਬੰਦੇ ਨੂੰ ਡਰਾਈਵਰ ਵੀ ਨਹੀਂ ਸੀ ਰੱਖਦੇ।

ਮੈਂ ਕੰਪਨੀ ਦੇ ਵਕੀਲ ਨਾਲ ਗੱਲ ਕੀਤੀ। ਉਸ ਨੇ ਕੰਪਨੀ ਦਾ ਸੰਵਿਧਾਨ ਪੜ੍ਹ ਕੇ ਦੱਸਿਆ, ਬਈ ਅਸੀਂ ਉਸ ਨੂੰ ਹਟਾ ਨਹੀਂ ਸਕਦੇ, ਸਿਰਫ਼ ਬੇਨਤੀ ਕਰ ਸਕਦੇ ਹਾਂ। ਮੈਂ ਉਸ ਡਰਾਈਵਰ ਨੂੰ ਸੱਦ ਕੇ ਕਿਹਾ ਕਿ ਟੈਕਸੀ ਪੱਗ ਬੰਨ੍ਹ ਕੇ ਜੀਅ ਸਦਕੇ ਚਲਾ, ਪਰ ਜੇ ਤੂੰ ਦਿਨੇ ਚਲਾ ਲਿਆ ਕਰੇਂ? ਰਾਤ ਨੂੰ ਸ਼ਰਾਬੀ ਹੋਏ ਬੰਦੇ ਬਹੁਤੀਆਂ ਸ਼ਿਕਾਇਤਾਂ ਕਰਦੇ ਆ। ਚਲੋ ਜੀ, ਜਸਵੀਰ ਦਿਨੇ ਟੈਕਸੀ ਚਲਾਉਣ ਲੱਗ ਪਿਆ। ਤੇ ਮੈਂ ਉਧਰ ਡਾਊਨ-ਟਾਊਨ ਵਿਚ ਜਿਹੜੇ ਆਪਣੇ ਮੁੰਡੇ ਟੈਕਸੀ ਚਲਾਉਂਦੇ ਸੀ, ਉਨ੍ਹਾਂ ਨੂੰ ਉਤਸ਼ਾਹਤ ਕਰਨ ਲੱਗ ਪਿਆ ਕਿ ਪੱਗਾਂ ਬੰਨ੍ਹ ਕੇ ਟੈਕਸੀ ਚਲਾਓ। ਇਉਂ ਕੰਮ ਚਲਦਾ-ਚਲਦਾ ਖੁੱਲ੍ਹ ਗਿਆ।

***

ਏਅਰਪੋਰਟ 'ਤੇ ਵੀ ਪਹਿਲਾਂ ਮੈਕਲੋਅਰ ਕੈਬ ਵਾਲੇ ਹੀ ਚੁੱਕਦੇ ਸਨ ਸਵਾਰੀਆਂ। ਮਿੰਟਗੋਮਰੀ ਸੀ ਉਸ ਕੰਪਨੀ ਦੇ ਮਾਲਕ ਦਾ ਨਾਂ। ਉਸ ਕੋਲ ਮੈਕਲੋਅਰ ਕੈਬ ਤੇ ਰਿਚਮੰਡ ਟੈਕਸੀਆਂ ਹੁੰਦੀਆਂ। ਜਦੋਂ ਸਵਾਰੀਆਂ ਵਧ ਜਾਂਦੀਆਂ, ਉਹ ਯੈਲੋ ਕੈਬ ਤੇ ਬਲੈਕ ਟਾਪ ਦੀਆਂ ਟੈਕਸੀਆਂ ਨੂੰ ਸੱਦ ਲੈਂਦੇ। ਫਿਰ ਜਦੋਂ ਬੌਨੀਜ਼ ਟੈਕਸੀ ਵਾਲਿਆਂ ਨੇ ਚੁੱਕਣ ਚੁੱਕਿਆ, ਬਈ ਏਅਰਪੋਰਟ ਇੰਟਰਨੈਸ਼ਨਲ ਹੈ, ਸਾਨੂੰ ਵੀ ਸਵਾਰੀਆਂ ਚੁੱਕਣ ਦੀ ਆਗਿਆ ਦਿਓ। ਏਅਰਪੋਰਟ ਵੱਲੋਂ ਬੌਨੀਜ਼ ਟੈਕਸੀ ਨੂੰ ਆਗਿਆ ਮਿਲ ਗਈ। ਮੈਕਲੋਵਰਸ, ਰਿਚਮੰਡ, ਯੈਲੋ ਕੈਬ ਤੇ ਬਲੈਕਟਾਪ ਵਾਲਿਆਂ ਨੇ ਏਅਰਪੋਰਟ ਦਾ ਬਾਈਕਾਟ ਕਰ ਦਿੱਤਾ। ਬੌਨੀਜ਼ ਟੈਕਸੀ ਲਈ ਕੰਮ ਜ਼ਿਆਦਾ ਸੀ, ਉਨ੍ਹਾਂ ਮੈਨੂੰ ਫੋਨ ਕੀਤਾ। ਮੈਂ ਪ੍ਰੈਜ਼ੀਡੈਂਟ ਸੀ। ਅਸੀਂ ਵੀ ਆਪਣੀਆਂ ਟੈਕਸੀਆਂ ਭੇਜਣੀਆਂ ਸ਼ੁਰੂ ਕਰ ਦਿੱਤੀਆਂ। ਦੋ ਕੁ ਹਫ਼ਤਿਆਂ 'ਚ ਕੰਮ ਚੱਲ ਪਿਆ। ਫਿਰ ਬਾਈਕਾਟ ਵਾਲੀਆਂ ਟੈਕਸੀਆਂ ਵੀ ਆਉਣ ਲੱਗ ਪਈਆਂ।

ਏਅਰਪੋਰਟ 'ਤੇ ਜਦੋਂ ਕਿਸੇ ਸਵਾਰੀ ਨੇ ਆਖਣਾ, ਬਈ ਮੈਨੂੰ ਗੋਰਾ ਡਰਾਈਵਰ ਚਾਹੀਦਾ ਹੈ ਤਾਂ ਕਮਿਸ਼ਨਰ ਨੇ ਸਵਾਰੀ ਨੂੰ ਆਖਣਾ ਕਿ ਉਡੀਕ ਕਰੀ ਚਲੋ, ਜਦੋਂ ਕੋਈ ਗੋਰਾ ਡਰਾਈਵਰ ਆ ਗਿਆ, ਉਸ ਨਾਲ ਬੈਠ ਜਾਇਓ। ਉਡੀਕ-ਅੱਕ ਕੇ ਸਵਾਰੀ ਨੇ ਜਿਹੜੀ ਟੈਕਸੀ ਮੂਹਰੇ ਹੋਣੀ, ਉਸ ਵਿਚ ਬੈਠ ਜਾਣਾ। ਇਸ ਤਰ੍ਹਾਂ ਇਹ ਕੰਮ ਵੀ ਚੱਲ ਪਿਆ। ਇਵੇਂ ਕੰਪਨੀ ਵਿਚ ਕਈ ਗੋਰੇ ਡਿਸਪੈਚਰਾਂ ਨੇ ਵਧੀਆ ਜਾਂ ਲੰਮਾ ਟ੍ਰਿੱਪ ਗੋਰੇ ਡਰਾਈਵਰਾਂ ਨੂੰ ਦੇ ਦੇਣਾ, ਤੇ ਬਹਾਨਾ ਬਣਾ ਦੇਣਾ, ਬਈ ਸਵਾਰੀ ਗੋਰਾ ਡਰਾਈਵਰ ਚਾਹੁੰਦੀ ਸੀ। ਫਿਰ ਜਦੋਂ ਅਸੀਂ ਵਾਹਵਾ ਗਿਣਤੀ ਵਿਚ ਹੋ ਗਏ, ਇਹ ਰੂਲ ਹੀ ਬਣਾ ਦਿੱਤਾ ਕਿ ਅਜਿਹੀ ਸਵਾਰੀ ਨੂੰ ਟੈਕਸੀ ਭੇਜਣੀ ਹੀ ਨਹੀਂ।

***

ਬਰਨਬੀ ਦੀ ਬੌਨੀਜ਼ ਟੈਕਸੀ 'ਚ ਦੋ ਧੜੇ ਸੀ। ਖਹਿਬਾਜ਼ੀ 'ਚ ਹੀ ਉਥੇ ਕਤਲ ਹੋ ਗਿਆ ਤੇ ਕੋਰਟ ਨੇ ਹੁਕਮ ਦੇ ਦਿੱਤਾ ਕਿ ਇਕ ਧੜਾ ਹੀ ਰਹੇ। ਸੋ, ਇਕ ਧੜਾ ਆਪਣੀਆਂ ਟੈਕਸੀਆਂ ਵੇਚ ਕੇ ਸਰੀ ਆ ਗਿਆ। ਉਨ੍ਹਾਂ ਇਥੇ ਆ ਕੇ ਨਿਊਟਨ ਵਾਲ੍ਹੀ ਟੈਕਸੀ ਵਿਚ ਟੈਕਸੀਆਂ ਖਰੀਦ ਲਈਆਂ। ਹੌਲੀ-ਹੌਲੀ ਉਨ੍ਹਾਂ ਨੇ, ਜਿਹੜੇ ਤਿੰਨੇ ਗੋਰੇ ਕਾਬਜ਼ ਸੀ, ਉਨ੍ਹਾਂ ਤੋਂ ਸਾਰੀਆਂ ਟੈਕਸੀਆਂ ਖਰੀਦ ਲਈਆਂ। ਫਿਰ 1990ਵਿਆਂ ਦੇ ਸ਼ੁਰੂ ਵਿਚ ਸਰੀ ਵਿਚ ਇਕ ਹੋਰ ਟੈਕਸੀ ਕੰਪਨੀ ਗਿਲਫਰਡ ਕੈਬ ਸ਼ੁਰੂ ਹੋ ਗਈ। ਗਿਲਫਰਡ ਟੈਕਸੀ ਨੂੰ 25 ਲਾਈਸੈਂਸ ਮਿਲੇ ਸੀ। ਇੱਕ ਬੰਦਾ ਮੂਹਰੇ ਸੀ ਤੇ ਉਸ ਨਾਲ ਕੁਝ ਹੋਰ ਸਾਈਲੈਂਟ ਸ਼ੇਅਰ ਹੋਲਡਰ ਵੀ ਸਨ। ਅਸੀਂ ਕੋਸ਼ਿਸ਼ ਕਰਦੇ ਸੀ ਕਿ ਸਾਈਲੈਂਟ ਸ਼ੇਅਰ ਹੋਲਡਰਾਂ ਲੱਭ ਕੇ ਕੋਸ਼ਿਸ਼ ਕਰੀਏ ਕਿ ਕੋਈ ਨਵੀਂ ਕੰਪਨੀ ਨਾ ਖੁੱਲ੍ਹੇ, ਪਰ ਆਗੂ ਬੰਦੇ ਨਾਲ ਸੋਸ਼ਲ ਕਰੈਡਿਟ ਪਾਰਟੀ ਦੇ ਬੰਦੇ ਸੀ। ਉਦੋਂ ਸੋਸ਼ਲ ਕਰੈਡਿਟ ਪਾਰਟੀ ਦਾ ਰਾਜ ਸੀ, ਬੀ.ਸੀ. ਵਿਚ। ਹੋਰ ਵੀ ਕਈ ਰਾਜਨੈਤਿਕ ਕਾਰਨ ਸਨ, ਖ਼ੈਰ!

ਸਾਡੀ ਟੈਕਸੀ ਕੰਪਨੀ ਨੇ ਤਰੱਕੀ ਬਹੁਤ ਕੀਤੀ ਹੈ। ਹੁਣ ਸਾਡੀ ਕੰਪਨੀ ਕੋਲ 69 ਟੈਕਸੀਆਂ ਹਨ। ਮੈਂ ਪਹਿਲੀ ਵਾਰ 1981 ਵਿਚ ਪ੍ਰੈਜ਼ੀਡੈਂਟ ਬਣਿਆ ਤੇ ਫਿਰ ਜਿੰਨੀ ਵਾਰ ਵੀ ਪ੍ਰੈਜ਼ੀਡੈਂਟ ਚੁਣਿਆ ਗਿਆ, ਹਰ ਵਾਰ ਪੰਜ-ਸੱਤ ਨਵੇਂ ਲਾਈਸੈਂਸ ਇਸ਼ੂ ਕਰਵਾਏ ਆ। ਮੈਂ ਗੋਰੇ ਮਨੇਜਰ ਰੱਖਦਾ ਸੀ। ਉਦੋਂ ਆਪਣੇ ਮੁੰਡੇ ਹੁੰਦੇ ਵੀ ਘੱਟ ਸੀ ਤੇ ਦਿਮਾਗ ਵਿਚ ਇਹ ਵੀ ਗੱਲ ਹੁੰਦੀ ਸੀ ਕਿ ਗੋਰੇ ਮੈਨੇਜਰ ਮੂਹਰੇ ਕਰ ਕੇ ਕੰਮ ਨੂੰ ਹੋਰ ਵਧਾਇਆ ਜਾ ਸਕਦਾ ਹੈ, ਪਰ ਹੁਣ ਆਪਣੇ ਮੁੰਡੇ ਬਥੇਰੇ ਐ।

ਵੈਨਕੂਵਰ ਏਰੀਏ ਵਿਚ ਸਾਡੀ ਕੰਪਨੀ ਨੇ ਕਰੈਡਿਟ ਕਾਰਡ ਲੈਣ ਦੀ ਸ਼ੁਰੂਆਤ ਕੀਤੀ ਸੀ 1980 ਵਿਚ। ਉਸ ਤੋਂ ਪਹਿਲਾਂ ਕੈਸ਼ ਹੀ ਚੱਲਦਾ ਸੀ। ਜਦੋਂ ਸਾਡੀ ਕੰਪਨੀ ਕਰੈਡਿਟ ਕਾਰਡ ਲੈਣ ਲੱਗੀ ਤਾਂ ਵੈਨਕੂਵਰ ਤੋਂ ਵੀ ਬਹੁਤ ਲੋਕ ਸਾਡੀ ਟੈਕਸੀ ਸੱਦਣ ਲੱਗ ਪਏ। ਫਿਰ ਦੇਖਾ-ਦੇਖੀ ਦੂਜੀਆਂ ਕੰਪਨੀਆਂ ਵੀ ਕਰੈਡਿਟ ਕਾਰਡ ਲੈਣ ਲੱਗ ਪਈਆਂ। ਇਉਂ ਭਾਈ ਚੱਲੀ ਗਿਆ। ਫਿਰ 2006 ਵਿਚ ਮੇਰੀ ਮਿੱਲ ਬੰਦ ਹੋ ਗਈ। ਹੁਣ ਆਪਾਂ ਪੱਕੇ ਹੀ ਟੈਕਸੀ 'ਚ ਆਂ। ਰਾਤ ਨੂੰ ਲੀਜ਼ 'ਤੇ ਦਿੱਤੀ ਵੀ ਐ। ਕਈ ਵਾਰ ਮੁੰਡਿਆਂ ਨੂੰ ਕਿਹਾ ਕਿ ਕੁਝ ਸਾਹ ਦਿਵਾ ਦਿਆ ਕਰੋ, ਪਰ ਇਥੋਂ ਦੀ ਪੀੜ੍ਹੀ ਮੰਨਦੀ ਐ?

---

## ਮਿੰਨੀ ਕਹਾਣੀ

### ਕੁੱਤਾ ਅਤੇ ਮਨੁੱਖ

'ਬਾਈ ਮੇਰੀ ਤਾਂ ਇਉਂ ਸਲਾਹ ਸੀ ਬਈ ਤੁਸੀਂ ਉਪਰਲਾ ਪੋਰਸ਼ਨ ਸੰਭਾਲ ਲਵੋ...ਤੇ ਮੈਂ ਥੱਲਣਾ।'

'ਉਹ ਤਾਂ ਤੇਰੀ ਗੱਲ ਠੀਕ ਏ ਛੋਟਿਆ...ਪਰ ਮੈਂ ਸੋਚਦਾ ਸੀ ਬਈ ਬਾਪੂ ਦਾ ਕੀ ਕੀਤਾ ਜਾਵੇ...। ਲੈ ਦੇ ਕੇ ਇਕੋ ਬਾਹਰਲੀ ਬੈਠਕ ਹੀ ਬਚਦੀ ਹੈ...ਉਹਦੇ 'ਚ ਚਾਹੇ ਤਾਂ ਗੈਸਟ ਰੂਮ ਬਣਾ ਲਈਏ...ਜਾਂ ਫਿਰ ਬਾਪੂ ਦਾ ਮੰਜਾ ਡਹਿਜੇ' ਕਹਿੰਦੇ ਹੀ ਸੁਖਚੈਨ ਸਿੰਘ ਦੇ ਮੱਥੇ 'ਤੇ ਕਈ ਲਕੀਰਾਂ ਉਭਰ ਆਈਆਂ ਤੇ ਦੋਵੇਂ ਭਰਾ ਕਿਸੇ ਗਹਿਰੇ ਸੋਚਾਂ ਦੇ ਸਮੁੰਦਰ ਵਿਚ ਜਾ ਡੁੱਬੇ।

ਇੰਨੇ ਨੂੰ ਪੌੜੀਆਂ ਥੱਲੇ ਬੰਨ੍ਹਿਆ ਹੋਇਆ ਕਾਲਾ ਕੁੱਤਾ ਭੌਂਕ ਉਠਿਆ ਤੇ ਦੋਵੇਂ ਭਰਾਵਾਂ ਦੀਆਂ ਵਾਛਾਂ ਖਿੜ ਗਈਆਂ।

ਬੱਸ ਫਿਰ ਕੀ ਸੀ ਅਗਲੇ ਹੀ ਪਲ ਬਾਪੂ ਦਾ ਮੰਜਾ ਕੁੱਤੇ ਵਾਲੇ ਥਾਂ ਸੀ ਤੇ ਉਮਰ ਭਰ ਸੇਵਾ ਕਰਕੇ ਬੁੱਢਾ ਹੋ ਚੁੱਕਾ ਕੁੱਤਾ...ਘਰ ਤੋਂ ਬਾਹਰ।

-ਪ੍ਰਦੀਪ ਕੌਰ

---

## ਬਾਵਾ ਬਲਵੰਤ ਤੇ ਬਲਵੰਤ ਗਾਰਗੀ

'ਪੰਜਾਬ ਟਾਈਮਜ਼' ਦੇ (ਅੰਕ 51, 19 ਦਸੰਬਰ 2015) ਵਿਚ ਪੰਜਾਬੀ ਦੇ ਤਪਸਵੀ ਸੰਤ ਸ਼ਾਇਰ ਬਾਵਾ ਬਲਵੰਤ ਬਾਰੇ ਲੇਖ ਪੜ੍ਹਿਆ। ਬਲਵੰਤ ਗਾਰਗੀ ਨੇ ਬਹੁਤ ਖੂਬਸੂਰਤ ਢੰਗ ਨਾਲ ਉਨ੍ਹਾਂ ਦੀ ਜ਼ਿੰਦਗੀ ਉਤੇ ਚਾਨਣਾ ਪਾਇਆ ਹੈ। ਉਨ੍ਹਾਂ ਮਹਿਸੂਸ ਕਰਵਾ ਦਿੱਤਾ ਕਿ ਛੇ-ਸੱਤ ਦਹਾਕੇ ਪਹਿਲਾਂ ਸਾਹਿਤ ਦੇ ਖੇਤਰ ਵਿਚ ਕਿਸ ਤਰ੍ਹਾਂ ਦੇ ਅਦਭੁੱਤ ਤੇ ਨਿਵੇਕਲੇ ਲੋਕ ਜੂਝ ਰਹੇ ਸਨ। ਉਂਜ ਮੈਨੂੰ ਇਕ ਗੱਲ ਦੀ ਬੜੀ ਹੈਰਾਨੀ ਹੋ ਰਹੀ ਹੈ। ਇਕ ਪਾਸੇ ਤਾਂ ਬਲਵੰਤ ਗਾਰਗੀ ਆਪਣੀ ਲਿਖਤ ਵਿਚ ਬਾਵਾ ਬਲਵੰਤ ਨੂੰ ਆਪਣਾ ਨਾਇਕ ਦੱਸਦਾ ਹੈ ਅਤੇ ਉਸ ਦੀ ਜ਼ਿੰਦਗੀ ਨੂੰ ਬਹੁਤ ਨੇੜਿਓਂ ਜਾਣਨ ਲਈ ਉਤਸੁਕ ਹੈ, ਪਰ ਨਾਲ ਹੀ ਗਾਰਗੀ ਬਾਵਾ ਬਲਵੰਤ ਬਾਰੇ ਕਈ ਗੱਲਾਂ ਨੱਕ ਚੜ੍ਹਾ ਕੇ ਕਰਦਾ ਹੈ।

ਮੈਨੂੰ ਲਗਦਾ ਹੈ ਕਿ ਗਾਰਗੀ ਨੂੰ ਬਾਵਾ ਬਲਵੰਤ ਬਾਰੇ ਲਿਖਣ ਲਈ ਹੋਰ ਡੂੰਘਾ ਜਾਣਾ ਚਾਹੀਦਾ ਸੀ। ਇਸ ਤਪੱਸਵੀ ਸੰਤ ਲੇਖਕ ਵਰਗੀ ਹੋਰ ਕੋਈ ਮਿਸਾਲ ਨਹੀਂ ਮਿਲਦੀ ਜਿਹੜਾ ਆਪਣਾ ਦਿਨ ਇਤਰਾਂ ਦੀ ਥਾਂ ਧੂੜ ਤੋਂ ਕਰਦਾ ਹੋਵੇ।

-ਐਚ.ਐਸ. ਦਿਓਲ
ਬਰਕਲੇ।

## ਜਸਵੰਤ ਸਿੰਘ ਵਿਰਦੀ ਦੀ ਕਹਾਣੀ

ਬਹੁਤ ਦੇਰ ਬਾਅਦ ਕਹਾਣੀਕਾਰ ਜਸਵੰਤ ਸਿੰਘ ਵਿਰਦੀ ਦੀ ਕੋਈ ਰਚਨਾ ਪੜ੍ਹਨ ਨੂੰ ਮਿਲੀ। ਇਸ ਇਕ ਕਹਾਣੀ (ਯਾਰਾਂ ਦਾ ਯਾਰ, ਅੰਕ 51) ਨਾਲ ਉਨ੍ਹਾਂ ਦੀ ਕਈ ਰਚਨਾਵਾਂ ਚੇਤਿਆਂ ਵਿਚੋਂ ਲੰਘ ਗਈਆਂ। ਉਨ੍ਹਾਂ ਦਾ ਗੱਲ ਕਹਿਣ ਦਾ ਅੰਦਾਜ਼ ਨਿਵੇਕਲਾ ਹੈ। 'ਯਾਰਾਂ ਦਾ ਯਾਰ' ਵਿਚ ਵੀ ਉਨ੍ਹਾਂ ਮੁੱਖ ਪਾਤਰ ਦੇ ਮਨ ਦੀਆਂ ਪਰਤਾਂ ਇਕ-ਇਕ ਕਰ ਕੇ ਖੋਲ੍ਹੀਆਂ ਹਨ।

-ਸ਼ੇਰ ਸਿੰਘ
ਨਿਊ ਯਾਰਕ।

---

## ਸੰਪਾਦਕ ਦੀ ਡਾਕ

### ਭਾਰਤ ਦੀ ਨਿਆਂ ਪ੍ਰਣਾਲੀ

ਜਤਿੰਦਰ ਪਨੂੰ ਨੇ ਭਾਰਤ ਦੀ ਨਿਆਂ ਪ੍ਰਣਾਲੀ ਬਾਰੇ ਖੂਬ ਲਿਖਿਆ ਹੈ (ਇਨਸਾਫ ਦਾ ਪੈਮਾਨਾ ਵੱਡੇ ਲੋਕਾਂ ਲਈ ਹੋਰ, ਗਰੀਬਾਂ ਲਈ ਹੋਰ, ਅੰਕ 51)। ਉਨ੍ਹਾਂ ਹਾਈ ਕੋਰਟ ਦੇ ਫੈਸਲੇ ਕਰ ਕੇ ਇਕ ਵਾਰ ਫਿਰ ਚਰਚਾ ਵਿਚ ਆਏ ਸਲਮਾਨ ਖਾਨ ਕੇਸ, ਤਾਮਿਲਨਾਡੂ ਦੀ ਮੁੱਖ ਮੰਤਰੀ ਜੈਲਲਿਤਾ ਦੇ ਕੇਸ ਅਤੇ ਭੋਪਾਲ ਗੈਸ ਰਿਸਣ ਵਾਲੇ ਕੇਸ ਦੇ ਹਵਾਲੇ ਨਾਲ ਭਾਰਤੀ ਨਿਆਂ ਪ੍ਰਣਾਲੀ ਦੇ 'ਨਿਆਂ' ਬਾਰੇ ਟਿੱਪਣੀਆਂ ਕੀਤੀਆਂ ਹਨ। ਲੇਖ ਦੇ ਅਖੀਰ ਵਿਚ ਉਨ੍ਹਾਂ ਗੁਰਨਾਮ ਸਿੰਘ ਤੀਰ ਵਾਲੀ ਕਹਾਣੀ ਸੁਣਾ ਕੇ ਸੋਨੇ ਉਤੇ ਸੁਹਾਗੇ ਵਾਲੀ ਗੱਲ ਕਰ ਦਿੱਤੀ ਹੈ, ਪਰ ਸਵਾਲ ਤਾਂ ਇਹ ਹੈ ਕਿ ਇਸ ਤਰ੍ਹਾਂ ਦੇ ਜੱਜ ਕਿਥੋਂ ਆਉਣਗੇ ਜਿਹੜੇ ਹਰ ਹੀਲੇ ਨਿਆਂ ਦੇਣ ਲਈ ਤਤਪਰ ਹੋਣ? ਪੈਸੇ ਅਤੇ ਰਸੂਖ ਵਾਲੇ ਕਿਸੇ ਨਾ ਕਿਸੇ ਢੰਗ ਨਾਲ ਆਪਣੇ ਹਿਸਾਬ ਫੈਸਲੇ ਕਰਵਾਈ ਜਾ ਰਹੇ ਹਨ।

-ਗੁਰਮੁਖ ਸਿੰਘ ਵਿਰਕ,
ਕੁਨੈਕਟੀਕਟ।

# ਅਣਗੌਲਿਆ ਦੇਸ਼ ਭਗਤ ਮਾਸਟਰ ਚਤਰ ਸਿੰਘ

**ਬਰਸੀ 'ਤੇ ਵਿਸ਼ੇਸ਼**

ਭਾਰਤ ਦੀ ਗੁਲਾਮੀ ਦੀਆਂ ਜ਼ੰਜੀਰਾਂ ਤੋੜਨ ਲਈ ਅਨੇਕਾਂ ਸੂਰਬੀਰਾਂ ਨੇ ਅਸਹਿ ਕਸ਼ਟ ਝੱਲੇ ਤੇ ਕੁਰਬਾਨੀਆਂ ਦਿੱਤੀਆਂ। ਇਨ੍ਹਾਂ ਵਿਚ ਬਹੁ-ਗਿਣਤੀ ਪੰਜਾਬੀਆਂ ਦੀ ਸੀ। ਇਸ ਲੇਖ ਵਿਚ ਅਸੀਂ ਅਜਿਹੇ ਪੰਜਾਬੀ ਸਿੱਖ ਆਜ਼ਾਦੀ ਘੁਲਾਟੀਏ ਬਾਰੇ ਸਾਂਝ ਪਾ ਰਹੇ ਹਾਂ ਜਿਨ੍ਹਾਂ ਨੂੰ ਅੰਗਰੇਜ਼ੀ ਸਰਕਾਰ ਨੇ 3 ਸਾਲ ਦੇ ਕਰੀਬ ਅੰਡੇਮਾਨ ਕਾਲੇ ਪਾਣੀ ਜੇਲ੍ਹ ਵਿਚ ਅਜਿਹੇ ਪਿੰਜਰੇ ਅੰਦਰ ਕੈਦ ਰੱਖਿਆ ਜਿਸ ਵਿਚ ਬੰਦਾ ਨਾ ਖੜ੍ਹਾ ਹੋ ਸਕਦਾ ਸੀ ਤੇ ਨਾ ਹੀ ਚੰਗੀ ਤਰ੍ਹਾਂ ਲੰਮਾ ਪੈ ਸਕਦਾ ਸੀ। ਇਹ ਮਹਾਨ ਸਪੂਤ ਸੀ ਮਾਸਟਰ ਚਤਰ ਸਿੰਘ ਮਨੇਲੀ।

ਮਾਸਟਰ ਚਤਰ ਸਿੰਘ ਦਾ ਜਨਮ ਜੂਨ 1889 ਨੂੰ ਪਿੰਡ ਮਨੇਲੀ (ਨੇੜੇ ਚਮਕੌਰ ਸਾਹਿਬ, ਹੁਣ ਜ਼ਿਲ੍ਹਾ ਫਤਹਿਗੜ੍ਹ) ਵਿਚ ਹੋਇਆ। ਆਪਦੇ

**ਕੰਵਲਬੀਰ ਸਿੰਘ ਪੰਨੂੰ**
**ਫੋਨ: +91-98766-98068**


ਪਿਤਾ ਦਾ ਨਾਂ ਸਾਵਨ ਸਿੰਘ ਤੇ ਮਾਤਾ ਦਾ ਨਾਂ ਪੰਜਾਬ ਕੌਰ ਸੀ। ਦਸ ਸਾਲ ਦੀ ਉਮਰ ਵਿਚ ਆਪ ਪਿੰਡ ਸਾਹੂਵਾਲ ਜ਼ਿਲ੍ਹਾ ਹਿਸਾਰ ਦੇ ਸਕੂਲ ਪੜ੍ਹਨੇ ਪੈ ਗਏ ਜਿਥੇ ਉਨ੍ਹਾਂ ਦੇ ਵੱਡੇ ਭਰਾ ਵਰਿਆਮ ਸਿੰਘ ਹੈੱਡਮਾਸਟਰ ਸਨ। ਉਥੋਂ 7ਵੀਂ ਅਤੇ 10ਵੀਂ ਗੌਰਮਿੰਟ ਹਾਈ ਸਕੂਲ, ਲਾਇਲਪੁਰ ਤੋਂ ਪਾਸ ਕੀਤੀ। ਉਹ 6 ਫੁੱਟ ਕੱਦ ਦੇ ਦਰਸ਼ਨੀ ਨੌਜਵਾਨ ਸਨ। ਪੜ੍ਹਾਈ ਪਿਛੋਂ ਉਹ ਲਾਇਲਪੁਰ ਖਾਲਸਾ ਸਕੂਲ ਵਿਚ ਅਧਿਆਪਕ ਲੱਗ ਗਏ। ਅੰਗਰੇਜ਼ੀ ਸਰਕਾਰ ਦੇ ਕਾਲੇ ਕਾਨੂੰਨਾਂ ਕਾਰਨ ਆਪ ਅੰਗਰੇਜ਼ਾਂ ਨੂੰ ਨਫ਼ਰਤ ਕਰਨ ਲੱਗੇ। ਜੁਲਾਈ 1914 ਵਿਚ ਪਹਿਲਾ ਸੰਸਾਰ ਯੁੱਧ ਛਿੜ ਪਿਆ ਤਾਂ ਬਹਰਲੇ ਮੁਲਕਾਂ ਵਿਚ ਵਸਦੇ ਗਦਰੀ ਮੁਲਕ ਦੀ ਆਜ਼ਾਦੀ ਲਈ ਅੰਗਰੇਜ਼ਾਂ ਖਿਲਾਫ ਸੰਘਰਸ਼ ਕਰਨ ਭਾਰਤ ਆਉਣ ਲੱਗੇ। ਥੋੜ੍ਹੇ ਚਿਰ ਪਿਛੋਂ ਹੀ ਮਾਸਟਰ ਜੀ ਦਾ ਸੰਪਰਕ ਉਨ੍ਹਾਂ ਨਾਲ ਬਣ ਗਿਆ। 29 ਸਤੰਬਰ 1914 ਨੂੰ ਕਾਮਾਗਾਟਾਮਾਰੂ ਜਹਾਜ਼ ਦੇ ਮੁਸਾਫਿਰਾਂ ਨੂੰ ਕੈਨੇਡਾ ਸਰਕਾਰ ਨੇ ਅੰਗਰੇਜ਼ੀ ਦਬਾਅ ਹੇਠ ਕੈਨੇਡਾ ਵਿਚ ਉਤਰਨ ਨਾ ਦਿੱਤਾ। ਬਾਬਾ ਗੁਰਦਿੱਤ ਸਿੰਘ ਦੀ ਅਗਵਾਈ ਹੇਠ ਇਹ ਲੋਕ ਕਲਕੱਤੇ ਦੀ ਬਜਬਜ ਘਾਟ ਪੁੱਜੇ ਤਾਂ ਅੰਗਰੇਜ਼ ਸਰਕਾਰ ਨੇ ਗੋਲੀ ਚਲਾ ਕੇ ਅਨੇਕਾਂ ਮੁਸਾਫਿਰ ਸ਼ਹੀਦ ਕਰ ਦਿੱਤੇ ਅਤੇ ਬਾਕੀ ਗ੍ਰਿਫ਼ਤਾਰ ਕਰ ਲਏ। ਇਸ ਘਟਨਾ ਨੇ ਮਾਸਟਰ ਜੀ ਦੀ ਅੰਗਰੇਜ਼ਾਂ ਪ੍ਰਤੀ ਨਫਰਤ ਹੋਰ ਵਧਾ ਦਿਤੀ।

ਉਨ੍ਹਾਂ ਨੂੰ ਪਤਾ ਲੱਗਾ ਕਿ ਅੰਗਰੇਜ਼ ਸਰਕਾਰ ਨੇ ਖਾਲਸਾ ਕਾਲਜ, ਅੰਮ੍ਰਿਤਸਰ ਦਾ ਪ੍ਰਬੰਧ ਆਪਣੇ ਕੰਟਰੋਲ ਹੇਠ ਕਰ ਲਿਆ ਹੈ ਅਤੇ ਅਧਿਆਪਨ ਲਈ ਸਿਰਫ਼ ਅੰਗਰੇਜ਼ ਪ੍ਰੋਫੈਸਰ ਰੱਖੇ ਜਾ ਰਹੇ ਹਨ। ਉਨ੍ਹਾਂ ਖਾਲਸਾ ਕਾਲਜ ਆਜ਼ਾਦ ਕਰਾਉਣ ਦੀ ਯੋਜਨਾ ਬਣਾਈ। ਇਸ ਯੋਜਨਾ ਤਹਿਤ ਉਨ੍ਹਾਂ ਨੇ ਅੰਮ੍ਰਿਤਸਰ ਪੁੱਜ ਕੇ 15-16 ਦਸੰਬਰ 1914 ਦੀ ਰਾਤ ਨੂੰ ਖਾਲਸਾ ਕਾਲਜ ਦੇ ਅੰਗਰੇਜ਼ ਪ੍ਰੋਫੈਸਰ ਉਤੇ ਬਰਛੇ ਨਾਲ ਹਮਲਾ ਕਰ ਦਿੱਤਾ। ਪ੍ਰੋਫੈਸਰ ਜ਼ਖਮੀ ਹੋ ਗਿਆ, ਪਰ ਜਾਨ ਬਚ ਗਈ। ਇਸ ਘਟਨਾ ਪਿਛੋਂ ਉਨ੍ਹਾਂ ਨੂੰ ਗ੍ਰਿਫਤਾਰ ਕਰ ਕੇ ਸੈਸ਼ਨ ਜੱਜ ਅੱਗੇ ਪੇਸ਼ ਕੀਤਾ ਗਿਆ ਜਿਥੇ ਉਨ੍ਹਾਂ ਆਪਣਾ ਦੋਸ਼ ਕਬੂਲਦੇ ਹੋਏ ਹੇਠ ਲਿਖਿਆ ਬਿਆਨ ਦਿੱਤਾ:

"ਸਾਡਾ ਮੁਲਕ ਅੰਗਰੇਜ਼ਾਂ ਨੇ ਬੇਈਮਾਨੀ ਨਾਲ ਦਬਾ ਲਿਆ ਹੈ। ਅੰਗਰੇਜ਼ ਸਿਪਾਹੀਆਂ ਨੂੰ 100 ਰੁਪਏ ਤਨਖਾਹ ਦਿੱਤੀ ਜਾਂਦੀ ਹੈ ਜਦ ਕਿ ਦੇਸੀ ਸਿਪਾਹੀਆਂ ਨੂੰ ਸਿਰਫ 18 ਰੁਪਏ ਮਹੀਨੇ ਦੇ ਮਿਲਦੇ ਹਨ। ਸਾਰੇ ਮਹਿਕਮਿਆਂ ਵਿਚ ਸਾਡੇ ਲੋਕਾਂ ਨਾਲ ਚੰਗਾ ਸਲੂਕ ਨਹੀਂ ਕੀਤਾ ਜਾਂਦਾ। ਮੈਂ ਅਤੇ ਮੇਰੇ ਸਾਥੀਆਂ ਨੇ ਪ੍ਰਣ ਕਰ ਲਿਆ ਹੈ ਕਿ ਅਸੀਂ ਅੰਗਰੇਜ਼ਾਂ ਨੂੰ ਭਾਰਤ ਵਿਚੋਂ ਕੱਢ ਕੇ ਆਪਣੇ ਲੋਕਾਂ ਦਾ ਰਾਜ ਕਾਇਮ ਕਰੀਏ। ਸਾਡਾ ਇਹ ਪ੍ਰਣ ਹੈ ਕਿ ਹਰ ਦੇਸ਼ ਭਗਤ 3 ਜਾਂ 4 ਅੰਗਰੇਜ਼ਾਂ ਨੂੰ ਖਤਮ ਕਰ ਕੇ ਆਪ ਫਾਂਸੀ ਪ੍ਰਾਪਤ ਕਰੇ। ਸਾਨੂੰ ਉਮੀਦ ਹੈ ਕਿ ਸਾਡਾ ਬੀਜਿਆ ਹੋਇਆ ਇਹ ਬੀਜ 5-7 ਸਾਲਾਂ ਤੱਕ ਹਰਾ ਹੋਵੇਗਾ ਤੇ ਸਾਡੇ ਲੋਕ ਜ਼ਰੂਰ ਅੰਗਰੇਜ਼ਾਂ ਨੂੰ ਮੁਲਕ ਵਿਚੋਂ ਕੱਢ ਦੇਣਗੇ।"

ਅਦਾਲਤ ਵਿਚ ਉਨ੍ਹਾਂ ਦੇ ਪਿਤਾ ਸਾਵਨ ਸਿੰਘ ਨੇ ਪੁੱਤਰ ਮੋਹ ਕਾਰਨ ਬਿਆਨ ਦਿੱਤਾ ਕਿ ਚਤਰ ਸਿੰਘ ਦੀ ਦਿਮਾਗੀ ਹਾਲਤ ਸਹੀ ਨਾ ਹੋਣ ਕਾਰਨ ਉਸ ਨੇ ਅੰਗਰੇਜ਼ ਪ੍ਰੋਫੈਸਰ 'ਤੇ ਹਮਲਾ ਕੀਤਾ ਹੈ। ਇਸ 'ਤੇ ਚਤਰ ਸਿੰਘ ਨੇ ਉਚੀ ਆਵਾਜ਼ ਵਿਚ ਜੱਜ ਨੂੰ ਕਿਹਾ ਕਿ ਉਹ ਪਾਗਲ ਨਹੀਂ। ਇਸ ਦੋਸ਼ ਅਧੀਨ ਉਨ੍ਹਾਂ ਨੂੰ ਧਾਰਾ 307 ਅਨੁਸਾਰ ਉਮਰ ਕੈਦ ਕਾਲੇ ਪਾਣੀ ਦੀ ਸਜ਼ਾ ਸੁਣਾ ਦਿੱਤੀ ਗਈ।

ਉਨ੍ਹਾਂ ਨੂੰ ਪਹਿਲਾਂ ਲਾਹੌਰ ਸੈਂਟਰਲ ਜੇਲ੍ਹ ਅੰਦਰ ਰੱਖਿਆ ਗਿਆ। ਉਥੇ ਉਨ੍ਹਾਂ ਸਿੱਖ ਹੋਣ ਦੇ ਨਾਤੇ ਕੈਦੀਆਂ ਵਾਲੀ ਟੋਪੀ ਪਾਉਣ ਤੋਂ ਇਨਕਾਰ ਕਰ ਦਿੱਤਾ। ਜੇਲ੍ਹ ਵਾਲਿਆਂ ਨੇ ਉਨ੍ਹਾਂ 'ਤੇ ਬਹੁਤ ਤਸ਼ੱਦਦ ਕੀਤਾ। ਇਸ ਮੋਰਚੇ ਵਿਚ ਪਹਿਲੇ ਲਾਹੌਰ ਸਾਜ਼ਿਸ਼ ਕੇਸ ਦੇ ਗਦਰੀ ਦੇਸ਼ ਭਗਤ ਜਿਨ੍ਹਾਂ ਵਿਚ ਸੋਹਣ



*ਮਾਸਟਰ ਚਤਰ ਸਿੰਘ*

ਸਿੰਘ ਭਕਨਾ, ਵਸਾਖਾ ਸਿੰਘ ਦਦੇਹਰ, ਜਵਾਲਾ ਸਿੰਘ ਠੱਠੀਆਂ ਆਦਿ ਸਨ, ਵੀ ਸ਼ਾਮਿਲ ਹੋ ਗਏ। ਆਖਿਰ ਸਿੱਖ ਕੈਦੀਆਂ ਨੂੰ ਟੋਪੀ ਦੀ ਥਾਂ ਪੰਜ ਗਜ਼ ਦਾ ਸਾਫਾ ਦਿੱਤਾ ਗਿਆ। ਕੁਝ ਸਮੇਂ ਬਾਅਦ ਆਪ ਨੂੰ ਅੰਬਾਲਾ ਜੇਲ੍ਹ ਅਤੇ ਪਿੱਛੋਂ ਅੰਡੇਮਾਨ ਟਾਪੂ ਦੀ ਸੈਲੂਲਰ ਜੇਲ੍ਹ ਭੇਜ ਦਿੱਤਾ ਗਿਆ। ਇਸੇ ਜੇਲ੍ਹ ਵਿਚ ਹੀ ਗਦਰ ਲਹਿਰ ਦੇ ਪਹਿਲੇ ਲਾਹੌਰ ਕੇਸ ਦੇ ਦੇਸ਼ ਭਗਤਾਂ ਨੂੰ ਵੀ ਰੱਖਿਆ ਗਿਆ ਸੀ। ਉਥੇ ਪੁੱਜ ਕੇ ਉਨ੍ਹਾਂ ਅੰਗਰੇਜ਼ ਜੇਲ੍ਹਰ ਬੇਰੀ ਅਤੇ ਸੁਪਰਡੈਂਟ ਮਰੇ ਦੀਆਂ ਗੈਰ-ਕਾਨੂੰਨੀ ਸਖਤੀਆਂ ਝੱਲੀਆਂ। ਜੁਲਾਈ 1918 ਨੂੰ ਐਤਵਾਰ ਦਾ ਦਿਨ ਸੀ ਜਿਸ ਦਿਨ ਕੈਦੀਆਂ ਦੀ ਛੁੱਟੀ ਦਾ ਦਿਨ ਹੁੰਦਾ ਸੀ। ਜੇਲ੍ਹਰ ਬੇਰੀ ਨੇ ਕੈਦੀਆਂ ਨੂੰ ਗੈਰ-ਕਾਨੂੰਨੀ ਹੁਕਮ ਦਿੱਤਾ ਕਿ ਜੇਲ੍ਹ ਵਿਚ ਘਾਹ ਦੀ ਕਟਾਈ ਕਰੋ। ਮਾਸਟਰ ਚਤਰ ਸਿੰਘ ਤੇ ਹੋਰ ਗਦਰੀ ਰਾਜਸੀ ਕੈਦੀਆਂ ਨੇ ਇਸ ਕੰਮ ਤੋਂ ਇਨਕਾਰ ਕਰ ਦਿੱਤਾ। ਸੁਪਰਡੈਂਟ ਮਰੇ ਨੇ ਇਨ੍ਹਾਂ ਦੇ ਇਨਕਾਰ ਨੂੰ ਗੈਰ-ਕਾਨੂੰਨੀ ਕਰਾਰ ਦੇ ਕੇ ਇਨ੍ਹਾਂ ਸਮੇਤ ਸੱਤ ਹੋਰ ਗਦਰੀਆਂ ਭਾਈ ਜਵਾਲਾ ਸਿੰਘ, ਭਾਈ ਸਾਉਣ ਸਿੰਘ, ਮਾਸਟਰ ਊਧਮ ਸਿੰਘ, ਭਾਈ ਹਜ਼ਾਰਾ ਸਿੰਘ, ਭਾਈ ਕਿਹਰ ਸਿੰਘ, ਭਾਈ ਖੁਸ਼ਹਾਲ ਸਿੰਘ, ਭਾਈ ਭਗਤ ਰਾਮ ਨੂੰ 6-6 ਮਹੀਨੇ ਚੱਕੀ-ਬੰਦ, ਘੱਟ ਖੁਰਾਕ ਤੇ ਬੇੜੀ ਦੀਆਂ ਸਜ਼ਾਵਾਂ ਦਿੱਤੀਆਂ। ਚਤਰ ਸਿੰਘ ਜੀ ਸੁਪਰਡੈਂਟ ਦੇ ਕੈਦੀ ਦੇਸ਼ ਭਗਤਾਂ ਉਤੇ ਕੀਤੇ ਜਾ ਰਹੇ ਜ਼ੁਲਮਾਂ ਨੂੰ ਸਹਾਰ ਨਾ ਸਕੇ ਕਿਉਂਕਿ ਉਹ ਨਿੱਕੀ-ਨਿੱਕੀ ਗੱਲ 'ਤੇ 30-30 ਬੈਂਤਾਂ ਦੀ ਸਜ਼ਾ ਦਿੰਦਾ ਸੀ।

ਸੁਪਰਡੈਂਟ ਹਰ ਮਹੀਨੇ ਐਤਵਾਰ ਨੂੰ ਕੈਦੀਆਂ ਦਾ ਵਜ਼ਨ ਸਾਹਮਣੇ ਕਰਵਾਉਂਦਾ ਸੀ। ਇੱਕ ਐਤਵਾਰ ਜਦੋਂ ਚਤਰ ਸਿੰਘ ਦੀ ਵਜ਼ਨ ਕਰਵਾਉਣ ਵਾਰੀ ਆਈ ਤਾਂ ਉਸ ਨੇ ਵਜ਼ਨ ਕਰਵਾਉਣ ਉਪਰੰਤ ਸੁਪਰਡੈਂਟ ਮਰੇ ਦੇ ਐਸੀ ਚਪੇੜ ਮਾਰੀ ਕਿ ਉਹ ਕੁਰਸੀ ਤੋਂ ਹੇਠਾਂ ਡਿੱਗ ਪਿਆ। ਉਸ ਦੀ ਸੁਰੱਖਿਆ ਗਾਰਦ ਚਤਰ ਸਿੰਘ 'ਤੇ ਟੁੱਟ ਪਈ। ਸੋਹਣ ਸਿੰਘ ਭਕਨਾ, ਸ਼ੇਰ ਸਿੰਘ, ਜਵਾਲਾ ਸਿੰਘ ਉਥੇ ਪੁੱਜ ਗਏ ਅਤੇ ਲਲਕਾਰਾ ਮਾਰਿਆ- "ਖਬਰਦਾਰ ਕਿਸੇ ਨੇ ਹੱਥ ਪਾਇਆ, ਠੀਕ ਨਹੀਂ ਹੋਵੇਗਾ।" ਇਹ ਸੁਣ ਕੇ ਮਰੇ ਜੋ ਉੱਠ ਖਲੋਤਾ ਸੀ, ਨੇ ਆਪਣੇ ਆਦਮੀਆਂ ਨੂੰ ਰੋਕ ਦਿੱਤਾ। ਅਗਲੇ ਦਿਨ ਮਾਸਟਰ ਚਤਰ ਸਿੰਘ ਨੂੰ ਲੋਹੇ ਦੇ ਪਿੰਜਰੇ ਵਿਚ ਬੇੜੀਆਂ ਸਮੇਤ ਅਣਮਿੱਥੇ ਸਮੇਂ ਲਈ ਬੰਦ ਕਰ ਦਿੱਤਾ। ਇਸ ਪਿੰਜਰੇ ਦਾ ਸਾਈਜ਼ ਬਹੁਤ ਛੋਟਾ ਸੀ।

ਬਾਬਾ ਵਸਾਖਾ ਸਿੰਘ ਦਦੇਹਰ ਆਪਣੀ ਆਤਮ ਕਥਾ ਵਿਚ ਮਾਸਟਰ ਚਤਰ ਸਿੰਘ ਬਾਰੇ ਬਿਆਨ ਕਰਦੇ ਹਨ:


ਅਸੀਂ ਸਾਰੇ ਤਾਂ ਕੋਠੀਆਂ ਬੰਦ ਸਾਂ ਜੀ,
ਚਤਰ ਸਿੰਘ ਵਜ਼ਨ ਨੂੰ ਆਇਆ ਸੀ।
ਸੁਪਰਡੰਟ ਸਿੰਘ ਦਾ ਵਜ਼ਨ ਕੀਤਾ,
ਵਜ਼ਨ ਲਿਖ ਕਰ ਟਿਕਟ ਫੜਾਇਆ ਸੀ।
ਤਦੋਂ ਸਿੰਘ ਨੇ ਤੱਕਿਆ ਹੁਣ ਮੌਕਾ,
ਸੁਪਰਡੰਟ ਦੇ ਹੂਰਾ ਲਗਾਇਆ ਸੀ।
ਮਾਰ ਮਾਰ ਕੇ ਸਿੰਘ ਨੇ ਕਸਰ ਕੱਢੀ,
ਸੁਪਰਡੰਟ ਉਥੇ ਹੀ ਢਾਇਆ ਸੀ।
ਵਾਹ ਸੂਰਮੇ ਰੱਖ ਵਖਾਈ ਸਿੰਘੋ,
ਮਜ਼ਾ ਜ਼ੁਲਮ ਦਾ ਚੰਗਾ ਚਖਾਇਆ ਸੀ।
ਖੈਰ-ਖਾਹ ਫਿਰ ਬਹੁਤ ਆ ਪਏ ਸੀ,
ਸਾਡੇ ਵੀਰ ਨੂੰ ਮਾਰ ਸੁਟਵਾਇਆ ਸੀ।
ਮਾਰ ਭੁੱਖ ਨੇ ਸ਼ੇਰ ਨੂੰ ਘੈਲ ਕੀਤਾ,
ਸ਼ੇਰ ਪਿੰਜਰੇ ਪਾ ਸੁਕਾਇਆ ਸੀ।
ਸੇਵਾਦਾਰ ਵਸਾਖ ਖੁਦ ਨਾਲ ਸੀ ਜੀ,
ਮੇਰਾ ਖੂਨ ਭੀ ਮੁਕਾਇਆ ਸੀ।

ਮਾਸਟਰ ਚਤਰ ਸਿੰਘ ਨੂੰ ਪਿੰਜਰੇ ਵਿਚ ਪਿਆਂ 1920 ਦਾ ਸਾਲ ਆ ਗਿਆ। ਉਨ੍ਹਾਂ ਦੀ ਸਿਹਤ ਬਹੁਤ ਖਰਾਬ ਹੋ ਗਈ, ਹੱਡੀਆਂ ਦੀ ਮੁੱਠ ਬਣ ਕੇ ਰਹਿ ਗਏ। ਇਸ ਅਵਸਥਾ ਵਿਚ ਵੀ ਉਨ੍ਹਾਂ ਦਾ ਦਿਲ ਪਹਿਲਾਂ ਨਾਲੋਂ ਵੀ ਪੱਕਾ ਤੇ ਦਲੇਰ ਸੀ। ਉਨ੍ਹਾਂ ਬਾਰੇ ਬਾਬਾ ਸੋਹਣ ਸਿੰਘ ਲਿਖਦੇ ਹਨ- "ਸਿਹਤ ਕਮਜ਼ੋਰ ਹੋਣ ਕਾਰਨ ਉਨ੍ਹਾਂ ਨੂੰ ਸਿਵਾਏ ਚੌਲਾਂ ਦੀ ਪਿੱਛ ਤੋਂ ਕੋਈ ਹੋਰ ਚੀਜ਼ ਹਜ਼ਮ ਨਹੀਂ ਹੁੰਦੀ ਸੀ। ਇੱਕ ਦਿਨ ਮੈਂ ਉਨ੍ਹਾਂ ਨੂੰ ਸਿਹਤ ਬਾਰੇ ਪੁੱਛਿਆ ਤਾਂ ਉਨ੍ਹਾਂ ਜਵਾਬ ਦਿੱਤਾ ਕਿ ਹੁਣ ਛੇਤੀ ਹੀ ਛੁਟਕਾਰਾ ਹੋਣ ਵਾਲਾ ਹੈ।" ਮਾਸਟਰ ਜੀ ਦੀ ਭੈੜੀ ਹਾਲਤ ਨਾ ਸਹਾਰਦੇ ਹੋਏ ਬਾਬਾ ਭਕਨਾ ਨੇ ਪਰੇਡ ਦੇ ਸਮੇਂ ਸੁਪਰਡੈਂਟ ਨੂੰ ਮਾਸਟਰ ਜੀ ਨੂੰ ਪਿੰਜਰੇ ਵਿਚੋਂ ਕੱਢਣ ਲਈ ਕਿਹਾ ਤਾਂ ਅੱਗਿਉਂ ਜਵਾਬ ਮਿਲਿਆ- 'ਤੈਨੂੰ ਕੀ ਵਾਸਤਾ?' ਕੋਈ ਚਾਰਾ ਨਾ ਚੱਲਦਾ ਵੇਖ ਕੇ 21 ਜੁਲਾਈ 1920 ਨੂੰ ਸੋਹਣ ਸਿੰਘ ਭਕਨਾ ਨੇ ਖਾਣਾ-ਪੀਣਾ ਛੱਡ ਦਿੱਤਾ। ਉਨ੍ਹਾਂ ਦੀ ਭੁੱਖ ਹੜਤਾਲ ਨੂੰ ਦੋ ਮਹੀਨੇ ਤੋਂ ਉਪਰ ਸਮਾਂ ਹੋ ਗਿਆ। ਚਤਰ ਸਿੰਘ ਨੂੰ ਪਿੰਜਰੇ ਵਿਚੋਂ ਬਾਹਰ ਨਾ ਕੱਢਿਆ ਤਾਂ ਦੂਜੇ ਦੇਸ਼ ਭਗਤ ਕੈਦੀ ਵੀ ਭੁੱਖ ਹੜਤਾਲ ਲਈ ਤਿਆਰ ਹੋ ਗਏ। ਜੇਲ੍ਹ ਦੇ ਹਲਾਤ ਵਿਗੜਦੇ ਦੇਖ ਕੇ ਨਵੇਂ ਆਏ ਸੁਪਰਡੈਂਟ ਬਾਰਕਰ ਨੇ ਆਖਰ 28 ਨਵੰਬਰ 1920 ਨੂੰ ਉਨ੍ਹਾਂ ਨੂੰ ਪਿੰਜਰੇ ਵਿਚੋਂ ਬਾਹਰ ਕੱਢਿਆ ਅਤੇ ਬਾਬਾ ਭਕਨਾ ਨੇ ਭੁੱਖ ਹੜਤਾਲ ਛੱਡ ਦਿੱਤੀ।

1926 ਵਿਚ ਅੰਗਰੇਜ਼ ਸਰਕਾਰ ਵੱਲੋਂ ਮਾਸਟਰ ਚਤਰ ਸਿੰਘ ਨੂੰ ਸਰੀਰਕ ਹਾਲਤ ਖਰਾਬ ਹੋਣ ਕਾਰਨ ਜੇਲ੍ਹ ਤੋਂ ਰਿਹਾਅ ਕਰ ਦਿੱਤਾ ਪਰ 1930 ਤੱਕ ਪਿੰਡ ਵਿਚ ਨਜ਼ਰਬੰਦ ਰੱਖਿਆ ਗਿਆ। ਅੰਤ ਇਹ ਜ਼ਿੰਦਾ ਸ਼ਹੀਦ 31 ਦਸੰਬਰ 1963 ਨੂੰ ਸਦਾ ਲਈ ਵਿਛੜ ਗਿਆ।

# ਇਨਕਲਾਬੀ ਲਹਿਰਾਂ ਤੇ ਹਿਟਲਰ ਨੇ ਦਿਵਾਈ ਸੀ ਭਾਰਤ ਨੂੰ ਆਜ਼ਾਦੀ

ਅੰਗਰੇਜ਼ਾਂ ਦੀ ਗੁਲਾਮੀ ਤੋਂ ਭਾਰਤ ਨੂੰ ਮੁਕਤ ਕਰਵਾਉਣ ਲਈ ਕੂਕਾ ਲਹਿਰ, ਗਦਰ ਪਾਰਟੀ ਲਹਿਰ, ਇੰਡੀਅਨ ਨੈਸ਼ਨਲ ਆਰਮੀ (ਆਈ.ਐਨ.ਏ.) ਤੇ ਹੋਰ ਸੰਘਰਸ਼ਸ਼ੀਲ ਲਹਿਰਾਂ ਚਲੀਆਂ ਜਿਨ੍ਹਾਂ ਨੇ ਆਜ਼ਾਦੀ ਲਹਿਰ ਵਿਚ ਆਪੋ-ਆਪਣਾ ਯੋਗਦਾਨ ਪਾਇਆ, ਪਰ ਭਾਰਤ ਸਰਕਾਰ ਵੱਲੋਂ ਇਹੋ ਕਿਹਾ ਜਾ ਰਿਹਾ ਹੈ ਕਿ ਭਾਰਤ ਨੂੰ



ਆਜ਼ਾਦੀ ਮਹਾਤਮਾ ਗਾਂਧੀ ਨੇ ਸ਼ਾਂਤਮਈ ਸੰਘਰਸ਼ ਕਰ ਕੇ ਦਿਵਾਈ।

ਡਾ. ਸੁਮੀਤ ਕੁਮਾਰ ਨੇ ਇਸ ਸਬੰਧੀ ਲਿਖੇ ਲੇਖ ਵਿਚ ਕਿਹਾ ਹੈ ਕਿ

**ਡਾ. ਚਰਨਜੀਤ ਸਿੰਘ ਗੁਮਟਾਲਾ**
**ਫੋਨ: +91-94175-33060**

1947 ਵਿਚ ਭਾਰਤ ਦੀ ਆਜ਼ਾਦੀ ਦਾ ਸਿਹਰਾ ਗਾਂਧੀ ਜੀ ਦੀ ਥਾਂ 'ਤੇ ਹਿਟਲਰ ਨੂੰ ਜਾਂਦਾ ਹੈ। ਡਾ. ਕੁਮਾਰ ਅਨੁਸਾਰ ਹਿਟਲਰ ਨੇ ਦੂਜੇ ਵਿਸ਼ਵ ਯੁੱਧ ਵਿਚ ਬਰਤਾਨੀਆ ਅਤੇ ਫਰਾਂਸ ਦੇ ਅਰਥਚਾਰੇ ਨੂੰ ਬੁਰੀ ਤਰ੍ਹਾਂ ਤਬਾਹ ਕਰ ਦਿੱਤਾ ਤੇ ਉਹ ਦਿਵਾਲੀਆਪਣ ਦਾ ਸ਼ਿਕਾਰ ਹੋ ਗਿਆ। ਉਨ੍ਹਾਂ ਲਈ ਗੁਲਾਮ ਮੁਲਕਾਂ 'ਤੇ ਹੁੰਦੇ ਖ਼ਰਚੇ ਚਲਾਉਣੇ ਮੁਸ਼ਕਿਲ ਹੋ ਗਏ ਤੇ ਨਾਲ ਹੀ ਉਨ੍ਹਾਂ ਦੇਸ਼ਾਂ ਵਿਚ ਚੱਲ ਰਹੀਆਂ ਆਜ਼ਾਦੀ ਦੀਆਂ ਲਹਿਰਾਂ ਨੂੰ ਕਾਬੂ ਕਰਨਾ ਔਖਾ ਹੋ ਗਿਆ। ਇਹੋ ਕਾਰਨ ਸੀ ਕਿ ਇੰਗਲੈਂਡ ਨੇ 1946 ਵਿਚ ਜਾਰਡਨ, 1947 ਵਿਚ ਭਾਰਤ ਤੇ ਫਲਸਤੀਨ, 1948 ਵਿਚ ਸ੍ਰੀ ਲੰਕਾ ਤੇ ਮਿਆਂਮਾਰ ਅਤੇ 1952 ਵਿਚ ਮਿਸਰ ਨੂੰ ਆਜ਼ਾਦ ਕੀਤਾ। ਇਨ੍ਹਾਂ ਕਾਰਨਾਂ ਕਰ ਕੇ ਹੀ ਫਰਾਂਸ ਨੂੰ 1949 ਵਿਚ ਲਾਉਸ, 1953 ਵਿਚ ਕੰਬੋਡੀਆ ਅਤੇ ਵੀਅਤਨਾਮ ਨੂੰ 1954 ਵਿਚ ਛੱਡਣਾ ਪਿਆ। ਦੂਜੇ ਵਿਸ਼ਵ ਯੁੱਧ ਨੇ ਆਜ਼ਾਦੀ ਲਹਿਰ ਨੂੰ ਪ੍ਰਚੰਡ ਕੀਤਾ। ਜੇ ਦੂਜਾ ਵਿਸ਼ਵ ਯੁੱਧ ਨਾ ਲੱਗਦਾ ਤਾਂ ਭਾਰਤ ਨੂੰ ਆਜ਼ਾਦ ਹੁੰਦਿਆਂ 30 ਸਾਲ ਤੋਂ ਵੱਧ ਹੋਰ ਸਮਾਂ ਲੱਗਣਾ ਸੀ। ਚਰਚਿਲ ਵੱਲੋਂ 1942 ਵਿਚ ਕਰਿਪਸ ਮਿਸ਼ਨ ਦੀ ਜੋ ਭਾਰਤ ਵਿਚ ਚਰਚਾ ਹੁੰਦੀ ਹੈ, ਉਹ ਸਮਾਂ ਟਪਾਉਣ ਲਈ ਅਤੇ ਭਾਰਤ ਵਿਚ ਬਰਤਾਨੀਆ ਵਿਰੁਧ ਉਠ ਰਹੀਆਂ ਭਾਵਨਾਵਾਂ ਨੂੰ ਠੰਢਾ ਕਰਨ ਲਈ ਸੀ।

ਬਰਤਾਨਵੀ ਇਤਿਹਾਸਕਾਰ ਪੀ.ਜੇ. ਕੈਨ ਤੇ ਏ.ਜੀ. ਹੌਪਕਿਨਜ਼ ਨੇ ਭਾਰਤ ਵਿਚ ਬਰਤਾਨੀਆ ਬਾਰੇ ਬੇਭਰੋਸਗੀ ਦੀ ਅਵਸਥਾ ਬਿਆਨ ਕਰਦਿਆਂ ਲਿਖਿਆ ਹੈ ਕਿ 1939 ਤੋਂ ਪਿਛੋਂ ਆਈ. ਸੀ. ਐਸ. ਅਫਸਰਾਂ ਵਿਚ ਬਹੁ-ਗਿਣਤੀ ਭਾਰਤੀਆਂ ਦੀ ਹੋ ਗਈ ਸੀ ਤੇ ਉਨ੍ਹਾਂ ਪਾਸ ਹਕੂਮਤ ਚਲਾਉਣ ਲਈ ਬਰਤਾਨੀਆ ਮੂਲ ਦੇ ਵਿਅਕਤੀ ਬਹੁਤ ਥੋੜ੍ਹੇ ਰਹਿ ਗਏ ਸਨ। 1945 ਵਿਚ ਨਵੇਂ ਵਾਇਸਰਾਇ ਵੇਵਲ ਨੇ ਬਰਤਾਨਵੀ ਸਰਕਾਰ ਦੀਆਂ ਕਮਜ਼ੋਰੀਆਂ ਬਾਰੇ ਲਿਖਿਆ ਕਿ ਸ਼ਹਿਰ ਹੁਣ ਵਿਰੋਧੀ ਦੇ ਕਬਜ਼ੇ ਵਿਚ ਹਨ ਤੇ ਪਿੰਡ ਵੀ ਕੰਟਰੋਲ ਤੋਂ ਬਾਹਰ ਹਨ। ਭਾਰਤੀ ਫੌਜ ਵਿਚ ਅੰਗਰੇਜ਼ਾਂ ਪ੍ਰਤੀ ਬੇਭਰੋਸਗੀ ਵੱਧ ਗਈ ਹੈ। ਸਾਲ 1946 ਵਿਚ ਸਮੁੰਦਰੀ ਫੌਜ ਵਿਚ ਬਗਾਵਤ ਹੋ ਗਈ। ਇਹ ਵੇਵਲ ਸੀ ਜਿਸ ਨੇ ਲੰਡਨ ਨੂੰ ਲਿਖਿਆ ਕਿ ਭਾਰਤ ਹੁਣ ਕੰਟਰੋਲ ਵਿਚ ਨਹੀਂ ਰਿਹਾ।

ਜੇ ਦੂਜਾ ਵਿਸ਼ਵ ਯੁੱਧ ਨਾ ਹੁੰਦਾ ਤਾਂ ਮਹਾਤਮਾ ਗਾਂਧੀ ਦੀ ਲਹਿਰ ਹੌਲੀ-ਹੌਲੀ ਮੱਠੀ ਪੈ ਜਾਣੀ ਸੀ। 1927 ਦੇ ਕਾਂਗਰਸ ਸੈਸ਼ਨ ਵਿਚ ਪੰਡਿਤ ਜਵਾਹਰ ਲਾਲ ਨਹਿਰੂ ਤੇ ਸੁਭਾਸ਼ ਚੰਦਰ ਬੋਸ 'ਮੁਕੰਮਲ ਆਜ਼ਾਦੀ' ਦਾ ਮਤਾ ਪਾਸ ਕਰਾਉਣ ਵਿਚ ਸਫ਼ਲ ਹੋ ਗਏ ਸਨ, ਪਰ ਗਾਂਧੀ ਨਾਰਾਜ਼ ਹੋ ਗਏ। ਇਸ ਨਾਰਾਜ਼ਗੀ ਨੂੰ ਧਿਆਨ ਵਿਚ ਰੱਖਦਿਆਂ 1928 ਦੇ ਕਲਕੱਤਾ ਕਾਂਗਰਸ ਸੈਸ਼ਨ ਵਿਚ ਸੋਧ ਕਰ ਕੇ ਭਾਰਤ ਨੂੰ ਬਰਤਾਨੀਆ ਅਧੀਨ ਡੋਮੀਅਨ ਦਾ ਦਰਜਾ ਦੇਣ ਦੀ ਮੰਗ ਕੀਤੀ ਗਈ।

ਸੁਭਾਸ਼ ਚੰਦਰ ਬੋਸ ਜੋ ਆਈ.ਸੀ.ਐਸ. ਪ੍ਰੀਖਿਆ 'ਚ ਚੌਥੇ ਸਥਾਨ 'ਤੇ ਆਏ ਸਨ, 1921 ਵਿਚ ਮਹਾਤਮਾ ਗਾਂਧੀ ਨੂੰ ਪਹਿਲੀ ਵਾਰ ਮਿਲੇ ਤੇ ਉਨ੍ਹਾਂ ਨੇ ਗਾਂਧੀ ਜੀ ਨੂੰ ਪ੍ਰਸ਼ਨ ਪੁੱਛੇ। ਬੋਸ ਅਨੁਸਾਰ ਗਾਂਧੀ ਨੇ ਪਹਿਲੇ ਸੁਆਲ ਦਾ ਉਤਰ ਤਾਂ ਤਸੱਲੀਬਖ਼ਸ਼ ਦਿੱਤਾ, ਪਰ ਦੂਜੇ ਪ੍ਰਸ਼ਨ ਦਾ ਉਤਰ ਤਸੱਲੀਬਖ਼ਸ਼ ਨਹੀਂ ਸੀ ਤੇ ਤੀਜੇ ਦਾ ਵੀ ਦੂਜੇ ਵਰਗਾ ਸੀ। ਬੋਸ ਅਨੁਸਾਰ ਗਾਂਧੀ ਪਾਸ ਕੋਈ ਸਪਸ਼ਟ ਪੜਾਅਵਾਰ ਯੋਜਨਾ ਨਹੀਂ ਸੀ ਜਿਸ ਅਨੁਸਾਰ ਭਾਰਤ ਆਜ਼ਾਦੀ ਪ੍ਰਾਪਤ ਕਰਨ ਵਿਚ ਸਫ਼ਲ ਹੋ ਸਕੇ। ਬੋਸ ਨੂੰ 1938 ਵਿਚ ਕਾਂਗਰਸ ਪਾਰਟੀ ਦਾ ਪ੍ਰਧਾਨ ਚੁਣਿਆ ਗਿਆ। ਉਸ ਨੇ ਬਰਤਾਨੀਆ ਨੂੰ 6 ਮਹੀਨੇ ਦਾ ਨੋਟਿਸ ਦੇ ਕੇ ਆਉਂਦੇ ਸਾਲ ਨਾ-ਮਿਲਵਰਤਣ ਲਹਿਰ ਸ਼ੁਰੂ ਕਰਨ ਦੀ ਯੋਜਨਾ ਬਣਾਈ। ਇਹ ਯੋਜਨਾ ਲਾਗੂ ਕਰਨ ਲਈ ਬੋਸ ਨੇ ਮੁੜ ਪ੍ਰਧਾਨਗੀ ਦੀ ਚੋਣ ਲੜਨ ਦਾ ਮਨ ਬਣਾਇਆ। ਕਾਂਗਰਸ ਦੇ ਸੰਵਿਧਾਨ ਅਨੁਸਾਰ ਉਹ ਦੂਜੀ ਵਾਰ ਲਗਾਤਾਰ ਪ੍ਰਧਾਨ ਬਣ ਸਕਦੇ ਸਨ। ਪੰਡਿਤ ਨਹਿਰੂ ਦੀ ਉਦਾਹਰਣ ਉਨ੍ਹਾਂ ਸਾਹਮਣੇ ਸੀ, ਪਰ ਮਹਾਤਮਾ ਗਾਂਧੀ ਨਹੀਂ ਸੀ ਚਾਹੁੰਦੇ ਕਿ ਬੋਸ ਦੂਜੀ ਵਾਰੀ ਪ੍ਰਧਾਨ ਬਣੇ। ਗਾਂਧੀ ਨੇ ਸੀਤਾ ਰਮੱਈਆ ਨੂੰ ਜਿਤਾਉਣ ਲਈ ਪੂਰਾ ਤਾਣ ਲਾਇਆ, ਪਰ ਬੋਸ ਚੋਣ ਜਿੱਤ ਗਏ। ਮਹਾਤਮਾ ਗਾਂਧੀ ਨੇ ਜਨਤਕ ਤੌਰ 'ਤੇ ਇਸ ਹਾਰ ਨੂੰ ਆਪਣੀ ਹਾਰ ਕਿਹਾ ਤੇ ਹੋਣ ਵਾਲੀ ਕਾਰਜਕਾਰਨੀ ਕਮੇਟੀ ਮੀਟਿੰਗ ਵਿਚ ਆਪਣੇ ਹਮਾਇਤੀਆਂ ਨੂੰ ਬੋਸ ਨੂੰ ਪ੍ਰਧਾਨਗੀ ਤੋਂ ਹਟਾਉਣ ਲਈ ਅਜਿਹਾ ਪਾਠ ਪੜ੍ਹਾਇਆ ਕਿ ਬੋਸ ਨੇ ਉਸ ਮੀਟਿੰਗ ਵਿਚ ਪ੍ਰਧਾਨਗੀ ਤੋਂ ਅਸਤੀਫਾ ਦੇ ਦਿੱਤਾ। ਇਸ ਕਾਰਵਾਈ 'ਤੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਉਸ ਸਮੇਂ ਦੇ ਪ੍ਰਸਿੱਧ ਦੇਸ਼ ਭਗਤ ਅਰਬਿੰਦੋ ਘੋਸ਼ ਨੇ ਕਿਹਾ ਕਿ ਕਾਂਗਰਸ ਪਾਰਟੀ ਹੁਣ ਫਾਸਿਸਟ ਪਾਰਟੀ ਬਣ ਗਈ ਹੈ ਤੇ ਗਾਂਧੀ ਸਟਾਲਿਨ ਵਾਂਗ ਤਾਨਾਸ਼ਾਹ (ਡਿਕਟੇਟਰ) ਹੈ। ਕੋਈ ਜਿਵੇਂ ਸਟਾਲਿਨ ਦਾ ਵਿਰੋਧ ਨਹੀਂ ਸੀ ਕਰਦਾ, ਉਸੇ ਤਰ੍ਹਾਂ ਮਹਾਤਮਾ ਗਾਂਧੀ ਦਾ ਵੀ ਕੋਈ ਵਿਰੋਧ ਨਹੀਂ ਸੀ ਕਰ ਸਕਦਾ।

ਕਾਂਗਰਸ ਪਾਰਟੀ ਤੇ ਮਹਾਤਮਾ ਗਾਂਧੀ ਨੇ 1942 ਵਿਚ 'ਭਾਰਤ ਛੱਡੋ ਅੰਦੋਲਨ' ਸ਼ੁਰੂ ਕੀਤਾ ਜਿਸ ਦੀ ਤਜਵੀਜ਼ ਸੁਭਾਸ਼ ਚੰਦਰ ਬੋਸ ਨੇ 1938 ਵਿਚ ਰੱਖੀ ਸੀ। ਬਰਤਾਨੀਆ ਸਰਕਾਰ ਨੇ ਚੋਟੀ ਦੇ ਸਾਰੇ ਆਗੂ ਫੜ ਲਏ ਤੇ ਕੁਝ ਮਹੀਨਿਆਂ ਵਿਚ ਇਸ ਲਹਿਰ ਦਾ ਭੋਗ ਪੈ ਗਿਆ।

ਬੋਸ ਦੀ ਇੰਡੀਅਨ ਨੈਸ਼ਨਲ ਆਰਮੀ (ਆਈ.ਐਨ.ਏ.) ਭਾਵੇਂ ਜਪਾਨ ਨਾਲ ਰਲ ਕੇ ਬਰਤਾਨੀਆ ਵਿਰੁਧ ਲੜੀ, ਪਰ ਇਹ ਆਪਣੇ ਉਦੇਸ਼ ਵਿਚ ਸਫ਼ਲ ਨਾ ਹੋ ਸਕੀ। ਹਾਂ, ਇਸ ਦਾ ਆਉਣ ਵਾਲੇ ਸਮੇਂ 'ਤੇ ਬਹੁਤ ਪ੍ਰਭਾਵ ਪਿਆ। ਜਦ ਜਪਾਨ ਨੇ ਹਥਿਆਰ ਸੁੱਟੇ ਤਾਂ ਆਈ.ਐਨ.ਏ. ਦੇ 20,000 ਆਦਮੀਆਂ 'ਤੇ ਬਗਾਵਤ ਦਾ ਮੁਕੱਦਮਾ ਦਰਜ ਕੀਤਾ ਗਿਆ। ਦਿੱਲੀ ਦੇ ਲਾਲ ਕਿਲ੍ਹੇ 'ਚ ਖੁੱਲ੍ਹੀ ਅਦਾਲਤ 'ਚ ਮੁਕੱਦਮਾ ਚਲਾਉਣ ਦਾ ਫੈਸਲਾ ਹੋਇਆ। ਪਹਿਲੇ ਤਿੰਨ ਅਫਸਰ ਜਿਨ੍ਹਾਂ 'ਤੇ ਇਹ ਮੁਕੱਦਮਾ ਚਲਾਇਆ ਗਿਆ ਉਨ੍ਹਾਂ ਵਿਚ ਇਕ ਹਿੰਦੂ, ਇਕ ਮੁਸਲਮਾਨ ਤੇ ਇਕ ਸਿੱਖ ਸੀ; ਇਸ ਲਈ ਸਾਰੇ ਧਰਮਾਂ ਦੇ ਲੋਕ ਇਕੱਠੇ ਹੋ ਗਏ। ਮੁਸਲਮ ਲੀਗ ਜੋ ਵੱਖਰੇ ਸਟੇਟ ਦੀ ਮੰਗ ਕਰ ਰਹੀ ਸੀ, ਉਹ ਵੀ ਕਾਂਗਰਸ ਨਾਲ ਆ ਰਲੀ। ਵੈਸੇ ਬੋਸ ਦੀ ਫੌਜ ਵਿਚ ਬਹੁਤੇ ਮੁਸਲਮਾਨ ਸਨ।

ਫਿਰ 21 ਤੇ 23 ਸਤੰਬਰ 1945 ਨੂੰ ਕਲਕੱਤੇ ਬਹੁਤ ਵੱਡਾ ਮੁਜ਼ਾਹਰਾ ਹੋਇਆ ਜਿਸ ਵਿਚ ਕਾਂਗਰਸ ਪਾਰਟੀ, ਕਮਿਊਨਿਸਟ ਪਾਰਟੀ ਤੇ ਮੁਸਲਮ ਲੀਗ ਇਕੱਠੇ ਸਨ। ਪੁਲਿਸ ਨੇ 200 ਵਿਅਕਤੀਆਂ 'ਤੇ ਗੋਲੀ ਚਲਾ ਦਿੱਤੀ ਜਿਸ ਨਾਲ 33 ਵਿਅਕਤੀ ਮਾਰੇ ਗਏ। ਬਰਤਾਨੀਆ ਨੇ ਫੈਸਲਾ ਕੀਤਾ ਕਿ ਆਈ.ਐਨ.ਏ. ਦੇ ਉਨ੍ਹਾਂ ਵਿਅਕਤੀਆਂ 'ਤੇ ਹੀ ਮੁਕੱਦਮਾ ਚਲਾਇਆ ਜਾਵੇ ਜਿਨ੍ਹਾਂ ਨੇ ਕਤਲ ਕੀਤੇ ਹਨ ਜਾਂ ਕੋਈ ਜ਼ਾਲਮਾਨਾ ਕਾਰਵਾਈ ਕੀਤੀ ਹੈ। ਜਦ ਫਰਵਰੀ 1946 ਵਿਚ ਆਈ.ਐਨ.ਏ. ਦੇ ਅਬਦੁਲ ਰਸ਼ੀਦ ਖਾਨ ਨੂੰ 7 ਸਾਲ ਕੈਦ ਹੋਈ ਤਾਂ ਕਲਕੱਤੇ ਵਿਚ ਮੁਸਲਿਮ ਲੀਗ ਦੇ ਵਿਦਿਆਰਥੀਆਂ ਨੇ ਮੁਜ਼ਾਹਰੇ ਸ਼ੁਰੂ ਕਰ ਦਿੱਤੇ। ਉਨ੍ਹਾਂ ਨਾਲ ਕਾਂਗਰਸ ਅਤੇ ਕਮਿਊਨਿਸਟ ਪਾਰਟੀ ਦੇ ਵਿਦਿਆਰਥੀ ਵੀ ਆ ਰਲੇ। ਇਨ੍ਹਾਂ 'ਤੇ ਕਾਬੂ ਪਾਉਣ ਲਈ ਪੁਲਿਸ ਦੇ ਨਾਲ ਫੌਜ ਵੀ ਬੁਲਾਈ ਗਈ। ਕੋਈ 400 ਵਿਅਕਤੀਆਂ 'ਤੇ ਗੋਲੀ ਚਲਾਈ ਗਈ ਜਿਨ੍ਹਾਂ ਵਿਚੋਂ 100 ਵਿਅਕਤੀ ਮਾਰੇ ਗਏ। ਰਾਇਲ ਇੰਡੀਅਨ ਨੇਵੀ ਵਿਚ ਫਿਰਕੂ ਵਿਤਕਰਾ ਬਹੁਤ ਸੀ। ਖਾਨ ਦੇ ਮੁਕੱਦਮੇ ਨੇ ਇਸ ਵਿਚ ਬਲਦੀ 'ਤੇ ਤੇਲ ਪਾਉਣ ਦਾ ਕੰਮ ਕੀਤਾ। ਸਿੱਟੇ ਵਜੋਂ 80 ਸਮੁੰਦਰੀ ਜਹਾਜ਼ਾਂ ਅਤੇ ਧਰਤੀ 'ਤੇ 20 ਸਥਾਨਾਂ ਉਪਰ ਬਗਾਵਤ ਹੋ ਗਈ। ਇਨ੍ਹਾਂ ਘਟਨਾਵਾਂ ਨੇ ਭਾਰਤ ਨੂੰ ਆਜ਼ਾਦ ਕਰਾਉਣ ਵਿਚ ਗਾਂਧੀ ਨਾਲੋਂ ਜ਼ਿਆਦਾ ਯੋਗਦਾਨ ਪਾਇਆ।

ਭਾਰਤੀ ਇਤਿਹਾਸਕਾਰ ਰਮੇਸ਼ ਚੰਦਰ ਮਜੂਮਦਾਰ ਨੇ ਠੀਕ ਹੀ ਲਿਖਿਆ ਹੈ ਕਿ ਨਾ-ਮਿਲਵਰਤਣ ਲਹਿਰ ਦਾ ਆਜ਼ਾਦੀ ਦਿਵਾਉਣ ਵਿਚ ਕੋਈ ਯੋਗਦਾਨ ਨਹੀਂ ਸੀ, ਕਿਉਂਕਿ ਇਹ ਲਹਿਰ ਆਜ਼ਾਦੀ ਮਿਲਣ ਤੋਂ 14 ਸਾਲ ਪਹਿਲਾਂ ਸਮਾਪਤ ਹੋ ਗਈ ਸੀ। ਉਨ੍ਹਾਂ ਅਨੁਸਾਰ ਪਹਿਲੇ ਵਿਸ਼ਵ ਯੁੱਧ ਸਮੇਂ ਇਨਕਲਾਬੀਆਂ (ਗਦਰ ਪਾਰਟੀ) ਨੇ ਜਰਮਨ ਦੀ ਸਹਾਇਤਾ ਨਾਲ ਹਥਿਆਰਬੰਦ ਸੰਘਰਸ਼ ਰਾਹੀਂ ਬਰਤਾਨੀਆ ਦੀ ਹਕੂਮਤ ਦਾ ਤਖ਼ਤਾ ਪਲਟਾਉਣ ਦਾ ਯਤਨ ਕੀਤਾ, ਪਰ ਉਹ

*(ਬਾਕੀ ਅਗਲੇ ਸਫੇ 'ਤੇ)*

# ਕਾਹਦਾ ਮਾਣ ਬੰਬੀ ਦਾ!

## ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

ਪੀਣ ਲਈ ਅਤੇ ਖੇਤੀ ਲਈ ਖੂਹ ਦੇ ਪਾਣੀ ਦੀ ਵਰਤੋਂ ਸਦੀਆਂ ਤੋਂ ਹੁੰਦੀ ਆਈ ਹੈ। ਖੇਤੀ ਪ੍ਰਧਾਨ ਸੂਬਾ ਹੋਣ ਕਰਕੇ ਪੰਜਾਬ ਵਿਚ ਇਸ ਦੀ ਮਹੱਤਤਾ ਹੋਰ ਵੀ ਵੱਧ ਹੈ। ਪਿੰਡ ਦੇ ਦਰਵਾਜ਼ੇ ਜਾਂ ਖੇਤਾਂ ਵਿਚਾਲੇ ਖੂਹ ਰੌਣਕ ਦਾ ਬਿੰਦੂ ਹੈ। ਗੌਰਤਲਬ ਹੈ ਕਿ ਖੂਹ ਸ਼ਬਦ ਨਿਰਾ ਪਾਣੀ ਵਾਲੇ ਡੂੰਘੇ ਟੋਏ ਵੱਲ ਹੀ ਸੰਕੇਤ ਨਹੀਂ ਕਰਦਾ ਬਲਕਿ ਇਸ ਦਾ ਚੁਗਿਰਦਾ ਵੀ ਹੈ ਜਿਸ ਤੋਂ ਖੇਤੀ ਬਾੜੀ ਦਾ ਕੰਮ ਚਲਦਾ ਹੈ। ਇਸ ਵਿਚ ਪਸ਼ੂਆਂ ਲਈ ਖੁਰਲੀਆਂ, ਟੋਕਾ ਮਸ਼ੀਨ, ਕੁਲਾੜੀ ਤੇ ਹੋਰ ਸੰਦ ਵਲੇਵੇ ਰੱਖਣ ਲਈ ਬਣਾਇਆ ਕੋਠਾ ਵੀ ਸ਼ਾਮਲ ਹੈ। ਧਰਤੀ ਚੋਂ ਸਿੰਜਾਈ ਦੇ ਸਾਧਨ ਵਜੋਂ ਪਾਣੀ ਕਢਣ ਲਈ ਸਮੇਂ ਸਮੇਂ ਤਕਨੀਕੀ ਤਰੱਕੀ ਨਾਲ ਨਵੇਂ ਨਵੇਂ ਸਾਧਨ ਵਿਕਸਿਤ ਹੁੰਦੇ ਰਹੇ ਹਨ। ਸਪਸ਼ਟ ਹੈ ਕਿ ਡੋਲ, ਬਾਲਟੀ ਜਾਂ ਟਿੰਡ ਨਾਲ ਪਾਣੀ ਕੱਢ ਕੇ ਖੇਤ ਨੂੰ ਸਿੰਜਿਆ ਨਹੀਂ ਜਾ ਸਕਦਾ। ਇਸ ਲਈ ਪਹਿਲਾਂ ਪਹਿਲ ਚਰਸ ਹੋਂਦ ਵਿਚ ਆਇਆ ਜੋ ਪੰਜਾਬ ਵਿਚ ਕਾਫੀ ਦੇਰ ਪ੍ਰਚਲਤ ਰਿਹਾ। ਚਮੜੇ ਦੇ ਬਣੇ ਚਰਸ ਵਿਚ ਪਾਣੀ ਦੇ ਪੰਜ-ਸੱਤ ਘੜੇ ਪੈ ਸਕਦੇ ਹਨ। ਇਸ ਨੂੰ ਬੋਕਾ ਵੀ ਆਖਦੇ ਹਨ। ਉਂਜ ਬੋਕਾ ਚਮੜੇ ਦਾ ਇਕ ਛੋਟਾ ਥੈਲਾ ਹੈ ਜਿਸ ਨੂੰ ਲੱਜ ਨਾਲ ਵਰ੍ਹਾ ਕੇ ਖੂਹ ਚੋਂ ਪਾਣੀ ਕਢਿਆ ਜਾਂਦਾ ਹੈ।

ਚਰਸ ਪਿਛੋਂ ਹਲਟ ਪ੍ਰਚਲਤ ਹੋਇਆ, ਜਿਸ ਰਾਹੀਂ ਖੂਹ ਵਿਚੋਂ ਮੁਕਾਬਲਤਨ ਵਧੇਰੇ ਪਾਣੀ ਕਢਿਆ ਜਾ ਸਕਦਾ ਸੀ। ਇਹ ਲੰਮਾ ਚੌੜਾ ਜੁਗਾੜ ਹੈ, ਪਰ ਹੈ ਸਾਰਾ ਅਰਧ-ਮਕੈਨਕੀ ਹੀ। ਚਰਸ ਤੇ ਹਲਟ ਬਹੁਤ ਸਮਾਂ ਇਕੱਠੇ ਹੀ ਚਲਦੇ ਰਹੇ ਪਰ ਤਕਨੀਕੀ ਤੌਰ ਤੇ ਹਲਟ ਨਿਸਚੇ ਹੀ ਚਰਸ ਤੋਂ ਅਗਲੇ ਪੜਾਅ ਦਾ ਹੈ। ਹਲਟ ਨੂੰ ਨੇਸਤੋ-ਨਾਬੂਦ ਕੀਤਾ ਬੰਬੀ ਅਤੇ ਟੁਵਲ (ਟਿਊਬ ਵੈਲ) ਨੇ। ਅੱਜ ਕੱਲ੍ਹ ਟੁਵਲ ਨੂੰ ਬੰਬੀ ਵੀ ਕਿਹਾ ਜਾਂਦਾ ਹੈ ਪਰ ਮੁਢਲੇ ਤੌਰ ਤੇ ਬੰਬੀ ਪਾਈਪ ਰਾਹੀਂ ਖੂਹ ਚੋਂ ਕਢਣ ਵਾਲੇ ਉਸ ਜੁਗਾੜ ਨੂੰ ਕਿਹਾ ਜਾਂਦਾ ਸੀ ਜੋ ਤੇਲ ਨਾਲ ਚੱਲਦਾ ਸੀ। ਬਾਅਦ ਵਿਚ ਬਿਜਲੀ ਦੀ ਮੋਟਰ ਨਾਲ ਚੱਲਣ ਵਾਲੇ ਅਜੇਹੇ ਜੁਗਾੜ ਨੂੰ ਟੂਵਲ ਕਿਹਾ ਜਾਣ ਲੱਗਾ ਪਰ ਬਹੁਤੇ ਲੋਕ ਇਸ ਨੂੰ ਵੀ ਬੰਬੀ ਹੀ ਆਖਦੇ ਹਨ। ਬੰਬੀ ਦੇ ਇੰਜਣ ਜਾਂ ਮੋਟਰ ਨੂੰ ਕੋਠੇ ਵਿਚ ਡੱਕਿਆ ਹੁੰਦਾ ਹੈ। ਬੰਬੀ ਸ਼ਬਦ ਨੇ ਵੀ ਖੂਹ ਵਾਂਗ ਵਿਸਤ੍ਰਿਤ ਅਰਥ ਧਾਰਨ ਕਰ ਲਏ ਹਨ। ਬੰਬੀ ਦਾ ਕੋਠਾ ਤਹਿਖਾਨੇ ਵਾਂਗੂੰ ਰਹੱਸ ਭਰਿਆ ਬਣ ਗਿਆ ਹੈ। ਬੰਬੀ ਵਿਚ ਨਹਾਉਣਾ ਗੰਗਾ ਨਹਾਉਣ ਵਾਂਗ ਹੈ ਪਰ ਇਸ 'ਗੰਗਾ ਜਲੀ ਵਿਚ ਸ਼ਰਾਬ' ਦਾ ਸੇਵਣ ਵੀ ਖੂਬ ਹੁੰਦਾ ਹੈ। ਕਹਿੰਦੇ ਹਨ, 'ਭੁਖੇ ਜੱਟ ਕਟੋਰਾ ਲਭਾ, ਪਾਣੀ ਪੀ ਪੀ ਆਫਰਿਆ' ਤੇ ਜੇ ਜੱਟ ਨੂੰ ਕਿਤੇ ਧੜਾ ਧੜ ਪਾਣੀ ਸਿੱਟਦੀ ਬੰਬੀ ਮਿਲ ਜਾਵੇ? ਬੱਸ ਫਿਰ ਅਤਿ ਹੀ ਸਮਝੋ। ਬੰਬੀ ਵਿਚ ਅਕਸਰ ਪੁਠੇ ਕੰਮ ਕੀਤੇ ਜਾਂਦੇ ਹਨ, ਕਤਲ ਆਦਿ ਦੀਆਂ ਸਾਜ਼ਸ਼ਾਂ ਰਚੀਆਂ ਜਾਂਦੀਆਂ ਹਨ ਤੇ ਕਈ ਵਾਰੀ ਏਥੇ ਸੁੱਤੇ ਪਏ ਜੱਟ ਜਾਂ ਉਸ ਦੇ ਭਈਏ ਕਤਲ ਦਾ ਸ਼ਿਕਾਰ ਹੁੰਦੇ ਸੁਣੇ ਹਨ। ਬੰਬੀ ਸ਼ਬਦ ਸਾਹਿਤ ਤੇ ਗੀਤਾਂ ਵਿਚ ਵੀ ਆਮ ਮਿਲਦਾ ਹੈ। ਲਾਲ ਸਿੰਘ ਦੀ 'ਗਦਰ', ਰਾਮ ਸਰੂਪ ਅਣਖੀ ਦੇ 'ਕੋਠੇ ਖੜਕ ਸਿੰਘ' ਅਤੇ ਵਰਿਆਮ ਸਿੰਘ ਸੰਧੂ ਦੀ 'ਰਿਮ ਝਿਮ ਪਰਬਤ' ਵਿਚ ਬੰਬੀ ਦਾ ਅਜੇਹਾ ਹੀ ਬਿੰਬ ਉਘੜਿਆ ਹੈ। ਸੰਧੂ ਦੀ ਰਚਨਾ ਵਿਚੋਂ ਨਮੂਨਾ ਦੇਖੋ, "ਤਿੰਨੋ ਮੁੰਡੇ ਸੜਕੋਂ ਉਤਰ ਕੇ ਕਮਾਦਾਂ ਦੇ ਓਹਲੇ ਵਿਚੋਂ ਲੰਘ ਕੇ ਅੱਗੇ ਹੋਏ ਤਾਂ ਵੇਖਿਆ ਅਰਜਨ ਸਿੰਘ ਗੋਭੀ ਦੀ ਪਨੀਰੀ ਗੋਡ ਰਿਹਾ ਸੀ। ਮਸਾਂ ਪੰਜਾਹ ਗਜ਼ 'ਤੇ ਉਨ੍ਹਾਂ ਦੀ ਬੰਬੀ ਚੱਲ ਰਹੀ ਸੀ। ਬੰਬੀ ਦੀ ਕੰਧ ਵਿਚ ਗੱਡੀ ਲੋਹੇ ਦੀ ਨਿੱਕੀ ਜਿਹੀ ਕਿੱਲੀ ਨਾਲ ਉਹਨੇ ਆਪਣੀ ਤਿੰਨ ਫੁੱਟੀ ਕਿਰਪਾਨ ਟੰਗੀ ਹੋਈ ਸੀ...।" ਇਕ ਗੀਤ ਦੇ ਬੋਲ ਹਨ, 'ਮਿੱਤਰਾਂ ਦੀ ਬੰਬੀ ਉਤੇ ਹਰ ਵੇਲੇ ਵੈਲੀਆਂ ਦੀ ਢਾਣੀ ਰਹਿੰਦੀ ਆ।'



ਐਪਰ ਏਨੀ ਅਪਣੱਤ ਵਾਲਾ ਬੰਬੀ ਸ਼ਬਦ ਪੰਜਾਬ ਜਾਂ ਭਾਰਤ ਦੀ ਧਰਤੀ ਦਾ ਜਾਇਆ ਨਹੀਂ ਹੈ। ਇਸ ਦੀਆਂ ਜੜ੍ਹਾਂ ਬਹੁਤ ਦੂਰ ਦੁਰਾਡੇ ਦੇਸ਼ਾਂ ਵਿਚ ਹਨ। ਬੰਬੀ ਮੁਢਲੇ ਸ਼ਬਦ 'ਬੰਬਾ' ਦਾ ਲਘੂਤਾਸੂਚਕ ਇਸਤਰੀ ਲਿੰਗੀ ਰੂਪ ਹੈ, ਜੋ ਮੂਲੋਂ ਯੂਰਪ ਵਲੋਂ ਆਇਆ ਹੈ। ਖਿਆਲ ਹੈ ਕਿ ਇਹ ਪੁਰਤਗਾਲੀ ਭਾਸ਼ਾ ਤੋਂ ਸਾਡੀਆਂ ਭਾਸ਼ਾਵਾਂ ਵਿਚ ਦਾਖਲ ਹੋਇਆ। ਹਿੰਦੀ, ਮਰਾਠੀ, ਗੁਜਰਾਤੀ ਵਿਚ ਮੈਂ ਇਸ ਦੀ ਟੋਹ ਲਈ ਹੈ। ਇਨ੍ਹਾਂ ਭਾਸ਼ਾਵਾਂ ਵਿਚ ਇਸ ਦੇ ਅਰਥ ਫਾਇਰ ਬਰਿਗੇਡ, ਟੂਵਲ, ਨਾਲਾ ਤੇ ਪਾਣੀ ਗਰਮ ਕਰਨ ਵਾਲਾ ਹਮਾਮ ਹਨ। ਯੂਰਪੀ ਭਾਸ਼ਾਵਾਂ, ਖਾਸ ਤੌਰ ਤੇ ਸਪੇਨੀ ਵਿਚ ਵੀ ਇਹ ਸ਼ਬਦ ਖੂਬ ਚਲਦਾ ਹੈ। ਪੁਰਤਗਾਲੀ ਵਿਚ ਇਸ ਦਾ ਰੂਪ bomba ਹੈ ਤੇ ਅਰਥ ਹੈ ਪਾਣੀ ਵਾਲਾ ਪੰਪ। ਸਪੇਨੀ, ਇਤਾਲਵੀ ਤੇ ਹੋਰ ਭਾਸ਼ਾਵਾਂ ਵਿਚ ਇਸ ਦੇ ਪੰਪ ਨਾਲ ਸਬੰਧਤ ਕਈ ਅਰਥ ਮਿਲਦੇ ਹਨ ਜਿਵੇਂ ਅੱਗ ਬੁਝਾਊ ਇੰਜਣ, ਪਟਰੋਲ ਪੰਪ, ਬੰਬ, ਬੁਲਬੁਲਾ ਆਦਿ। ਪੰਜਾਬੀ ਵਿਚ ਇਹ ਇੰਜਣ ਦੇ ਅਰਥਾਂ ਵਜੋਂ ਪ੍ਰਚਲਤ ਰਿਹਾ ਹੈ। ਦੇਖਿਆ ਜਾਵੇ ਤਾਂ ਇੰਜਣ ਵੀ ਉਦੋਂ ਪਾਣੀ ਦੀ ਭਾਫ ਨਾਲ ਚੱਲਦੇ ਸਨ ਜਿਨ੍ਹਾਂ ਵਿਚ ਪੰਪ ਦੀ ਤਰ੍ਹਾਂ ਭਾਫ਼ ਨੂੰ ਖਿਚਿਆ ਜਾਂਦਾ ਸੀ। ਮੈਨੂੰ ਧੁੰਦਲਾ ਜਿਹਾ ਇਕ ਗੀਤ ਯਾਦ ਹੈ,'ਬਾਰਾਂ ਬੰਬੇ ਲੱਗੇ ਆ ਪਟਿਆਲੇ ਵਾਲੀ ਰੇਲ ਨੂੰ'। ਪਟਿਆਲਾ ਰਾਜਿਆਂ ਦੀ ਧਰਤੀ ਹੈ, ਉਥੇ ਦੀ ਰੇਲ ਨੂੰ ਬਾਰਾਂ ਬੰਬੇ ਹੀ ਲੱਗਣੇ ਹੋਏ। ਪਟਿਆਲੇ ਵਿਚ ਬਾਬਾ ਬੰਬਾ ਸਿੰਘ ਛਾਉਣੀ ਵੀ ਪ੍ਰਸਿੱਧ ਹੈ। ਅੱਜ ਇੰਜਣ ਦੇ ਅਰਥਾਂ ਵਿਚ ਬੰਬਾ ਸ਼ਬਦ ਘਟ ਹੀ ਚਲਦਾ ਹੈ ਪਰ ਇਸ ਦੀ ਪਤਨੀ ਬੰਬੀ ਖੂਬ ਛਾਲਾਂ ਮਾਰ ਰਹੀ ਹੈ।

ਕੁਝ ਸਰੋਤ ਪੰਪ ਨੂੰ ਵੀ ਬੰਬਾ ਦਾ ਸੁਜਾਤੀ ਦੱਸਦੇ ਹਨ। ਪੀਪਿਆਂ 'ਚੋਂ ਤੇਲ ਪੰਪ ਨਾਲ ਹੀ ਕਢਿਆ ਜਾਂਦਾ ਹੈ। ਪੰਪ ਪਾਣੀ ਜਾਂ ਹਵਾ ਨੂੰ ਪਾਈਪ ਰਾਹੀਂ ਕਢਣ ਦਾ ਸਾਧਨ ਹੈ। ਜਿਵੇਂ ਪਾਣੀ ਵਾਲਾ ਨਲਕਾ ਜਾਂ ਸਾਈਕਲ ਵਿਚ ਹਵਾ ਭਰਨ ਵਾਲੀ ਨਾਲੀ। ਨਲਕੇ ਨੂੰ ਹੈਂਡ ਪੰਪ ਵੀ ਕਿਹਾ ਜਾਂਦਾ ਹੈ, 'ਸਿਗਰਟ ਲੰਪ ਦਾ, ਪਾਣੀ ਪੰਪ ਦਾ'। ਨਲਕਾ ਗੇੜਨ ਨੂੰ ਪੰਪ ਮਾਰਨਾ ਕਿਹਾ ਜਾਂਦਾ ਹੈ। ਕਿਸੇ ਦੀ ਖੁਸ਼ਾਮਦ ਕਰਨ ਜਾਂ ਫੂਕ ਦੇਣ ਲਈ ਮੁਹਾਵਰਾ ਹੈ, ਪੰਪ ਦੇਣਾ। ਪਟਰੋਲ ਪੰਪ ਵਿਚ ਵੀ ਪੰਪ ਦਾ ਦਖਲ ਹੈ। ਪੰਪ ਸ਼ਬਦ ਸਾਡੀ ਭਾਸ਼ਾ ਵਿਚ ਅੰਗਰੇਜ਼ੀ ਵਲੋਂ ਆਇਆ।

ਕਈ ਨਿਰੁਕਤਕਾਰ ਪੰਪ ਅਤੇ ਬੰਬਾ ਸ਼ਬਦ ਦੀ ਸੁਜਾਤੀ ਸਾਂਝ 'ਤੇ ਸ਼ੱਕ ਕਰਦੇ ਹਨ। ਇਕ ਚਰਚਾ ਸੰਖੇਪ ਵਿਚ ਪੇਸ਼ ਕਰਦਾ ਹਾਂ। ਅੰਗਰੇਜ਼ੀ ਬੰਬ ਜਿਸ ਨੇ ਪੰਜਾਬੀ ਵਿਚ ਵੀ ਧਮਾਕਾ ਕੀਤਾ ਹੈ, ਅੰਤਮ ਤੌਰ ਤੇ ਗਰੀਕ bombos ਤੋਂ ਬਣਿਆ ਹੈ ਜਿਸ ਦਾ ਅਰਥ ਭਿਣਭਿਣਾਹਟ, ਭੀਂ ਭੀਂ ਜਿਹਾ ਹੈ। ਸਪਸ਼ਟ ਹੈ ਕਿ ਇਹ ਭਿਣਭਿਣਾਹਟ ਦੀ ਤਰ੍ਹਾਂ ਧੁਨੀ-ਅਨੁਕਰਣਕ ਹੈ। ਪੰਪ ਸ਼ਬਦ ਇਸੇ ਤੋਂ ਵਿਗਸਿਆ ਹੋ ਸਕਦਾ ਹੈ। ਹੋਰ ਲੋਕ ਇਸ ਨੂੰ ਜਰਮਨ pumpe ਰਾਹੀਂ ਸਪੈਨਿਸ਼ ਜਾਂ ਪੁਰਤਗੀਜ਼ ਬੰਬਾ ਤੋਂ ਨਿਕਲਿਆ ਬਿਆਨਦੇ ਹਨ। ਕੁਝ ਵੀ ਹੋਵੇ ਇਹ pumpe ਵੀ ਆਪਣੇ ਤੌਰ ਤੇ ਧੁਨੀ-ਅਨੁਕਰਣਕ ਹੈ ਜਿਸ ਦਾ ਗਰੀਕ ਦੇ ਸ਼ਬਦ ਨਾਲ ਕੋਈ ਸੁਜਾਤੀ ਸਬੰਧ ਨਹੀਂ। ਦਰਅਸਲ ਧੁਨੀ-ਅਨੁਕਰਣ ਦਾ ਵਰਤਾਰਾ ਬਹੁਤ ਸਾਰੀਆਂ ਭਾਸ਼ਾਵਾਂ ਵਿਚ ਲਗਭਗ ਇਕੋ ਤਰ੍ਹਾਂ ਦਾ ਹੁੰਦਾ ਹੈ। ਇਸ ਲਈ ਅਕਸਰ ਹੀ ਸੰਜੋਗੀ ਸਾਂਝ ਝਲਕਣ ਲਗਦੀ ਹੈ। ਮਿਸਾਲ ਵਜੋਂ ਪੰਜਾਬੀ 'ਮਿਆਉਂ' ਦੀ ਅੰਗਰੇਜ਼ੀ mew ਨਾਲ ਸੰਜੋਗੀ ਸਾਂਝ ਹੈ ਨਾ ਕਿ ਸੁਜਾਤੀ। ਏਹੀ ਗੱਲ bow-wow ਅਤੇ 'ਬਊ ਬਊ' ਬਾਰੇ ਕਹੀ ਜਾ ਸਕਦੀ ਹੈ। ਕੋਈ ਭਾਰੀ ਵਸਤੂ ਜਦ ਪਾਣੀ ਨਾਲ ਟਕਰਾਉਂਦੀ ਹੈ ਤਾਂ 'ਧੰਪ' ਜਿਹੀ ਆਵਾਜ਼ ਸੁਣਾਈ ਦਿੰਦੀ ਹੈ। ਪੰਜਾਬੀ ਵਿਚ ਵੀ ਇਕ ਸ਼ਬਦ ਹੈ 'ਬੁੰਬ' ਜੋ ਪਾਣੀ ਦੇ ਫੁੱਟਣ ਵੱਲ ਸੰਕੇਤ ਕਰਦਾ ਹੈ। 'ਮਹਾਨ ਕੋਸ਼' ਵਿਚ ਇਸ ਸ਼ਬਦ ਦੇ ਅਰਥ ਇਸ ਤਰ੍ਹਾਂ ਕੀਤੇ ਗਏ ਹਨ, "ਕਿਸੇ ਛਿਦ੍ਰ ਵਿਚੋਂ ਜ਼ੋਰ ਨਾਲ ਨਿਕਲੀ ਹੋਈ ਜਲਧਾਰਾ, ਬੰਬ, ਮੁੰਬਅ"। ਪੰਜਾਬੀ ਬੰਬ ਸ਼ਬਦ ਦੇ ਅਰਥ ਹਨ, 1. ਖ਼ਬਰ, ਸੋਘ: 'ਧੰਧੇ ਹੀ ਮਹਿ ਮਰਿ ਗਇਓ ਬਾਹਰਿ ਭਈ ਨ ਬੰਬ' (ਭਗਤ ਕਬੀਰ) 2. ਜਲਧਾਰਾ, ਮੁੰਬਅ: "ਨਿਕਸੀ ਨੀਰ ਬੰਬ ਬਰਿਆਈ". 3. ਧੂੰਏਂ ਦੀ ਭਾਰੀ ਆਵਾਜ਼ 4. ਨਗਾਰੇ ਦੀ ਗੂੰਜ।

ਪ੍ਰਸੰਗ ਵੱਸ ਦੱਸ ਦੇਈਏ ਕਿ ਜਲਧਾਰਾ ਦੇ ਅਰਥਾਂ ਵਾਲਾ ਮੁੰਬਅ ਸ਼ਬਦ ਅਰਬੀ ਤੋਂ ਆਇਆ ਹੈ ਤੇ ਸੰਭਵ ਹੈ ਇਹ ਵੀ ਧੁਨੀ ਅਨੁਕਰਣਕ ਹੋਵੇ। ਪਰ ਇਸ ਸਾਰੀ ਚਰਚਾ ਤੋਂ ਇਹ ਨਤੀਜਾ ਨਹੀਂ ਕਢਿਆ ਜਾਣਾ ਚਾਹੀਦਾ ਕਿ ਅੱਜ ਦੀ ਚਰਚਾ ਦੇ ਸ਼ਬਦ ਬੰਬਾ, ਬੰਬੀ ਜਾਂ ਪੰਪ ਭਾਰਤੀ ਜਾਂ ਪੰਜਾਬੀ ਪਰਿਵੇਸ਼ ਦੇ ਧੁਨੀ-ਅਨੁਕਰਣਕ ਸ਼ਬਦ ਹੋਣਗੇ। ਇਹ ਨਿਸਚੇ ਹੀ ਯੂਰਪੀ ਪਿਛੋਕੜ ਦੇ ਹਨ। ਸੋ ਕਾਹਦਾ ਮਾਨ ਕਰਨਾ ਹੋਇਆ ਬੰਬੀ ਦਾ!

# ਕੱਖਾਂ ਕਾਨਿਆਂ ਦੇ ਬੈਟਨ ਵਾਲੇ ਮਿਲਖਾ ਸਿੰਘ


## ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਦੁਆਬੇ ਦੇ ਕਈ ਪਿੰਡਾਂ ਦਾ ਨਾਂ ਕਿਸੇ ਹੋਰ ਪਿੰਡ ਨਾਲ ਜੋੜ ਕੇ ਲਿਆ ਜਾਂਦਾ ਹੈ। ਜਿਵੇਂ ਮਾਹਿਲਪੁਰ-ਬਾੜੀਆਂ, ਨਿੱਕਾ-ਲਬਾਣਾ, ਔੜ-ਅੜਾਪੜ, ਸ਼ੇਖੂਪੁਰ ਤੇ ਦਾਤਾ ਚੇਲਾ। ਦਾਤਾ ਅਤੇ ਚੇਲਾ ਏਨੇ ਛੋਟੇ ਪਿੰਡ ਹਨ ਕਿ ਇਨ੍ਹਾਂ ਦਾ ਡਾਕਘਰ ਵੀ ਅਪਣਾ ਨਹੀਂ। ਪਰ ਚੇਲਾ ਵਾਲਿਆਂ ਨੇ ਅਪਣੀ ਪਛਾਣ ਵਿਗਿਆਨਕ ਵਿਦਿਆ ਨਾਲ ਬਣਾਈ। ਏਸ ਪਿੰਡ ਦਾ ਪਿਆਰਾ ਸਿੰਘ ਗਿੱਲ ਅੰਤਰ-ਰਾਸ਼ਟਰੀ ਪ੍ਰਸਿੱਧੀ ਵਾਲੇ ਭੌਤਕ ਵਿਗਿਆਨੀ ਸਨ। ਨਹਿਰੂ ਸਰਕਾਰ ਵੇਲੇ ਸੀ. ਐਸ. ਆਈ ਆਰ ਦਾ ਡਾਇਰੈਕਟਰ ਜਨਰਲ। ਅੱਜ ਏਥੋਂ ਦਾ ਸੁਰਜੀਤ ਸਿੰਘ ਗਿੱਲ ਕੀਨੀਆਂ ਤੇ ਬੋਟਸਵਾਨਾ (ਅਫਰੀਕਾ) ਦਾ ਵਸਨੀਕ ਹੋਣ ਦੇ ਨਾਤੇ ਉਸ ਨੇ ਉਥੋਂ ਦੇ ਚੇਲਾ ਵਰਗੇ ਨਿੱਕੇ ਪਿੰਡ ਵਿਚ ਮੋਲੇਪੋਲੇ ਅਥਲੈਟਿਕਸ ਕਲੱਬ ਸਥਾਪਤ ਕੀਤਾ ਜਿਸ ਦਾ ਉਹ ਚੇਅਰਮੈਨ ਹੈ। ਉਸ ਦੇ ਤਿਆਰ ਕੀਤੇ ਮੁੰਡੇ ਕੁੜੀਆਂ 50-100 ਕਿਲੋਮੀਟਰ ਦੀਆਂ ਲੰਮੀਆਂ ਤੇ ਚੌਕੀ ਦੌੜਾਂ ਵਿਚ ਹਾਲੈਂਡ, ਮਿਸਰ, ਫਰਾਂਸ, ਜਰਮਨੀ, ਕੀਨੀਆ, ਜ਼ਿਮਬਾਵੇ, ਦੱਖਣੀ ਅਫਰੀਕਾ ਤੇ ਹੋਰ ਕਈ ਦੇਸ਼ਾਂ ਵਿਚ ਭਾਗ ਲੈ ਚੁੱਕੇ ਹਨ। ਤਿੰਨ ਕੁੜੀਆਂ ਸਪੇਨ ਦੀਆਂ ਦੌੜਾਂ ਵਿਚ ਭਾਗ ਲੈ ਚੁੱਕੀਆਂ ਹਨ। ਇਨ੍ਹਾਂ ਦੀ ਪੇਂਡੂ ਕਲੱਬ ਵਿਚ ਬਾਹਰਲੇ ਦੇਸ਼ ਵੀ ਭਾਗ ਲੈਂਦੇ ਹਨ। 2005 ਵਿਚ ਇਨ੍ਹਾਂ ਨੂੰ ਨਾਮਬੀਆ ਦੇ 47 ਨੌਜਵਾਨ ਸਾਂਭਣੇ ਪਏ। ਉਹ ਇਨ੍ਹੀਂ ਦਿਨੀਂ ਆਪਣੇ ਬੇਟੇ ਹਰਕੀਰਤ ਦੀ ਮਨਦੀਪ ਕੌਰ ਨਾਲ ਸ਼ਾਦੀ ਦੇ ਸਬੰਧ ਵਿਚ ਚੇਲੇ ਆਇਆ ਹੋਇਆ ਹੈ। ਖੇਡਾਂ ਦੇ ਸ਼ੌਕ ਨੇ ਉਹਦਾ ਪਿੱਛਾ ਨਹੀਂ ਛੱਡਿਆ ਤੇ 12 ਦਸੰਬਰ ਵਾਲੇ ਦਿਨ ਵਿਸ਼ੇਸ਼ ਸਪੋਰਟਸ ਟੂਰਨਾਮੈਂਟ ਰਚਾ ਕੇ ਹਟਿਆ ਹੈ।

ਬਾਰਾਂ ਦਸੰਬਰ ਨੂੰ ਹੋਣ ਵਾਲੀਆਂ ਮੁੰਡਿਆਂ ਦੀਆਂ ਦਸ ਕਿਲੋਮੀਟਰ ਤੇ ਕੁੜੀਆਂ ਦੀਆਂ ਪੰਜ ਕਿਲੋਮੀਟਰ ਦੌੜਾਂ ਤੇ ਹੋਰ ਖੇਡਾਂ ਦੀ ਰਿਹਰਸਲ ਅੱਠ ਦਸੰਬਰ ਨੂੰ ਕੀਤੀ ਗਈ ਜਿਹੜੀ ਮੈਂ ਖੁਦ ਵੇਖੀ। ਇਹ ਰਿਹਰਸਲ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਈਸਪੁਰ ਮਖਸੂਸਪੁਰ ਚੇਲਾ ਦੇ ਪ੍ਰਿੰਸੀਪਲ ਭਾਰਤ ਭੂਸ਼ਨ ਦੀ ਆਗਿਆ ਨਾਲ ਸਕੂਲ ਗਰਾਊਂਡ ਵਿਚ ਕਰਵਾਈ ਗਈ। ਇਸ ਵਿਚ ਸੱਤਰਾਂ-ਪੰਝਤਰਾਂ ਨੂੰ ਢੁੱਕੇ ਬਜ਼ੁਰਗਾਂ ਤੋਂ ਲੈ ਕੇ 8-10 ਸਾਲ ਦੇ ਬੱਚਿਆਂ ਨੇ ਹਿੱਸਾ ਲਿਆ। ਹਰ ਟੀਮ ਵਿਚ ਪੰਜ ਹਾਣੀ ਰੱਖੇ ਗਏ। ਉਨ੍ਹਾਂ ਵਿਚ ਇਕ ਮਰਦ 75 ਸਾਲ ਦਾ ਸੀ ਤੇ ਇੱਕ ਮਾਈ ਅੱਸੀ ਸਾਲ ਦੀ। ਸੁਰਜੀਤ ਸਿੰਘ ਗਿੱਲ ਨਾਲ ਬੋਟਸਵਾਨਾ ਤੋਂ ਇੱਕ ਮਿਸਜ਼ ਮੌਲੀ ਵੇਟ ਨਾਂ ਦੀ ਮੇਮ ਵੀ ਆਈ ਹੋਈ ਸੀ। ਵਿਜੇਤਿਆਂ ਨੂੰ ਦੇਣ ਵਾਲੇ ਸਰਟੀਫਿਕੇਟ ਤਗਮੇ, ਸੋਵੀਨੀਰ, ਤੇ ਗਿਫਟ ਵੀ ਉਸਨੇ ਬੜੇ ਸ਼ੌਕ ਨਾਲ ਬਣਵਾਏ ਸਨ।



ਬ੍ਰਿਗੇਡੀਅਰ ਸੰਤ ਸਿੰਘ



ਸੁਰਜੀਤ ਸਿੰਘ ਗਿੱਲ

ਛੋਟੀ ਉਮਰ ਦੇ ਬੱਚਿਆਂ ਸਮੇਤ ਟੀਮਾਂ ਦੀ ਗਿਣਤੀ ਏਨੀ ਵਧ ਗਈ ਕਿ ਪਤਲੀਆਂ ਪਾਈਪਾਂ ਕਟ ਕੇ ਬਣਾਏ ਬੈਟਨ ਥੁੜ ਗਏ ਅਤੇ ਬੈਟਨ ਦੰਦ ਸਾਫ ਕਰਨ ਵਾਲੀਆਂ ਦਾਤਣਾ ਜਾਂ ਕੱਖ ਕਾਨੇ ਕੱਟ ਕੇ ਬਣਾਉਣੇ ਪਏ। ਚੇਲਾ ਗਿੱਲ ਜੱਟਾਂ ਦਾ ਪਿੰਡ ਹੈ। ਮੈਨੂੰ ਸੱਦਾ ਦੇਣ ਵਾਲੇ ਬਲਬੀਰ ਸਿੰਘ ਫੌਜ ਦੀ ਨੌਕਰੀ ਤੋਂ ਪਿੱਛੋਂ ਜਲੰਧਰ ਵਿਖੇ ਜ਼ਿਲਾ ਰੋਜ਼ਗਾਰ ਅਫ਼ਸਰ ਲੱਗਿਆ ਹੋਇਆ ਹੈ ਤੇ ਉਸ ਦੀ ਪਤਨੀ ਅਧਿਆਪਕਾ ਹੈ ਜਿਹੜੀ ਉਥੇ ਨੰਨੇ-ਮੁੰਨੇ ਬੱਚਿਆਂ ਲਈ ਪਲੇਅ ਸਕੂਲ ਚਲਾਉਂਦੀ ਹੈ। ਉਹ ਦੋਵੇਂ ਛੁੱਟੀ ਲੈ ਕੇ ਦੋਵੇਂ ਦਿਨ ਆਏ। ਮੈਂ ਖੇਡਾਂ ਦਾ ਚਾਹਵਾਨ ਨਹੀਂ ਪਰ ਮੇਰੀ ਪਤਨੀ ਅਪਣੇ ਸਕੂਲ ਤੇ ਕਾਲਜ ਵਿਚ ਹਿੱਸਾ ਲੈਂਦੀ ਰਹੀ ਹੈ। ਉਹਦੇ ਵਲੋਂ ਪ੍ਰਵਾਨ ਕੀਤੇ ਏਸ ਸੱਦੇ ਕਾਰਨ ਮੈਂ ਵੀ ਖੇਡਾਂ ਦੀ ਦੁਨੀਆਂ ਦੇਖ ਆਇਆ। ਇਸ ਨੇ ਮੈਨੂੰ ਅਪਣੇ ਸਕੂਲ ਸਮੇਂ ਦੀ ਸਾਈਕਲ ਦੌੜ ਚੇਤੇ ਕਰਵਾ ਦਿੱਤੀ ਜਿਸ ਵਿਚ ਭਾਗ ਲੈਂਦਿਆਂ ਸਾਈਕਲ ਦਾ ਚਿਮਟਾ ਟੁੱਟਣ ਕਾਰਨ ਮੈਂ ਆਪਣੇ ਚਾਰ ਦੰਦ ਤੁੜਵਾ ਲਏ ਸਨ। ਬੜਾ ਮਜ਼ਾ ਆਇਆ। ਜੇ ਸੁਰਜੀਤ ਸਿੰਘ ਗਿੱਲ ਵਰਗੇ ਖੇਡਾਂ ਦੇ ਪ੍ਰੇਮੀ ਏਸ ਤਰ੍ਹਾਂ ਦਾ ਸ਼ੌਕ ਰੱਖਦੇ ਹੋਣ ਤਾਂ ਪੰਜਾਬ ਦੀ ਜਵਾਨੀ ਨਸ਼ਿਆਂ ਤੋਂ ਛੁਟਕਾਰਾ ਪਾ ਸਕਦੀ ਹੈ।

**ਜੰਗੀ ਨਾਇਕ ਬ੍ਰਿਗੇਡੀਅਰ ਸੰਤ ਸਿੰਘ:** ਪੈਂਹਠ ਤੇ ਇੱਕੱਤਰ ਦੀਆਂ ਜੰਗਾਂ ਦਾ ਨਾਇਕ ਸੇਵਾ ਮੁਕਤ ਬ੍ਰਿਗੇਡੀਅਰ ਸੰਤ ਸਿੰਘ 94 ਵਰ੍ਹਿਆਂ ਦੀ ਲੰਮੀ ਤੇ ਸਫਲ ਜ਼ਿੰਦਗੀ ਜੀਊ ਕੇ ਤੁਰ ਗਿਆ ਹੈ। ਉਹ ਦੋਨਾਂ ਭਾਰਤ-ਪਾਕਿ ਜੰਗਾਂ ਦਾ ਮਹਾਵੀਰ ਚੱਕਰ ਵਿਜੇਤਾ ਸੀ। 1965 ਦੀ ਜੰਗ ਤੋਂ ਪਿੱਛੋਂ ਪੁਣਛ ਛਾਉਣੀ ਦੀ ਇਕ ਪੂਰੀ ਦੀ ਪੂਰੀ ਲਾਈਨ ਦਾ ਨਾਂ ਉਸ ਦੇ ਨਾਂ ਉਤੇ ਹੈ। 1971 ਦੀ ਜੰਗ ਸਮੇਂ ਬੰਗਲਾ ਦੇਸ਼ ਦੀ ਮੁਕਤੀ ਵਾਹਿਨੀ ਨੂੰ ਸਿੱਖਲਾਈ ਦੇ ਕੇ ਪ੍ਰਚੰਡ ਕਰਨ ਵਾਲਾ ਵੀ ਉਹੀਓ ਸੀ। ਪਾਕਿਸਤਾਨੀ ਜਨਰਲ ਕੇ ਨਿਆਜ਼ੀ ਨੂੰ ਹਾਰ ਮੰਨਣ ਲਈ ਮਜ਼ਬੂਰ ਕਰਨ ਵਿਚ ਉਸਦਾ ਰੋਲ ਅਤਿਅੰਤ ਮਹਤਵਪੂਰਨ ਸੀ। ਉਸਨੇ ਨਿਆਜ਼ੀ ਤੋਂ ਪ੍ਰਾਪਤ ਕੀਤਾ ਇਕ ਟਾਈਮਪੀਸ ਕਲ੍ਹ ਤੱਕ ਸੋਵੀਨੀਰ ਵੱਜੋਂ ਸੰਭਾਲ ਕੇ ਰੱਖਿਆ ਹੋਇਆ ਸੀ, ਜਿਸਦੀਆਂ ਸੂਈਆਂ ਸਮਰਪਣ ਸਮੇਂ ਰੁਕੀਆਂ ਹੋਈਆਂ ਹਨ।

ਸੰਨ 1973 ਵਿਚ ਸੇਵਾ ਮੁਕਤੀ ਤੋਂ ਪਿੱਛੋਂ ਵੀ ਉਹ ਸੈਨਿਕ ਸੇਵਾ ਨਾਲ ਸਬੰਧਤ ਜਥੇਬੰਦੀਆਂ ਨਾਲ ਜੁੜਿਆ ਰਿਹਾ। ਇਨ੍ਹਾਂ ਜਥੇਬੰਦੀਆਂ ਰਾਹੀਂ ਸਾਬਕਾ ਸੈਨਿਕਾਂ ਦੀਆਂ ਵਿਧਵਾਵਾਂ ਤੇ ਬੱਚਿਆਂ ਲਈ ਪੈਨਸ਼ਨਾਂ, ਦਵਾਈਆਂ ਤੇ ਫੀਸ ਡੈਕੋਰੇਟਿਡ ਇੰਡੀਆ ਨਾਂ ਦਾ ਟਰੱਸਟ ਸਥਾਪਤ ਕਰਕੇ 50 ਲੱਖ ਰੁਪਏ ਵਾਲੀ ਪ੍ਰਭਾਵੀ ਸੰਸਥਾ ਹੋਂਦ ਵਿਚ ਲਿਆਂਦੀ। ਅੱਜ ਇਸ ਦਾ ਪ੍ਰਧਾਨ ਇੱਕ ਹੋਰ ਮਹਾਵੀਰ ਚੱਕਰ ਵਿਜੇਤਾ ਬ੍ਰਿਗੇਡੀਅਰ ਐਨ. ਐਸ ਸੰਧੂ ਹੈ। ਸੰਤ ਸਿੰਘ ਹੁਰਾਂ ਦੀ ਸੇਵਾ ਭਾਵਨਾ, ਉੱਦਮ, ਸਾਦਗੀ ਤੇ ਸਹਿਣਸ਼ਕਤੀ ਦੇ ਸਾਰੇ ਕਿੱਸੇ ਸੁਣਨੇ ਹੋਣ ਤਾਂ ਉਹਦੇ ਕੋਲ ਹਨ। ਸਾਡਾ ਸੈਨਿਕ ਨਾਇਕ ਵੀ ਗਿੱਲ ਜੱਟ ਸੀ। ਜੈ ਜਵਾਨ! ਜੈ ਕਿਸਾਨ!!

**ਅੰਤਿਕਾ:** *(ਕੰਵਲ ਦੀ ਪੁਸਤਕ 'ਅਮਿਤੋਜ ਹਾਜ਼ਰ ਹੈ' ਵਿਚ ਅਮਿਤੋਜ)*

ਦੇਸ ਬਿਗਾਨੇ ਰਾਤ ਪਈ ਤਾਂ
ਚੇਤੇ ਆਈਆਂ ਮਾਂਵਾਂ
ਯਾਰਾਂ ਦੇ ਗਲ ਲੱਗ ਕੇ ਰੋਈਆਂ
ਥੱਕੀਆਂ ਟੁੱਟੀਆਂ ਬਾਹਵਾਂ।
ਪੂਰਨ ਪੁੱਤ ਪਰਦੇਸੀਂ ਜਾਂਦੇ
ਟੁੱਕ ਕਮਾਵਣ ਖਾਤਰ
ਰੋ ਰੋ ਕੇ ਬੁੱਢੀਆਂ ਹੋ ਜਾਵਣ,
ਇੱਛਰਾਂ ਵਰਗੀਆਂ ਮਾਂਵਾਂ।

## ਇਨਕਲਾਬੀ ਲਹਿਰਾਂ...

ਸਫ਼ਲ ਨਾ ਹੋ ਸਕੇ। ਦੂਜੇ ਵਿਸ਼ਵ ਯੁੱਧ ਸਮੇਂ ਜਪਾਨ, ਜਰਮਨ ਅਤੇ ਆਈ.ਐਨ.ਏ. ਦੇ ਸਾਂਝੇ ਸੰਘਰਸ਼ਾਂ ਕਰ ਕੇ ਬਰਤਾਨੀਆ ਨੂੰ ਚਾਨਣ ਹੋ ਗਿਆ ਕਿ ਬਹੁਤੇ ਭਾਰਤੀ ਫੌਜੀ ਸਾਡੇ ਹੁਣ ਵਫਾਦਾਰ ਨਹੀਂ ਰਹੇ, ਇਸ ਲਈ ਸਾਡੇ ਲਈ ਹੁਣ ਰਾਜ ਕਰਨਾ ਸੰਭਵ ਨਹੀਂ। ਬਰਤਾਨਵੀ ਪ੍ਰਧਾਨ ਮੰਤਰੀ ਕਲੀਮੈਂਟ ਐਟਲੀ ਜਿਸ ਨੇ ਭਾਰਤ ਨੂੰ ਆਜ਼ਾਦੀ ਦਿੱਤੀ, ਦਾ ਕਹਿਣਾ ਸੀ ਕਿ ਗਾਂਧੀ ਦੀ ਅਹਿੰਸਾ ਲਹਿਰ ਦਾ ਬਰਤਾਨੀਆ ਸਰਕਾਰ ਉਪਰ ਸਿਫ਼ਰ (ਜ਼ੀਰੋ) ਪ੍ਰਭਾਵ ਸੀ। ਇਉਂ ਕਿਹਾ ਜਾ ਸਕਦਾ ਹੈ ਕਿ ਭਾਰਤ ਨੂੰ ਆਜ਼ਾਦੀ ਗਾਂਧੀ ਨੇ ਨਹੀਂ, ਇਨਕਲਾਬੀ ਲਹਿਰਾਂ ਅਤੇ ਹਿਟਲਰ ਨੇ ਦਿਵਾਈ ਸੀ।


# ਉਮੀਦ ਦਾ ਸੁਨੇਹਾ ਹੈ 'ਡੌਟਰਜ਼ ਆਫ ਮਦਰ ਇੰਡੀਆ'

## ਵਿਭਾ ਬਖਸ਼ੀ ਨੇ ਸੁਣਾਈ ਧੀਆਂ ਦੀ ਦਰਦ ਕਹਾਣੀ

16 ਦਸੰਬਰ 2012 ਨੂੰ ਦਿੱਲੀ ਵਿਚ ਵਾਪਰੇ ਗੈਂਗਰੇਪ ਦੀ ਚਰਚਾ ਇਕ ਵਾਰ ਫਿਰ ਚੱਲ ਪਈ ਹੈ। ਇਸ ਕੇਸ ਦੇ ਇਕ ਦੋਸ਼ੀ ਰਿਹਾਈ ਦਾ ਮਾਮਲਾ ਭਖਿਆ ਹੋਇਆ ਹੈ। ਇਸ ਘਟਨਾ ਦੀ ਨਪੀੜੀ ਲੜਕੀ ਦੇ ਮਾਪੇ ਤੜਫ ਰਹੇ ਹਨ। ਦੂਜੇ ਪਾਸੇ, ਬਾਲ ਕਾਨੂੰਨ ਸਾਫ ਕਹਿੰਦਾ ਹੈ ਕਿ ਕਿਸੇ ਬੱਚੇ ਨੂੰ ਤਿੰਨ ਸਾਲ ਤੋਂ ਵੱਧ ਜੇਲ੍ਹ ਅੰਦਰ ਨਹੀਂ ਰੱਖਿਆ ਜਾ ਸਕਦਾ।

ਦੂਜੀ ਚਰਚਾ ਇਸ ਕਾਂਡ ਬਾਰੇ ਬਣੀ ਦਸਤਾਵੇਜ਼ੀ ਫਿਲਮ 'ਡੌਟਰਜ਼ ਆਫ਼ ਮਦਰ ਇੰਡੀਆ' ਦੇ ਹਵਾਲੇ ਨਾਲ ਹੋ ਰਹੀ ਹੈ। ਇਹ ਫਿਲਮ ਵਿਭਾ ਬਖਸ਼ੀ ਨੇ ਬਣਾਈ ਹੈ ਅਤੇ ਇਹ ਗੈਂਗਰੇਪ ਤੋਂ ਬਾਅਦ ਦੇ ਹਾਲਾਤ ਬਾਰੇ ਹੈ। ਇਸ ਫਿਲਮ ਵਿਚ ਉਸ ਨੇ ਪੁਲਿਸ ਦੀ ਨਾਕਾਰਾਤਮਿਕ ਭੂਮਿਕਾ ਨੂੰ ਮੁੱਖ ਰੂਪ ਵਿਚ ਉਜਾਗਰ ਕੀਤਾ ਹੈ। ਇਹ ਫਿਲਮ ਵੱਖ-ਵੱਖ ਫਿਲਮ ਮੇਲਿਆਂ ਵਿਚ ਦਿਖਾਈ ਜਾ ਚੁੱਕੀ ਹੈ ਅਤੇ ਇਸ ਨੂੰ ਭਰਪੂਰ ਹੁੰਗਾਰਾ ਮਿਲਿਆ ਹੈ। ਇਹ ਫਿਲਮ 'ਵਾਇਆਕੌਮ 18 ਨੈਟਵਰਕ' ਵੱਲੋਂ ਛੇਤੀ ਹੀ ਆਪਣੇ ਚੈਨਲਾਂ 'ਤੇ ਦਿਖਾਈ ਜਾ ਰਹੀ ਹੈ। ਨੈਟਵਰਕ ਨੇ ਇਹ ਫਿਲਮ ਪੰਜ ਹੋਰ ਭਾਸ਼ਾਵਾਂ ਵਿਚ ਵੀ ਡਬ ਕਰਵਾਈ ਹੈ ਤਾਂ ਕਿ ਵੱਧ ਤੋਂ ਵੱਧ ਲੋਕ ਇਸ ਫਿਲਮ ਦਾ ਸੁਨੇਹਾ ਹਾਸਲ ਕਰ ਸਕਣ। ਵਿਭਾ ਬਖਸ਼ੀ ਦੱਸਦੀ ਹੈ ਕਿ ਜਦੋਂ ਇਸੇ ਵਿਸ਼ੇ 'ਤੇ ਬਰਤਾਨਵੀ ਫਿਲਮਸਾਜ਼ ਲੈਸਲੀ ਓਡਵਿਨ ਵੱਲੋਂ ਬਣਾਈ ਫਿਲਮ 'ਇੰਡੀਆ'ਜ਼ ਡੌਟਰ' ਉਤੇ ਭਾਰਤ ਵਿਚ ਪਾਬੰਦੀ ਲਾ ਦਿੱਤੀ ਗਈ ਤਾਂ ਉਸ ਦਾ ਦਿਲ ਇਕ ਵਾਰ ਤਾਂ ਡੋਲ ਗਿਆ ਸੀ, ਪਰ ਹੁਣ ਉਹ ਆਪਣੀ ਫਿਲਮ ਨੂੰ ਮਿਲੇ ਹੁੰਗਾਰੇ ਤੋਂ ਬਹੁਤ ਖੁਸ਼ ਹੈ। ਉਸ ਨੂੰ ਇਸ ਫਿਲਮ ਲਈ ਕੌਮੀ ਪੁਰਸਕਾਰ ਵੀ ਮਿਲ ਚੁੱਕਾ ਹੈ। ਵਿਭਾ ਬਖਸ਼ੀ ਮੁਤਾਬਕ ਇਸ ਫਿਲਮ ਦੀ ਸਭ ਤੋਂ ਵੱਡੀ ਪ੍ਰਾਪਤੀ ਇਸ ਮਾਮਲੇ ਬਾਰੇ ਲੋਕਾਂ ਵਿਚ ਚੇਤਨਾ ਦਾ ਪਸਾਰ ਹੈ। ਹਰ ਪੱਧਰ 'ਤੇ ਇਸ ਫਿਲਮ ਨੂੰ ਪ੍ਰਵਾਨ ਕੀਤਾ ਗਿਆ ਹੈ। ਹੋਰ ਤਾਂ ਹੋਰ ਜਿਸ ਪੁਲਿਸ ਵਿਭਾਗ ਦੀ ਫਿਲਮ ਵਿਚ ਤਿੱਖੀ ਨੁਕਤਾਚੀਨੀ ਕੀਤੀ ਗਈ ਹੈ, ਉਹੀ ਵਿਭਾਗ ਆਪਣੇ ਮੁਲਾਜ਼ਮਾਂ ਨੂੰ ਇਹ ਫਿਲਮ ਦਿਖਾ ਰਿਹਾ ਹੈ। ਇਸ ਤੋਂ ਇਲਾਵਾ ਮੀਡੀਆ ਨੇ ਵੀ ਭਰਪੂਰ ਹੁੰਗਾਰਾ ਭਰਿਆ ਹੈ। ਉਂਜ ਵੀ 2012 ਤੋਂ ਬਾਅਦ ਲਗਾਤਾਰ ਮੀਡੀਆ ਦੀ ਭੂਮਿਕਾ ਸਲਾਹੁਣਯੋਗ ਰਹੀ ਹੈ ਅਤੇ ਸਰਕਾਰੀ ਏਜੰਸੀਆਂ ਨੂੰ ਸੱਚ ਸਾਹਮਣੇ ਲਿਆਉਣ ਲਈ ਮਜਬੂਰ ਹੋਣਾ ਪਿਆ ਸੀ। ਵਿਭਾ ਬਖਸ਼ੀ ਆਖਦੀ ਹੈ ਕਿ ਇਸ ਕਾਂਡ ਤੋਂ ਬਾਅਦ ਉਠਿਆ ਅੰਦੋਲਨ ਅਸਲ ਵਿਚ ਉਹ ਖਮੋਸ਼ੀ ਤੋੜਦਾ ਹੈ ਜੋ ਭਾਰਤੀ ਲੋਕਾਂ ਦੇ ਜ਼ਿਹਨ ਅੰਦਰ ਬਹੁਤ ਡੂੰਘੀ ਬੈਠ ਚੁੱਕੀ ਹੈ। ਉਹਦਾ ਦਾਅਵਾ ਹੈ ਕਿ ਇਸ ਕਾਂਡ ਤੋਂ ਬਾਅਦ ਜਬਰ ਜਨਾਹ ਬਾਰੇ ਕੇਸ ਪਹਿਲਾਂ ਨਾਲੋਂ ਵੱਧ ਰਿਪੋਰਟ ਹੋਰ ਰਹੇ ਹਨ। ਵਿਭਾ ਬਖਸ਼ੀ ਹੁਣ ਸ਼ਕਤੀ ਮਿਲਜ਼ ਜਬਰ ਜਨਾਹ ਕੇਸ ਅਤੇ ਮੁਲੰਦ ਕੇਸ ਬਾਰੇ ਵੀ ਦਸਤਾਵੇਜ਼ੀ ਫਿਲਮਾਂ ਬਣਾ ਰਹੀ ਹੈ।

*-ਸਿਮਰਨ ਕੌਰ*






*ਦਸਤਾਵੇਜ਼ੀ ਫਿਲਮ 'ਡੌਟਰਜ਼ ਆਫ ਮਦਰ ਇੰਡੀਆ' ਦਾ ਪੋਸਟਰ ਅਤੇ (ਸੱਜੇ) ਫਿਲਮਸਾਜ਼ ਵਿਭਾ ਬਖਸ਼ੀ।*



# ਸਿਆਸੀ ਸਬਕਾਂ ਵਾਲਾ ਫਿਲਮਸਾਜ਼ ਸੁਧੀਰ ਮਿਸ਼ਰਾ

**ਆਵਾਜ਼ ਦੇ ਕਹਾਂ ਹੈ... -30-**



ਕੁਲਦੀਪ ਕੌਰ
ਫੋਨ: +91-98554-04330

## ਚੇਤਿਆਂ ਵਿਚ ਉਕਰੀ 'ਯੇ ਵੋਹ ਮੰਜ਼ਿਲ ਤੋ ਨਹੀਂ'

**ਯੇ ਦਾਗ-ਦਾਗ ਉਜਾਲਾ,**
**ਯੇ ਸਬਕਜ਼ਦਾ ਸਹਰ,**
**ਕਿ ਇੰਤਜ਼ਾਰ ਥਾ ਜਿਸ ਕਾ,**
**ਯੇ ਵੋ ਸਹਰ ਤੋਂ ਨਹੀਂ...**

ਫੈਜ਼ ਅਹਿਮਦ ਫੈਜ਼ ਦੀ ਮੁਲਕ ਦੀ ਆਜ਼ਾਦੀ ਦੇ ਖੋਖਲੇਪਣ ਬਾਰੇ ਲਿਖੀ ਇਸ ਜਜ਼ਬਾਤੀ ਨਜ਼ਮ ਨੂੰ ਸਿਨੇਮਈ ਸਕਰੀਨ 'ਤੇ ਨਿਰਦੇਸ਼ਕ ਸੁਧੀਰ ਮਿਸ਼ਰਾ ਨੇ ਸਾਕਾਰ ਕੀਤਾ। 'ਯੇ ਵੋਹ ਮੰਜ਼ਿਲ ਤੋ ਨਹੀਂ' (1987) ਫਿਲਮ ਦਾ ਕਥਾਨਿਕ ਤਿੰਨ ਬਜ਼ੁਰਗ ਦੋਸਤਾਂ ਦੁਆਲੇ ਘੁੰਮਦਾ ਹੈ ਜਿਹੜੇ ਜਦੋਂ ਦਹਾਕਿਆਂ ਤੋਂ ਬਾਅਦ ਮਿਲਦੇ ਹਨ ਤਾਂ ਮਹਿਸੂਸ ਕਰਦੇ ਹਨ ਕਿ ਆਜ਼ਾਦੀ ਦੀ ਜਿਸ ਤਾਂਘ ਦੀ ਲੋਅ ਵਿਚ ਉਨ੍ਹਾਂ ਦੀ ਜਵਾਨੀ ਖਰਚ ਹੋਈ ਸੀ, ਉਹ ਅਜੇ ਤੱਕ ਆਵਾਮ ਦੇ ਵਿਹੜਿਆਂ ਤੱਕ ਨਹੀਂ ਪਹੁੰਚੀ। ਉਨ੍ਹਾਂ ਦੀ ਗੱਲਬਾਤ ਉਨ੍ਹਾਂ ਸੁਪਨਿਆਂ, ਜਜ਼ਬਾਤ, ਸੰਘਰਸ਼ਾਂ ਅਤੇ ਰੰਜ਼ ਦੁਆਲੇ ਘੁੰਮਦੀ ਹੈ ਜਿਹੜੇ ਉਨ੍ਹਾਂ ਨੂੰ ਦਿਨ-ਰਾਤ ਟਿਕਣ ਨਹੀਂ ਦਿੰਦੇ। ਫਿਲਮ ਵਿਚ ਨਾਟਕਕਾਰ ਹਬੀਬ ਤਨਵੀਰ, ਮਨੋਹਰ ਸਿੰਘ, ਬੀ.ਐਨ ਸ਼ਾਹ, ਪੰਕਜ ਕਪੂਰ, ਨਸੀਰੂਦੀਨ ਸ਼ਾਹ ਤੇ ਸ਼ੁਸਮਿਤਾ ਮੁਖਰਜੀ ਮੁੱਖ ਭੂਮਿਕਾਵਾਂ ਵਿਚ ਸਨ। ਫਿਲਮ ਦੇ ਸਾਰੇ ਕਿਰਦਾਰਾਂ ਦੀ ਆਪਣੀ ਜ਼ਿੰਦਗੀ ਵੀ ਘੱਟ ਦਿਲਚਸਪ ਨਹੀਂ, ਪਰ ਉਨ੍ਹਾਂ ਦੀ ਦਿਲਚਸਪੀ ਦਾ ਕੇਂਦਰ ਬਿੰਦੂ ਆਵਾਮ ਦੇ ਮਸਲੇ ਹਨ। ਇਹ ਮਸਲੇ ਨਾ ਸਿਰਫ ਉਨ੍ਹਾਂ ਦੀ ਬੇਗਰਜ ਦੋਸਤੀ ਦਾ ਆਧਾਰ ਹਨ ਸਗੋਂ ਉਨ੍ਹਾਂ ਅੱਗੇ ਨਵੇਂ ਸਵਾਲ ਵੀ ਪੈਦਾ ਕਰਦੇ ਹਨ। ਰੇਲਗੱਡੀ ਦਾ ਸਫਰ ਉਨ੍ਹਾਂ ਨੂੰ ਮਸਲਿਆਂ ਪ੍ਰਤੀ ਸੋਚ ਲਈ ਮੁਹਾਜ਼ ਮਹੁੱਈਆ ਕਰਵਾਉਂਦਾ ਹੈ। ਸਫਰ ਦਾ ਅਰਥ ਨਵੇਂ ਸਫਰ ਦੀ ਤਲਾਸ਼ ਵਿਚ ਨਿਕਲਦਾ ਹੈ।


ਇਹ ਫਿਲਮ ਸੁਧੀਰ ਮਿਸ਼ਰਾ ਵੱਲੋਂ ਨਿਰਦੇਸ਼ਤ ਪਹਿਲੀ ਫਿਲਮ ਸੀ, ਸ਼ਾਇਦ ਇਸੇ ਕਾਰਨ ਉਨ੍ਹਾਂ ਦੇ ਦਿਲ ਦੇ ਨਜ਼ਦੀਕ ਵੀ ਸੀ। ਫਿਲਮ 'ਚੋਂ ਉਨ੍ਹਾਂ ਦੀ ਸਮਾਜਕ ਸਮਝ ਅਤੇ ਵਿਚਾਰਧਾਰਕ ਪੇਚੀਦਗੀ ਨੂੰ ਸਮਝਿਆ ਜਾ ਸਕਦਾ ਹੈ। ਉਨ੍ਹਾਂ ਅਨੁਸਾਰ ਭਾਰਤੀ ਫਿਲਮ ਸਨਅਤ ਵਿਚ ਮਾੜੀਆਂ ਫਿਲਮਾਂ ਬਣਾਉਣ ਦਾ ਰੁਝਾਨ ਨਿਰਮਾਤਾਵਾਂ ਦੀ ਮੁੱਦਿਆਂ ਦੀ ਸਮਝ ਬਾਰੇ ਅਨਪੜ੍ਹਤਾ ਨਾਲ ਜੁੜਿਆ ਹੋਇਆ ਹੈ। ਜ਼ਿਆਦਾਤਰ ਨਿਰਮਾਤਾਵਾਂ ਲਈ ਫਿਲਮਾਂ ਬਣਾਉਣਾ ਪੈਸੇ ਤੋਂ ਪੈਸਾ ਬਣਾਉਣ ਵਾਲਾ ਕਾਰੋਬਾਰ ਹੈ। ਬਹੁਤਿਆਂ ਨੂੰ ਫਿਲਮ ਦੀ ਪਟਕਥਾ ਹੀ ਸਮਝ ਨਹੀਂ ਆਉਂਦੀ। ਇਸ ਤਰ੍ਹਾਂ ਮਾੜੀਆਂ ਫਿਲਮਾਂ ਬਣਦੀਆਂ ਰਹਿੰਦੀਆਂ ਹਨ ਤੇ ਚੰਗੀਆਂ ਫਿਲਮਾਂ ਬਣਾਉਣ ਵਾਲਿਆਂ ਦੀ ਜੱਦੋ-ਜਹਿਦ ਕਿਸੇ ਕੰਢੇ ਨਹੀਂ ਲੱਗਦੀ। ਇੱਕ ਵੱਖਰੇ ਇੰਟਰਵਿਊ ਵਿਚ ਸੁਧੀਰ ਮਿਸ਼ਰਾ ਦਰਸ਼ਕਾਂ ਦੁਆਰਾ ਚੰਗੀਆਂ ਫਿਲਮਾਂ ਦੀ ਬਜਾਇ ਮਾੜੀਆਂ ਫਿਲਮਾਂ ਨੂੰ ਤਰਜੀਹ ਦੇਣ ਨੂੰ ਹੈਰਾਨੀਜਨਕ ਮੰਨਦੇ ਹਨ।


ਇਸ ਫਿਲਮ ਵਿਚ ਸੁਧੀਰ ਮਿਸ਼ਰਾ ਦਰਸ਼ਕਾਂ ਅੱਗੇ ਉਸ ਪੀੜ੍ਹੀ ਦੀ ਬਾਤ ਪਾਉਂਦਾ ਹੈ ਜਿਹੜੀ ਆਜ਼ਾਦੀ ਸੰਗਰਾਮ ਦੇ ਆਦਰਸ਼ਾਂ ਨੂੰ ਪ੍ਰਨਾਈ ਆਖਰੀ ਪੀੜ੍ਹੀ ਹੈ। ਇਸ ਪੀੜ੍ਹੀ ਦੀ ਆਪਣੀ ਕਿਸਮ ਦੀ ਮਾਸੂਮੀਅਤ ਹੈ ਜਿਹੜੀ ਕੁਹਜ ਨੂੰ ਪਸੰਦ ਨਹੀਂ ਕਰਦੀ; ਆਪਣੀ ਕਿਸਮ ਦੀ ਸਾਦਗੀ ਹੈ ਜਿਹੜੀ ਫਕੀਰਾਂ ਵਾਂਗ ਸਾਰਿਆਂ ਨੂੰ ਸੁਖੀ ਵਸਣ ਦਾ ਵਰ ਦਿੰਦੀ ਹੈ; ਆਪਣੀ ਤਰ੍ਹਾਂ ਦੀ ਜ਼ਿਦ ਹੈ ਜਿਹੜੀ ਭੁੱਖ-ਨੰਗ ਤੇ ਜ਼ਲਾਲਤ ਨੂੰ ਨਫਰਤ ਕਰਦੀ ਹੈ। ਇਹ ਪੀੜ੍ਹੀ ਆਪਣੇ ਕੌਲ-ਕਰਾਰ ਨਿਭਾਉਣੇ ਜਾਣਦੀ ਹੈ; ਦਿੱਤੀਆਂ ਜ਼ੁਬਾਨਾਂ ਲਈ ਸਿਰ ਦੇ ਸਕਦੀ ਹੈ। ਸੁਧੀਰ ਮਿਸ਼ਰਾ ਉਸ ਪੀੜ੍ਹੀ ਦੀ ਜ਼ਿੰਦਗੀ ਨੂੰ ਕਵਿਤਾ ਦਾ ਲਕਬ ਦਿੰਦਿਆਂ ਆਖਦੇ ਹਨ ਕਿ ਇਹ ਕਵਿਤਾ ਅਗਲੀਆਂ ਪੀੜ੍ਹੀਆਂ ਨੂੰ ਹਰ ਹਾਲ ਸੁਣਾਈ ਜਾਣੀ ਚਾਹੀਦੀ ਹੈ।

ਸੁਧੀਰ ਮਿਸ਼ਰਾ ਉਤੇ ਆਪਣੇ ਹਿਸਾਬਦਾਨ ਪਿਤਾ ਦਵਿੰਦਰਨਾਥ ਮਿਸ਼ਰਾ ਦਾ ਪ੍ਰਤੱਖ ਪ੍ਰਭਾਵ ਹੈ। ਉਹ ਲਖਨਊ ਫਿਲਮ ਸੁਸਾਇਟੀ ਦੇ ਸੰਸਥਾਪਕ ਸਨ। ਜਦੋਂ ਫਿਲਮ ਤੇ ਟੀ.ਵੀ ਸੰਸਥਾ ਪੁਣੇ ਵਿਚ ਫਿਲਮ ਸਿੱਖਣ ਲਈ ਉਨ੍ਹਾਂ ਦੇ ਭਰਾ ਸੁਧਾਂਸ਼ੂ ਮਿਸ਼ਰਾ ਦੀ ਚੋਣ ਹੋਈ ਤਾਂ ਦੋਹਾਂ ਭਰਾਵਾਂ ਵਿਚਕਾਰ ਇਕ ਸਮਝੌਤਾ ਹੋਇਆ ਕਿ ਅਗਲੇ ਸਾਲਾਂ ਵਿਚ ਸੁਧੀਰ ਮਿਸ਼ਰਾ ਉਸ ਨੂੰ ਫਿਲਮਾਂ ਦਾ ਸੰਪਾਦਨ ਸਿਖਾਏਗਾ ਅਤੇ ਬਦਲੇ ਵਿਚ ਸੁਧਾਂਸ਼ੂ ਉਸ ਨੂੰ ਆਪਣਾ ਸਿਲੇਬਸ ਪੜ੍ਹਾਉਣਗੇ। ਇਉਂ ਦੋਹਾਂ ਭਰਾਵਾਂ ਨੇ ਆਪੋ-ਆਪਣੇ ਖੇਤਰ ਵਿਚ ਨਾਮ ਕਮਾਇਆ।

ਸੁਧੀਰ ਮਿਸ਼ਰਾ ਦੀਆਂ ਸਾਰੀਆਂ ਫਿਲਮਾਂ ਲੀਹ ਤੋਂ ਹਟਵੀਆਂ ਹਨ। ਉਨ੍ਹਾਂ ਦਾ ਸਿਨੇਮਾ ਸਿਆਸੀ ਸਬਕਾਂ ਦਾ ਸਿਨੇਮਾ ਹੈ। ਫਿਲਮਾਂ ਦੇ ਨਾਵਾਂ ਅਤੇ ਵਿਸ਼ਿਆਂ ਦਾ ਫਿਲਮਾਂਕਣ ਫਾਰਮੂਲਾ ਆਧਾਰਿਤ ਫਿਲਮਾਂ ਦੀ ਸਿਆਸਤ ਨੂੰ ਰੱਦ ਕਰਦਾ ਹੈ। ਇਹ ਆਪਣੀ ਕਿਸਮ ਦੀ ਸਿਆਸੀ ਪਾਲਾਬੰਦੀ ਹੈ ਜਿਸ ਨੂੰ ਸੁਧੀਰ ਮਿਸ਼ਰਾ ਨੇ ਹਰ ਨਵੀਂ ਫਿਲਮ ਨਾਲ ਹੋਰ ਮਜ਼ਬੂਤ ਕੀਤਾ ਹੈ। 'ਯੇ ਵੋਹ ਮੰਜ਼ਿਲ ਤੋਂ ਨਹੀਂ' ਦਾ ਅਗਲਾ ਪੰਨਾ 'ਹਜ਼ਾਰੋ ਖਵਾਹਿਸ਼ੇਂ ਐਸੀ' ਉਤੇ ਜਾ ਕੇ ਖੁੱਲ੍ਹਦਾ ਹੈ। ਇਹ ਸ਼ਾਇਦ ਉਦੋਂ ਤੱਕ ਜਾਰੀ ਰਹੇਗਾ ਜਦੋਂ ਤੱਕ ਫੈਜ਼ ਉਸ ਨੂੰ ਆਵਾਜ਼ ਮਾਰਦਾ ਰਹੇਗਾ:

**ਚਲੇ ਚਲੋ ਕਿ ਵੋਹ ਮੰਜ਼ਿਲ**
**ਅਭੀ ਨਹੀਂ ਆਈ।**






*ਫਿਲਮਸਾਜ਼ ਸੁਧੀਰ ਮਿਸ਼ਰਾ ਅਤੇ ਫਿਲਮ 'ਯੇ ਵੋਹ ਮੰਜ਼ਿਲ ਤੋ ਨਹੀਂ' ਦਾ ਪੋਸਟਰ।*


S. ASHOK BHAURA, IKKI INTERNATIONAL ENTERTAINMENT
& GLOBAL PUNJAB TV PRESENTS
GLOBAL PUNJAB
NEW YEAR CULTURAL PROGRAM
CHANKATA VANGAN DA 2016
ਐਸ ਅਸ਼ੋਕ ਭੌਰਾ
IKKI INTERNATIONAL ENT.
ਸਵ. ਜਗਦੇਵ ਸਿੰਘ ਜੱਸੋਵਾਲ ਨੂੰ ਸਮਰਪਿਤ
ਨਵੇਂ ਵਰ੍ਹੇ ਨੂੰ ਜੀ ਆਇਆਂ ਆਖਦਾ ਰੰਗਾ ਰੰਗ ਪ੍ਰੋਗਰਾਮ
ਛਣਕਾਟਾ ਵੰਗਾਂ ਦਾ 2016
Powered By
2016 AUG 10-14
Entertainment
RADIO CHARDI KALA
Dance Karishma
TRIPLE SEVEN
10 Jan 2016,Sunday
11:00 am To 5:00 pm
PARADISE BALLROOMS
4100 Peralta Blvd. Fremont. 94536 CA.
ਸਵ. ਜਗਦੇਵ ਸਿੰਘ ਜੱਸੋਵਾਲ
PARADISE BALLROOMS
ਬਲਵਿੰਦਰ ਸਫਰੀ
ਸ਼ਿੰਦਾ ਸੁਰੀਲਾ
ਗਿੱਧਾ ਭੰਗੜਾ, ਕੋਰੀਓਗ੍ਰਾਫੀ, ਸਕਿੱਟਾਂ ਤੇ ਗੀਤ ਸੰਗੀਤ
ਪਹੁੰਚ ਰਹੇ ਕਲਾਕਾਰ
ਵਿਸ਼ੇਸ਼ ਸਨਮਾਨ
ਗੀਤਕਾਰ ਜਸਵੀਰ ਗੁਣਾਚੌਰੀਆ
ਅਨੂਪ ਚੀਮਾ ਤੇ ਤਰਲੋਕ ਸਿੰਘ
ਅਪਨਾ ਸੰਗੀਤ
ਸੱਤੀ ਪਾਬਲਾ
ਜੀਤਾ ਗਿੱਲ
ਜੇ ਐਸ ਜੱਗਾ
ਤਰਸੇਮ ਅਟਵਾਲ ਤੇ ਮੰਗਜੀਤ ਮੰਗਾ
ਜੋਤ ਰਣਜੀਤ
ਰਣਜੀਤ ਕੌਰ
For Information and Entry Pass
Avtar Lakha - (209) 200-0818
Anmol - (510) 512-3401
Manvir - (510) 695-4836
Manjit S. Chera - (408) 659-9959
Rahul - (408) 609-9861
ਹਾਸਰਸ ਕਲਾਕਾਰ
ਵਿਜੇ
ਮੰਚ ਸੰਚਾਲਨ
ਹਰਜੀਤ ਉੱਪਲ
Big Thanks to
Amolak Singh Gakhal, Makhan Bains (Raja Sweets),Raj Bhanot,Dr Ramesh Japra,Jugraj Singh Sahota,Narinder Singh Sahota, Ashwani Bhakhri Attorney at Law,Ray Walia(Motion Picturs),Pritam Singh Grewal,Jaswinder Jassi Gill,Jatinder Singh Legend Travels,Pargat Singh Sandhu, Kulwant Singh Nijjar, Harjinder Johal, Sarbjit Sarao, Jaswant Singh Sra, , Kuldeep Singh Atwal & Surjit Singh Atwal (Merced), Jagtar Gill, Hussan Laroya Banga, Dr Alok Arora, Dr. Harmesh Kumar, Surinder Singh Nijjar, Amritpal Singh Nijjar, Nirmal Singh Sahota, Master Deepak, Hardumman Singh Billa Sanghera, Jaswant Singh Hothi, Surinder Dhanoa (Punjab Lok Rang), Jassy Banga, Micky Sra, Paramjit Sidhu, Gullu Brar, Garry Dhesi (Fresno), Manjit Kang, Faqir Chand Mehmi, Ramesh Suman, Vijay Sound, Sikandar Grewal Sarpanch (Punjabi Dhaba) Amritpal Sra, Vinod Kumar Chumber, Jaswinder Singh Boparai, Malkiat Singh Boparai, Dr. Dalvir Pannu, Mangal Singh Bhandal, Tutt Brothers, Dharampal Jhamat, Dr. Charanjit Singh Uppal, Khushwinder Singh (New York Life), Asha Sharma, Raj Badwal, Kashmir Singh Dhugga (Kash Fabrics), Bittu Nijjar, Preet Fabricks, Lakhvir Singh Patwari, Gurcharan Singh Mann, Rajwant Abedi, Avtar Singh Gill & Harry Gill, Paul Sahota, Kala Tracy, Surinder Singh Atwal, Jatinder Mann, Gulinder Gill, Bharpur Singh Brar, Tara Sagar,Jaswant Singh Shaad,Sukhi Dhaliwal,Kulwant Sekhon,Smile Dhir,Narinder Bagga, Gurinderjit Neeta Machhike, Kulwant Ubhi Dhalian, Paul Mahal, Sarbjit Mahal, Ritu Maheshwari, Dharmvir Thandi, Yadwinder Sra, Gurdawar Singh Mann, Balvir Bhatia,

ੴ ਸਤਿਗੁਰ ਪ੍ਰਸਾਦਿ

ਦੇਗ ਤੇਗ ਫਤਿਹ

ਸੰਗਤੇ ਅਬਾਦ ਰਹੈਂ, ਆਵਤੇ ਪ੍ਰਸ਼ਾਦਿ ਰਹੈਂ, ਬੁੰਗੇ ਝਲਾ ਝਲ ਰਹੈਂ ਪੂਰੇ ਉਤਸ਼ਾਹ ਕੇ॥
ਲਾਗਤੇ ਦੀਵਾਨ ਰਹੈਂ, ਗਾਵਤੇ ਸੁਜਾਨ ਰਹੈਂ, ਝੂਲਤੇ ਨਿਸ਼ਾਨ ਰਹੈਂ ਸਾਚੇ ਪਾਤਸ਼ਾਹ ਕੇ॥

ਪੰਥ ਕੀ ਜੀਤ

# ਗੁਰਦੁਆਰਾ ਸਾਹਿਬ ਸੈਨ ਹੋਜ਼ੇ (ਕੈਲੀਫੋਰਨੀਆ)

# ਸਮੂਹ ਸੰਗਤਾਂ ਨੂੰ ਸਾਲ 2016 ਮੁਬਾਰਕ

*ਵਾਹਿਗੁਰੂ ਕਰੇ ਸਾਲ-2016 ਕੁਲ ਲੋਕਾਈ ਲਈ ਅਮਨ-ਅਮਾਨ, ਖੁਸ਼ਹਾਲੀ ਅਤੇ ਭਾਗਾਂ ਭਰਿਆ ਚੜ੍ਹੇ।*

ਗੁਰਦੁਆਰਾ ਸਾਹਿਬ ਸੈਨ ਹੋਜ਼ੇ ਵਿਚ ਨਵੇਂ ਸਾਲ 2016 ਨੂੰ ਜੀ ਆਇਆਂ ਕਹਿਣ ਲਈ ਵੀਰਵਾਰ 31 ਦਸੰਬਰ 2015 ਨੂੰ ਸ਼ਾਮ 5 ਵਜੇ ਤੋਂ ਦੇਰ ਰਾਤ ਨਵਾਂ ਸਾਲ ਚੜ੍ਹਨ ਤੱਕ ਵਿਸ਼ੇਸ਼ ਸਮਾਗਮ ਹੋਣਗੇ। ਪਹਿਲੀ ਜਨਵਰੀ 2016 ਨੂੰ ਸਾਰਾ ਦਿਨ ਧਾਰਮਿਕ ਦੀਵਾਨ ਸਜਣਗੇ। ਇਨ੍ਹਾਂ ਪ੍ਰੋਗਰਾਮਾਂ ਦੌਰਾਨ ਪੰਥ ਪ੍ਰਸਿਧ ਕੀਰਤਨੀ ਤੇ ਢਾਡੀ ਜਥੇ ਅਤੇ ਕਥਾਵਾਚਕ ਸ਼ਬਦ ਕੀਰਤਨ, ਢਾਡੀ ਵਾਰਾਂ ਅਤੇ ਗੁਰਸ਼ਬਦ ਵਿਆਖਿਆ ਸਰਵਣ ਕਰਾਉਣਗੇ।




*ਗੁਰਦੁਆਰਾ ਸਾਹਿਬ ਦੀ ਸ਼ਾਨਦਾਰ ਇਮਾਰਤ*

## ਪ੍ਰੋਗਰਾਮ

### 31 ਦਸੰਬਰ 2015 ਅਤੇ 1 ਜਨਵਰੀ, 2016

31 ਦਸੰਬਰ 2015 ਰਾਤੀਂ 12.15 ਤਕ ਸ਼ਬਦ ਕੀਰਤਨ
1 ਜਨਵਰੀ 2016 ਕੀਰਤਨ ਸਵੇਰ ਤੋਂ ਲੈ ਕੇ ਰਾਤ 10 ਵਜੇ ਤਕ

**ਰਾਗੀ ਜਥੇ:**

1. ਭਾਈ ਹਰਦੀਪ ਸਿੰਘ ਕੰਚਨ, ਜਵੱਦੀ ਕਲਾਂ ਵਾਲੇ
2. ਭਾਈ ਭੁਪਿੰਦਰ ਸਿੰਘ ਦਰਬਾਰ ਸਾਹਿਬ ਵਾਲੇ
3. ਭਾਈ ਭੁਪਿੰਦਰ ਸਿੰਘ ਗੰਗਾ ਨਗਰ ਵਾਲੇ
4. ਭਾਈ ਬਲਜੀਤ ਸਿੰਘ
5. ਭਾਈ ਸੁਵੇਗ ਸਿੰਘ
6. ਭਾਈ ਰਛਪਾਲ ਸਿੰਘ

**ਕਥਾਵਾਚਕ:**
ਪ੍ਰਿੰਸੀਪਲ ਜਸਬੀਰ ਸਿੰਘ, ਸਿੱਖ ਮਿਸ਼ਨਰੀ ਕਾਲਜ ਰੋਪੜ
ਗਿਆਨੀ ਗੁਰਬਖਸ਼ ਸਿੰਘ ਗੁਲਸ਼ਨ, ਇੰਗਲੈਂਡ ਵਾਲੇ

**ਢਾਡੀ:** ਭਾਈ ਕਮਲਜੀਤ ਸਿੰਘ ਬਿਲਗੇ ਵਾਲੇ

## ਲੰਗਰ

**31 ਦਸੰਬਰ ਦਾ ਲੰਗਰ ਸੇਵਾਦਾਰਾਂ ਵਲੋਂ**
ਤਾਜਾ ਅਤੇ ਗਰਮਾ-ਗਰਮ ਛੋਲੇ-ਭਠੂਰਿਆਂ ਦਾ ਲੰਗਰ
ਹਰ ਸਾਲ ਦੀ ਤਰ੍ਹਾਂ ਹਾਲਿਸਟਰ ਦੀ ਸੰਗਤ ਵਲੋਂ

**ਪਹਿਲੀ ਜਨਵਰੀ 2016 ਦਾ ਲੰਗਰ ਸੇਵਾਦਾਰਾਂ ਵਲੋਂ**
ਤਾਜਾ ਅਤੇ ਗਰਮਾ-ਗਰਮ ਛੋਲੇ-ਭਠੂਰਿਆਂ ਦਾ ਲੰਗਰ
ਹਰ ਸਾਲ ਵਾਂਗ ਵਾਟਸਨਵਿਲ ਦੇ ਗਾਖਲ ਭਰਾਵਾਂ ਵਲੋਂ

*ਪਾਰਕਿੰਗ ਲਈ ਸਿਕਓਰਟੀ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ*

**ਸਮੂਹ ਸਾਧ ਸੰਗਤ ਨੂੰ ਬੇਨਤੀ:** ਗੁਰੂ ਪਿਆਰੀ ਸਾਧ ਸੰਗਤ ਜੀ, ਆਓ ਸਾਰੇ ਰਲ ਮਿਲ ਕੇ ਗੁਰੂ ਘਰ ਵਲੋਂ ਉਲੀਕੇ ਗਏ ਪ੍ਰੋਗਰਾਮਾਂ ਵਿਚ ਹਾਜ਼ਰੀਆਂ ਭਰੀਏ, ਕਥਾ/ਕੀਰਤਨ ਸਰਵਣ ਕਰੀਏ ਅਤੇ ਤਨ, ਮਨ ਅਤੇ ਧਨ ਨਾਲ ਸੇਵਾ ਕਰਕੇ ਗੁਰੂ ਸਾਹਿਬ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ।
ਪ੍ਰੋਗਰਾਮਾਂ ਬਾਰੇ ਵਧੇਰੇ ਜਾਣਕਾਰੀ ਗੁਰਦੁਆਰਾ ਸਾਹਿਬ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ ਫੋਨ: 408-274-9373

## ਜਾਰੀ ਕਰਤਾ: ਗੁਰਦੁਆਰਾ ਪ੍ਰਬੰਧਕ ਕਮੇਟੀ ਸੈਨ ਹੋਜ਼ੇ

3636 Murillo Ave, San Jose CA 95148, ਗੁਰਦੁਆਰਾ ਸਾਹਿਬ ਦੀ ਵੈਬ-ਸਾਈਟ: www.sanjosegurdwara.org